17-AUG-PAGE-1.qxd 8/16/2025 9:53 PM Page 1

ਐਤਵਾਰ, 17 ਅਗਸਤ, 2025
2 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 76

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 17 AUGUST, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6=16

# ਟਰੰਪ ਨੇ ਪੁਤਿਨ ਨੂੰ ਮਿਲਣ ਤੋਂ ਬਾਅਦ ਜ਼ੇਲੈਂਸਕੀ ਨੂੰ ਭਲਕੇ ਸੱਦ ਲਿਆ

## ਅਮਰੀਕੀ ਰਾਸ਼ਟਰਪਤੀ ਨਿਰੀ ਜੰਗਬੰਦੀ ਨਾਲੋਂ ਅਮਨ ਸਮਝੌਤੇ ਲਈ ਯਤਨਸ਼ੀਲ

**ਵਾਸ਼ਿੰਗਟਨ** : ਯੂਕਰੇਨ ਅਤੇ ਰੂਸ ਵਿਚਾਲੇ ਜਾਰੀ ਜੰਗ ਨੂੰ ਰੁਕਵਾਉਣ ਲਈ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਸ਼ੁੱਕਰਵਾਰ ਅਲਾਸਕਾ 'ਚ ਹੋਈ ਗੱਲਬਾਤ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾ ਅਗਲੀ ਕਾਰਵਾਈ ਵਜੋਂ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੂੰ ਗੱਲਬਾਤ ਲਈ ਸੋਮਵਾਰ ਇੱਥੇ ਸੱਦਿਆ ਹੈ। ਉਨ੍ਹਾ ਕਿਹਾ ਕਿ ਉਹ ਚਾਹੁੰਦੇ ਹਨ ਕਿ ਸਿਰਫ ਜੰਗਬੰਦੀ ਨਹੀਂ ਸਗੋਂ ਅਮਨ ਸਮਝੌਤਾ ਹੀ ਹੋਵੇ। ਇਸ ਤੋਂ ਪਹਿਲਾਂ ਜ਼ੇਲੈਂਸਕੀ ਨੇ ਕਿਹਾ ਕਿ ਅਲਾਸਕਾ ਗੱਲਬਾਤ ਤੋਂ ਬਾਅਦ ਉਨ੍ਹਾ ਦੀ ਟਰੰਪ ਨਾਲ ਲੰਬੀ ਤੇ ਠੋਸ ਗੱਲਬਾਤ ਹੋਈ ਹੈ ਤੇ ਉਹ ਉਨ੍ਹਾ ਨੂੰ ਵਾਸ਼ਿੰਗਟਨ ਸੱਦਣ ਲਈ ਧੰਨਵਾਦੀ ਹਨ। ਜ਼ੇਲੈਂਸਕੀ ਤੋਂ ਇਲਾਵਾ ਟਰੰਪ ਨੇ ਯੂਰਪੀ ਆਗੂਆਂ ਨੂੰ ਵੀ ਪੁਤਿਨ ਨਾਲ ਹੋਈ ਗੱਲਬਾਤ ਬਾਰੇ ਦੱਸਿਆ। ਯੂਰਪੀਨ ਆਗੂ ਯੂਕਰੇਨ ਦੀ ਸੁਰੱਖਿਆ ਲਈ ਨਾਟੋ ਦੀ ਧਾਰਾ 5 ਵਰਗੀਆਂ ਗਰੰਟੀਆਂ ਚਾਹੁੰਦੇ ਹਨ। ਯੂਰਪੀ ਆਗੂਆਂ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਟਰੰਪ-ਪੁਤਿਨ ਅਗਲੀ ਗੱਲਬਾਤ ਵਿੱਚ ਜ਼ੇਲੈਂਸਕੀ ਵੀ ਸ਼ਾਮਲ ਹੋਣ। ਟਰੰਪ ਤੇ ਪੁਤਿਨ ਦਰਮਿਆਨ ਹੋਈ ਗੱਲਬਾਤ 'ਚ ਕੁੱਝ ਅਹਿਮ ਮੁੱਦਿਆਂ 'ਤੇ ਸਹਿਮਤੀ ਨਹੀਂ ਬਣ ਸਕੀ। ਹਾਲਾਂਕਿ ਦੋਵਾਂ ਨੇਤਾਵਾਂ ਨੇ ਇਸ ਗੱਲਬਾਤ ਨੂੰ ਸਾਰਥਕ ਦੱਸਿਆ।

ਮੀਟਿੰਗ ਮਗਰੋਂ ਪੁਤਿਨ ਨੇ ਦਾਅਵਾ ਕੀਤਾ ਕਿ ਯੂਕਰੇਨ ਬਾਰੇ 'ਸਹਿਮਤੀ' ਬਣੀ ਹੈ। ਉਨ੍ਹਾ ਨਾਲ ਹੀ ਯੂਰਪ ਨੂੰ ਚਿਤਾਵਨੀ ਦਿੱਤੀ ਕਿ ਉਹ ਪ੍ਰਗਤੀ 'ਚ ਕੋਈ ਰੁਕਾਵਟ ਨਾ ਪਾਵੇ। ਪੁਤਿਨ ਦੇ ਦਾਅਵੇ ਮਗਰੋਂ ਟਰੰਪ ਨੇ ਕਿਹਾ, "ਜਦੋਂ ਤੱਕ ਕੋਈ ਸਮਝੌਤਾ ਨਹੀਂ ਹੋ ਜਾਂਦਾ, ਉਦੋਂ ਤੱਕ ਕੁੱਝ ਵੀ ਪੱਕੇ ਤੌਰ 'ਤੇ ਨਹੀਂ ਕਿਹਾ ਜਾ ਸਕਦਾ।"

ਰੂਸ ਅਤੇ ਯੂਕਰੇਨ ਦਰਮਿਆਨ ਜੰਗ ਸ਼ੁਰੂ ਹੋਣ ਤੋਂ ਬਾਅਦ ਪੁਤਿਨ ਅਤੇ ਅਮਰੀਕੀ ਰਾਸ਼ਟਰਪਤੀ ਵਿਚਕਾਰ ਇਹ ਪਹਿਲੀ ਮੁਲਾਕਾਤ ਸੀ। ਟਰੰਪ ਵਾਰ-ਵਾਰ ਯੂਕਰੇਨ ਨੂੰ ਅਮਰੀਕਾ ਦੇ ਸਮਰਥਨ 'ਤੇ ਆਪਣਾ ਇਤਰਾਜ਼ ਜਤਾ ਚੁੱਕੇ ਹਨ ਅਤੇ ਪੁਤਿਨ ਦੀ ਪ੍ਰਸ਼ੰਸਾ ਕੀਤੀ ਹੈ। ਟਰੰਪ ਨੇ ਐਲਮੇਨਡੋਰਫ-ਰਿਚਰਡਸਨ ਦੇ ਜੁਆਇੰਟ ਬੇਸ 'ਤੇ ਪੁਤਿਨ ਦਾ ਨਿੱਘਾ ਸਵਾਗਤ ਵੀ ਕੀਤਾ। ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਮੀਟਿੰਗ ਦੇ ਟਰੰਪ ਅਨੁਸਾਰ ਸਾਰਥਕ ਸਿੱਟੇ ਨਹੀਂ ਨਿਕਲੇ ਅਤੇ ਦੋਵਾਂ ਨੇਤਾਵਾਂ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ। ਇਸ ਸੰਬੰਧੀ ਜਿੱਥੇ ਟਰੰਪ ਆਪਣੇ ਸਮਝੌਤਾ ਕਰਨ ਦੇ ਹੁਨਰ ਦਾ ਪ੍ਰਦਰਸ਼ਨ ਕਰਨਾ ਚਾਹੁੰਦੇ ਸਨ, ਉੱਥੇ ਪੁਤਿਨ ਇੱਕ ਅਜਿਹੇ ਸਮਝੌਤੇ 'ਤੇ ਗੱਲਬਾਤ ਕਰਨਾ ਚਾਹੁੰਦੇ ਸਨ, ਜੋ ਰੂਸ ਦੇ ਪੱਖ 'ਚ ਹੋਵੇ, ਯੂਕਰੇਨ ਦੀ ਨਾਟੋ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਨੂੰ ਰੋਕੇ ਅਤੇ ਅੰਤ ਵਿੱਚ ਯੂਕਰੇਨ ਨੂੰ ਮਾਸਕੋ ਦੇ ਪ੍ਰਭਾਵ ਦੇ ਖੇਤਰ 'ਚ ਵਾਪਸ ਲਿਆਵੇ।

ਮੀਟਿੰਗ ਮਗਰੋਂ ਟਰੰਪ ਨੇ ਕਿਹਾ, "ਸਾਡੀ ਮੀਟਿੰਗ ਬੇਹੱਦ ਸਫਲ ਰਹੀ, ਕਈ ਮੁੱਦਿਆਂ 'ਤੇ ਸਹਿਮਤੀ ਬਣੀ ਹੈ, ਕੁੱਝ ਬਾਕੀ ਹਨ। ਕੁੱਝ ਓਨੇ ਮਹੱਤਵਪੂਰਨ ਨਹੀਂ ਹਨ। ਇੱਕ ਸਭ ਤੋਂ ਮਹੱਤਵਪੂਰਨ ਹੈ ਅਤੇ ਇਸ ਗੱਲ ਦੀ ਸੰਭਾਵਨਾ ਹੈ ਕਿ ਅਸੀਂ ਉਸ ਨੂੰ ਵੀ ਸੁਲਝਾ ਲਵਾਂਗੇ।"

ਦੂਜੇ ਪਾਸੇ ਪੁਤਿਨ ਨੇ ਕਿਹਾ ਕਿ ਟਰੰਪ ਇਸ ਗੱਲ ਨੂੰ ਸਮਝਦੇ ਹਨ ਕਿ ਰੂਸ ਦੇ ਆਪਣੇ ਹਿੱਤ ਹਨ। ਉਨ੍ਹਾ ਕਿਹਾ ਕਿ ਰੂਸ ਅਤੇ ਅਮਰੀਕਾ ਨੂੰ 'ਪੁਰਾਣਾ ਅਧਿਆਏ ਬੰਦ ਕਰਨਾ ਚਾਹੀਦਾ ਹੈ ਅਤੇ ਸਹਿਯੋਗ ਦੇ ਰਾਹ 'ਤੇ ਅੱਗੇ ਵਧਣਾ ਚਾਹੀਦਾ ਹੈ।'

ਪੁਤਿਨ ਨੇ ਟਰੰਪ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹ 'ਇਸ ਬਾਰੇ ਸਪੱਸ਼ਟ ਹਨ ਕਿ ਉਹ ਕੀ ਪ੍ਰਾਪਤ ਕਰਨਾ ਚਾਹੁੰਦੇ ਹਨ ਅਤੇ ਆਪਣੇ ਦੇਸ਼ ਦੀ ਖੁਸ਼ਹਾਲੀ ਦੀ ਪਰਵਾਹ ਕਰਦੇ ਹਨ, ਨਾਲ ਹੀ ਇਹ ਵੀ ਸਮਝਦੇ ਹਨ ਕਿ ਰੂਸ ਦੇ ਆਪਣੇ ਕੌਮੀ ਹਿੱਤ ਹਨ।' ਉਨ੍ਹਾ ਕਿਹਾ, "ਮੈਨੂੰ ਉਮੀਦ ਹੈ ਕਿ ਅੱਜ ਦੇ ਸਮਝੌਤੇ ਨਾ ਸਿਰਫ ਯੂਕਰੇਨੀ ਸਮੱਸਿਆ ਦੇ ਹੱਲ ਲਈ ਇੱਕ ਸੰਦਰਭ ਬਿੰਦੂ ਬਣ ਜਾਣਗੇ, ਸਗੋਂ ਰੂਸ ਅਤੇ ਅਮਰੀਕਾ ਵਿਚਕਾਰ ਵਪਾਰਕ, ਵਿਹਾਰਕ ਸੰਬੰਧਾਂ ਦੀ ਬਹਾਲੀ ਦੀ ਸ਼ੁਰੂਆਤ ਵੀ ਕਰਨਗੇ।"

ਲੱਗਭੱਗ ਢਾਈ ਤੋਂ ਤਿੰਨ ਘੰਟੇ ਤੱਕ ਚੱਲੀ ਮੀਟਿੰਗ ਵਿੱਚ ਕੋਈ ਠੋਸ ਫੈਸਲੇ ਤੱਕ ਨਾ ਪਹੁੰਚਣ ਦੇ ਬਾਵਜੂਦ ਟਰੰਪ ਨੇ ਪੁਤਿਨ ਦਾ ਧੰਨਵਾਦ ਕਰਦਿਆਂ ਕਿਹਾ, "ਅਸੀਂ ਤੁਹਾਡੇ ਨਾਲ ਬਹੁਤ ਜਲਦੀ ਗੱਲ ਕਰਾਂਗੇ ਅਤੇ ਸ਼ਾਇਦ ਤੁਹਾਨੂੰ ਬਹੁਤ ਜਲਦੀ ਦੁਬਾਰਾ ਮਿਲਾਂਗੇ।" ਜਦੋਂ ਪੁਤਿਨ ਨੇ ਮੁਸਕਰਾਉਂਦਿਆਂ ਕਿਹਾ, "ਅਗਲੀ ਵਾਰ ਮਾਸਕੋ ਵਿੱਚ", ਟਰੰਪ ਨੇ ਕਿਹਾ, "ਇਹ ਦਿਲਚਸਪ ਹੈ।"

## ਚੀਨੀ ਵਿਦੇਸ਼ ਮੰਤਰੀ ਭਲਕ ਤੋਂ ਭਾਰਤ ਦੌਰੇ 'ਤੇ

**ਨਵੀਂ ਦਿੱਲੀ** : ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਸੋਮਵਾਰ ਤੋਂ ਭਾਰਤ ਦੇ ਦੋ ਦਿਨਾਂ ਦੌਰੇ 'ਤੇ ਆਉਣਗੇ ਅਤੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਸਰਹੱਦੀ ਮਾਮਲਿਆਂ ਬਾਰੇ ਗੱਲਬਾਤ ਕਰਨਗੇ। ਉਹ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨਾਲ ਵੀ ਗੱਲਬਾਤ ਕਰਨਗੇ। ਵਾਂਗ ਦੀ ਇਹ ਫੇਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸ਼ੰਘਾਈ ਸਹਿਯੋਗ ਸੰਗਠਨ ਦੇ ਸਾਲਾਨਾ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਚੀਨ ਦੇ ਤੈਅਸ਼ੁਦਾ ਦੌਰੇ ਤੋਂ ਕੁਝ ਦਿਨ ਪਹਿਲਾਂ ਹੋ ਰਹੀ ਹੈ।

## ਚੋਣ ਕਮਿਸ਼ਨ ਦੀ ਅੱਜ ਖਾਸ ਪ੍ਰੈੱਸ ਕਾਨਫਰੰਸ

**ਨਵੀਂ ਦਿੱਲੀ** : ਚੋਣ ਕਮਿਸ਼ਨ ਐਤਵਾਰ ਬਾਅਦ ਦੁਪਹਿਰ ਤਿੰਨ ਵਜੇ ਪ੍ਰੈੱਸ ਕਾਨਫਰੰਸ ਕਰਕੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਡੂੰਘੀ ਸੁਧਾਈ ਬਾਰੇ ਦੱਸੇਗਾ। ਰਾਹੁਲ ਗਾਂਧੀ ਤੇ ਮਹਾਂ-ਗੱਠਬੰਧਨ ਦੇ ਹੋਰ ਆਗੂ ਬਿਹਾਰ 'ਚ 17 ਅਗਸਤ ਤੋਂ ਸਸਾਰਾਮ ਤੋਂ ਵੋਟ ਅਧਿਕਾਰ ਯਾਤਰਾ ਸ਼ੁਰੂ ਕਰ ਰਹੇ ਹਨ, ਜਿਹੜੀ 30 ਅਗਸਤ ਤੱਕ ਚੱਲੇਗੀ। ਪਹਿਲੀ ਸਤੰਬਰ ਨੂੰ ਪਟਨਾ ਵਿੱਚ ਵੱਡੀ ਰੈਲੀ ਕੀਤੀ ਜਾਵੇਗੀ।

ਰਾਹੁਲ ਕਈ ਦਿਨਾਂ ਤੋਂ ਦੋਸ਼ ਲਾ ਰਹੇ ਹਨ ਕਿ ਭਾਜਪਾ ਚੋਣ ਕਮਿਸ਼ਨ ਨਾਲ ਰਲ ਕੇ ਵੋਟ ਚੋਰੀ ਕਰ ਰਹੀ ਹੈ।

## ਹਰੀਕੇ ਹੈੱਡ ਹੇਠਲੇ ਪਾਸੇ ਹੜ੍ਹਾਂ ਵਰਗੇ ਹਾਲਾਤ

**ਫਿਰੋਜ਼ਪੁਰ** : ਸਤਲੁਜ ਅਤੇ ਬਿਆਸ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਲਗਾਤਾਰ ਵਧਣ ਕਾਰਨ ਹਰੀਕੇ ਹੈੱਡ ਤੋਂ ਹੇਠਲੇ ਪਾਸੇ ਪੈਂਦੇ ਇਲਾਕਿਆਂ 'ਚ ਹੜ੍ਹਾਂ ਵਰਗੀ ਸਥਿਤੀ ਬਣ ਗਈ ਹੈ। ਪਿੰਡ ਰਾਜੀ ਸਭਰਾ, ਗੱਟਾ ਬਾਦਸ਼ਾਹ, ਆਲੇਵਾਲਾ, ਫੱਤੇ ਵਾਲਾ, ਕੁਤਬਦੀਨ ਵਾਲਾ, ਕਾਲੇ ਕੇ ਹਿਠਾੜ, ਬੰਡਾਲਾ, ਧੀਰਾ ਘਾਰਾ, ਨਿਹਾਲਾ ਲਵੇਰਾ, ਟੱਲੀ ਗੁਲਾਮ, ਰੱਤੋ ਕੀਆਂ ਬਹਿਕਾਂ, ਮੁੱਠਿਆਂਵਾਲਾ ਸਮੇਤ ਕਈ ਪਿੰਡ ਪਾਣੀ ਦੀ ਮਾਰ ਹੇਠ ਆ ਗਏ ਹਨ। ਇਨ੍ਹਾਂ ਪਿੰਡਾਂ 'ਚ ਸੈਂਕੜੇ ਏਕੜ ਝੋਨੇ ਦੀ ਫਸਲ, ਸਬਜ਼ੀਆਂ ਅਤੇ ਪਸ਼ੂਆਂ ਦਾ ਚਾਰਾ ਪਾਣੀ 'ਚ ਡੁੱਬ ਗਿਆ ਹੈ। ਕਿਸਾਨਾਂ ਦਾ ਵੱਡਾ ਮਾਲੀ ਨੁਕਸਾਨ ਹੋਣ ਦਾ ਖਦਸ਼ਾ ਹੈ।

ਕਿਸਾਨਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਨੁਕਸਾਨੀ ਗਈ ਫਸਲ ਦੀ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਉਨ੍ਹਾਂ ਨੂੰ ਤੁਰੰਤ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਨਹਿਰੀ ਵਿਭਾਗ ਅਤੇ ਸਰਕਾਰ ਤੋਂ ਇਹ ਵੀ ਮੰਗ ਕੀਤੀ ਹੈ ਕਿ ਜਿੰਨਾ ਪਾਣੀ ਹਰੀਕੇ ਹੈੱਡ ਤੋਂ ਛੱਡਿਆ ਜਾਂਦਾ ਹੈ, ਓਨਾ ਹੀ ਪਾਣੀ ਹੁਸੈਨੀਵਾਲਾ ਹੈੱਡ ਤੋਂ ਵੀ ਨਾਲ-ਨਾਲ ਛੱਡਿਆ ਜਾਵੇ, ਤਾਂ ਜੋ ਪਾਣੀ ਦਾ ਪੱਧਰ ਹੋਰ ਨਾ ਵਧੇ ਅਤੇ ਸਥਿਤੀ ਹੋਰ ਗੰਭੀਰ ਨਾ ਹੋਵੇ।

## ਟਰੰਪ ਵੱਲੋਂ ਭਾਰਤ ਨੂੰ ਹੋਰ ਟੈਰਿਫ ਤੋਂ ਬਖਸ਼ਣ ਦਾ ਸੰਕੇਤ

**ਨਿਊਯਾਰਕ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਰੂਸ ਤੋਂ ਕੱਚਾ ਤੇਲ ਖਰੀਦਣਾ ਜਾਰੀ ਰੱਖਣ ਵਾਲੇ ਮੁਲਕਾਂ ਉਤੇ ਉਨ੍ਹਾ ਦਾ ਮੁਲਕ ਹੋਰ ਵਾਧੂ ਟੈਰਿਫ ਨਹੀਂ ਲਗਾ ਸਕਦਾ। ਅਜਿਹਾ ਖਦਸ਼ਾ ਸੀ ਕਿ ਜੇ ਅਮਰੀਕਾ ਵੱਲੋਂ ਵਾਧੂ ਟੈਰਿਫ ਲਾਉਣ ਦਾ ਫੈਸਲਾ ਕੀਤਾ ਜਾਂਦਾ ਹੈ ਤਾਂ ਇਹ ਭਾਰਤ ਲਈ ਨੁਕਸਾਨਦੇਹ ਹੋ ਸਕਦਾ ਹੈ।

ਟਰੰਪ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਗੱਲਬਾਤ ਤੋਂ ਪਹਿਲਾਂ ਸ਼ੁੱਕਰਵਾਰ ਕਿਹਾ, "ਖੈਰ, ਪੁਤਿਨ ਨੇ ਇੱਕ ਤੇਲ ਗਾਹਕ ਗੁਆ ਲਿਆ ਹੈ, ਜੋ ਕਿ ਭਾਰਤ ਹੈ, ਜੋ ਕਰੀਬ 40 ਫੀਸਦੀ ਤੇਲ ਖਰੀਦ ਰਿਹਾ ਸੀ। ਚੀਨ, ਜਿਵੇਂ ਕਿ ਤੁਸੀਂ ਜਾਣਦੇ ਹੋ, ਬਹੁਤ ਕੁਝ ਕਰ ਰਿਹਾ ਹੈ... ਅਤੇ ਜੇ ਮੈਂ ਉਹ ਕੀਤਾ ਜਿਸ ਨੂੰ ਸੈਕੰਡਰੀ ਪਾਬੰਦੀਆਂ ਕਿਹਾ ਜਾਂਦਾ ਹੈ, ਜਾਂ ਸੈਕੰਡਰੀ ਟੈਰਿਫ, ਤਾਂ ਇਹ ਉਨ੍ਹਾਂ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਤਬਾਹਕੁੰਨ ਹੋਵੇਗਾ। ਜੇ ਮੈਨੂੰ ਅਜਿਹਾ ਕਰਨਾ ਪਵੇ, ਤਾਂ ਮੈਂ ਕਰਾਂਗਾ, ਪਰ ਸ਼ਾਇਦ ਮੈਨੂੰ ਅਜਿਹਾ ਨਹੀਂ ਕਰਨਾ ਪਵੇਗਾ।"




## 25ਵੀਂ ਪਾਰਟੀ ਕਾਂਗਰਸ ਕਮਿਊਨਿਸਟ ਲਹਿਰ ਦੇ ਇਤਿਹਾਸ 'ਚ ਮੀਲ ਪੱਥਰ ਸਾਬਤ ਹੋਵੇਗੀ : ਹਰਦੇਵ ਅਰਸ਼ੀ

### ਸ਼ਹੀਦ ਊਧਮ ਸਿੰਘ ਦੀ ਸਮਾਧ ਤੋਂ ਚੱਲੇ ਜਥੇ ਦਾ 21 ਨੂੰ ਮਾਨਸਾ 'ਚ ਹੋਵੇਗਾ ਭਰਵਾਂ ਸਵਾਗਤ : ਚੌਹਾਨ, ਉੱਡਤ



**ਮਾਨਸਾ (ਆਤਮਾ ਸਿੰਘ ਪਮਾਰ)**

ਲੋਕ ਸਭਾ 'ਚ ਵਿਰੋਧੀ ਧਿਰ ਦੇ ਲੀਡਰ ਵੱਲੋਂ ਵੋਟ ਚੋਰੀ ਮਾਮਲੇ ਵਿੱਚ ਕੀਤੇ ਖੁਲਾਸਿਆਂ ਤੋਂ ਬਾਅਦ ਵੀ ਚੋਣ ਕਮਿਸ਼ਨ ਦੇ ਨਾਂਹ-ਪੱਖੀ ਰਵੱਈਏ ਤੋਂ ਸਾਬਤ ਹੋ ਚੁੱਕਾ ਹੈ ਕਿ ਉਸ ਨੂੰ ਕਿਸ ਕਦਰ ਮੋਦੀ ਸਰਕਾਰ ਨੇ ਹਾਈਜੈਕ ਕਰ ਲਿਆ ਹੈ ਤੇ ਮੋਦੀ ਵੋਟ ਚੋਰੀ ਕਰਕੇ ਤੀਜੀ ਵਾਰ ਸੱਤਾ ਵਿੱਚ ਆਏ ਹਨ। ਲੱਖਾਂ ਕੁਰਬਾਨੀਆਂ ਨਾਲ ਪ੍ਰਾਪਤ ਕੀਤੀ ਸੁਤੰਤਰਤਾ, ਡੈਮੋਕ੍ਰੇਟਿਕ ਸਿਸਟਮ ਨੂੰ ਫਿਰਕੂ, ਫਾਸ਼ੀਵਾਦੀ ਤੇ ਅੰਗਰੇਜ਼ਪ੍ਰਸਤ ਤਾਕਤਾਂ ਤੋਂ ਵੱਡਾ ਖਤਰਾ ਖੜ੍ਹਾ ਹੋ ਚੁੱਕਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸੀ ਪੀ ਆਈ ਦੀ ਜ਼ਿਲ੍ਹਾ ਕੌਂਸਲ ਦੀ ਵਧਾਈ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਕੀਤਾ। ਅਰਸ਼ੀ ਨੇ ਸੀ ਪੀ ਆਈ ਦੀ ਜ਼ਿਲ੍ਹਾ ਇਕਾਈ ਦੀ ਲੀਡਰਸ਼ਿਪ, ਪਾਰਟੀ ਹਮਦਰਦਾਂ ਤੇ ਸਮੂਹ ਅਗਾਂਹਵਧੂ ਲੋਕਾਂ ਨੂੰ ਪਾਰਟੀ ਦੀ 25ਵੀਂ ਕਾਂਗਰਸ ਲਈ ਲੱਗੇ ਕੋਟੇ ਨੂੰ ਪੂਰਾ ਕਰਨ 'ਤੇ ਇਨਕਲਾਬੀ ਮੁਬਾਰਕਾਂ ਦਿੱਤੀਆਂ ਤੇ ਕਾਂਗਰਸ ਦੀ ਸ਼ੁਰੂਆਤ ਮੌਕੇ 21 ਸਤੰਬਰ ਦੀ ਰੈਲੀ ਵਿੱਚ ਵੀ ਜ਼ਿਲ੍ਹੇ ਵਿੱਚੋਂ ਕੋਟੇ ਤੋਂ ਵੱਧ ਸ਼ਮੂਲੀਅਤ ਕਰਨ ਦੀ ਪ੍ਰੇਰਨਾ ਦਿੱਤੀ।

ਉਹਨਾ ਕਿਹਾ ਕਿ ਇਹ ਚੌਥੀ ਵਾਰ ਕਿ ਪੰਜਾਬ ਦੇ ਕਾਮਰੇਡਾਂ ਨੂੰ ਪਾਰਟੀ ਮਹਾਂ-ਸੰਮੇਲਨ ਦੀ ਮੇਜ਼ਬਾਨੀ ਕਰਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। 25ਵੀਂ ਪਾਰਟੀ ਕਾਂਗਰਸ ਕਮਿਊਨਿਸਟ ਲਹਿਰ ਦੇ ਇਤਿਹਾਸ ਵਿੱਚ ਮੀਲ ਪੱਥਰ ਸਾਬਤ ਹੋਵੇਗੀ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਤੇ ਸੀਨੀਅਰ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉਡਤ ਨੇ ਕਿਹਾ ਕਿ ਪਾਰਟੀ ਮਹਾਂ-ਸੰਮੇਲਨ ਮੌਕੇ 21 ਸਤੰਬਰ ਦੀ ਰੈਲੀ ਵਿੱਚ ਜ਼ਿਲ੍ਹੇ ਵਿੱਚੋਂ 1000 ਸਾਥੀ ਸ਼ਮੂਲੀਅਤ ਕਰਨਗੇ। ਸ਼ਹੀਦ ਊਧਮ ਸਿੰਘ ਦੀ ਸਮਾਧ ਤੋਂ ਚੱਲੇ ਜਥੇ ਦਾ 21 ਅਗਸਤ ਨੂੰ ਜ਼ਿਲ੍ਹੇ 'ਚ ਭਰਵਾਂ ਸਵਾਗਤ ਕੀਤਾ ਜਾਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਵੇਦ ਪ੍ਰਕਾਸ਼ ਬੁਢਲਾਡਾ, ਸੀਤਾ ਰਾਮ ਗੋਬਿੰਦਪੁਰਾ, ਜਗਸੀਰ ਰਾਏਕੇ, ਮਲਕੀਤ ਮੰਦਰਾ, ਰੂਪ ਢਿੱਲੋਂ, ਕੇਵਲ ਸਮਾਓ, ਰਤਨ ਭੋਲਾ, ਬੂਟਾ ਸਿੰਘ ਬਰਨਾਲਾ, ਰਾਜ ਕੁਮਾਰ ਸ਼ਰਮਾ, ਦਰਸ਼ਨ ਮਾਨਸ਼ਾਹੀਆ, ਹਰਮੀਤ ਬੋੜਾਵਾਲ, ਸੁਖਦੇਵ ਪੰਧੇਰ, ਗੁਰਦਿਆਲ ਦਲੇਲ ਸਿੰਘ ਵਾਲਾ, ਸਾਧੂ ਸਿੰਘ ਰਾਮਾਨੰਦੀ, ਗੁਰਪਿਆਰ ਫੱਤਾ, ਪੂਰਨ ਸਿੰਘ ਸਰਦੂਲਗੜ੍ਹ, ਹਰਕੇਸ਼ ਮੰਡੇਰ, ਬੰਬੂ ਸਿੰਘ, ਕਰਨੈਲ ਦਾਤੇਵਾਸ, ਗੋਰਾ ਟਾਹਲੀਆਂ, ਜਗਤਾਰ ਕਾਲਾ ਆਦਿ ਹਾਜ਼ਰ ਸਨ। ਮੀਟਿੰਗ ਦੇ ਅਖੀਰ ਵਿੱਚ ਸੁਖਰਾਜ ਜੋਗਾ ਨੇ ਸਮੁੱਚੇ ਸਾਥੀਆਂ ਦਾ ਧੰਨਵਾਦ ਕੀਤਾ।

## 21 ਹਜ਼ਾਰ ਦਾ ਯੋਗਦਾਨ



ਰੱਖਾ ਸਿੰਘ ਘੋਲੀਆ, ਪ੍ਰਿੰ. ਦਲੀਪ ਸਿੰਘ ਘੋਲੀਆ


**ਮੋਗਾ** : ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਦੀ ਕਾਮਯਾਬੀ ਲਈ ਜ਼ਿਲ੍ਹਾ ਮੋਗਾ ਦੇ ਮਰਹੂਮ ਕਮਿਊਨਿਸਟ ਆਗੂਆਂ ਤੇ ਹਮਦਰਦਾਂ ਦੇ ਪਰਵਾਰਾਂ ਵੱਲੋਂ ਬਹੁਤ ਉਤਸ਼ਾਹ ਨਾਲ ਫੰਡ ਮੁਹਿੰਮ ਵਿੱਚ ਲਗਾਤਾਰ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਮੁਹਿੰਮ ਨੂੰ ਅੱਗੇ ਤੋਰਦਿਆਂ ਮਰਹੂਮ ਕਾਮਰੇਡ ਰੱਖਾ ਸਿੰਘ ਘੋਲੀਆ ਅਤੇ ਉਨ੍ਹਾ ਦੇ ਸਪੁੱਤਰ ਮਰਹੂਮ ਰਿਟਾਇਰਡ ਡਿਪਟੀ ਡੀ ਈ ਓ ਤੇ ਅਧਿਆਪਕ ਆਗੂ ਦਲੀਪ ਸਿੰਘ ਘੋਲੀਆ ਦੇ ਪਰਵਾਰ ਵੱਲੋਂ ਸਹਾਇਤਾ ਪਹੁੰਚੀ ਹੈ। ਪਾਰਟੀ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਭੋਲਾ ਅਤੇ ਡਾਕਟਰ ਇੰਦਰਵੀਰ ਗਿੱਲ ਦੀ ਅਪੀਲ 'ਤੇ ਰਿਟਾਇਰਡ ਐਕਸੀਅਨ ਪੁੱਡਾ ਰਣਜੀਤ ਸਿੰਘ ਸਪੁੱਤਰ ਕਾਮਰੇਡ ਰੱਖਾ ਸਿੰਘ, ਨਹਿਰੀ ਵਿਭਾਗ 'ਚੋਂ ਰਿਟਾਇਰਡ ਐਕਸੀਅਨ ਜਗਤਾਰ ਸਿੰਘ ਸਪੁੱਤਰ ਦਲੀਪ ਸਿੰਘ ਘੋਲੀਆ ਨੇ 21000 ਰੁਪਏ ਦੋਵਾਂ ਦੀ ਯਾਦ ਵਿੱਚ ਭੇਟ ਕੀਤੇ।

ਕੁਲਦੀਪ ਭੋਲਾ ਨੇ ਫੰਡ ਦੇਣ ਸਮੇਂ ਮੌਜੂਦ ਪਰਵਾਰ ਦੇ ਬਾਕੀ ਮੈਂਬਰਾਂ ਜਗਤਾਰ ਸਿੰਘ ਦੀ ਧਰਮ ਪਤਨੀ ਬੀਬੀ ਨਰਿੰਦਰ ਕੌਰ ਅਤੇ ਸਪੁੱਤਰ ਡਾਕਟਰ ਉਪਿੰਦਰ ਸਿੰਘ, ਜੋ ਪੰਜਾਬ ਦੇ ਸਰਕਾਰੀ ਡਾਕਟਰਾਂ ਦੀ ਜਥੇਬੰਦੀ ਪੀ ਸੀ ਐੱਮ ਐੱਸ ਐਸੋਸੀਏਸ਼ਨ ਦੇ ਸਹਾਇਕ ਸਕੱਤਰ ਹਨ ਦਾ ਜ਼ਿਲ੍ਹਾ ਪਾਰਟੀ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ।

## ਅਣਖੀ ਇਬਰਾਹੀਮਪੁਰੀ ਦਾ ਜਰਮਨੀ 'ਚ ਦੇਹਾਂਤ



**ਸਾਊਥਾਲ** : ਜਰਮਨੀ ਦੇ ਸ਼ਹਿਰ ਫਰੈਂਕਫੋਰਟ ਵਿੱਚ ਪਿਛਲੇ 45 ਸਾਲਾਂ ਤੋਂ ਵਸਦੇ ਪੰਜਾਬੀ ਲੇਖਕ ਪਰਮਜੀਤ ਸਿੰਘ ਅਣਖੀ ਇਬਰਾਹੀਮਪੁਰੀ (73) ਦਾ 11 ਅਗਸਤ ਨੂੰ ਦੇਹਾਂਤ ਗਿਆ। ਅਣਖੀ ਪਿੱਛੋਂ ਗੜ੍ਹਸ਼ੰਕਰ ਲਾਗਲੇ ਪਿੰਡ ਇਬਰਾਹੀਮਪੁਰ ਤੋਂ ਸਨ। ਉਹ ਆਪਣੇ ਪਿੱਛੇ ਧਰਮ ਪਤਨੀ, ਪੁੱਤਰ ਅਤੇ ਦੋ ਬੇਟੀਆਂ ਛੱਡ ਗਏ ਹਨ। ਅਣਖੀ ਦੇ ਵਿਛੋੜੇ 'ਤੇ ਜਰਮਨ ਤੋਂ ਵਿਸਾਖਾ ਸਿੰਘ, ਸੁੱਚਾ ਸਿੰਘ ਨਰ, ਜਸਪਾਲ ਕੌਰ (ਮਿਸਿਜ਼ ਕੇਹਰ ਸ਼ਰੀਫ਼), ਹਾਲੈਂਡ ਤੋਂ ਜੋਗਿੰਦਰ ਬਾਠ, ਯੂ ਕੇ ਤੋਂ ਜਸਵੀਰ ਦੂਹੜਾ, ਰਾਣੋ ਜੰਗ, ਰਘੁਬੀਰ ਸੰਧਾਵਾਲੀਆ, ਪਰਮਜੀਤ ਸੰਧਾਵਾਲੀਆ, ਕੌਂਸਲਰ ਕੇ ਸੀ ਮੋਹਨ, ਕੌਂਸਲਰ ਰਣਜੀਤ ਧੀਰ, ਕੌਂਸਲਰ ਹਰਭਜਨ ਕੌਰ ਧੀਰ, ਅਮਰ ਜਿਉਤੀ, ਪ੍ਰੀਤ ਸੰਧਾਵਾਲੀਆ, ਹਰੀਸ਼ ਮਲਹੋਤਰਾ, ਗੁਰਪਾਲ ਸਿੰਘ ਅਤੇ ਹੋਰਨਾਂ ਨੇ ਡੂੰਘਾ ਦੁੱਖ ਪ੍ਰਗਟਾਇਆ ਹੈ।






17-AUG-PAGE-1.qxd 8/16/2025 9:54 PM Page 2



## ਵਾਲੀਬਾਲ ਜ਼ੋਨ ਪੱਧਰੀ ਮੁਕਾਬਲਿਆਂ 'ਚ ਸਕੂਲ ਦੇ ਅੰਡਰ-17 ਮੁੰਡਿਆਂ ਨੇ ਮਾਰੀ ਬਾਜ਼ੀ



**ਅਜੀਤਵਾਲ (ਨਛੱਤਰ ਸੰਧੂ)**-ਸੁਪਰੀਮ ਕਾਨਵੈਂਟ ਸਕੂਲ ਬਿਲਾਸਪੁਰ ਮੋਗਾ ਵਿਖੇ ਪੰਜਾਬ ਸਕੂਲਾਂ ਦੇ ਚੱਲ ਰਹੇ ਜ਼ੋਨਲ ਮੁਕਾਬਲੇ ਕਰਾਏ ਗਏ। ਇਹ ਮੁਕਾਬਲੇ ਵਾਲੀਬਾਲ ਖੇਡਾਂ ਦੇ ਕਰਾਏ ਗਏ, ਜਿਸ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸਰਦਾਰ ਚਰਨ ਸਿੰਘ ਚੇਅਰਮੈਨ ਯੋਗਿੰਦਰ ਸ਼ਰਮਾ ਸਕੂਲ ਪ੍ਰਿੰਸੀਪਲ ਕੁੰਜੂਮੋਲ ਜੋਅ ਅਤੇ ਵਾਈਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਬੱਚਿਆਂ ਨਾਲ ਜਾਣ ਪਛਾਣ ਕੀਤੀ ਅਤੇ ਬੱਚਿਆਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ।ਸਾਰੀਆਂ ਹੀ ਪਹੁੰਚੀਆਂ ਹੋਈਆਂ ਟੀਮਾਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ, ਜਿਸ ਵਿੱਚ ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ (ਮੀਰੀ ਪੀਰੀ) ਕੁੱਸਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ ਤੇ ਸੁਪਰੀਮ ਕਾਨਵੈਂਟ ਸਕੂਲ ਬਿਲਾਸਪੁਰ ਦੇ ਅੰਡਰ 14 ਲੜਕਿਆਂ, ਅੰਡਰ 17 ਲੜਕਿਆਂ, ਅੰਡਰ 19 ਲੜਕਿਆਂ ਨੇ ਭਾਗ ਲਿਆ।ਜਿਸ ਵਿੱਚ ਸੁਪਰੀਮ ਕੌਨਵੈਂਟ ਬਿਲਾਸਪੁਰ ਦੇ ਅੰਡਰ 17 ਲੜਕਿਆਂ ਨੇ ਪਹਿਲਾ ਦਰਜਾ ਹਾਸਲ ਕੀਤਾ ਅਤੇ ਮੀਰੀ ਪੀਰੀ ਕੁੱਸਾ ਸਕੂਲ ਦੇ ਅੰਡਰ 19 ਲੜਕਿਆਂ ਨੇ ਪਹਿਲਾ ਅਤੇ ਸੁਪਰੀਮ ਕਾਨਵੈਂਟ ਸਕੂਲ ਨੇ ਦੂਜਾ ਸਥਾਨ ਹਾਸਲ ਕੀਤਾ।ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ ਦੇ ਲੜਕੇ ਅੰਡਰ 19 ਵਾਲੀਬਾਲ ਸ਼ੂਟਿੰਗ 'ਚੋਂ ਪਹਿਲਾ ਸਥਾਨ ਹਾਸਲ ਕੀਤਾ।

## ਕਾਰਪੋਰੇਟ ਹੱਲੇ ਰੋਕਣ ਲਈ ਜਥੇਬੰਦਕ ਸੰਘਰਸ਼ਾਂ ਦੀ ਲੋੜ : ਕਿਸਾਨ ਆਗੂ

**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਦੇ ਪਿੰਡ ਇਕਾਈ ਦਿੜ੍ਹਬਾ ਵਿਖੇ ਪਿੰਡ ਦਾ ਇਜਲਾਸ ਸੱਦ ਕੇ ਸਰਬਸੰਮਤੀ ਨਾਲ ਪਿੰਡ ਇਕਾਈ ਦੀ ਨਵੇਂ ਸਿਰੇ ਤੋਂ ਚੋਣ ਕੀਤੀ ਗਈ। ਚੋਣ ਇਜਲਾਸ ਵਿੱਚ ਵਿਸ਼ੇਸ਼ ਤੌਰ 'ਤੇ ਭਵਾਨੀਗੜ੍ਹ ਬਲਾਕ ਦੇ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਘਰਾਚੋਂ, ਜਨਰਲ ਸਕੱਤਰ ਜਸਵੀਰ ਸਿੰਘ ਗੱਗੜਪੁਰ ਨੇ ਸ਼ਿਰਕਤ ਕੀਤੀ। ਦਿੜ੍ਹਬਾ ਬਲਾਕ ਦੇ ਆਗੂ ਹਰਜੀਤ ਸਿੰਘ ਮਹਿਲਾਂ ਨੇ ਕਿਹਾ ਕਿ ਜਿਸ ਤਰ੍ਹਾਂ ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਤਹਿਤ ਅਤੇ ਵੱਡੇ ਹਾਈਵੇ ਤੇ ਭਲਟ ਟਰੈਕ ਰਾਹੀਂ ਕਿਸਾਨਾਂ ਦੀਆਂ ਜ਼ਮੀਨਾਂ ਧੱਕੇ ਨਾਲ ਦੱਬੀਆਂ ਜਾ ਰਹੀਆਂ ਹਨ, ਨੂੰ ਰੋਕਣ ਲਈ ਜਥੇਬੰਦ ਹੋਣਾ ਸਮੇਂ ਦੀ ਮੁੱਖ ਲੋੜ ਹੈ ਤਾਂ ਜੁ ਜ਼ਮੀਨਾਂ 'ਤੇ ਕਾਰਪੋਰੇਟ ਹੱਲੇ ਨੂੰ ਰੋਕਿਆ ਜਾ ਸਕੇ। ਸਰਬਸੰਮਤੀ ਨਾਲ ਹੋਈ ਚੋਣ ਵਿੱਚ ਇਕਾਈ ਦਿੜ੍ਹਬਾ ਦੇ ਪ੍ਰਧਾਨ ਮੱਘਰ ਸਿੰਘ, ਜਨਰਲ ਸਕੱਤਰ ਗੁਰਤੇਜ ਸਿੰਘ, ਮੀਤ ਪ੍ਰਧਾਨ ਚੰਨਣ ਸਿੰਘ, ਖ਼ਜ਼ਾਨਚੀ ਬਿੰਦਰ ਸਿੰਘ, ਪ੍ਰੈਸ ਸਕੱਤਰ ਰਾਜਿੰਦਰ ਸਿੰਘ, ਪ੍ਰਚਾਰ ਸਕੱਤਰ ਚਰਨਜੀਤ ਸਿੰਘ ਕਾਲੀ, ਸੰਗਠਨ ਸਕੱਤਰ ਨਛੱਤਰ ਸਿੰਘ ਨੂੰ ਚੁਣਿਆ ਗਿਆ ਤੇ ਸਾਰੇ ਪਿੰਡਾਂ ਵਾਸੀਆਂ ਨੇ ਵਿਸ਼ਵਾਸ ਦਿਵਾਇਆ ਕਿ ਜਥੇਬੰਦੀ ਦੇ ਸੰਵਿਧਾਨ ਤੇ ਚੱਲਦੇ ਹੋਏ ਸੰਘਰਸ਼ਾਂ 'ਚ ਵਧ ਚੜ੍ਹ ਸਾਥ ਦੇਵਾਂਗੇ।

## ਬੈਂਕਾਕ 'ਚ ਪ੍ਰਤੀਕ ਸਿੰਘ ਨੇ ਚਾਂਦੀ ਤੇ ਅਵਨੀਤ ਕੌਰ ਨੇ ਕਾਂਸੇ ਦਾ ਮੈਡਲ ਜਿੱਤਿਆ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੈਂਕਾਕ (ਥਾਈਲੈਂਡ) ਵਿਚ ਹੋਈ ਔਂਵੀ ਹੀਰੋ ਕੱਪ ਇੰਟਰਨੈਸ਼ਨਲ ਤਾਈਕਵਾਂਡੋ ਚੈਂਪੀਅਨਸ਼ਿਪ ਟੀ-1 ਟੂਰਨਾਮੈਂਟ ਵਿਚ ਵਿਵੇਕਾਨੰਦ ਵਰਲਡ ਸਕੂਲ ਦੇ ਦੋ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਅਤੇ ਦੇਸ਼ ਦਾ ਨਾਂਅ ਰੌਸ਼ਨ ਕੀਤਾ ਹੈ। ਮੁਕਾਬਲੇ ਵਿਚ ਦੋਵਾਂ ਖਿਡਾਰੀਆਂ ਨੇ ਤਗਮੇ ਜਿੱਤ ਕੇ ਆਪਣੀ ਪ੍ਰਤਿਭਾ ਤੇ ਮਿਹਨਤ ਦਾ ਸਬੂਤ ਦਿੱਤਾ। ਸਕੂਲ ਦੇ ਡਾਇਰੈਕਟਰ ਡਾ. ਐੱਸਐੱਨ ਰੁਦਰਾ ਨੇ ਦੱਸਿਆ ਕਿ ਪ੍ਰਤੀਕ ਸਿੰਘ ਨੇ ਆਪਣੀ ਵਧੀਆ ਖੇਡ ਨਾਲ ਚਾਂਦੀ ਦਾ ਮੈਡਲ ਜਿੱਤਿਆ, ਜਦਕਿ ਅਵਨੀਤ ਕੌਰ ਨੇ ਔਖੇ ਮੁਕਾਬਲੇ ਵਿਚ ਕਾਂਸੇ ਦਾ ਮੈਡਲ ਹਾਸਲ ਕੀਤਾ। ਇਹ ਦੋਵੇਂ ਖਿਡਾਰੀ ਰੈਂਕਿੰਗ ਇਵੈਂਟ ਵਿਚ ਸ਼ਾਮਲ ਹੋਏ ਸਨ ਤੇ ਉਨ੍ਹਾਂ ਨੇ ਪੂਰੇ ਆਤਮ ਵਿਸ਼ਵਾਸ, ਖੇਡ ਭਾਵਨਾ ਅਤੇ ਅਨੁਸ਼ਾਸਨ ਨਾਲ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ। ਡਾ. ਰੁਦਰਾ ਨੇ ਇਸ ਜਿੱਤ ਦਾ ਸਿਹਰਾ ਵਿਦਿਆਰਥੀਆਂ ਦੀ ਲਗਨ ਤੇ ਕੋਚ ਗੁਰਜਸਪ੍ਰੀਤ ਸਿੰਘ ਦੇ ਮਾਰਗਦਰਸ਼ਨ ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਕੋਚ ਦੀ ਨਿਰੰਤਰ ਟ੍ਰੇਨਿੰਗ ਅਤੇ ਹੌਸਲਾ ਅਫ਼ਜ਼ਾਈ ਨੇ ਖਿਡਾਰੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਕਾਮਯਾਬ ਹੋਣ ਵਿਚ ਅਹਿਮ ਭੂਮਿਕਾ ਨਿਭਾਈ। ਸਕੂਲ ਪ੍ਰਬੰਧਨ ਨੇ ਦੋਵਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਆਪਣੇ ਬੱਚਿਆਂ ਦੀ ਇਸ ਉਪਲਬਧੀ 'ਤੇ ਮਾਣ ਮਹਿਸੂਸ ਕੀਤਾ।

## ਜ਼ੋਨ ਲੈਵਲ ਫੁੱਟਬਾਲ ਮੈਚ 'ਚ ਅਕੇਡੀਆ ਵਰਲਡ ਸਕੂਲ ਨੇ ਮਾਰੀ ਬਾਜ਼ੀ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੁਨਾਮ ਸਟੇਡੀਅਮ 'ਚ 69ਵੀਆਂ ਜ਼ੋਨ ਲੈਵਲ ਫੁੱਟਬਾਲ ਮੈਚ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਹ ਟੂਰਨਾਮੈਂਟ ਅੰਡਰ-14 (ਮੁੰਡਿਆਂ) ਵਿਦਿਆਰਥੀਆਂ ਲਈ ਆਯੋਜਤ ਕੀਤਾ ਗਿਆ ਸੀ। ਵੱਖ-ਵੱਖ ਸਕੂਲਾਂ ਤੋਂ ਵੱਖ-ਵੱਖ ਟੀਮਾਂ ਮੈਚ ਖੇਡਣ ਲਈ ਆਈਆਂ। ਇਸ ਮੁਕਾਬਲੇ ਵਿੱਚ ਕੁੱਲ 5 ਟੀਮਾਂ ਨੇ ਭਾਗ ਲਿਆ। ਰੋਮਾਂਚਕ ਮੁਕਾਬਲੇ ਤੋਂ ਬਾਅਦ ਅਕੇਡੀਆ ਵਰਲਡ ਸਕੂਲ ਦੀ ਟੀਮ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਜਿੱਤ ਦਰਜ ਕਰਨ ਵਾਲੀ ਟੀਮ ਦੇ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਿਖਾਈ ਤੇ ਦਰਸਕਾਂ ਦੇ ਦਿਲ ਜਿੱਤ ਲਏ। ਜਿੱਤਣ ਵਾਲੀ ਟੀਮ ਦੇ 'ਚ ਛੇਵੀਂ ਜਮਾਤ ਵਿੱਚੋਂ ਜਸਮੀਤ ਸਿੰਘ, ਆਰੀਅਨ, ਰਾਧੇਸ਼, ਸੱਤਵੀਂ ਜਮਾਤ ਵਿੱਚੋਂ ਸਿਮਰਨਜੀਤ ਸਿੰਘ, ਦਮਨਪ੍ਰੀਤ ਸਿੰਘ, ਮਹਿਬਾਜਜੋਤ ਸਿੰਘ, ਹਰਿਕਮਲ ਸਿੰਘ, ਮਾਨਵ ਜੋਤ ਸਿੰਘ, ਗੁਰਮਨ ਸਿੰਘ, ਰੋਬਿਨਜੀਤ ਸਿੰਘ, ਅਗਮਜੋਤ ਸਿੰਘ, ਅੱਠਵੀਂ ਜਮਾਤ ਵਿੱਚੋਂ ਦੀਵੀਅਮ ਮਦਾਨ, ਸਮਰਪ੍ਰਤਾਪ ਸਿੰਘ, ਸ਼ਿਵਮ ਗੋਇਲ, ਹਰਸਪ੍ਰੀਤ ਸਿੰਘ, ਗਗਨਦੀਪ ਸਿੰਘ ਰਹੇ।

## ਅੱਜ-ਨਾਮਾ

ਆਖਰ ਪੂਤਿਨ-ਟਰੰਪ ਦੀ ਹੋਈ ਮੀਟਿੰਗ,
ਚਰਚਾ ਸੰਸਾਰ ਦੇ ਵਿੱਚ ਹੈ ਛਿੜੀ ਮੀਆਂ।
ਦੁਵੱਲੀ ਕੌੜ-ਕੁੜੱਤਣ ਜਿਹੀ ਛੱਡ ਲਾਂਭੇ,
ਗਰਾਰੀ ਮੀਟਿੰਗਾਂ ਵਾਲੀ ਹੈ ਗਿੜੀ ਮੀਆਂ।
ਤਿੰਨਾਂ ਸਾਲਾਂ ਤੋਂ ਚੱਲੀ ਜਾਏ ਜੰਗ ਓਧਰ,
ਜਾਂਦੇ ਈ ਰੂਸ ਤੇ ਯੂਕਰੇਨ ਭਿੜੀ ਮੀਆਂ।
ਟਰੰਪ-ਪੂਤਿਨ ਤੋਂ ਆਸ ਆ ਨਵੀਂ ਜਾਗੀ,
ਸਕਦੀ ਨੱਚ ਆ ਅਮਨ ਦੀ ਚਿੜੀ ਮੀਆਂ।
ਕਹਿੰਦੇ ਆ ਕਈ ਕਿ ਗੱਲ ਨਾ ਵਧੀ ਅੱਗੇ,
ਓਸੇ ਈ ਜਗ੍ਹਾ ਉੱਪਰ ਗੱਡੀ ਖੜੀ ਮੀਆਂ।
ਜਿਹੜੇ ਜੰਗਾਂ ਦੀ ਬਾਤ ਆ ਪਾਉਣ ਵਾਲੇ,
ਉਨ੍ਹਾਂ ਦੀ ਸੂਈ ਹੈ ਇੱਕ ਥਾਂ ਅੜੀ ਮੀਆਂ।

-ਤੀਸ ਮਾਰ ਖਾਂ

## ਗੁਰੂ ਨਾਨਕ ਨੈਸ਼ਨਲ ਕਾਲਜ ਦੇ ਸੰਗੀਤ ਵਿਭਾਗ ਵੱਲੋਂ ਸੰਗੀਤ ਵਰਕਸ਼ਾਪ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਦੇ ਸੰਗੀਤ ਵਿਭਾਗ ਅਤੇ ਅਲੂਮਨੀ ਐਸੋਸੀਏਸ਼ਨ ਦੁਆਰਾ ਦੋ ਰੋਜ਼ਾ ਸੰਗੀਤ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਸੰਗੀਤ ਵਿਭਾਗ ਦੇ ਮੁਖੀ ਪ੍ਰੋ. ਰਾਮਪਾਲ ਬੰਗਾ ਨੇ ਦੱਸਿਆ ਕਿ ਵਰਕਸ਼ਾਪ ਦੇ ਪਹਿਲੇ ਦਿਨ ਕਾਲਜ ਦੇ ਹੋਣਹਾਰ ਪੁਰਾਣੇ ਵਿਦਿਆਰਥੀ ਫਰਿਆਦ ਅਲੀ ਨੇ ਵਿਦਿਆਰਥੀਆਂ ਨੂੰ ਪੰਜਾਬੀ ਲੋਕ ਸਾਜ਼ਾਂ ਢੋਲ, ਢੱਡ, ਬੁਗਚੂ ਆਦਿ ਤਾਲ ਦੇ ਸਾਜ਼ ਅਤੇ ਸੁਰ ਵਾਲੇ ਸਾਜ਼ ਜਿਵੇਂ ਬੀਨ, ਵੰਝਲੀ, ਅਲਗੋਜ਼ੇ ਤੇ ਤੂੰਬਾ ਆਦਿ ਦੀਆਂ ਬਾਰੀਕੀਆਂ ਬਾਰੇ ਦੱਸਿਆ। ਉਨ੍ਹਾਂ ਨੇ ਪਰੰਪਰਾਗਤ ਸ਼ੈਲੀ ਨੂੰ ਕਾਇਮ ਰੱਖਦੇ ਹੋਏ ਅਨੇਕ ਧੁਨਾਂ ਨੂੰ ਵਜਾਇਆ ਤੇ ਸਿਖਾਇਆ।ਵਰਕਸ਼ਾਪ ਦੇ ਦੂਸਰੇ ਦਿਨ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਸਲੀਮ ਖ਼ਾਨ ਅਤੇ ਨਰਿੰਦਰ ਸਿੰਘ ਨੇ ਪੰਜਾਬ ਦੀਆਂ ਪਰੰਪਰਾਗਤ ਗਾਇਨ ਸ਼ੈਲੀਆਂ ਜਿਵੇਂ ਵਾਰ, ਕਲੀ, ਕਵੀਸ਼ਰੀ ਆਦਿ ਉਪਰ ਚਰਚਾ ਕੀਤੀ।ਇਸ ਤੋਂ ਇਲਾਵਾ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਵਿੱਚੋਂ ਰੋਹਿਤ ਕੁਮਾਰ ਵੀ ਇਸ ਮੌਕੇ ਉਚੇਚੇ ਤੌਰ 'ਤੇ ਹਾਜ਼ਰ ਸਨ।ਇਸ ਗਤੀਵਿਧੀ ਦੇ ਸਫਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਅਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਮੁੱਚੀ ਟੀਮ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਮੁਬਾਰਕਬਾਦ ਦਿੱਤੀ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਮੀਤ ਪ੍ਰਧਾਨਾਂ ਦੀਆਂ ਨਿਯੁਕਤੀਆਂ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸ਼੍ਰੋਮਣੀ ਅਕਾਲੀ ਦਲ ਦੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨ ਪਾਰਟੀ ਅੰਦਰ ਮੀਤ ਪ੍ਰਧਾਨਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ।ਜਿਨ੍ਹਾਂ ਵਿੱਚ ਹਲਕਾ ਰਾਮਪੁਰਾ ਫੂਲ ਦੇ ਇੰਚਾਰਜ ਹਰਿੰਦਰ ਸਿੰਘ ਹਿੰਦਾ ਮਹਿਰਾਜ ਨੂੰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।ਅੱਜ ਇਕਾਈ ਫੂਲ ਟਾਊਨ ਦੀ ਜਥੇਬਦੀ ਵੱਲੋਂ ਹਰਿੰਦਰ ਸਿੰਘ ਮਹਿਰਾਜ ਦੇ ਮੀਤ ਪ੍ਰਧਾਨ ਬਨਣ 'ਤੇ ਲੱਡੂ ਵੰਡ ਕੇ ਖੁਸ਼ੀ ਸਾਂਝੀ ਕੀਤੀ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਹਰਿੰਦਰ ਸਿੰਘ ਮਹਿਰਾਜ ਨੇ ਪਹਿਲਾਂ ਵੀ ਪਾਰਟੀ ਦੀ ਚੜ੍ਹਦੀ ਕਲਾ ਲਈ ਅਣਥੱਕ ਮਿਹਨਤ ਕੀਤੀ ਹੈ। ਹੁਣ ਮੀਤ ਪ੍ਰਧਾਨ ਬਨਣ ਨਾਲ ਹਲਕੇ ਦੇ ਵਰਕਰਾਂ ਅੰਦਰ ਬੇਹੱਦ ਖੁਸ਼ੀ ਮਨਾਈ ਜਾ ਰਹੀ ਹੈ ਅਤੇ 2027 ਦੀਆਂ ਚੋਣਾਂ ਵਿੱਚ ਮਹਿਰਾਜ ਦੀ ਅਗਵਾਈ ਹੇਠ ਯੂਥ ਆਪਣਾ ਅਹਿਮ ਰੋਲ ਅਦਾ ਕਰੇਗਾ। ਇਸ ਮੌਕੇ ਜਥੇਦਾਰ ਭਰਪੂਰ ਸਿੰਘ ਢਿੱਲੋਂ, ਸੁਖਮੰਦਰ ਸਿੰਘ ਮਾਨ, ਬੂਟਾ ਸਿੰਘ ਢਿੱਲੋਂ, ਜਥੇਦਾਰ ਸੁਖਪਾਲ ਸਿੰਘ, ਪਿੰਦਰ ਸਿੰਘ ਢਿੱਲੋਂ, ਬਲਕਰਨ ਸਿੰਘ ਜਟਾਣਾ, ਹਰਬੰਸ ਸਿੰਘ ਸੋਹੀ, ਸੰਦੀਪ ਸਿੰਘ ਬਿੱਟੂ ਭਾਰੀ, ਸੁਦਾਗਰ ਸਿੰਘ ਫੌਜੀ, ਮਹਿੰਦਰ ਸਿੰਘ ਮਾਨ, ਨਾਹਰਾ ਸਿੰਘ ਮਾਨ, ਸ਼ੇਰ ਸਿੰਘ ਸਿੱਧੂ, ਲਾਲ ਚੰਦ, ਅਵਤਾਰ ਸਿੰਘ ਸਿੱਧੂ, ਗੁਰਮੀਤ ਸਿੰਘ ਸਿੱਧ, ਜਗਦੀਪ ਸਿੰਘ, ਗੁਰਲਾਲ ਸਿੰਘ ਬਹਿਨੀਵਾਲ, ਗੋਰਾ ਸਿੰਘ ਵਿਰਕ, ਸੁਰਿੰਦਰ ਸਿੰਘ ਧਾਲੀਵਾਲ, ਸੰਦੀਪ ਸਿੰਘ ਜਟਾਣਾ, ਬੱਬੂ ਮਾਨ, ਵਿੱਕੀ ਸਿੱਧੂ, ਲਾਭ ਸਿੰਘ, ਬਲੌਰ ਸਿੰਘ ਭਾਗਲਾ, ਜਗਤਾਰ ਸਿੰਘ ਖਲੀਲ ਤੋਂ ਇਲਾਵਾ ਫੂਲ ਇਕਾਈ ਜਥੇਬੰਦੀ ਦੇ ਆਗੂ ਅਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਤਿੰਨ ਰੋਜ਼ਾ ਸਮਾਗਮਾਂ ਦੀ ਰੂਪ-ਰੇਖਾ ਉਲੀਕੀ

**ਸੰਗਰੂਰ (ਪ੍ਰਵੀਨ ਸਿੰਘ)**-ਗੁਰਦੁਆਰਾ ਸਾਹਿਬਾਨ ਪ੍ਰਬੰਧਕ ਤਾਲਮੇਲ ਕਮੇਟੀ ਵੱਲੋਂ ਸਾਲਾਨਾ ਚੌਥਾ ਸਮਾਗਮ ਕਰਾਉਣ ਹਿੱਤ ਤਿਆਰੀ ਮੀਟਿੰਗ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਵਿਖੇ ਜਸਵਿੰਦਰ ਸਿੰਘ ਪ੍ਰਿੰਸ ਮੁੱਖ ਸੇਵਾਦਾਰ ਤੇ ਬਲਦੇਵ ਸਿੰਘ ਕਨਵੀਨਰ ਸਮਾਗਮ ਦੀ ਅਗਵਾਈ ਵਿੱਚ ਕੀਤੀ ਗਈ। ਹਰਪ੍ਰੀਤ ਸਿੰਘ ਪ੍ਰੀਤ ਜਨਰਲ ਸਕੱਤਰ ਨੇ ਹਾਜ਼ਰ ਵੱਖ-ਵੱਖ ਸੰਸਥਾਵਾਂ ਦੇ ਮੁਖੀਆਂ ਅਤੇ ਨੁਮਾਇੰਦਿਆਂ ਦਾ ਸਵਾਗਤ ਕੀਤਾ ਅਤੇ ਦੱਸਿਆ ਕਿ ਤਾਲਮੇਲ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਪਣਾ ਸਾਲਾਨਾ ਚੌਥਾ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ 5 ਤੇ 6 ਰਾਤਰੀ ਨੂੰ ਕਥਾ ਕੀਰਤਨ ਸਮਾਗਮ ਤੇ 7 ਸਤੰਬਰ ਦਿਨ ਨੂੰ ਅੰਮ੍ਰਿਤ ਸੰਚਾਰ ਹੋਵੇਗਾ। ਜਸਵਿੰਦਰਸਿੰਘ ਪ੍ਰਿੰਸ, ਰਾਜਵਿੰਦਰ ਸਿੰਘ ਲੱਕੀ ਤੇ ਦਲਵੀਰ ਸਿੰਘ ਬਾਬਾ ਨੇ ਦੱਸਿਆ ਪ੍ਰਕਾਸ ਪੁਰਬ ਨੂੰ ਸਮਰਪਤ ਤੇ ਗ੍ਰੰਥੀ ਸਥਾਪਨਾ ਦਿਵਸ ਦੇ ਦਿਹਾੜੇ ਤੇ ਗੁਰਮਤਿ ਪ੍ਰਚਾਰਕ ਰਾਗੀ ਗ੍ਰੰਥੀ ਸਭਾ ਦੇ ਸਹਿਯੋਗ ਨਾਲ 24 ਅਗਸਤ ਨੂੰ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਸਵੇਰੇ 7 ਵਜੇ ਪਾਏ ਜਾਣਗੇ। ਉਪਰੰਤ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵੱਲੋਂ ਹਫ਼ਤਾਵਾਰੀ ਸਮਾਗਮ ਹੋਵੇਗਾ। ਪ੍ਰਕਾਸ਼ ਪੁਰਬ ਨੂੰ ਸਮਰਪਤ ਤਿੰਨ ਰੋਜਾ ਸਮਾਗਮਾਂ ਅਧੀਨ 5 ਸਤੰਬਰ ਦੀ ਰਾਤਰੀ ਨੂੰ ਸੱਚਖੰਡ ਦਰਬਾਰ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਕਥਾ ਵਿਚਾਰ ਕਰਨਗੇ, ਜਦੋਂ ਕਿ ਭਾਈ ਮੱਖਣ ਸਿੰਘ ਹਜੂਰੀ ਰਾਗੀ ਗੁਰਦੁਆਰਾ ਸਾਹਿਬ ਪ੍ਰੋਗਰਾਮ ਦੀ ਆਰੰਭਤਾ ਕਰਨਗੇ। 6 ਸਤੰਬਰ ਰਾਤਰੀ ਦੇ ਸਮਾਗਮ ਵਿੱਚ ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਾਲੇ ਗੁਰਬਾਣੀ ਦੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ, ਜਦੋਂ ਕਿ ਭਾਈ ਮਨਦੀਪ ਸਿੰਘ ਮੁਰੀਦ ਕਥਾ ਵਿਚਾਰ ਕਰਨਗੇ ਤੇ ਭਾਈ ਗੁਰਧਿਆਨ ਸਿੰਘ ਹਜੂਰੀ ਰਾਗੀ ਗੁਰਦੁਆਰਾ ਸਾਹਿਬ ਹਰਿਗੋਬਿੰਦ ਪੁਰਾ ਸਮਾਗਮ ਦੀ ਆਰੰਭਤਾ ਕਰਨਗੇ। 7 ਸਤੰਬਰ ਨੂੰ ਸਵੇਰੇ 10 ਵਜੇ ਅਕਾਲ ਕਾਲਜ ਕੌਂਸਲ ਗੁਰਸਾਗਰ ਮਸਤੂਆਣਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਸੰਚਾਰ ਹੋਵੇਗਾ।

## ਏਅਰ ਕੈਨੇਡਾ ਦੇ ਕਾਮਿਆਂ ਦੀ ਹੜਤਾਲ ਨਾਲ 620 ਤੋਂ ਵੱਧ ਉਡਾਣਾਂ ਰੱਦ

**ਮਾਂਟ੍ਰੀਅਲ** : ਏਅਰ ਕੈਨੇਡਾ ਦੇ ਹਜ਼ਾਰਾਂ ਕੈਬਿਨ ਕਰੂ ਮੈਂਬਰ ਇਕਰਾਰਨਾਮੇ ਦੀ ਗੱਲਬਾਤ ਅਸਫਲ ਹੋਣ ਕਾਰਨ ਸ਼ਨਿੱਚਰਵਾਰ ਸਵੇਰੇ ਹੜਤਾਲ 'ਤੇ ਚਲੇ ਗਏ। ਏਅਰਲਾਈਨ ਨੂੰ ਸੈਂਕੜੇ ਉਡਾਣਾਂ ਰੱਦ ਕਰਨੀਆਂ ਪਈਆਂ ਅਤੇ ਇੱਕ ਲੱਖ ਤੋਂ ਵੱਧ ਯਾਤਰੀਆਂ ਦੀਆਂ ਯਾਤਰਾ ਯੋਜਨਾਵਾਂ 'ਚ ਵਿਘਨ ਪਿਆ। 1985 ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਏਅਰ ਕੈਨੇਡਾ ਦੇ ਫਲਾਈਟ ਅਟੈਂਡੈਂਟ ਹੜਤਾਲ 'ਤੇ ਗਏ ਹਨ ਯੂਨੀਅਨ ਦੇ ਅਨੁਸਾਰ, 10,000 ਤੋਂ ਵੱਧ ਏਅਰ ਕੈਨੇਡਾ ਫਲਾਈਟ ਅਟੈਂਡੈਂਟ ਹੜਤਾਲ 'ਤੇ ਹਨ। ਉਨ੍ਹਾਂ ਦੀ ਮੁੱਖ ਮੰਗ ਇਹ ਹੈ ਕਿ ਉਨ੍ਹਾਂ ਨੂੰ ਨਾ ਸਿਰਫ ਉਡਾਣ ਦੌਰਾਨ ਕੀਤੇ ਗਏ ਕੰਮ ਲਈ, ਸਗੋਂ ਉਡਾਣਾਂ ਦੌਰਾਨ ਬੋਰਡਿੰਗ ਦੇ ਕੰਮ ਅਤੇ ਯਾਤਰੀਆਂ ਨੂੰ ਸਵਾਰ ਹੋਣ 'ਚ ਮਦਦ ਕਰਨ ਲਈ ਵੀ ਭੁਗਤਾਨ ਕੀਤਾ ਜਾਵੇ।

ਏਅਰ ਕੈਨੇਡਾ ਨੇ ਗੱਲਬਾਤ 'ਚ ਅੰਸ਼ਕ ਭੁਗਤਾਨ ਦੀ ਪੇਸ਼ਕਸ਼ ਕੀਤੀ ਸੀ, ਪਰ ਯੂਨੀਅਨ ਨੇ ਇਸ ਨੂੰ ਨਾਕਾਫੀ ਦੱਸਿਆ। ਕੈਨੇਡਾ ਦੀ ਸਭ ਤੋਂ ਵੱਡੀ ਏਅਰਲਾਈਨ ਪਹਿਲਾਂ ਹੀ 620 ਤੋਂ ਵੱਧ ਉਡਾਣਾਂ ਰੱਦ ਕਰ ਚੁੱਕੀ ਹੈ, ਜਿਸ ਕਾਰਨ ਦੁਨੀਆ ਭਰ ਦੇ ਯਾਤਰੀ ਫਸ ਗਏ ਹਨ।

## ਐੱਲ ਡੀ ਆਰ ਕਾਨਵੈਂਟ ਸਕੂਲ 'ਚ ਤੀਆਂ ਦੀ ਧੂਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਐੱਲ ਡੀ ਆਰ ਕੌਨਵੈਂਟ ਸਕੂਲ ਵਿੱਚ ਤੀਆਂ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ।ਇਸ 'ਚ ਵਿਦਿਆਰਥਣਾਂ ਨੇ ਆਪਣੇ ਸੱਭਿਆਚਾਰ ਅਨੁਸਾਰ ਪੰਜਾਬੀ ਗੀਤ, ਲੋਕ ਗੀਤ, ਲੰਮੀ ਹੇਕ ਵਾਲੇ ਗੀਤ, ਗਿੱਧਾ ਤੇ ਭੰਗੜਾ ਨਾਚ ਪੇਸ਼ ਕਰਕੇ ਹਰ ਇੱਕ ਦਰਸ਼ਕ ਦਾ ਮਨ ਮੋਹਿਆ।ਸਕੂਲ ਪ੍ਰਿੰਸੀਪਲ ਮੈਡਮ ਗੁੰਜਨ ਤੇ ਚੇਅਰਮੈਨ ਅਜੇ ਅਰੋੜਾ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਇਸ ਪ੍ਰੋਗਰਾਮ ਵਿੱਚ ਖੂਬ ਰੰਗ ਬੰਨਿਆ।ਬੱਚਿਆਂ ਦੀਆਂ ਮਾਵਾਂ ਤੇ ਭੈਣਾਂ ਨੇ ਵੀ ਇਸ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ।ਮੈਡਮ ਗੁੰਜਨ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਸਾਨੂੰ ਇਸ ਤਿਉਹਾਰ ਬਾਰੇ ਜਾਣੂ ਕਰਵਾਇਆ ਤੇ ਦੱਸਿਆ ਕਿ ਸਾਡਾ ਸੱਭਿਆਚਾਰ ਇੱਕ ਅਮੀਰ ਸੱਭਿਆਚਾਰ ਹੈ ਅਤੇ ਸਾਨੂੰ ਆਪਣੇ ਇਸ ਸੱਭਿਆਚਾਰ ਨੂੰ ਸਾਂਭ ਕੇ ਰੱਖਣਾ ਚਾਹੀਦਾ ਹੈ।

## ਡੀ ਏ ਵੀ ਸਕੂਲ 'ਚ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਜਨਮ ਅਸ਼ਟਮੀ ਦਾ ਤਿਉਹਾਰ



**ਰਾਜਪੁਰਾ (ਰਮੇਸ਼ ਕਟਾਰੀਆ)**-ਡੀ ਏ ਵੀ ਸਕੂਲ ਵਿੱਚ ਜਨਮ ਅਸ਼ਟਮੀ ਦਾ ਤਿਉਹਾਰ ਬਹੁਤ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਦੇ ਅਧਿਆਪਕਾਂ ਨੇ ਬੱਚਿਆਂ ਨੂੰ ਭਗਵਾਨ ਕ੍ਰਿਸ਼ਨ ਤੇ ਰਾਧਾ ਦੇ ਜੀਵਨ ਨਾਲ ਜੁੜੀਆਂ ਦਿਲਚਸਪ ਤੇ ਪ੍ਰੇਰਨਾਦਾਇਕ ਕਹਾਣੀਆਂ ਸੁਣਾਈਆਂ, ਜਿਨ੍ਹਾਂ ਨੂੰ ਬੱਚਿਆਂ ਨੇ ਬਹੁਤ ਧਿਆਨ ਨਾਲ ਸੁਣਿਆ।ਪ੍ਰੋਗਰਾਮ ਵਿੱਚ ਲੱਡੂ ਗੋਪਾਲ ਦੇ ਮਨਮੋਹਕ ਦਰਬਾਰ ਨੂੰ ਬਹੁਤ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ।ਇਸ ਦੇ ਨਾਲ ਹੀ ਫਲਾਂ, ਮਿੱਠੀ ਮਿਠਾਈ, ਮੱਖਣ ਤੇ ਲੱਸੀ ਦਾ ਪ੍ਰਸ਼ਾਦ ਤਿਆਰ ਕੀਤਾ ਗਿਆ ਸੀ।ਇਸ ਵਿੱਚ ਬੱਚਿਆਂ ਵੱਲੋਂ ਭਗਵਾਨ ਕ੍ਰਿਸ਼ਨ ਦੇ ਜੀਵਨ ਨਾਲ ਜੁੜੀਆਂ ਸੁੰਦਰ ਝਾਕੀਆਂ ਪੇਸ਼ ਕੀਤੀਆਂ ਗਈਆਂ।ਪ੍ਰੋਗਰਾਮ ਦੌਰਾਨ ਛੋਟੇ ਬੱਚੇ ਸ੍ਰੀ ਕ੍ਰਿਸ਼ਨ ਦੇ ਪਹਿਰਾਵੇ ਵਿੱਚ ਤੇ ਕੁੜੀਆਂ ਰਾਧਾ ਦੇ ਪਹਿਰਾਵੇ ਵਿੱਚ ਦਿਖਾਈ ਦਿੱਤੀਆਂ।ਪੀਲੇ ਕੱਪੜੇ, ਮੋਰ ਦੇ ਖੰਭ, ਬੰਸਰੀ ਤੇ ਤਾਜ ਨਾਲ ਸਜੇ ਇਹ ਛੋਟੇ ਕ੍ਰਿਸ਼ਨ ਤੇ ਰਾਧਾ ਸਭ ਦਾ ਧਿਆਨ ਆਪਣੇ ਵੱਲ ਖਿੱਚ ਰਹੇ ਸਨ।ਬੱਚਿਆਂ ਨੇ ਭਗਤੀ ਗੀਤ ਗਾਏ ਤੇ ਨਾਚ ਪੇਸ਼ ਕੀਤੇ, ਜਿਸ ਨਾਲ ਮਾਹੌਲ ਖੁਸ਼ੀ ਤੇ ਸ਼ਰਧਾ ਨਾਲ ਭਰ ਗਿਆ।ਇਸ ਮੌਕੇ ਬੋਲਦਿਆਂ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਅਲਪਨਾ ਪਾਠਕ ਨੇ ਕਿਹਾ ਕਿ ਜਨਮ ਅਸ਼ਟਮੀ ਵਰਗੇ ਸੱਭਿਆਚਾਰਕ ਤਿਉਹਾਰ ਨਾ ਸਿਰਫ਼ ਬੱਚਿਆਂ ਨੂੰ ਭਾਰਤੀ ਪ੍ਰੰਪਰਾਵਾਂ ਤੇ ਕਦਰਾਂ-ਕੀਮਤਾਂ ਨਾਲ ਜੋੜਦੇ ਹਨ, ਸਗੋਂ ਉਨ੍ਹਾਂ ਵਿੱਚ ਅਨੁਸ਼ਾਸਨ, ਨੈਤਿਕਤਾ ਤੇ ਸਮਾਜਿਕ ਸਦਭਾਵਨਾ ਵੀ ਪੈਦਾ ਕਰਦੇ ਹਨ।ਅਜਿਹੇ ਮੌਕੇ ਬੱਚਿਆਂ ਨੂੰ ਆਪਣੀ ਪ੍ਰਤਿਭਾ ਤੇ ਸਿਰਜਣਾਤਮਕਤਾ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਦਿੰਦੇ ਹਨ ਅਤੇ ਉਨ੍ਹਾਂ ਨੂੰ ਇਹ ਵੀ ਸਿਖਾਉਂਦੇ ਹਨ ਕਿ ਪ੍ਰੰਪਰਾਵਾਂ ਸਾਨੂੰ ਕਿਵੇਂ ਇਕੱਠੇ ਰੱਖਦੀਆਂ ਹਨ।ਸਾਨੂੰ ਮਾਣ ਹੈ ਕਿ ਸਾਡੇ ਛੋਟੇ ਵਿਦਿਆਰਥੀ ਇਸ ਸ਼ੁਭ ਮੌਕੇ ਵਿੱਚ ਇੰਨੀ ਮਾਸੂਮੀਅਤ, ਜਨੂੰਨ ਤੇ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ।ਇਹ ਸਿਰਫ਼ ਇੱਕ ਤਿਉਹਾਰ ਨਹੀਂ ਹੈ, ਸਗੋਂ ਸਿੱਖਿਆ ਤੇ ਸੱਭਿਆਚਾਰ ਦਾ ਇੱਕ ਮਾਧਿਅਮ ਹੈ।

## ਦਸਮੇਸ਼ ਗਲੋਰੀਅਸ ਪਬਲਿਕ ਸਕੂਲ 'ਚ ਜਨਮ ਅਸ਼ਟਮੀ ਮਨਾਈ

**ਕੋਟਕਪੂਰਾ (ਰਛਪਾਲ ਭੁੱਲਰ)**-ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਹਰੀ ਨੌਂ 'ਚ ਜਨਮ ਅਸ਼ਟਮੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਗਿਆ।ਇਸ ਦਿਨ ਦੀ ਸ਼ੁਰੂਆਤ ਸਕੂਲ ਦੇ ਨਰਸਰੀ, ਐੱਲ.ਕੇ.ਜੀ ਤੇ ਯੂ.ਕੇ.ਜੀ ਵਿਦਿਆਰਥੀ ਨੇ ਸ਼੍ਰੀ ਕ੍ਰਿਸ਼ਨਾ ਤੇ ਰਾਧਾ ਦੀ ਪੁਸ਼ਾਕ ਵਿੱਚ ਆ ਕੇ ਕੀਤੀ।ਸ੍ਰੀਮਤੀ ਸੁਖਪਾਲ ਕੌਰ ਨੇ ਸਮਾਗਮ ਦੀ ਸ਼ੁਰੂਆਤ ਜਨਮ ਅਸ਼ਟਮੀ ਦੇ ਤਿਉਹਾਰ ਤੇ ਕ੍ਰਿਸ਼ਨਾ ਜੀ ਦੇ ਜਨਮ ਦੇ ਇਤਿਹਾਸ ਤੇ ਉਨ੍ਹਾਂ ਦੇ ਜੀਵਨ ਉਦੇਸ਼ ਬਾਰੇ ਦੱਸਿਆ।ਸਮਾਗਮ ਵਿੱਚ ਬੱਚਿਆਂ ਨੇ ਬਹੁਤ ਸਾਰੀ ਆਇਟਮਾਂ ਪੇਸ਼ ਕੀਤੀਆਂ।ਨਰਸਰੀ ਜਮਾਤ ਦੇ ਵਿਦਿਆਰਥੀਆਂ ਨੇ ਇੱਕ ਖੂਬਸੂਰਤ ਡਾਂਸ ਪੇਸ਼ ਕੀਤਾ।ਐੱਲ ਕੇ ਜੀ ਤੇ ਯੂ.ਕੇ.ਜੀ. ਦੇ ਵਿਦਿਆਰਥੀਆਂ ਨੇ ਰਲ ਕੇ ਡਾਂਸ ਦੀ ਧਮਕ ਛੱਡੀ।ਚੌਥੀ ਜਮਾਤ ਦੇ ਵਿਦਿਆਰਥੀ ਆਰਵਜੀਤ ਤੇ ਅਭੀਜੋਤ ਨੇ ਸ਼੍ਰੀ ਕਿਸ਼ਨ ਜੀ ਦੇ ਜੀਵਨ 'ਤੇ ਇੱਕ ਸਪੀਚ ਦਿੱਤੀ।ਛੇਵੀਂ ਦੀਆਂ ਵਿਦਿਆਰਥਣਾਂ ਨੇ ਵੀ ਸ਼੍ਰੀ ਕ੍ਰਿਸ਼ਨ ਜੀ ਦੇ ਜਨਮ ਤੇ ਕਵਿਤਾਵਾਂ ਪੇਸ਼ ਕੀਤੀ।ਪਹਿਲੀ ਤੋਂ ਪੰਜਵੀਂ ਜਮਾਤ ਦੀਆ ਵਿਦਿਆਰਥਣਾਂ ਨੇ ਰਲ ਕੇ ਇਕ ਡਾਂਸ ਪੇਸ਼ ਕੀਤਾ।ਸਕੂਲ ਦੇ ਐਮ.ਡੀ ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰੁਬੀਨਾ ਧੀਰ ਨੇ ਜਨਮ ਅਸ਼ਟਮੀ ਦੇ ਤਿਉਹਾਰ ਦੇ ਬਾਰੇ ਦੱਸਿਆ ਤੇ ਸਭ ਨੂੰ ਜਨਮ ਅਸ਼ਟਮੀ ਦੇ ਤਿਉਹਾਰ ਦੀ ਵਧਾਈ ਦਿੱਤੀ।

## ਖੋ-ਖੋ ਟੂਰਨਾਮੈਂਟ 'ਚ ਪੈਰਾਡਾਇਜ਼ ਸਕੂਲ ਦੇ ਵਿਦਿਆਰਥੀ ਮੋਹਰੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਡੀਡੀਆਰ ਡੀਏਵੀ ਪਬਲਿਕ ਸਕੂਲ, ਲਹਿਰਾਗਾਗਾ ਵੱਲੋਂ ਆਯੋਜਿਤ ਸੀਬੀਐਸਈ ਕਲਸਟਰ ਖੋ-ਖੋ ਟੂਰਨਾਮੈਂਟ ਵਿੱਚ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਘੱਗਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਟੂਰਨਾਮੈਂਟ ਦੌਰਾਨ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਇੱਕ ਚਾਂਦੀ ਤੇ ਤਿੰਨ ਕਾਂਸੇ ਦੇ ਤਮਗੇ ਹਾਸਲ ਕੀਤੇ।ਟੂਰਨਾਮੈਂਟ ਵਿੱਚ ਪੰਜਾਬ ਦੇ ਜ਼ਿਲ੍ਹਾ ਪਟਿਆਲਾ, ਸੰਗਰੂਰ, ਮਾਨਸਾ, ਬਠਿੰਡਾ, ਬਰਨਾਲਾ, ਰੂਪਨਗਰ, ਮੁਹਾਲੀ, ਸ੍ਰੀ ਮੁਕਤਸਰ ਸਾਹਿਬ ਤੇ ਚੰਡੀਗੜ੍ਹ ਦੇ ਸੀਬੀਐਸਈ ਨਾਲ ਸੰਬੰਧਿਤ ਸਕੂਲਾਂ ਦੇ ਖਿਡਾਰੀਆਂ ਨੇ ਭਾਗ ਲਿਆ। ਟੂਰਨਾਮੈਂਟ ਵਿੱਚ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਦੀਆਂ ਅੰਡਰ 19 ਟੀਮ ਦੀਆਂ ਵਿਦਿਆਰਥਣਾਂ ਨੇ ਚਾਂਦੀ ਦੇ ਤਮਗੇ ਹਾਸਲ ਕੀਤੇ।ਮੁੰਡਿਆਂ ਦੀਆਂ ਅੰਡਰ 14, ਅੰਡਰ 17 ਤੇ ਅੰਡਰ 19 ਟੀਮਾਂ ਵੱਲੋਂ ਤੀਜਾ ਸਥਾਨ ਹਾਸਲ ਕਰਦੇ ਹੋਏ ਕਾਂਸੀ ਦੇ ਤਮਗੇ ਆਪਣੇ ਨਾਂਅ ਕੀਤੇ।ਜੇਤੂ ਟੀਮਾਂ ਨੂੰ ਟਰਾਫ਼ੀ, ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਸਕੂਲ ਚੇਅਰਮੈਨ ਡਾ ਅੰਮ੍ਰਿਤਪਾਲ ਸਿੰਘ ਕਾਲੇਕਾ ਅਤੇ ਪ੍ਰਿੰਸੀਪਲ ਡਾ ਪਰਮਿੰਦਰ ਕੌਰ ਨੇ ਜਿੱਤ ਦਾ ਸਿਹਰਾ ਕੋਚ ਅਭਿਨਵ ਸ਼ਰਮਾ ਦੀ ਅਣਥੱਕ ਮਿਹਨਤ ਨੂੰ ਦਿੱਤਾ। ਉਹਨਾਂ ਨੇ ਵਿਦਿਆਰਥੀਆਂ ਅਤੇ ਕੋਚ ਨੂੰ ਵਧਾਈ ਦਿੱਤੀ ਅਤੇ ਸਰੀਰਕ ਅਤੇ ਬੌਧਿਕ ਸਿੱਖਿਆ ਲਈ ਖੇਡਾਂ ਦੇ ਮਹੱਤਵ ਨੂੰ ਵੀ ਦਰਸਾਇਆ।ਪ੍ਰਿੰਸੀਪਲ ਡਾਕਟਰ ਪਰਮਿੰਦਰ ਕੌਰ ਨੇ ਦੱਸਿਆ ਕਿ ਅੰਡਰ 19 ਟੀਮ ਦੀਆਂ ਵਿਦਿਆਰਥਣਾਂ ਦੀ ਚੋਣ ਸਤੰਬਰ ਵਿੱਚ ਹੋਣ ਵਾਲੀਆਂ ਨੈਸ਼ਨਲ ਖੇਡਾਂ ਲਈ ਵੀ ਹੋ ਗਈ ਹੈ।

## ਓਰੀਐਂਟ ਇੰਟਰਨੈਸ਼ਨਲ ਸਕੂਲ ਤੇ ਸਪੋਰਟਸ ਅਕੈਡਮੀ ਨੇ ਜ਼ੋਨਲ ਖੇਡ ਮੁਕਾਬਲਿਆਂ 'ਚ ਮੱਲਾਂ ਮਾਰੀਆਂ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਕੀ ਸ਼ਰਮਾ)**-ਓਰੀਐਂਟ ਇੰਟਰਨੈਸ਼ਨਲ ਸਕੂਲ ਅਤੇ ਸਪੋਰਟਸ ਅਕੈਡਮੀ ਨੇ ਹਾਲ ਹੀ ਵਿੱਚ ਸਮਾਪਤ ਹੋਏ ਜ਼ੋਨਲ ਖੇਡ ਮੁਕਾਬਲਿਆਂ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਇੱਕ ਵਾਰ ਫਿਰ ਸ਼ਹਿਰ ਦਾ ਨਾਂਅ ਰੌਸ਼ਨ ਕੀਤਾ ਹੈ, ਕਈ ਵੱਖ - ਵੱਖ ਖੇਡਾਂ ਵਿੱਚ ਉੱਚ ਸਥਾਨ ਪ੍ਰਾਪਤ ਕੀਤੇ ਹਨ। ਖਿਡਾਰੀਆਂ ਨੇ ਆਪਣੀ ਸਮਰਪਣ ਭਾਵਨਾ, ਅਨੁਸ਼ਾਸਨ ਅਤੇ ਬੇਮਿਸਾਲ ਖੇਡ ਭਾਵਨਾ ਦਾ ਪ੍ਰਦਰਸ਼ਨ ਕੀਤਾ। ਵੱਖ-ਵੱਖ ਈਵੈਂਟਾਂ ਵਿੱਚ ਟਰਾਫੀਆਂ ਤੇ ਤਗਮੇ ਜਿੱਤੇ। ਕਰਾਟੇ (ਅੰਡਰ-14, 17, 19 ਮੁੰਡੇ) 4 ਸੋਨੇ ਦੇ ਤਗਮੇ (ਪਹਿਲਾ ਸਥਾਨ), ਕ੍ਰਿਕਟ (ਅੰਡਰ-19) ਚਾਂਦੀ ਦਾ ਤਗਮਾ (ਦੂਜਾ ਸਥਾਨ), ਕਰਾਟੇ (ਅੰਡਰ-14, 17, 19 ਕੁੜੀਆਂ) 4 ਸੋਨੇ ਦੇ ਤਗਮੇ, 2 ਚਾਂਦੀ ਦੇ ਤਗਮੇ, 1 ਕਾਂਸੀ ਦਾ ਤਗਮਾ, ਸ਼ਤਰੰਜ (ਅੰਡਰ-14 ਕੁੜੀਆਂ) ਚਾਂਦੀ ਦਾ ਤਗਮਾ (ਦੂਜਾ ਸਥਾਨ), ਹੈਂਡਬਾਲ (ਅੰਡਰ-17 ਮੁੰਡੇ) ਕਾਂਸੀ ਦਾ ਤਗਮਾ (ਤੀਜਾ ਸਥਾਨ), ਹੈਂਡਬਾਲ (ਅੰਡਰ-19 ਕੁੜੀਆਂ) ਚਾਂਦੀ ਦਾ ਤਗਮਾ (ਦੂਜਾ ਸਥਾਨ), ਕਰਾਟੇ (ਅੰਡਰ-14, 17, 19 ਮੁੰਡੇ) 5 ਸੋਨੇ ਦੇ ਤਗਮੇ ਅਤੇ 3 ਚਾਂਦੀ ਦੇ ਤਗਮੇ, ਕਬੱਡੀ ਸਰਕਲ ਸਟਾਈਲ (ਅੰਡਰ-19) ਚਾਂਦੀ ਦਾ ਤਗਮਾ (ਦੂਜਾ ਸਥਾਨ), ਟੇਬਲ ਟੈਨਿਸ (ਅੰਡਰ-14 ਕੁੜੀਆਂ) ਸੋਨੇ ਦਾ ਤਗਮਾ (ਪਹਿਲਾ ਸਥਾਨ), ਕੁਸ਼ਤੀ ਫ੍ਰੀਸਟਾਈਲ (ਅੰਡਰ-14 ਅਤੇ 17 ਮੁੰਡੇ) 3 ਸੋਨੇ ਦੇ ਤਗਮੇ, ਬਾਸਕਟਬਾਲ (ਅੰਡਰ-19 ਕੁੜੀਆਂ) ਕਾਂਸੀ ਦਾ ਤਗਮਾ (ਤੀਜਾ ਸਥਾਨ), ਕੁਸ਼ਤੀ ਫ੍ਰੀਸਟਾਈਲ (ਅੰਡਰ-19 ਮੁੰਡੇ) 2 ਸੋਨੇ ਦੇ ਤਗਮੇ। ਪ੍ਰਿੰਸੀਪਲ ਰਜਤ ਸ਼ਰਮਾ ਨੇ ਉਭਰਦੇ ਚੈਂਪੀਅਨਾਂ ਨੂੰ ਪ੍ਰੇਰਿਤ ਕੀਤਾ। ਸਕੂਲ ਦੇ ਖੇਡ ਵਿਭਾਗ ਨੇ ਨੌਜਵਾਨ ਪ੍ਰਤਿਭਾਵਾਂ ਨੂੰ ਨਿਖਾਰਨ ਤੇ ਮਾਰਗਦਰਸ਼ਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।ਰਮਨਜੀਤ ਕੌਰ, ਜਸਮੀਨ ਕੌਰ, ਹਰਿੰਦਰਜੀਤ ਸਿੰਘ, ਗੁਰਪਾਲ ਸਿੰਘ ਤੇ ਰਾਜਵੀਰ ਕੌਰ ਦੀ ਕੋਚਿੰਗ ਦੀ ਉਚੇਚੇ ਤੌਰ 'ਤੇ ਪ੍ਰਸ਼ੰਸਾ ਕੀਤੀ।

## ਆਜ਼ਾਦੀ ਦਿਵਸ ਮੌਕੇ ਐੱਸ ਡੀ ਐੱਮ ਨੇ ਲਹਿਰਾਇਆ ਤਿਰੰਗਾ





**ਜਲਾਲਾਬਾਦ (ਜੀਤ ਕੁਮਾਰ)**-ਆਜ਼ਾਦੀ ਦਿਵਸ ਸਮਾਗਮ ਜਲਾਲਾਬਾਦ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਬਹੁ-ਮੰਤਵੀ ਖੇਡ ਸਟੇਡੀਅਮ ਵਿਖੇ ਆਜ਼ਾਦੀ ਦਿਵਸ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਦੀ ਰਸਮ ਸ੍ਰੀ ਕੰਵਰਜੀਤ ਸਿੰਘ ਮਾਨ ਐੱਸ.ਡੀ.ਐੱਮ. ਜਲਾਲਾਬਾਦ ਨੇ ਅਦਾ ਕੀਤੀ। ਇਸ ਉਪਰੰਤ ਐੱਨ.ਸੀ.ਸੀ. ਕੈਡਿਟਸ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ। ਇਸ ਸਮਾਗਮ ਵਿੱਚ ਮਾਰਕਿਟ ਕਮੇਟੀ ਜਲਾਲਾਬਾਦ ਦੇ ਚੇਅਰਮੈਨ ਦੇਵ ਰਾਜ ਸ਼ਰਮਾ ਤੋਂ ਇਲਾਵਾ ਵੱਖ ਵੱਖ ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ ਤੇ ਬੱਚਿਆਂ ਨੇ ਸ਼ਿਰਕਤ ਕੀਤੀ। ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਮੁੱਖ ਮਹਿਮਾਨ ਐੱਸ.ਡੀ.ਐੱਮ. ਜਲਾਲਾਬਾਦ ਸ੍ਰੀ ਕੰਵਰਜੀਤ ਸਿੰਘ ਮਾਨ ਨੇ ਆਪਣੇ ਸੰਦੇਸ਼ 'ਚ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਚੱਲੀਆਂ ਵੱਖ-ਵੱਖ ਲਹਿਰਾਂ ਤੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ, ਸਰਦਾਰ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਮਦਨ ਲਾਲ ਢੀਂਗਰਾ, ਲਾਲਾ ਲਾਜਪਤ ਰਾਏ, ਦੀਵਾਨ ਸਿੰਘ ਕਾਲੇਪਾਣੀ ਤੇ ਹੋਰ ਆਜ਼ਾਦੀ ਘੁਲਾਟੀਆਂ ਵੱਲੋਂ ਸਮੇਂ-ਸਮੇਂ 'ਤੇ ਆਰੰਭੇ ਗਏ ਸੰਘਰਸ਼ਾਂ ਕਾਰਨ ਹੀ ਅੱਜ ਅਸੀਂ ਆਜ਼ਾਦ ਮੁਲਕ ਦੇ ਵਾਸੀ ਹਾਂ। ਇਸ ਪਵਿੱਤਰ ਦਿਹਾੜੇ 'ਤੇ ਜਿੱਥੇ ਮੈਂ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲੇ ਮਹਾਨ ਸ਼ਹੀਦਾਂ ਨੂੰ ਨਮਨ ਕਰਦਾ ਹਾਂ ਤੇ ਅੱਜ ਦਾ ਦਿਨ ਜਿੱਥੇ ਜਸ਼ਨ ਮਨਾਉਣ ਦਾ ਹੈ, ਉਥੇ ਹੀ ਇਹ ਦਿਨ ਸਾਨੂੰ ਆਤਮ ਮੰਥਨ ਕਰਨ ਲਈ ਵੀ ਪ੍ਰੇਰਿਤ ਕਰਦਾ ਹੈ। ਇਸ ਮੌਕੇ ਆਜ਼ਾਦੀ ਦਿਵਸ ਸਮਾਗਮ ਦੌਰਾਨ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ 'ਤੇ ਆਧਾਰਤ ਖ਼ੂਬਸੂਰਤ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ ਪਰੇਡ, ਸੱਭਿਆਚਾਰਕ ਟੀਮਾਂ ਤੇ ਵੱਖ-ਵੱਖ ਖੇਤਰਾਂ ਵਿੱਚ ਉਪਲੱਬਧੀਆਂ ਹਾਸਲ ਕਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਮੁੱਖ ਮਹਿਮਾਨ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਸਮਾਗਮ ਦੇ ਮੁੱਖ ਮਹਿਮਾਨ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਮੌਕੇ ਐੱਸ.ਡੀ.ਐੱਮ. ਦਫਤਰ ਵੱਲੋਂ ਬੱਚਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।

**ਬੁਢਲਾਡਾ (ਅਸ਼ੋਕ ਲਾਕੜਾ)**-79ਵਾਂ ਆਜ਼ਾਦੀ ਦਿਹਾੜਾ ਬੁਢਲਾਡਾ ਦੇ ਸ੍ਰੀ ਗੁਰੂ ਤੇਗ ਬਹਾਦਰ ਸਟੇਡੀਅਮ ਵਿਖੇ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਮਾਨਯੋਗ ਐੱਸ ਡੀ ਐੱਮ ਬੁਢਲਾਡਾ ਗਗਨਦੀਪ ਸਿੰਘ ਨੇ ਤਿਰੰਗਾ ਝੰਡਾ ਲਹਿਰਾਇਆ ਤੇ ਪਰੇਡ ਤੋਂ ਸਲਾਮੀ ਲਈ।ਇਸ ਦੌਰਾਨ ਸ਼ਹੀਦ ਹੋਏ ਸੁਤੰਤਰਤਾ ਸੰਗਰਾਮੀਆਂ ਦੇ ਪਰਵਾਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਛੋਟੇ ਬੱਚਿਆਂ ਵੱਲੋਂ ਕੋਰੀਓਗ੍ਰਾਫੀ ਤੇ ਸਕੂਲੀ ਵਿਦਿਆਰਥੀਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ, ਡੀਐੱਸਪੀ ਬੁਢਲਾਡਾ ਸਿਕੰਦਰ ਸਿੰਘ ਚੀਮਾ, ਜੱਜ ਸਾਹਿਬਾਨ, ਤਹਿਸੀਲਦਾਰ ਬੁਢਲਾਡਾ ਮਨਵੀਰ ਸਿੰਘ ਢਿੱਲੋਂ, ਨਾਇਬ ਤਹਿਸੀਲਦਾਰ ਹਿਰਦੇਪਾਲ ਸਿੰਘ, ਜੰਗਲਾਤ ਅਫ਼ਸਰ ਹਰਦਿਆਲ ਸਿੰਘ, ਮਾਰਕੀਟ ਕਮੇਟੀ ਦੇ ਚੇਅਰਮੈਨ ਸਤੀਸ਼ ਕੁਮਾਰ ਸਿੰਗਲਾ, ਚੇਅਰਮੈਨ ਸੋਹਣਾ ਸਿੰਘ ਕਲੀਪੁਰ, ਨਗਰ ਕੌਂਸ਼ਲ ਦੇ ਈਓ ਸਿਕੰਦਰ ਸਿੰਘ, ਐੱਸ ਐੱਚ ਓ ਥਾਣਾ ਸਿਟੀ ਭੁਪਿੰਦਰਜੀਤ ਸਿੰਘ, ਥਾਣੇਦਾਰ ਦਰਸ਼ਨ ਸਿੰਘ ਨੇ ਸ਼ਿਰਕਤ ਕੀਤੀ।ਆਜ਼ਾਦੀ ਦਿਹਾੜੇ ਮੌਕੇ ਐਸਡੀਐਮ ਬੁਢਲਾਡਾ ਗਗਨਦੀਪ ਸਿੰਘ ਵੱਲੋਂ ਵੱਖ-ਵੱਖ ਸੰਸਥਾਵਾਂ ਦੇ ਅਹੁਦੇਦਾਰਾਂ ਤੇ ਪਤਵੰਤੇ ਸੱਜਣਾਂ ਨੂੰ ਵੀ ਸਨਮਾਨਤ ਕੀਤਾ ਗਿਆ।

## ਆਜ਼ਾਦੀ ਦਿਹਾੜੇ 'ਤੇ ਜਗਦੀਸ਼ ਸ਼ਰਮਾ ਸਨਮਾਨਤ



**ਧੂਰੀ (ਮਨੋਹਰ ਸਿੰਘ ਸੱਗੂ)**-ਜ਼ਿਲ੍ਹਾ ਪੱਧਰ 'ਤੇ ਸੰਗਰੂਰ ਵਿਖੇ ਮਨਾਏ ਗਏ ਆਜ਼ਾਦੀ ਦਿਹਾੜੇ ਮੌਕੇ ਸਾਥੀ ਜਗਦੀਸ਼ ਸ਼ਰਮਾ ਧੂਰੀ ਨੂੰ ਸਨਮਾਨਤ ਕੀਤਾ ਗਿਆ।ਦੇਸ਼ ਦੇ ਆਜ਼ਾਦੀ ਦਿਹਾੜੇ 'ਤੇ ਸੰਗਰੂਰ ਵਿਖੇ ਹੋਏ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਵੱਲੋਂ ਵਿਧਾਇਕਾ ਨਰਿੰਦਰ ਕੌਰ ਭਰਾਜ, ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਸਰਤਾਜ ਸਿੰਘ ਚਹਿਲ ਤੇ ਵਧੀਕ ਡਿਪਟੀ ਕਮਿਸ਼ਨਰ ਅਮਿਤ ਬੈਂਬੀ ਦੀ ਮੌਜੂਦਗੀ 'ਚ ਜ਼ਿਲ੍ਹਾ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਸਰਪ੍ਰਸਤ ਤੇ ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ (ਨਗਰ ਕੌਂਸਲ ਪਾਰਕ) ਧੂਰੀ ਦੇ ਪ੍ਰਧਾਨ ਸਾਥੀ ਜਗਦੀਸ਼ ਸ਼ਰਮਾ ਨੂੰ ਉਨ੍ਹਾਂ ਵੱਲੋਂ ਸਮਾਜ ਸੇਵਾ ਦੇ ਖੇਤਰ 'ਚ ਨਿਭਾਈਆਂ ਜਾ ਰਹੀਆਂ ਨਿਰਸਵਾਰਥ ਸੇਵਾਵਾਂ ਬਦਲੇ ਯਾਦਗਾਰੀ ਚਿੰਨ੍ਹ ਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ।

## ਸਪਰਿੰਗ ਫੀਲਡ ਕਾਨਵੈਂਟ 'ਚ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿਖੇ ਜਨਮ ਅਸ਼ਟਮੀ ਦਾ ਤਿਉਹਾਰ ਅਧਿਆਪਕਾਂ ਤੇ ਬੱਚਿਆਂ ਨੇ ਬਹੁਤ ਉਤਸ਼ਾਹ ਨਾਲ ਮਨਾਇਆ, ਬੱਚਿਆਂ ਨੇ ਸਟੇਜ ਉੱਪਰ ਸ਼ਬਦ ਗਾਇਨ ਕੀਤਾ ਅਤੇ ਸ੍ਰੀ ਕ੍ਰਿਸ਼ਨ ਤੇ ਰਾਧਾ ਜੀ ਦੇ ਪਹਿਰਾਵੇ ਪਾ ਕੇ ਗੀਤ ਸੰਗੀਤ ਦਾ ਪ੍ਰੋਗਰਾਮ ਪੇਸ਼ ਕੀਤਾ, ਜੋ ਬਹੁਤ ਹੀ ਸੁੰਦਰ ਸੀ ਤੇ ਇਸ ਮੌਕੇ ਬਹੁਤ ਸੁੰਦਰ ਝਾਕੀਆਂ ਮੈਡਮ ਸਿਮਰਜੀਤ ਭੱਲਾ ਦੇ ਸਹਿਯੋਗ ਨਾਲ ਬੱਚਿਆਂ ਨੇ ਤਿਆਰ ਕੀਤੀਆਂ, ਬਹੁਤ ਸੁੰਦਰ ਕ੍ਰਿਸ਼ਨ ਝੂਲਾ ਤੇ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦੇ ਜੀਵਨ ਬਾਰੇ ਕਲਾ ਕ੍ਰਿਤਾਂ ਸਜਾਈਆਂ ਗਈਆਂ।ਸਕੂਲ ਚੇਅਰਮੈਨ ਨਰ ਸਿੰਘ ਬਰਾੜ ਨੇ ਇਸ ਮੌਕੇ ਜਨਮ ਅਸ਼ਟਮੀ ਦੀ ਸਭ ਨੂੰ ਵਧਾਈ ਦਿੱਤੀ ਤੇ ਦੱਸਿਆ ਕਿ ਇਸ ਤਿਉਹਾਰ ਨੂੰ ਭਾਰਤ ਵਾਸੀ ਤੇ ਵਿਦੇਸ਼ਾਂ ਵਿੱਚ ਵੀ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ।ਇਸ ਦਿਨ ਮਥੁਰਾ ਤੇ ਵਰਿੰਦਾਵਨ ਵਿੱਚ ਬਹੁਤ ਹੀ ਸਜਾਵਟ ਕੀਤੀ ਜਾਂਦੀ ਹੈ।ਸਭ ਧਰਮ ਦੇ ਲੋਕ ਰਲ ਮਿਲ ਕੇ ਇਸ ਪਵਿੱਤਰ ਤਿਉਹਾਰ ਨੂੰ ਹਰ ਸਾਲ ਆਪਸੀ ਪਿਆਰ ਨਾਲ ਮਨਾਉਂਦੇ ਹਨ।ਪ੍ਰਿੰਸੀਪਲ ਬਾਇਜੂ ਵਿਜੇ ਤੇ ਕੋਆਰਡੀਨੇਟਰ ਮੈਡਮ ਅਨੁਪਮ ਸ਼ਰਮਾ ਨੇ ਵੀ ਸਾਰੇ ਬੱਚਿਆਂ ਤੇ ਅਧਿਆਪਕਾਂ ਨੂੰ ਇਸ ਤਿਉਹਾਰ ਦੀ ਵਧਾਈ ਦਿੱਤੀ।

## ਸਰਕਾਰੀ ਪ੍ਰਾਇਮਰੀ ਸਕੂਲ ਨੂਰਪੁਰ ਸੇਠਾਂ 'ਚ ਆਜ਼ਾਦੀ ਦਿਵਸ ਮਨਾਇਆ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਨੂਰਪੁਰ ਸੇਠਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਆਜ਼ਾਦੀ ਦਿਵਸ ਨੂੰ ਬੜੇ ਉਤਸ਼ਾਹ ਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਨੰਨ੍ਹੇ-ਮੁੰਨ੍ਹੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕਰਕੇ ਸਾਰਿਆਂ ਦਾ ਮਨ ਮੋਹ ਲਿਆ। ਸਮਾਗਮ ਦੀ ਸ਼ੁਰੂਆਤ ਸਕੂਲ ਦੀ ਮੁੱਖ ਅਧਿਆਪਕਾ ਵੀਨੂੰ ਵਾਲਾ ਦੀ ਅਗਵਾਈ ਹੇਠ ਹੋਈ। ਆਪਣੇ ਸੰਬੋਧਨ 'ਚ ਮੁੱਖ ਅਧਿਆਪਕਾ ਵੀਨੂੰ ਵਾਲਾ ਨੇ ਵਿਦਿਆਰਥੀਆਂ ਨੂੰ ਆਜ਼ਾਦੀ ਦਿਵਸ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਦਿਨ ਉਨ੍ਹਾਂ ਮਹਾਨ ਸ਼ਹੀਦਾਂ ਦੀ ਕੁਰਬਾਨੀ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਇਸ ਮੌਕੇ ਸਕੂਲ ਅਧਿਆਪਕਾ ਚੰਦਰ ਕਾਂਤਾ ਨੇ ਬੱਚਿਆਂ ਨੂੰ ਦੇਸ਼ ਦੇ ਚੰਗੇ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ। ਸਮਾਗਮ ਦਾ ਮੁੱਖ ਆਕਰਸ਼ਣ ਬੱਚਿਆਂ ਵੱਲੋਂ ਪੇਸ਼ ਕੀਤੀਆਂ ਗਈਆਂ ਦੇਸ਼ ਭਗਤੀ ਨਾਲ ਸਬੰਧਤ ਪੇਸ਼ਕਾਰੀਆਂ ਸਨ। ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤ ਗਾਏ ਤੇ ਆਜ਼ਾਦੀ ਦੇ ਸੰਘਰਸ਼ ਨੂੰ ਦਰਸਾਉਂਦੇ ਨਾਟਕ ਪੇਸ਼ ਕੀਤੇ। ਸਮਾਗਮ ਦੇ ਅੰਤ ਵਿਚ ਬੱਚਿਆਂ ਨੂੰ ਸੁਤੰਤਰਤਾ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਅਤੇ (ਲੱਡੂ) ਵੰਡੇ ਗਏ। ਇਸ ਮੌਕੇ ਸਕੂਲ ਦੀ ਅਧਿਆਪਕਾ ਚੰਦਰ ਕਾਂਤਾ ਅਤੇ ਹੋਰ ਸਟਾਫ ਮੈਂਬਰਾਂ ਦੇ ਨਾਲ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ। ਸਮਾਗਮ ਨੇ ਬੱਚਿਆਂ 'ਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ 'ਚ ਅਹਿਮ ਭੂਮਿਕਾ ਨਿਭਾਈ।

## ਲੇਖਕ ਮੰਚ ਸਮਰਾਲਾ ਨੇ ਲਾਲ ਸਿੰਘ ਤੇ ਨਾਟਕਕਾਰ ਤਰਲੋਚਨ ਨੂੰ ਕੀਤਾ ਯਾਦ



**ਸਮਰਾਲਾ (ਸੁਰਜੀਤ ਸਿੰਘ)**-ਲੇਖਕ ਮੰਚ ਸਮਰਾਲਾ ਨੇ ਪ੍ਰਧਾਨ ਰਾਜਵਿੰਦਰ ਸਿੰਘ ਸਮਰਾਲਾ ਦੀ ਪ੍ਰਧਾਨਗੀ ਹੇਠ ਆਯੋਜਿਤ ਸਮਾਰੋਹ ਦੌਰਾਨ ਮਰਹੂਮ ਇਨਕਲਾਬੀ ਕਵੀ ਲਾਲ ਸਿੰਘ ਦਿਲ ਤੇ ਨਾਟਕਕਾਰ ਮਾਸਟਰ ਤਰਲੋਚਨ ਸਿੰਘ ਵੱਲੋਂ ਸਾਹਿਤ ਜਗਤ ਤੇ ਨਵ ਸਮਾਜ ਉਸਾਰੀ ਲਈ ਦੇਣ ਨੂੰ ਯਾਦ ਕੀਤਾ। ਇਸ ਮੌਕੇ ਇਲਾਕੇ ਦੇ ਕਰੀਬ ਪੰਜਾਹ ਲੇਖਕ ਤੇ ਸ਼ਾਇਰ ਹਾਜ਼ਰ ਰਹੇ।ਮੰਚ ਦੇ ਸਰਪ੍ਰਸਤ ਪ੍ਰਿੰਸੀਪਲ ਪਰਮਿੰਦਰ ਸਿੰਘ ਬੈਨੀਪਾਲ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਨੇ ਹਕੂਮਤੀ ਜ਼ੁਲਮ ਨੂੰ ਪਹਿਲਾਂ ਆਪਣੇ ਪਿੰਡੇ 'ਤੇ ਹੰਡਾਇਆ ਹੋਵੇ, ਉਸਦੇ ਹੀ ਕਾਵਕ ਬੋਲ ਸੱਜਰੇ ਹੁੰਦੇ ਹਨ।ਉਨ੍ਹਾਂ ਕਿਹਾ ਕਿ ਲਾਲ ਸਿੰਘ ਦਿਲ ਤੇ ਮਾਸਟਰ ਤਰਲੋਚਨ ਜੁਝਾਰੂ ਕਲਮ ਦੇ ਸਿਤਾਰੇ, ਵਿਲੱਖਣ ਸ਼ਖ਼ਸੀਅਤ ਤੇ ਆਪਣੇ ਆਪ ਵਿੱਚ ਇੱਕ ਮੁਕੰਮਲ ਸੰਸਥਾ ਸਨ, ਜੋ ਸਮਾਜ ਦੀ ਅਗਵਾਈ ਕਰਦੇ ਰਹੇ।ਉਨ੍ਹਾਂ ਕਿਹਾ ਕਿ ਲਾਲ ਸਿੰਘ ਦਿਲ ਇੱਕ ਸੂਖਮ ਭਾਵੀ ਲੇਖਕ ਤੇ ਸਮਾਜ ਦੇ ਲਤਾੜੇ ਲੋਕਾਂ ਦੀ ਨੁਮਾਇੰਦਗੀ ਕਰਦੇ ਰਹੇ।ਉਹ ਦੱਬੇ ਕੁਚਲੇ ਲੋਕਾਂ ਨੂੰ ਆਪਣੇ ਹੱਕਾਂ ਲਈ ਲੜਨ ਵਾਸਤੇ ਚੇਤੰਨ ਕਰਦੇ ਰਹੇ।ਪ੍ਰਿੰਸੀਪਲ ਨੇ ਕਿਹਾ ਕਿ ਉਨ੍ਹਾਂ ਦੀ ਕਵਿਤਾ ਵਿਗਿਆਨਕ ਸੋਚ ਤੇ ਬੌਧਿਕਤਾ ਨਾਲ ਲਬਰੇਜ਼ ਸੀ।ਉਨ੍ਹਾਂ ਜ਼ਿੰਦਗੀ ਦੇ ਪ੍ਰਭਾਵਾਂ ਨੂੰ ਕਵਿਤਾ ਰਾਹੀਂ ਖ਼ੂਬਸੂਰਤੀ ਨਾਲ ਚਿਤਰਿਆ।

ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਲਾਲ ਸਿੰਘ ਦਿਲ ਦੀਆਂ ਕਵਿਤਾਵਾਂ ਦਾ ਪਾਠ ਕੀਤਾ।ਬੁਲਾਰਿਆਂ ਵਿੱਚ ਮੁੱਖ ਤੌਰ 'ਤੇ ਦੀਪ ਦਿਲਬਰ, ਨਿਰੰਜਨ ਸੂਖਮ, ਐੱਸ. ਨਸੀਮ, ਪ੍ਰੋ. ਡਾ. ਹਰਿੰਦਰਜੀਤ ਸਿੰਘ ਕਲੇਰ, ਡਾ. ਹਰਜਿੰਦਰਪਾਲ ਸਿੰਘ ਤੇ ਲਖਬੀਰ ਸਿੰਘ ਬਲਾਲਾ ਨੇ ਲਾਲ ਸਿੰਘ ਦਿਲ ਤੇ ਮਾਸਟਰ ਤਰਲੋਚਨ ਵੱਲੋਂ ਘਾਲਣਾਵਾਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ।ਇਸੇ ਦੌਰਾਨ ਰਾਜਵਿੰਦਰ ਸਮਰਾਲਾ, ਬਲਜਿੰਦਰ ਸਿੰਘ ਮਾਛੀਵਾੜਾ, ਦਿਲਪ੍ਰੀਤ ਖੰਨਾ, ਮਲਕੀਤ ਸਿੰਘ ਪਵਾਤ, ਨਿਰੰਜਨ ਸੂਖਮ ਤੇ ਐੱਸ. ਨਸੀਮ ਨੇ ਲਾਲ ਸਿੰਘ ਦਿਲ ਅਤੇ ਸਵੈ-ਰਚਿਤ ਰਚਨਾਵਾਂ ਪੇਸ਼ ਕੀਤੀਆਂ।ਸਮਾਗਮ ਦੇ ਅੰਤ ਵਿੱਚ ਮੰਚ ਦੇ ਸਰਪ੍ਰਸਤ ਐਡਵੋਕੇਟ ਦਲਜੀਤ ਸਿੰਘ ਸ਼ਾਹੀ ਨੇ ਆਏ ਲੇਖਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਨਵੰਬਰ ਮਹੀਨੇ ਵਿੱਚ ਮਾਸਟਰ ਤਰਲੋਚਨ ਤੇ ਲਾਲ ਸਿੰਘ ਦਿਲ ਦੁਆਰਾ ਰਚਿਤ ਸਾਹਿਤ ਦੀ ਪ੍ਰਦਰਸ਼ਨੀ ਸਮੇਤ ਉਨ੍ਹਾਂ ਬਾਰੇ ਵੱਡੇ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁੱਖ ਤੌਰ 'ਤੇ ਨੇਤਰ ਸਿੰਘ ਨੇਤਰ, ਅਵਤਾਰ ਸਿੰਘ ਓਟਾਲਾਂ, ਅਦਾਕਾਰਾ ਕਮਲਜੀਤ ਕੌਰ, ਸੁਖਵਿੰਦਰ ਸਿੰਘ ਭਾਦਲਾ, ਕਰਮਜੀਤ ਬਾਸੀ, ਨਾਟਕਕਾਰ ਜਗਦੀਸ਼ ਖੰਨਾ, ਕਰਮ ਚੰਦ ਮੈਨੇਜਰ, ਮਾਸਟਰ ਆਤਮਾ ਸਿੰਘ ਤੇ ਕਰਮਜੀਤ ਅਜ਼ਾਦ ਹਾਜ਼ਰ ਸਨ।ਪੱਤਰਕਾਰ ਸੁਰਜੀਤ ਸਿੰਘ ਵਿਸ਼ਾਦ ਨੇ ਸਮਾਗਮ ਦਾ ਮੰਚ ਸੰਚਾਲਨ ਕੀਤਾ।

## ਆਕਸਫ਼ੋਰਡ ਸਕੂਲ 'ਚ ਜਨਮ ਅਸ਼ਟਮੀ ਮਨਾਈ



**ਬਠਿੰਡਾ (ਰਾਜੀਵ ਗੋਇਲ)**-ਦਿ ਆਕਸਫ਼ੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈ ਕਾ ਦੇ ਵਿਹੜੇ ਵਿੱਚ ਜਨਮ ਅਸ਼ਟਮੀ ਧੂਮ-ਧਾਮ ਤੇ ਧਾਰਮਿਕ ਸ਼ਰਧਾ ਨਾਲ ਮਨਾਈ ਗਈ।ਇਹ ਪਵਿੱਤਰ ਤਿਉਹਾਰ ਭਗਵਾਨ ਕ੍ਰਿਸ਼ਨ ਜੀ ਦੇ ਜਨਮ ਦਿਵਸ ਨੂੰ ਸਮਰਪਤ ਹੁੰਦਾ ਹੈ।ਨਰਸਰੀ ਤੋਂ ਤੀਸਰੀ ਜਮਾਤ ਦੇ ਨੰਨ੍ਹੇ-ਮੁੰਨੇ ਵਿਦਿਆਰਥੀ ਸ੍ਰੀ ਕ੍ਰਿਸ਼ਨ ਜੀ, ਰਾਧਾ ਜੀ ਤੇ ਸੁਦਾਮਾ ਜੀ ਦੀ ਪੁਸ਼ਾਕ ਵਿੱਚ ਸੁੰਦਰ ਲੱਗ ਰਹੇ ਸਨ।ਸਕੂਲ ਦੇ ਵਿਦਿਆਰਥੀਆਂ ਨੇ ਭਿੰਨ-ਭਿੰਨ ਸਾਂਸਕ੍ਰਿਤਕ ਪ੍ਰਦਰਸ਼ਨਾਂ ਰਾਹੀਂ ਭਗਵਾਨ ਕ੍ਰਿਸ਼ਨ ਜੀ ਦੀ ਜੀਵਨੀ ਤੇ ਉਪਦੇਸ਼ਾਂ ਨੂੰ ਦਰਸਾਇਆ।ਦੂਸਰੀ ਤੇ ਤੀਸਰੀ ਜਮਾਤ ਦੇ ਵਿਦਿਆਰਥੀਆਂ ਨੇ ਡਾਂਡੀਆ ਪੇਸ਼ ਕੀਤਾ।ਇਸ ਤੋਂ ਇਲਾਵਾ ਵਿਦਿਆਰਥੀਆਂ ਵਿੱਚ ਮਟਕੀ ਡੈਕੋਰੇਸ਼ਨ, ਬੰਸੁਰੀ ਡੈਕੋਰੇਸ਼ਨ, ਮੁਕਟ ਮੇਕਿੰਗ ਮੁਕਾਬਲੇ ਆਦਿ ਵੀ ਕਰਵਾਏ ਗਏ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੇ-ਆਪਣੇ ਹੁਨਰ ਦਾ ਪ੍ਰਗਟਾਵਾ ਕੀਤਾ।ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦੇ ਹੋਏ ਜਨਮ ਅਸ਼ਟਮੀ ਦੀ ਵਧਾਈ ਦਿੱਤੀ ਤੇ ਬੱਚਿਆਂ ਦੇ ਪ੍ਰਦਰਸ਼ਨਾਂ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਭਗਵਾਨ ਕ੍ਰਿਸ਼ਨ ਜੀ ਦੇ ਸਿੱਖਿਆ ਉੱਤੇ ਚਲਣ ਦੀ ਪ੍ਰੇਰਣਾ ਦਿੱਤੀ।ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਕੋਆਰਡੀਨੇਟਰਜ਼ ਤੇ ਸਮੂਹ ਸਟਾਫ਼ ਮੈਂਬਰ ਮੌਜੂਦ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

CMYK

17 Aug Page 3.qxd 8/16/2025 10:13 PM Page 1



# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੱਟੀਆਂ ਨੇ ਐਗਜ਼ੈਂਪਲਰੀ ਅਕੈਡਮਿਕ ਐਕਸੀਲੈਂਸ ਸਨਮਾਨ ਕੀਤਾ ਪ੍ਰਾਪਤ

**ਕਾਦੀਆਂ (ਯਾਦਵਿੰਦਰ ਸਿੰਘ ਮਸੀਤਾਂ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੱਟੀਆਂ ਨੇ ਰਾਜ ਪੱਧਰ 'ਤੇ ਮਾਣ ਹਾਸਲ ਕਰਦਿਆਂ ਐਗਜ਼ੈਂਪਲਰੀ ਅਕੈਡਮਿਕ ਐਕਸੀਲੈਂਸ ਕੈਟੇਗਰੀ ਵਿੱਚ ਆਪਣਾ ਸਥਾਨ ਪ੍ਰਾਪਤ ਕੀਤਾ ਹੈ ਅਤੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਇਹ ਮਾਣਯੋਗ ਉਪਲਬਧੀ ਮਿਸ਼ਨ ਸਮਰੱਥ 3.0 ਪ੍ਰੋਗਰਾਮ ਅਧੀਨ ਐਸ ਸੀ ਈ ਆਰ ਟੀ ਪੰਜਾਬ ਵੱਲੋਂ ਪ੍ਰਦਾਨ ਕੀਤੀ ਗਈ।ਇਸ ਸਨਮਾਨ ਸਮਾਰੋਹ ਦੌਰਾਨ ਐਸ ਸੀ ਈ ਆਰ ਟੀ ਪੰਜਾਬ ਦੀ ਡਾਇਰੈਕਟਰ ਅਤੇ ਪੰਜਾਬ ਦੇ ਸਿੱਖਿਆ ਸਕੱਤਰ ਕਿਰਨ ਸ਼ਰਮਾ ਨੇ ਸਕੂਲ ਦੇ ਪ੍ਰਿੰਸੀਪਲ ਸੰਦੀਪ ਸਿੰਘ ਨੂੰ ਪ੍ਰਮਾਣ ਪੱਤਰ ਭੇਟ ਕਰਕੇ ਸਨਮਾਨਤ ਕੀਤਾ।ਇਸ ਮੌਕੇ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਰਾਜੇਸ਼ ਕੁਮਾਰ ਸ਼ਰਮਾ, ਜੋ ਕਿ ਸੂਬਾ ਪੁਰਸਕਾਰ ਪ੍ਰਾਪਤ ਅਧਿਕਾਰੀ ਹਨ, ਨੇ ਕਿਹਾ, ਸਾਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੱਟੀਆਂ ਦੀ ਇਸ ਸ਼ਾਨਦਾਰ ਉਪਲਬਧੀ 'ਤੇ ਬੇਹੱਦ ਮਾਣ ਹੈ।ਪ੍ਰਿੰਸੀਪਲ ਸੰਦੀਪ ਸਿੰਘ ਨੇ ਕਿਹਾ, ਇਹ ਸਫਲਤਾ ਸਾਡੇ ਪੂਰੇ ਸਕੂਲ ਸਟਾਫ ਦੀ ਸਮੂਹਿਕ ਮਿਹਨਤ ਅਤੇ ਸਮਰਪਣ ਦਾ ਨਤੀਜਾ ਹੈ। ਖ਼ਾਸ ਕਰਕੇ ਵਿਸ਼ੇ ਅਧਿਆਪਕਾਂ — ਗਣਿਤ ਵਿਸ਼ੇ ਲਈ ਜਸਵਿੰਦਰ ਸਿੰਘ ਅਤੇ ਆਸ਼ੀਸ਼ ਵਡੇਰਾ, ਪੰਜਾਬੀ ਵਿਸ਼ੇ ਲਈ ਸੁਸ਼੍ਰੀਪ੍ਰੀਤ ਕੌਰ ਅਤੇ ਅੰਗਰੇਜ਼ੀ ਵਿਸ਼ੇ ਲਈ ਰਮਨਦੀਪ ਕੌਰ ਅਤੇ ਅਮਨਦੀਪ ਕੌਰ ਨੇ ਵਿਦਿਆਰਥੀਆਂ ਦੇ ਬੁਨਿਆਦੀ ਗਿਆਨ ਨੂੰ ਮਜ਼ਬੂਤ ਕਰਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਹ ਉਪਲਬਧੀ ਨਾ ਸਿਰਫ਼ ਸਕੂਲ ਲਈ, ਸਗੋਂ ਪੂਰੇ ਗੁਰਦਾਸਪੁਰ ਜ਼ਿਲ੍ਹੇ ਲਈ ਮਾਣ ਦੀ ਗੱਲ ਹੈ। ਸਕੂਲ ਸਟਾਫ ਨੇ ਵਚਨਬੱਧਤਾ ਜ਼ਾਹਰ ਕੀਤੀ ਕਿ ਭਵਿੱਖ ਵਿੱਚ ਵੀ ਵਿਦਿਆਰਥੀਆਂ ਦੀ ਸ੍ਰੇਸ਼ਠ ਅਕਾਦਮਿਕ ਤੇ ਨੈਤਿਕ ਵਿਕਾਸ ਲਈ ਸੰਪੂਰਨ ਯਤਨ ਜਾਰੀ ਰਹਿਣਗੇ।



# ਗੁਰਦੁਆਰਾ ਘੋਬੜੀ ਸਾਹਿਬ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਦੇ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਜਥਾ ਰਵਾਨਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾਗੱਦੀ ਦਿਵਸ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਤ 21 ਅਗਸਤ ਨੂੰ ਨੌਵੇਂ ਪਾਤਸ਼ਾਹ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਘੋਬੜੀ ਸਾਹਿਬ ਅਸਾਮ ਤੋਂ ਸ੍ਰੀ ਅਨੰਦਪੁਰ ਸਾਹਿਬ ਤੀਕ ਸਜਾਏ ਜਾ ਰਹੇ ਨਗਰ ਕੀਰਤਨ ਦੇ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਤੇ ਮੁਲਾਜ਼ਮਾਂ ਦੇ ਜਥੇ ਨੂੰ ਅਰਦਾਸ ਕਰਕੇ ਰਵਾਨਾ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਅਤੇ ਮੀਤ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਆਸਾਮ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਲੋੜੀਂਦੇ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਮੈਂਬਰ ਜਗਸੀਰ ਸਿੰਘ ਮਾਂਗੇਆਣਾ ਅਤੇ ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ ਦੀ ਅਗਵਾਈ ਵਿਚ ਸ਼੍ਰੋਮਣੀ ਕਮੇਟੀ ਦਾ ਸਟਾਫ਼ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਘੋਬੜੀ ਸਾਹਿਬ ਵਿਖੇ 20 ਅਗਸਤ ਰਾਤ ਨੂੰ ਗੁਰਮਤਿ ਸਮਾਗਮ ਹੋਵੇਗਾ, ਜਿਸ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਸ਼ਿਰਕਤ ਕਰਨਗੀਆਂ। 21 ਅਗਸਤ ਨੂੰ ਸਵੇਰੇ ਗੁਰਦੁਆਰਾ ਘੋਬੜੀ ਸਾਹਿਬ ਤੋਂ ਨਗਰ ਕੀਰਤਨ ਆਰੰਭ ਹੋਵੇਗਾ, ਜੋ ਵੱਖ-ਵੱਖ ਸੂਬਿਆਂ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਪੁੱਜੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਗਸੀਰ ਸਿੰਘ ਮਾਂਗੇਆਣਾ, ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ, ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਪ੍ਰਚਾਰ ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਬਲਦੇਵ ਸਿੰਘ, ਦਵਿੰਦਰ ਸਿੰਘ ਖੁਸ਼ੀਪੁਰ, ਸਹਾਇਕ ਸੁਪ੍ਰਿੰਟੈਂਡੈਂਟ ਸੁਰਜੀਤ ਸਿੰਘ ਰਾਣਾ ਅਤੇ ਹੋਰ ਕਰਮਚਾਰੀ ਮੌਜੂਦ ਸਨ।



# ਕੰਧਾਂ 'ਤੇ ਹਿੰਦੂ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਬਣਾਉਣ ਦੀ ਭਗਵਾਂ ਸੈਨਾ ਸੰਗਠਨ ਵੱਲੋਂ ਨਿੰਦਾ



**ਬਟਾਲਾ (ਤਰਲੋਕ ਬੱਗਾ)**- ਹਿੰਦੂ ਰਾਸ਼ਟਰੀ ਭਗਵਾਂ ਸੈਨਾ ਸੰਗਠਨ ਵੱਲੋਂ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਵਿੱਕੀ ਤ੍ਰੇਹਣ ਨੇ ਕਿਹਾ ਕਿ ਬਟਾਲਾ ਪੁਰੀਆ ਮਹੱਲਾ ਵਿਖੇ ਕੁਝ ਲੋਕਾਂ ਵੱਲੋਂ ਮਹੁੱਲੇ ਦੇ ਗਲੀ ਵਿੱਚ ਕੂੜੇ ਦੇ ਢੇਰ ਹਟਾਉਣ ਵਾਸਤੇ ਹਿੰਦੂ ਧਰਮ ਦੇ ਦੇਵੀ ਦੇਵਤਿਆਂ ਦੀਆਂ ਫੋਟੋਆਂ ਲਗਾਈਆਂ ਗਈਆਂ ਹਨ ਜੋ ਠੀਕ ਨਹੀਂ। ਇਸ ਨਾਲ ਹਿੰਦੂ ਧਰਮ ਦਾ ਅਪਮਾਨ ਹੁੰਦਾ ਹੈ ਅਤੇ ਹਿੰਦੂ ਧਰਮ ਦੇ ਲੋਕ ਇਸ ਨੂੰ ਸਹਿਣ ਨਹੀਂ ਕਰਨਗੇ। ਵਿੱਕੀ ਤ੍ਰੇਹਣ ਨੇ ਕਿਹਾ ਕਿ ਹਿੰਦੂ ਧਰਮ ਇਨਾ ਕਮਜ਼ੋਰ ਨਹੀਂ ਹੈ ਕਿ ਸਾਨੂੰ ਕੂੜਾ ਹਟਾਉਣ ਵਾਸਤੇ ਆਪਣੇ ਦੇਵੀ ਦੇਵਤਿਆਂ ਦਾ ਇਸਤੇਮਾਲ ਕਰਨਾ ਪਵੇ ਜਦ ਕਿ ਦੇਵੀ ਦੇਵਤਿਆਂ ਦਾ ਸਥਾਨ ਮੰਦਰ ਵਿੱਚ ਹੈ। ਵਿੱਕੀ ਤ੍ਰੇਹਣ ਨੇ ਕਿਹਾ ਕਿ ਹਿੰਦੂ ਧਰਮ ਦੇ ਦੇਵੀ ਦੇਵਤਿਆਂ ਦਾ ਅਪਮਾਨ ਕਰਨ ਵਾਲਿਆਂ ਨੂੰ ਅਸੀਂ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਾਂਗੇ। ਵਿੱਕੀ ਨੇ ਕਿਹਾ ਕਿ ਹਿੰਦੂ ਧਰਮ ਦਾ ਅਪਮਾਨ ਕਰਨ ਵਾਲੇ ਦੋਸ਼ੀਆਂ ਉੱਪਰ ਪਰਚਾ ਦਰਜ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਜੇਕਰ ਬਟਾਲਾ ਪ੍ਰਸ਼ਾਸਨ ਨੇ ਕੋਈ ਕਾਨੂੰਨੀ ਕਾਰਵਾਈ ਨਾ ਕੀਤੀ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਸੰਜੀਵ ਕੁਮਾਰ ਚੀਨੀ ਪ੍ਰਧਾਨ ਮਾਝਾ ਜ਼ੋਨ, ਤਰੁਣ ਸ਼ਰਮਾ ਜ਼ਿਲ੍ਹਾ ਸੈਕਟਰੀ, ਸ਼ਮੀ ਨਈਅਰ ਚੇਅਰਮੈਨ, ਲਕਸ਼ਮ ਦਾਸ ਜ਼ਿਲ੍ਹਾ ਵਾਇਸ ਪ੍ਰਧਾਨ, ਸੁਨੀਲ ਬਟਾਲਾ ਵਾਇਸ ਪ੍ਰਧਾਨ, ਕੇਵਲ ਪ੍ਰਧਾਨ, ਦੀਪਕ ਕੁਮਾਰ, ਸੁਨੀਲ ਕੁਮਾਰ ਸ਼ੈਲੀ, ਜੋਗਾ, ਦਲਬੀਰ ਕੌਰ ਬਟਾਲਾ ਵਾਇਸ ਪ੍ਰਧਾਨ, ਕਿਰਨਾਂ ਆਦਿ ਮੌਜੂਦ ਸਨ।

# ਜ਼ੋਨਲ ਖੇਡਾਂ 'ਚ ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਨੇ ਮਾਰੀਆਂ ਮੱਲਾਂ



**ਕਾਦੀਆਂ (ਯਾਦਵਿੰਦਰ ਸਿੰਘ ਮਸੀਤਾਂ)**- ਸਕੂਲ ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਕੂਲਾਂ ਦੀਆਂ ਕਰਵਾਈਆਂ ਜਾ ਰਹੀਆਂ ਖੇਡਾਂ ਤਹਿਤ ਜ਼ੋਨ ਹਰਚੋਵਾਲ ਦੀਆਂ ਵਿੱਚ ਪੀ.ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਸਕੂਲ ਦੇ ਡੀ.ਪੀ.ਈ ਅਧਿਆਪਕ ਗੁਰਮੇਜ ਸਿੰਘ ਨੇ ਦੱਸਿਆ ਕਿ ਸਕੂਲ ਦੇ ਨੈਸ਼ਨਲ ਕਬੱਡੀ ਲੜਕੀਆਂ ਅੰਡਰ-19 ਟੀਮ ਨੇ ਪਹਿਲਾ ਸਥਾਨ ਅਤੇ ਸਰਕਲ ਕਬੱਡੀ ਅੰਡਰ-19 (ਲੜਕੇ) ਟੀਮ ਨੇ ਵੀ ਜ਼ੋਨ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਗਿਆ। ਇਸੇ ਤਰ੍ਹਾਂ ਕਰਾਟੇ ਅੰਡਰ -17 ਅਤੇ ਅੰਡਰ -19 ਟੀਮ ਵਿੱਚ ਪਹਿਲੀ ਅਤੇ ਦੂਜੀ ਪੁਜੀਸ਼ਨ ਹਾਸਲ ਕੀਤੀ। ਖੋ-ਖੋ ਮੁਕਾਬਲੇ ਵਿੱਚ ਅੰਡਰ -19, 17 ਵਿੱਚ ਪਹਿਲਾ ਅਤੇ ਅੰਡਰ 14 ਵਿੱਚ ਦੂਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਬੈਡਮਿੰਟਨ ਗੇਮ ਵਿੱਚ ਲੜਕੇ ਅੰਡਰ 17,19 ਅਤੇ ਅੰਡਰ 14 ਵਿੱਚ ਕ੍ਰਮਵਾਰ ਪਹਿਲੀ, ਦੂਜੀ ਅਤੇ ਤੀਸਰੀ ਪੁਜ਼ੀਸ਼ਨਾਂ ਹਾਸਲ ਕੀਤੀਆਂ ਗਈਆਂ। ਸਕੂਲ ਮੁਖੀ ਪ੍ਰਿੰਸੀਪਲ ਡਾ.ਸੁਨੀਤਾ ਕੌਸ਼ਲ ਵੱਲੋਂ ਡੀ.ਪੀ.ਈ ਗੁਰਮੇਜ ਸਿੰਘ ਅਤੇ ਕੋਚ ਨਿਰਮਲ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਕਰਵਾਈ ਮੇਹਨਤ ਦੀ ਪ੍ਰਸ਼ੰਸਾ ਕੀਤੀ ਗਈ।

# ਓ ਐਸ ਡੀ ਧਾਮੀ ਤੇ ਡੀਨ ਏ ਪੀ ਸਿੰਘ ਨੇ ਬਾਬਾ ਬੁੱਢਾ ਚੈਰੀਟੇਬਲ ਹਸਪਤਾਲ ਦਾ ਕੀਤਾ ਦੌਰਾ

**ਝਬਾਲ (ਮੱਖਣ ਮਨੋਜ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ਾਂ 'ਤੇ ਓ ਐਸ ਡੀ ਸਤਬੀਰ ਸਿੰਘ ਧਾਮੀ ਅਤੇ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਦੇ ਡੀਨ ਡਾਕਟਰ ਏ ਪੀ ਸਿੰਘ ਨੇ ਬਾਬਾ ਬੁੱਢਾ ਚੈਰੀਟੇਬਲ ਹਸਪਤਾਲ ਬੀੜ ਸਾਹਿਬ ਦਾ ਅਚਾਨਕ ਦੌਰਾ ਕੀਤਾ। ਇਸ ਮੌਕੇ ਡਾਕਟਰ ਏ ਪੀ ਸਿੰਘ ਅਤੇ ਓ ਐਸ ਡੀ ਸਤਬੀਰ ਸਿੰਘ ਨੇ ਦੱਸਿਆ ਕਿ ਇਲਾਕੇ ਦੀਆਂ ਸੰਗਤਾਂ ਨੂੰ ਮਿਆਰੀ ਸਹੂਲਤਾਂ ਦੇਣ ਲਈ ਚੰਗੇ ਮਾਹਰ ਡਾਕਟਰ ਹੋਰ ਭਰਤੀ ਕੀਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਅੱਖਾਂ ਦੇ ਮਾਹਰ ਡਾਕਟਰ ਸਹਿਲ ਸਰਪਾਲ ਦੀ ਨਿਯੁਕਤੀ ਕਰ ਦਿੱਤੀ ਗਈ ਹੈ ਜਿਨ੍ਹਾਂ ਨੇ ਹਸਪਤਾਲ ਵਿਖੇ ਆਪਣਾ ਕੰਮ ਕਾਰ ਸ਼ੁਰੂ ਕਰ ਦਿੱਤਾ ਹੈ। ਉਹਨਾਂ ਦੱਸਿਆ ਕਿ ਮਰੀਜ਼ਾਂ ਦੇ ਦੂਰਬੀਨ ਰਾਹੀਂ ਅਪਰੇਸ਼ਨ ਕਰਨ ਲਈ ਜਲਦ ਹੀ ਲੈਪਰੋ ਮਸ਼ੀਨ ਖਰੀਦ ਕੀਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ ਅੱਖਾਂ ਦੇ ਡਾਕਟਰ ਸਾਹਿਲ ਸਰਪਾਲ ਵੱਲੋਂ ਤਜਵੀਜ਼ ਕੀਤੀਆਂ ਆਧੁਨਿਕ ਕਿਸਮ ਦੀਆਂ ਦੋ ਮਸ਼ੀਨਾਂ ਵੀ ਜਲਦ ਹੀ ਖਰੀਦ ਕੀਤੀਆਂ ਜਾ ਰਹੀਆਂ ਹਨ। ਉਹਨਾਂ ਦੱਸਿਆ ਕਿ ਬਾਬਾ ਬੁੱਢਾ ਜੀ ਚੈਰੀਟੇਬਲ ਹਸਪਤਾਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਵਿਸ਼ਾਲ ਮੈਡੀਕਲ ਕੈਂਪ ਜਲਦ ਹੀ ਲਗਾਇਆ ਜਾਵੇਗਾ। ਇਸ ਮੌਕੇ ਉਹਨਾਂ ਨਾਲ ਸ਼ਹਿਜ਼ਾਦ ਸਿੰਘ ਨਿਜੀ ਸਹਾਇਕ ਪ੍ਰਧਾਨ ਸ਼੍ਰੋਮਣੀ ਕਮੇਟੀ, ਬਾਬਾ ਬੁੱਢਾ ਜੀ ਚੈਰੀਟੇਬਲ ਹਸਪਤਾਲ ਦੇ ਡਾਇਰੈਕਟਰ ਡਾਕਟਰ ਗੁਰਲਾਲ ਸਿੰਘ, ਮੈਨੇਜਰ ਸਰਬਦਿਆਲ ਸਿੰਘ, ਮੈਨੇਜਰ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਧਰਵਿੰਦਰ ਸਿੰਘ, ਮੀਤ ਮੈਨੇਜਰ ਗੁਰਜੀਤ ਸਿੰਘ, ਹੈਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ , ਰਣਜੀਤ ਸਿੰਘ ਚੋਹਲਾ ਗੁਰਦੁਆਰਾ ਇੰਸਪੈਕਟਰ, ਅਮਰਬੀਰ ਸਿੰਘ ਅਕਾਊਂਟੈਂਟ, ਸੁਪਰਵਾਈਜ਼ਰ ਪ੍ਰਿਥੀਪਾਲ ਸਿੰਘ, ਸੁਪਰਵਾਈਜ਼ਰ ਸੁਰਿੰਦਰ ਸਿੰਘ, ਗੁਰਜੀਤ ਸਿੰਘ ਪੰਜਵੜ, ਕਾਬਲ ਸਿੰਘ ਵੀ ਹਾਜ਼ਰ ਸਨ।



# ਨਗਰ ਕੌਂਸਲ ਜੰਡਿਆਲਾ ਗੁਰੂ ਵਿਖੇ ਸੁਤੰਤਰਤਾ ਦਿਵਸ ਧੂਮਧਾਮ ਨਾਲ ਮਨਾਇਆ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਨਗਰ ਕੌਂਸਲ ਜੰਡਿਆਲਾ ਗੁਰੂ ਵਿਖੇ 79 ਵਾਂ ਸੁਤੰਤਰਤਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਵਿਸ਼ੇਸ਼ ਸਮਾਗਮ ਵਿੱਚ ਆਏ ਹੋਏ ਮੁੱਖ ਮਹਿਮਾਨ ਕੈਬਿਨੇਟ ਮੰਤਰੀ ਹਰਭਜਨ ਸਿੰਘ ਈ ਟੀ ਓ ਦੇ ਮਾਤਾ ਸੁਰਿੰਦਰ ਕੌਰ ਵਲੋਂ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਸਮੂਹ ਦੇਸ਼ ਵਾਸੀਆਂ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ ਗਈ। ਉਪਰੰਤ ਸ਼ਬਦ ਕੀਰਤਨ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਜੰਡਿਆਲਾ ਗੁਰੂ ਦੇ ਵੱਖ ਵੱਖ ਸਕੂਲਾਂ ਤੋਂ ਆਏ ਹੋਏ ਸਕੂਲੀ ਵਿਦਿਆਰਥੀਆਂ ਨੇ ਵੱਖ ਵੱਖ ਤਰ੍ਹਾਂ ਦੇ ਦੇਸ਼ ਭਗਤੀ ਦੇ ਗੀਤ ਗਾਏ ਅਤੇ ਵੱਖ ਵੱਖ ਤਰ੍ਹਾਂ ਦੀਆਂ ਆਇਟਮਾਂ ਪੇਸ਼ ਕਰਕੇ ਆਏ ਹੋਏ ਪਤਵੰਤੇ ਸੱਜਣਾਂ ਦਾ ਮਨ ਮੋਹ ਲਿਆ। ਇਸ ਮੌਕੇ ਆਏ ਡੀ ਐਸ ਪੀ ਰਾਵਿੰਦਰ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਂਦੇ ਹੋਏ ਕਿਹਾ ਕਿ ਭਗਤ ਸਿੰਘ, ਰਾਜਗੁਰੂ, ਸੁਖਦੇਵ ਸਿੰਘ, ਸਰਦਾਰ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ ਅਤੇ ਹੋਰ ਅਜ਼ਾਦੀ ਘੁਲਾਟੀਆਂ ਵਲੋਂ ਸਮੇਂ ਸਮੇਂ ਤੇ ਆਰੰਭੇ ਗਏ ਸੰਘਰਸ਼ ਕਾਰਨ ਹੀ ਅਸੀਂ ਅੱਜ ਅਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ । ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਤੋਂ ਇਲਾਵਾ ਬਾਕੀ ਸਾਰੇ ਮੌਜੂਦਾ ਕੌਂਸਲਰਾਂ ਦਾ ਗੈਰਹਾਜ਼ਰ ਹੋਣਾ ਵੀ ਚਰਚਾ ਦਾ ਵਿਸ਼ਾ ਬਣਿਆ ਰਿਹਾ ।



# ਦਿਵਯ ਜਯੋਤੀ ਜਾਗਰਤੀ ਸੰਸਥਾਨ ਨੇ ਜਨਮ ਅਸ਼ਟਮੀ ਧੂਮਧਾਮ ਨਾਲ ਮਨਾਈ

**ਤਰਨ ਤਾਰਨ (ਪ੍ਰਤਾਪ ਸਿੰਘ)**- ਦਿਵਯ ਜਯੋਤੀ ਜਾਗਰਤੀ ਸੰਸਥਾਨ ਤਰਨ ਤਾਰਨ ਵੱਲੋਂ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਪਵਿੱਤਰ ਤਿਉਹਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ਿਆ ਸਾਧਵੀ ਭਾਗਿਆਸ਼੍ਰੀ ਭਾਰਤੀ ਨੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀਆਂ ਲੀਲਾਵਾਂ ਬਾਰੇ ਸੰਗਤ ਨੂੰ ਪ੍ਰੇਰਨਾਦਾਇਕ ਵਿਚਾਰ ਸਾਂਝੇ ਕੀਤੇ।ਸਾਧਵੀ ਨੇ ਕਿਹਾ ਕਿ ਭਗਵਾਨ ਸ੍ਰੀ ਕ੍ਰਿਸ਼ਨ ਇੱਕ ਅਲੌਕਿਕ ਵਿਅਕਤੀਤਵ ਹਨ, ਜਿਨ੍ਹਾਂ ਦੀ ਹਰ ਲੀਲਾ ਵਿੱਚ ਡੂੰਘਾ ਅਧਿਆਤਮਿਕ ਸੰਦੇਸ਼ ਛੁਪਿਆ ਹੋਇਆ ਹੈ। ਉਨ੍ਹਾਂ ਨੇ ਸੰਦੇਸ਼ ਦਿੱਤਾ ਕਿ ਜਨਮ ਅਸ਼ਟਮੀ ਦੇ ਇਸ ਪਵਿੱਤਰ ਦਿਹਾੜੇ 'ਤੇ ਸਾਨੂੰ ਭਗਵਾਨ ਦੀਆਂ ਬਾਹਰੀ ਝਾਕੀਆਂ ਤੱਕ ਸੀਮਤ ਨਹੀਂ ਰਹਿਣਾ, ਬਲਕਿ ਬ੍ਰਹਮ ਗਿਆਨ ਦੁਆਰਾ ਉਨ੍ਹਾਂ ਦੇ ਅਸਲ ਸਰੂਪ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।ਇਸ ਪ੍ਰੋਗਰਾਮ ਦੌਰਾਨ ਸਾਧਵੀ ਸਰਵਸੁਖੀ ਭਾਰਤੀ, ਸਾਧਵੀ ਪਰਾ ਭਾਰਤੀ, ਸਾਧਵੀ ਕ੍ਰਾਂਤਿਕਾ ਭਾਰਤੀ, ਸਾਧਵੀ ਪੁੰਨਿਆ ਭਾਰਤੀ ਅਤੇ ਸਾਧਵੀ ਹਰਵਿੰਦਰ ਭਾਰਤੀ ਨੇ ਭਾਵਪੂਰਨ ਭਜਨ ਗਾ ਕੇ ਸੰਗਤ ਨੂੰ ਭਗਤੀ ਰਸ ਵਿੱਚ ਲੀਨ ਕੀਤਾ।ਇਸ ਮੌਕੇ 'ਤੇ ਪ੍ਰੋਗਰਾਮ ਵਿੱਚ ਹੰਸਰਾਜ ਚੌਧਰੀ (ਆਰ ਐਸ ਐਸ ਜ਼ਿਲ੍ਹਾ ਸੰਘ ਚਾਲਕ), ਪਵਨ ਦੇਵਗਨ (ਮੰਡਲ ਪ੍ਰਧਾਨ ਬੀ ਜੇ ਪੀ), ਨਿਤੇਸ਼ ਜੋਸ਼ੀ (ਜ਼ਿਲ੍ਹਾ ਪ੍ਰਧਾਨ ਬੀ ਜੇ ਪੀ ਯੁਵਾ ਵਿੰਗ), ਹਰਜੀਤ ਸਿੰਘ ਸੰਧੂ (ਜ਼ਿਲ੍ਹਾ ਪ੍ਰਧਾਨ ਬੀ ਜੇ ਪੀ), ਰੁਪਿੰਦਰ ਕੌਰ ਸੰਧੂ (ਇੰਪਰੂਵਮੈਂਟ ਟਰੱਸਟ ਚੇਅਰਪਰਸਨ),ਮੰਜੂ ਵਰਮਾ (ਆਮ ਆਦਮੀ ਪਾਰਟੀ), ਅਨੀਤਾ ਵਰਮਾ (ਬੀ ਜੇ ਪੀ), ਸੁਰਜੀਤ ਅਹੂਜਾ (ਰਾਧਾ ਕ੍ਰਿਸ਼ਨ ਕੀਰਤਨ ਮੰਡਲ), ਨਰੇਸ਼ ਮਰਵਾਹਾ (ਸੇਵਾ ਭਾਰਤੀ), ਰਾਜਵੀਰ ਸਿੰਘ ਭੁੱਲਰ (ਪੰਚਾਇਤੀ ਰਾਜ ਕਾਂਗਰਸ), ਲਖਵਿੰਦਰ ਸਿੰਘ ਢਿੱਲੋਂ (ਕਾਂਗਰਸ), ਸਾਹਿਬ ਸਿੰਘ (ਐਮ ਸੀ ਮੁਰਾਦਪੁਰਾ) ਅਤੇ ਮਨਪ੍ਰੀਤ ਸਿੰਘ ਸੰਧੂ ਨੇ ਹਾਜ਼ਰੀ ਲਗਵਾਈ। ਅੰਤ ਵਿੱਚ ਹਾਜ਼ਰ ਸੰਗਤ ਨੇ ਲੰਗਰ ਪ੍ਰਸ਼ਾਦ ਦਾ ਆਨੰਦ ਮਾਣਿਆ।



# ਲੋਕ ਭਲਾਈ ਮੰਚ ਨੇ ਮਨਾਇਆ ਆਜ਼ਾਦੀ ਦਿਹਾੜਾ

**ਅੰਮ੍ਰਿਤਸਰ (ਜਸਬੀਰ ਸਿੰਘ, ਕੰਵਲਜੀਤ ਸਿੰਘ)**- ਲੋਕ ਭਲਾਈ ਮੰਚ ਪੰਜਾਬ ਵੱਲੋਂ ਕੱਚੀ ਮਿੱਟੀ ਰੋਡ ਏਕਤਾ ਨਗਰ ਢਪੱਈ, ਮੰਚ ਦੇ ਮੁੱਖ ਦਫਤਰ ਵਿਖੇ ਦੇਸ਼ ਦਾ 79ਵਾਂ ਆਜ਼ਾਦੀ ਦਿਵਸ ਵਿਸ਼ਾਲ ਕੁਮਾਰ ਸਿੱਧਰਾ ਦੀ ਪ੍ਰਧਾਨਗੀ ਹੇਠ ਮੀਨਾਰ ਕਰਕੇ ਤੇ ਤਿਰੰਗਾ ਝੰਡਾ ਲਹਿਰਾ ਕੇ ਮਨਾਇਆ ਗਿਆ। ਇਸ ਮੌਕੇ ਵਿਸ਼ਾਲ ਬਲਬੀਰ ਸਿੰਘ ਝਾਮਕਾ ਸੂਬਾਈ ਪ੍ਰਧਾਨ, ਮਾਸਟਰ ਸੁਖਦੇਵ ਸਿੰਘ, ਨਿਰਵੈਲ ਸਿੰਘ ਢਪੱਈ, ਖਜ਼ਾਨਚੀ ਲਾਲ, ਕੁਲਦੀਪ ਸਿੰਘ ਦਸਮੇਸ਼ ਨਗਰ, ਮਾਸਟਰ ਅਵਤਾਰ ਸਿੰਘ, ਕਸ਼ਮੀਰ ਸਿੰਘ ਢਪੱਈ, ਕੁਲਦੀਪ ਸਿੰਘ ਹਰੀਪੁਆਰਾ ਤੇ ਗੁਰਮੁਖ ਸਿੰਘ ਸ਼ੇਰਗਿੱਲ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮੇਂ ਉਪਰੋਕਤ ਤੋਂ ਇਲਾਵਾ ਤੀਰਥ ਰਾਮ, ਮਨੇਸ਼ ਕੁਮਾਰ, ਰਣਜੀਤ ਸਿੰਘ ਰਾਣਾ, ਅਮਰੀਕ ਸਿੰਘ ਗਿੱਲ, ਬਲਦੇਵ ਸਿੰਘ, ਅਸ਼ਵਨੀ ਕੁਮਾਰ ਰੋਡੇ ਸ਼ਾਹ, ਕੋਮਲ ਪ੍ਰੀਤ ਕੌਰ, ਪੂਜਾ, ਰਾਮਦੇਵ, ਅਮਰੀਕ ਸਿੰਘ, ਸੰਦੀਪ ਸਿੰਘ, ਕਿ ਸ਼ਨ ਲਾਲ, ਸਤਪਾਲ ਸਿੰਘ ਗਿੱਲ, ਜਗਦੀਸ਼ ਸਿੰਘ,ਜੀਤ ਲਾਲ, ਸ਼ਿੰਦਰ ਸਿੰਘ, ਅਸ਼ਵਨੀ ਕੁਮਾਰ ਏਕਤਾ ਨਗਰ, ਪ੍ਰਗਟ ਸਿੰਘ ਰੋਡੇਸ਼ਆਹ, ਜਗਦੀਸ਼ ਚੰਦਰ ਪ੍ਰੇਮ ਨਗਰ, ਜਸਪਾਲ ਤੇ ਕਿਸ਼ਨ ਕੁਮਾਰ ਆਦਿ ਵੀ ਹਾਜ਼ਰ ਸਨ।



# ਨਵੇਂ ਖੁੱਲ੍ਹੇ ਚਾਟ ਅੱਡਾ ਮੀਲ ਫੈਕਟਰੀ (ਰੈਸਟੋਰੈਂਟ) ਦਾ ਹਰਮੀਤ ਸਿੰਘ ਸੰਧੂ ਨੇ ਕੀਤਾ ਉਦਘਾਟਨ

**ਝਬਾਲ (ਮੱਖਣ ਮਨੋਜ)**- ਸ਼ਿਵਾਲਕ ਸਕੂਲ ਝਬਾਲ ਦੇ ਨਜ਼ਦੀਕ ਸਕੂਲ ਦੇ ਐਮ ਡੀ ਅਮਰਜੀਤ ਸਿੰਘ ਸੋਹਲ ਦੇ ਸਪੁੱਤਰ ਹੈਵਨਪਾਲ ਸਿੰਘ ਵਲੋਂ ਨਵੇਂ ਖੋਲ੍ਹੇ ਚਾਟ ਅੱਡਾ ਮੀਲ ਫੈਕਟਰੀ (ਰੈਸਟੋਰੈਂਟ) ਦਾ ਆਮ ਆਦਮੀ ਪਾਰਟੀ ਦੇ ਹਲਕਾ ਤਰਨ ਤਾਰਨ ਤੋਂ ਇੰਚਾਰਜ ਹਰਮੀਤ ਸਿੰਘ ਸੰਧੂ ਨੇ ਉਦਘਾਟਨ ਕੀਤਾ ਤੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਦੀ ਸੋਚ ਤਹਿਤ ਅੱਜ ਹੈਵਨਪਾਲ ਸਿੰਘ ਵਰਗੇ ਬੱਚੇ ਆਸਟ੍ਰੇਲੀਆ ਵਿਦੇਸ਼ੀ ਧਰਤੀ ਨੂੰ ਛੱਡ ਆਪਣੀ ਪੰਜਾਬ ਦੀ ਧਰਤੀ 'ਤੇ ਮਿਹਨਤ ਕਰਕੇ ਰੁਜ਼ਗਾਰ ਸ਼ੁਰੂ ਕਰਕੇ ਪੰਜਾਬ ਦੀ ਤਰੱਕੀ ਵਿੱਚ ਹਿੱਸਾ ਪਾਉਣ ਦੀ ਸ਼ੁਰੂਆਤ ਕੀਤੀ। ਇਸ ਮੌਕੇ ਅਮਰਜੀਤ ਸਿੰਘ ਸੋਹਲ ਨੇ ਦੱਸਿਆ ਕਿ ਚਾਟ ਅੱਡਾ ਮੀਲ ਫੈਕਟਰੀ ਵਿੱਚ ਸਪੈਸ਼ਲ ਤੌਰ 'ਤੇ ਚਾਟ, ਗੋਲਗੱਪੇ, ਭਟੂਰੇ ਛੋਲੇ ਤੇ ਵੱਖ ਵੱਖ ਪਕਵਾਨਾਂ ਸਮੇਤ ਸ਼ੁੱਧ ਖਾਣਾ ਮਿਲੇਗਾ। ਇਸ ਮੌਕੇ ਹਲਕਾ ਇੰਚਾਰਜ ਹਰਮੀਤ ਸਿੰਘ ਸੰਧੂ ਅਤੇ ਚੇਅਰਮੈਨ ਗੁਰਵਿੰਦਰ ਸਿੰਘ ਬਹਿੜਵਾਲ, ਪ੍ਰਸਿੱਧ ਗਾਇਕ ਸੁਰਜੀਤ ਭੁੱਲਰ ਨੂੰ ਅਮਰਜੀਤ ਸਿੰਘ ਸੋਹਲ, ਹੈਵਨਪਾਲ ਸਿੰਘ ਸੋਹਲ, ਸੋਨੂੰ ਸੋਹਲ ਨੇ ਸਨਮਾਨਤ ਕੀਤਾ।ਇਸ ਸਮੇਂ ਹਾਜ਼ਰ ਸ਼ਖਸੀਅਤਾਂ ਸਾਬਕਾ ਨਗਰ ਕੌਂਸਲ ਪ੍ਰਧਾਨ ਭੁਪਿੰਦਰ ਸਿੰਘ ਖੇੜਾ, ਰਾਜਬੀਰ ਸਿੰਘ ਸੰਧੂ, ਬਲਵਿੰਦਰ ਸਿੰਘ ਸੋਹਲ ਮੰਡੀ ਵਾਲੇ, ਸਾਬਕਾ ਚੇਅਰਮੈਨ ਲਖਬੀਰ ਸਿੰਘ ਬੁਰਜ, ਕਰਨਬੀਰ ਸਿੰਘ ਬੁਰਜ,ਮਹਾਬੀਰ ਸਿੰਘ ਬੁਰਜ, ਸੁਖਜਿੰਦਰ ਸਿੰਘ ਵਿੱਕੀ ਪੰਜਵੜ, ਸਾਬਕਾ ਸਰਪੰਚ ਜਗਬੀਰ ਸਿੰਘ ਪੰਜਵੜ, ਸਰਪੰਚ ਹਰਮੀਤ ਸਿੰਘ ਹੈਰੀ ਬੁਰਜ, ਸਰਪੰਚ ਸਾਧਾ ਸਿੰਘ ਗੱਗੋਬੂਆ, ਹਰਪ੍ਰੀਤ ਸਿੰਘ ਮੀਤੂ ਬੁਰਜ , ਸਾਬਕਾ ਸਰਪੰਚ ਯੋਧਬੀਰ ਸਿੰਘ, ਜਸਵਿੰਦਰ ਸਿੰਘ ਭੱਟੀ ਪੰਜਵੜ, ਆੜ੍ਹਤੀ ਹਰਦੀਪ ਸਿੰਘ ਪੰਜਵੜ, ਪਲਵਿੰਦਰ ਸਿੰਘ ਲਾਲੀ ਠੱਠੀਆਂ, ਸੁੱਖ ਮਾਹਣੇ, ਜਸਕਰਨ ਸਿੰਘ ਰਿੰਕੂ ਢਿੱਲੋਂ ਗੱਗੋਬੂਹਾ, ਨਿਰਮਲ ਸਿੰਘ ਗੱਗੋਬੂਹਾ, ਗੁਰਭੇਜ ਸਿੰਘ ਦੋਬਲੀਆ, ਸਰਪੰਚ ਜਤਿੰਦਰ ਸਿੰਘ ਬਘੇਲ ਸਿੰਘ ਵਾਲਾ, ਸੁਖਦੇਵ ਸਿੰਘ ਸ਼ਾਹ ਆੜ੍ਹਤੀ ਸੋਹਲ, ਹੈਪੀ ਦਿੱਲੀ ਆਦਿ ਹਾਜ਼ਰ ਸਨ।



# ਪੂਰੇ ਉਤਸ਼ਾਹ ਤੇ ਜੋਸ਼ ਨਾਲ ਮਨਾਇਆ ਆਜ਼ਾਦੀ ਦਿਵਸ ਸਮਾਗਮ

**ਬਟਾਲਾ (ਤਰਲੋਕ ਬੱਗਾ)**- ਆਜ਼ਾਦੀ ਦਿਵਸ ਸਮਾਗਮ ਬਟਾਲਾ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਸਰਕਾਰੀ ਬਹੁ-ਤਕਨੀਕੀ ਕਾਲਜ ਬਟਾਲਾ ਦੇ ਰਾਜੀਵ ਗਾਂਧੀ ਸਟੇਡੀਅਮ ਵਿਖੇ ਆਜ਼ਾਦੀ ਦਿਵਸ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਦੀ ਰਸਮ ਵਿਕਰਮਜੀਤ ਸਿੰਘ ਪਾਂਥੇ, ਐੱਸ.ਡੀ.ਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਅਦਾ ਕੀਤੀ। ਤਿਰੰਗਾ ਝੰਡਾ ਲਹਿਰਾਉਣ ਤੋਂ ਬਾਅਦ ਮੁੱਖ ਮਹਿਮਾਨ ਵਿਕਰਮਜੀਤ ਸਿੰਘ ਪਾਂਥੇ ਨੇ ਪਰੇਡ ਦਾ ਮੁਆਇਨਾ ਕੀਤਾ। ਇਸ ਉਪਰੰਤ ਐੱਸ.ਆਈ. ਸਕੱਤਰ ਸਿੰਘ ਦੀ ਅਗਵਾਈ ਹੇਠ ਪੰਜਾਬ ਪੁਲਸ ਦੇ ਜਵਾਨਾਂ, ਮਹਿਲਾ ਪੁਲਸ, ਪੰਜਾਬ ਹੋਮਗਾਰਡ ਦੇ ਜਵਾਨਾਂ ਅਤੇ ਐਨ.ਸੀ.ਸੀ 22 ਪੰਜਾਬ ਬਟਾਲੀਅਨ ਕੈਡਿਟਸ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ। ਉਨ੍ਹਾ ਬਟਾਲਾ ਵਾਸੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਸਮਾਗਮ ਦੀ ਮੁਬਾਰਕਬਾਦ ਦਿੱਤੀ ਤੇ ਕਿਹਾ ਕਿ 30 ਅਗਸਤ ਨੂੰ ਬਟਾਲਾ ਵਿਖੇ ਪੂਰੇ ਉਤਸ਼ਾਹ ਨਾਲ ਬਾਬਾ ਜੀ ਦਾ ਵਿਆਹ ਪੁਰਬ ਸਮਾਗਮ ਮਨਾਇਆ ਜਾਵੇਗਾ। ਵਿਆਹ ਪੁਰਬ ਸਮਾਗਮ ਨੂੰ ਮੁੱਖ ਰੱਖਦਿਆਂ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਪ੍ਰਸ਼ਾਸਨ ਪੱਬਾਂ ਭਾਰ ਹੈ । ਉਨ੍ਹਾਂ ਕਿਹਾ ਕਿ ਮੈਂ ਭਾਰਤ ਦੇ ਸਾਰੇ ਮਹਾਨ ਸ਼ਹੀਦਾਂ ਨੂੰ ਕੋਟਿਨ-ਕੋਟਿ ਪ੍ਰਣਾਮ ਕਰਦਾ ਹੋਇਆ ਪੰਜਾਬ ਅਤੇ ਦੇਸ਼ ਦੀ ਖੁਸ਼ਹਾਲੀ ਅਤੇ ਤਰੱਕੀ ਦੀ ਕਾਮਨਾ ਕਰਦਾ ਹਾਂ। ਇਸ ਮੌਕੇ ਆਜ਼ਾਦੀ ਦਿਵਸ ਸਮਾਗਮ ਦੌਰਾਨ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵਲੋਂ ਦੇਸ਼ ਭਗਤੀ ਤੇ ਆਧਾਰਤ ਖੂਬਸੂਰਤ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਉਪਰੰਤ ਮੁੱਖ ਮਹਿਮਾਨ ਵਲੋਂ ਆਜ਼ਾਦੀ ਘੁਲਾਟੀਆਂ ਦੇ ਪਰਵਾਰਕ ਮੈਂਬਰਾਂ ਨੂੰ ਸਨਮਾਨਤ ਕੀਤਾ ਗਿਆ ਅਤੇ ਲੋੜਵੰਦ ਮਹਿਲਾਵਾਂ ਨੂੰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ ਵਲੋਂ ਭੇਜੀਆਂ ਸਿਲਾਈ ਮਸ਼ੀਨਾਂ ਵੀ ਵੰਡੀਆਂ ਗਈਆਂ। ਇਸ ਮੌਕੇ ਐਸ.ਡੀ.ਐਮ ਦਫਤਰ ਬਟਾਲਾ ਵਲੋਂ ਬੱਚਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ ਅਤੇ ਸਹਾਰਾ ਕਲੱਬ ਬਟਾਲਾ ਵਲੋਂ ਵੀ ਛਬੀਲ ਵਰਤਾਈ ਗਈ।ਆਜ਼ਾਦੀ ਦਿਵਸ ਸਮਾਗਮ ਵਿੱਚ ਰਵੀਪਾਲ ਸਿੰਘ ਐਡੀਸ਼ਨਲ ਸਿਵਲ ਜੱਜ, ਸੀਨੀਅਰ ਡਵੀਜ਼ਨ ਬਟਾਲਾ, ਗਗਨਦੀਪ ਸਿੰਘ, ਦਵਿੰਦਰ ਸਿੰਘ, ਮੈਡਮ ਮਹਿਕ ਪੁਰੀ, ਕੁਮਾਲ ਲਾਂਬਾ, ਮੈਡਮ ਬਲਜਿੰਦਰ ਕੌਰ, ਮੈਡਮ ਸ਼ਿਵਾਨੀ ਅਤੇ ਮੈਡਮ ਮਿਨਾਕਸ਼ੀ (ਸਾਰੇ ਸਿਵਲ ਜੱਜ ਜੀਨੀਅਰ ਡਵੀਜ਼ਨ), ਮੈਡਮ ਨਵਨੀਤ ਜਸਵਾਲ, ਲੈਫਟੀਨੈਂਟ ਕਰਨਲ ਐਨ.ਸੀ.ਸੀ 22 ਪੰਜਾਬ ਬਟਾਲੀਅਨ, ਅੰਮ੍ਰਿਤ ਕਲਸੀ ਭਰਾ ਵਿਧਾਇਕ ਸ਼ੈਰੀ ਕਲਸੀ, ਅਰਜਨ ਸਿੰਘ ਗਰੇਵਾਲ ਤਹਿਸੀਲਦਾਰ ਬਟਾਲਾ, ਨਿਤਿਨ ਸਹੋਤਾ ਨਾਇਬ ਤਹਿਸੀਲਦਾਰ, ਸਤਨਾਮ ਸਿੰਘ ਨਾਇਬ ਤਹਿਸੀਲਦਾਰ ਕਾਦੀਆਂ, ਵਿਨੋਦ ਮਹਿਤਾ ਨਾਇਬ ਤਹਿਸੀਲਦਾਰ ਸ੍ਰੀ ਹਰਗੋਬਿੰਦਪੁਰ ਸਾਹਿਬ, ਡੀ.ਐੱਸ.ਪੀ.(ਸਿਟੀ) ਸੰਜੀਵ ਕੁਮਾਰ, ਡੀ.ਐਸ.ਪੀ ਰਾਜੇਸ਼ ਕੱਕੜ, ਐਡਵੋਕੈਟ ਗੁਰਦੀਪ ਸਿੰਘ ਰੰਧਾਵਾ, ਪ੍ਰਧਾਨ ਬਾਰ ਐਸੋਸੀਏਸ਼ਨ ਬਟਾਲਾ, ਬਲਬੀਰ ਸਿੰਘ ਬਿੱਟੂ ਸੀਨੀਅਰ ਆਗੂ, ਐਮ.ਸੀ ਬਲਵਿੰਦਰ ਸਿੰਘ ਮਿੰਟਾ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।



# ਐਸ ਡੀ ਐਮ ਆਦਿੱਤਿਆ ਸ਼ਰਮਾ ਨੇ ਡੇਰਾ ਬਾਬਾ ਨਾਨਕ ਵਿਖੇ ਲਹਿਰਾਇਆ ਕੌਮੀ ਝੰਡਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿਖੇ ਦੇਸ਼ ਦਾ 79ਵਾਂ ਅਜ਼ਾਦੀ ਦਿਹਾੜਾ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਡਾਕਟਰ ਆਦਿੱਤਿਆ ਸ਼ਰਮਾ ਐਸ ਡੀ ਐਮ ਡੇਰਾ ਬਾਬਾ ਨਾਨਕ ਅਤੇ ਆਮ ਆਦਮੀ ਪਾਰਟੀ ਦੇ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੇ ਸਮਾਗਮ ਵਾਲੀ ਜਗ੍ਹਾ 'ਤੇ ਪਹੁੰਚਣ 'ਤੇ ਵੱਖ-ਵੱਖ ਮਹਿਕਮਿਆਂ ਦੇ ਅਧਿਕਾਰੀਆਂ ਵੱਲੋਂ ਫੁੱਲਾਂ ਦੇ ਬੁੱਕੇ ਭੇਟ ਕਰਕੇ ਉਨ੍ਹਾ ਦਾ ਨਿੱਘਾ ਸਵਾਗਤ ਕੀਤਾ ਗਿਆ। ਉਪਰੰਤ ਐਸ ਡੀ ਐਮ ਡਾਕਟਰ ਆਦਿੱਤਿਆ ਸ਼ਰਮਾ ਨੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਤਿਰੰਗੇ ਝੰਡੇ ਨੂੰ ਸਲਾਮੀ ਦਿੱਤੀ ਗਈ । ਇਸ ਮੌਕੇ ਪੰਜਾਬ ਪੁਲਸ ਦੇ ਜਵਾਨਾਂ ਸਮੇਤ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਕੌਮੀ ਝੰਡੇ ਨੂੰ ਸਲਾਮੀ ਦਿੰਦੇ ਹੋਏ ਮਾਰਚ ਪਾਸ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਨੂੰ ਮਾਣ ਹੈ ਕਿ ਦੇਸ਼ ਦੇ ਆਜ਼ਾਦੀ ਸੰਘਰਸ਼ ਦੌਰਾਨ ਪੰਜਾਬੀਆਂ ਨੇ ਸਭ ਤੋਂ ਜ਼ਿਆਦਾ ਕੁਰਬਾਨੀਆਂ ਦਿੱਤੀਆਂ ਹਨ।ਇਸ ਮੌਕੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਹਲਕਾ ਡੇਰਾ ਬਾਬਾ ਨਾਨਕ ਵਾਸੀਆਂ ਨੂੰ 79ਵੇਂ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ । ਇਸ ਮੌਕੇ ਸਮਾਗਮ ਦੌਰਾਨ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਦਾ ਪ੍ਰਸਿੱਧ ਲੋਕ ਨਾਚ ਗਿੱਧਾ, ਭੰਗੜਾ, ਗੱਤਕਾ ਅਤੇ ਕੋਰਿਓਗ੍ਰਾਫ਼ੀ ਪੇਸ਼ ਕਰਕੇ ਆਜ਼ਾਦੀ ਦਿਹਾੜੇ ਤੇ ਖ਼ੂਬ ਰੌਣਕਾਂ ਲਾਈਆਂ ਗਈਆਂ। ਉਪਰੰਤ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਐਸ ਡੀ ਐਮ ਆਦਿੱਤਿਆ ਸ਼ਰਮਾ,ਤਹਿਸੀਲਦਾਰ ਲਛਮਣ ਸਿੰਘ, ਡੀ ਐਸ ਪੀ ਜੋਗਾ ਸਿੰਘ, ਬੀ ਡੀ ਪੀ ਓ ਮੈਡਮ ਜਸਬੀਰ ਕੌਰ, ਸੀ ਡੀ ਪੀ ਓ ਮੈਡਮ ਕਮਲਜੀਤ ਕੌਰ ਵੱਲੋਂ ਸਮਾਗਮ ਵਿੱਚ ਭਾਗ ਲੈਣ ਵਾਲੇ ਸਕੂਲਾਂ ਦੇ ਵਿਦਿਆਰਥੀਆਂ, ਸੁਤੰਤਰਤਾ ਸੰਗਰਾਮੀਆਂ, ਪੱਤਰਕਾਰ ਭਾਈਚਾਰੇ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਪ੍ਰਸ਼ੰਸਾ ਪੱਤਰ, ਸਨਮਾਨ ਚਿੰਨ੍ਹ ਤੇ ਮਠਿਆਈਆਂ ਦੇ ਡੱਬੇ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।



# ਬੱਸਾਂ ਕਸਬਾ ਸੈਲਾ ਖ਼ੁਰਦ 'ਚ ਨਾ ਰੁਕਣ 'ਤੇ ਸਵਾਰੀਆਂ 'ਚ ਭਾਰੀ ਰੋਸ

**ਗੁਰਦਾਸਪੁਰ (ਜਨਕ ਮਹਾਜਨ)**- ਦੀਨਾਨਗਰ ਤੋਂ ਚੰਡੀਗੜ੍ਹ ਵਾਇਆ ਗੁਰਦਾਸਪੁਰ, ਹੁਸ਼ਿਆਰਪੁਰ ਜਾਣ ਵਾਲੀ ਸੀ.ਟੀ.ਯੂ. ਦੀਆਂ ਬੱਸਾਂ ਵਲੋਂ ਰਸਤੇ ਵਿਚ ਪੈਂਦੇ ਵੱਡੇ ਕਸਬਿਆਂ ਦੀਆਂ ਸਵਾਰੀਆਂ ਨਾ ਬਿਠਾਉਣ ਕਾਰਨ ਲੋਕਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕੁਝ ਲੋਕਾਂ ਨੇ ਦੱਸਿਆ ਕਿ ਉਹ ਅਕਸਰ ਹੀ ਗੁਰਦਾਸਪੁਰ ਤੋਂ ਸੈਲਾ ਖੁਰਦ ਆਉਂਦੇ-ਜਾਂਦੇ ਰਹਿੰਦੇ ਹਨ ਜੋ ਕਿ ਹੁਸ਼ਿਆਰਪੁਰ ਤੋਂ ਲਗਭਗ 30 ਕਿਲੋਮੀਟਰ ਅੱਗੇ ਤਿੱਬੜੀ ਕੈਂਟ, ਪੁਰਾਣਾ ਸ਼ਾਲਾ, ਨੌਸ਼ਹਿਰਾ ਪੱਤਣ, ਮੁਕੇਰੀਆਂ, ਮਹਿਲਪੁਰ, ਗੜ੍ਹਸ਼ੰਕਰ ਸੜਕ ਵਿਚਕਾਰ ਪੈਂਦਾ ਹੈ। ਉਥੇ ਜਾਣ ਵਾਸਤੇ ਜਦ ਵੀ ਸੀ.ਟੀ.ਯੂ. ਦੀ ਬੱਸ ਵਿਚ ਸਵਾਰ ਹੋਣ ਦੀ ਕੋਸ਼ਿਸ਼ ਕਰਦੇ ਹਨ ਤਾਂ ਬੱਸ ਕੰਡਕਟਰ ਰਸਤੇ ਦੀ ਸਵਾਰੀ ਨਹੀਂ ਬਿਠਾਉਂਦੇ। ਇਸ ਤਰ੍ਹਾਂ ਜਦ ਉਹ ਸੈਲਾ ਖੁਰਦ ਤੋਂ ਗੁਰਦਾਸਪੁਰ ਆਉਣਾ ਚਾਹੁੰਦੇ ਹਨ ਤਾਂ ਸੀ.ਟੀ.ਯੂ. ਬੱਸਾਂ ਉੱਥੇ ਨਹੀਂ ਰੁਕਦੀਆਂ। ਸੀ.ਟੀ.ਯੂ. ਬੱਸਾਂ ਵਾਲੇ ਸੈਲਾ ਖੁਰਦ ਦੀ ਸਵਾਰੀ ਨਹੀਂ ਬਿਠਾਉਂਦੇ ਜਿਸ ਕਾਰਨ ਲੰਬੇ ਸਫਰ ਵਾਲੀਆਂ ਸਵਾਰੀਆਂ ਨੂੰ ਕਾਫੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਲੋਕਾਂ ਦੀ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਪਾਸੋਂ ਮੰਗ ਹੈ ਕਿ ਸੀ.ਟੀ.ਯੂ. ਦੀਆਂ ਜਿਹੜੀਆਂ ਬੱਸਾਂ ਦੀਨਾਨਗਰ ਤੋਂ ਚੰਡੀਗੜ੍ਹ ਨੂੰ ਵਾਇਆ ਗੁਰਦਾਸਪੁਰ ਆਉਂਦੀਆਂ-ਜਾਂਦੀਆਂ ਹਨ, ਉਨ੍ਹਾਂ ਨੂੰ ਸੈਲਾ ਖੁਰਦ ਕਸਬੇ ਤੋਂ ਸਵਾਰੀਆਂ ਬਿਠਾਣ ਅਤੇ ਉਤਾਰਨ ਦੀਆਂ ਹਦਾਇਤਾਂ ਕੀਤੀਆਂ ਜਾਣ ਤਾਂ ਜੋ ਲੰਬੇ ਸਫਰ ਵਾਲੀਆਂ ਸਵਾਰੀਆਂ ਨੂੰ ਬੱਸਾਂ ਵਾਰ-ਵਾਰ ਬਦਲਣ ਦੀ ਤਕਲੀਫ ਤੋਂ ਜਿੱਥੇ ਨਿਜਾਤ ਮਿਲ ਸਕੇ। ਉਨ੍ਹਾਂ ਮੰਗ ਕੀਤੀ ਕਿ ਬੱਸਾਂ ਦੀ ਗਿਣਤੀ ਵਧਾਈ ਜਾਵੇ। ਲੋਕਾਂ ਵਲੋਂ ਸੀ.ਟੀ.ਯੂ. ਦੇ ਚੰਡੀਗੜ੍ਹ ਸਥਿਤ ਉੱਚ ਅਧਿਕਾਰੀਆਂ ਨੂੰ ਵੀ ਜ਼ਰੂਰੀ ਕਾਰਵਾਈ ਕਰਨ ਦੀ ਅਪੀਲ ਕੀਤੀ ਗਈ। ਇਸ ਸਬੰਧੀ ਡਿਊਟੀ ਇੰਚਾਰਜ ਸੰਜੇ ਠਾਕੁਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਯਕੀਨ ਦਿਵਾਇਆ ਕਿ ਉਹ ਅਗਾਂਹ ਤੋਂ ਆਪਣੇ ਬੱਸ ਅਪ੍ਰੇਟਰਾਂ ਨੂੰ ਸੈਲਾ ਖੁਰਦ ਵਿਖੇ ਸਵਾਰੀਆਂ ਉਤਾਰਨ ਅਤੇ ਚੜ੍ਹਾਉਣ ਲਈ ਹਦਾਇਤਾਂ ਜਾਰੀ ਕਰਨਗੇ।



# ਪ੍ਰਤਾਪ ਵਰਲਡ ਸਕੂਲ ਪਠਾਨਕੋਟ ਨੇ ਮਨਾਇਆ ਸੁਤੰਤਰਤਾ ਦਿਵਸ



**ਪਠਾਨਕੋਟ (ਦਵਿੰਦਰ ਸਿੰਘ)**- ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਨੇ ਭਾਰਤ ਦਾ 79ਵਾਂ ਸੁਤੰਤਰਤਾ ਦਿਵਸ ਵੱਡੇ ਉਤਸ਼ਾਹ, ਏਕਤਾ ਅਤੇ ਗਰਵ ਨਾਲ ਮਨਾਇਆ। ਕਾਰਜਕ੍ਰਮ ਦੀ ਸ਼ੁਰੂਆਤ ਸਕੂਲ ਪ੍ਰਬੰਧਨ ਦੁਆਰਾ ਰਾਸ਼ਟਰੀ ਝੰਡਾ ਫਹਿਰਾਉਣ ਅਤੇ ਸਮੂਹਿਕ ਰੂਪ ਵਿੱਚ ਰਾਸ਼ਟਰਗਾਨ ਗਾਉਣ ਨਾਲ ਹੋਈ । ਝੰਡਾ ਫਹਿਰਾਉਣ ਤੋਂ ਬਾਅਦ ਵਿਦਿਆਰਥੀਆਂ ਨੇ ਰੰਗਾਰੰਗ ਸੱਭਿਆਚਾਰਕ ਪੇਸ਼ਕਾਰੀਆਂ ਕੀਤੀਆਂ । ਜੋਸ਼ੀਲੇ ਸਮੂਹ ਨਾਚਾਂ ਨੇ ਭਾਰਤ ਦੀ ਸੱਭਿਆਚਾਰਕ ਵਿਭਿੰਨਤਾ ਨੂੰ ਦਰਸਾਇਆ, ਜਦੋਂ ਕਿ ਸਮੂਹ ਗਾਇਨ ਨੇ ਰਾਸ਼ਟਰੀ ਗਰਵ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ। ਫੈਂਸੀ ਡ੍ਰੈਸ ਮੁਕਾਬਲੇ ਨੇ ਕਾਰਜਕ੍ਰਮ ਵਿੱਚ ਰੰਗ ਅਤੇ ਆਕਰਸ਼ਣ ਭਰ ਦਿੱਤਾ। ਇਸ ਮੌਕੇ ਡਾਇਰੈਕਟਰ ਸੰਨੀ ਮਹਾਜਨ ਨੇ ਕਿਹਾ ਕਿ ਸੁਤੰਤਰਤਾ ਦਿਵਸ ਸਿਰਫ਼ ਆਜ਼ਾਦੀ ਦਾ ਜਸ਼ਨ ਨਹੀਂ, ਬਲਕਿ ਇਹ ਸਾਨੂੰ ਸਾਡੇ ਦੇਸ਼ ਪ੍ਰਤੀ ਸਾਡੀਆਂ ਜ਼ਿੰਮੇਵਾਰੀਆਂ ਦੀ ਯਾਦ ਦਿਵਾਉਂਦਾ ਹੈ।ਪ੍ਰਿੰਸੀਪਲ ਸੁਭਰਾ ਰਾਣੀ ਨੇ ਕਿਹਾ ਕਿ ਇਸ ਤਰ੍ਹਾਂ ਦੇ ਕਾਰਜਕ੍ਰਮ ਨਾ ਸਿਰਫ਼ ਦੇਸ਼ ਭਗਤੀ ਦੀ ਭਾਵਨਾ ਜਗਾਉਂਦੇ ਹਨ, ਸਗੋਂ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਵਕਤਾ ਕਲਾ ਅਤੇ ਟੀਮ ਭਾਵਨਾ ਦਾ ਵੀ ਵਿਕਾਸ ਕਰਦੇ ਹਨ।

# ਮਨੋਹਰ ਵਾਟਿਕਾ ਸਕੂਲ 'ਚ ਸੁਤੰਤਰਤਾ ਦਿਵਸ ਮਨਾਇਆ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਮਨੋਹਰ ਵਾਟਿਕਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ 79 ਵਾਂ ਸੁਤੰਤਰਤਾ ਦਿਵਸ ਮਨਾਇਆ ਗਿਆ। ਇਸ ਵਿੱਚ ਸ਼ਾਮਿਲ ਸਕੂਲੀ ਵਿਦਿਆਰਥੀਆਂ ਨੇ ਵੱਖ ਵੱਖ ਤਰ੍ਹਾਂ ਦੇ ਦੇਸ਼ ਭਗਤੀ ਦੇ ਗੀਤ ਗਾਏ ਅਤੇ ਵੱਖ ਵੱਖ ਤਰ੍ਹਾਂ ਦੀਆਂ ਆਇਟਮਾਂ ਪੇਸ਼ ਕੀਤਿਆਂ। ਇਸ ਮੌਕੇ ਸਕੂਲ ਦੇ ਡਾਇਰੈਕਟਰ ਡਾ. ਸੁਰੇਸ਼ ਕੁਮਾਰ ਨੇ ਤਿਰੰਗਾ ਲਹਿਰਾਇਆ। ਇਸ ਮੌਕੇ ਪੰਜਾਬ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ, ਸਰਦਾਰ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ ਅਤੇ ਹੋਰ ਆਜ਼ਾਦੀ ਘੁਲਾਟੀਆਂ ਵੱਲੋਂ ਸਮੇਂ-ਸਮੇਂ 'ਤੇ ਆਰੰਭੇ ਗਏ ਸੰਘਰਸ਼ਾਂ ਕਾਰਨ ਹੀ ਅੱਜ ਅਸੀਂ ਆਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ।ਸਕੂਲ ਵਲੋਂ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸਵਿਤਾ ਕਪੂਰ ਅਤੇ ਡੀਨ ਨਿਸ਼ਾ ਜੈਨ ਨੇ ਵਿਦਿਆਰਥੀਆਂ ਵਲੋਂ ਕੀਤੇ ਗਏ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ।

# ਸਬ ਇੰਸਪੈਕਟਰ ਸੁਰਿੰਦਰ ਪਾਲ ਸਿੰਘ ਨੇ ਥਾਣਾ ਪੁਰਾਣਾ ਸ਼ਾਲਾ ਦਾ ਚਾਰਜ ਸੰਭਾਲਿਆ

**ਗੁਰਦਾਸਪੁਰ (ਜਨਕ ਮਹਾਜਨ)**- ਸਬ ਇੰਸਪੈਕਟਰ ਸੁਰਿੰਦਰ ਪਾਲ ਸਿੰਘ ਨੇ ਬਤੌਰ ਥਾਣਾ ਮੁਖੀ ਥਾਣਾ ਪੁਰਾਣਾ ਸ਼ਾਲਾ ਦਾ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਯੁੱਧ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਤਹਿਤ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਪੁਲਸ ਮੁਖੀ ਅਦਿੱਤਿਆ ਗੁਰਦਾਸਪੁਰ ਦੀ ਯੋਗ ਅਗਵਾਈ ਹੇਠ ਇਲਾਕੇ ਅੰਦਰ ਨਸ਼ਿਆਂ ਵਿਰੁੱਧ ਛੇੜੀ ਗਈ ਮੁਹਿੰਮ ਨੂੰ ਹੋਰ ਤੇਜ਼ ਕਰਾਂਗੇ ਅਤੇ ਕਿਸੇ ਵੀ ਨਸ਼ਾ ਤਸਕਰ ਤੇ ਨਜਾਇਜ਼ ਸ਼ਰਾਬ ਦਾ ਧੰਦਾ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਮਾੜੇ ਧੰਦੇ ਨੂੰ ਰੋਕਣ ਵਿਚ ਪੁਲਸ ਦਾ ਸਹਿਯੋਗ ਕਰਨ ਅਤੇ ਇਲਾਕਿਆਂ ਅੰਦਰ ਕੋਈ ਵੀ ਸ਼ੱਕੀ ਵਿਅਕਤੀ ਘੁੰਮਦਾ ਨਜ਼ਰ ਆਉਂਦਾ ਹੈ ਤਾਂ ਇਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ। ਉਨ੍ਹਾਂ ਪੁਲਸ ਕਰਮਚਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਉਹ ਥਾਣੇ ਅੰਦਰ ਆਉਣ ਵਾਲੇ ਹਰੇਕ ਵਿਅਕਤੀ ਦਾ ਮਾਨ ਸਤਿਕਾਰ ਕਰਨ।



# ਅਨਿਲ ਬੌਬੀ ਨੇ ਲਹਿਰਾਇਆ ਰਾਸ਼ਟਰੀ ਝੰਡਾ

**ਅੰਮ੍ਰਿਤਸਰ (ਅਰੋੜਾ)**- ਮਹਾਨਗਰ ਦੇ ਪਤਵੰਤਿਆਂ ਅਤੇ ਬੁੱਧੀਜੀਵੀਆਂ ਦੇ ਸੰਗਠਨ ਨਾਲ ਜਾਣੇ ਜਾਂਦੇ ਰਾਮ ਬਾਗ ਸਥਿਤ ਅੰਮ੍ਰਿਤਸਰ ਕਲੱਬ ਵਿਖੇ ਸੁਤੰਤਰਤਾ ਦਿਵਸ ਬੜੇ ਹੀ ਵਿਧੀ ਵਿਧਾਨ ਦੇ ਨਾਲ ਮਨਾਇਆ ਗਿਆ। ਸਾਰੇ ਮੈਂਬਰਾਂ ਨੇ ਕਲੱਬ ਦੇ ਮੈਦਾਨ ਵਿਖੇ ਰਾਸ਼ਟਰੀ ਗਾਣ ਅਤੇ ਵੰਦੇ ਮਾਤਰਮ ਦੀ ਰਸਮ ਦੇ ਨਾਲ ਨਾਲ ਰਾਸ਼ਟਰੀ ਝੰਡਾ ਲਹਿਰਾਇਆ। ਝੰਡਾ ਲਹਿਰਾਉਣ ਦੀ ਰਸਮ ਕਲੱਬ ਦੇ ਸਕੱਤਰ ਅਨਿਲ ਬੌਬੀ ਦੀ ਵੱਲੋਂ ਨਿਭਾਈ ਗਈ। ਸਾਰੇ ਮੈਂਬਰਾਂ ਨੇ ਇੱਕ ਦੂਸਰੇ ਨੂੰ ਸੁਤੰਤਰਤਾ ਦਿਵਸ ਦੀ ਮੁਬਾਰਕਬਾਦ ਦਿੱਤੀ। ਸਮਾਗਮ ਵਿੱਚ ਸੰਯੁਕਤ ਸਕੱਤਰ ਰਾਜੂ ਬੱਤਰਾ, ਸੱਭਿਆਚਾਰਕ ਸਮਾਗਮ ਦੇ ਸਕੱਤਰ ਅਮਨ ਮੇਹਰਾ, ਸੀਨੀਅਰ ਮੈਂਬਰ ਰਾਜੇਸ਼ ਮੇਹਰਾ, ਵਿਜੇ ਨਈਅਰ, ਮਨਮੋਹਨ ਅਹੂਜਾ, ਰਜਿੰਦਰ ਸਿੰਘ, ਐਨ.ਐਸ ਚਾਵਲਾ, ਗੁਰਜੀਤ ਸਿੰਘ, ਸੁਰਿੰਦਰ ਨਾਥ ਕਪੂਰ, ਕੁਲਦੀਪ ਸਿੰਘ ਨਾਗੀ, ਕਲੱਬ ਦੇ ਮੈਨੇਜਰ ਮਨੀਸ਼ ਅਰੋੜਾ, ਸੀਨੀਅਰ ਮੈਂਬਰ ਅਨੂਪ ਕਪੂਰ, ਵਿਨੋਦ ਕੁਮਾਰ, ਰਵੀ ਕੁਮਾਰ ਸਮੇਤ ਕਲੱਬ ਦੇ ਕਈ ਮੈਂਬਰ ਮੌਜੂਦ ਸਨ।



# ਲੈਕਚਰਾਰ ਅਨਿਲ ਅੱਗਰਵਾਲ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਕੀਤਾ ਸਨਮਾਨਤ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਆਜ਼ਾਦੀ ਦਿਹਾੜੇ ਦੇ ਦਿਨ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਅਤੇ ਹਰਦੀਪ ਸਿੰਘ ਮੁੰਡੀਆਂ ਕੈਬਨਿਟ ਮੰਤਰੀ ਪੰਜਾਬ ਸਰਕਾਰ, ਹਲਕਾ ਇੰਚਾਰਜ ਰਮਨ ਬਹਿਲ, ਦਾ ਇੰਪਰੋਵੇਮੈਂਟ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਾਜੀਵ ਸ਼ਰਮਾ, ਜ਼ਿਲ੍ਹਾ ਪ੍ਰਧਾਨ ਅਤੇ ਪਲੇਨਿੰਗ ਯੋਜਨਾ ਬੋਰਡ ਗੁਰਦਾਸਪੁਰ ਜੋਬਨ ਰੰਧਾਵਾ ਜੀ ਡੀ ਸੀ ਗੁਰਦਾਸਪੁਰ ਅਤੇ ਐਸ ਐਸ ਪੀ ਵੱਲੋਂ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਝੰਡਾ ਲਹਿਰਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਵੱਖ ਵੱਖ ਸਕੂਲਾਂ ਤੋਂ ਆਏ ਬੱਚਿਆ ਵੱਲੋਂ ਆਪਣੇ ਹੁਨਰ ਪੇਸ਼ ਕੀਤੇ ਗਏ। ਇਸ ਮੌਕੇ ਅਨਿਲ ਅੱਗਰਵਾਲ ਲੈਕਚਰਾਰ ਕਾਮਰਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛੀਨਾ ਬੇਟ ਵਿਖੇ ਡਿਊਟੀ ਕਰ ਰਹੇ ਅਧਿਆਪਕ ਨੂੰ ਓਹਨਾਂ ਦੇ ਸਿੱਖਿਆ ਖੇਤਰ ਵਿੱਚ ਸ਼ਲਾਘਾਯੋਗ ਕੰਮ ਨੂੰ ਵੇਖਦੇ ਹੋਏ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਹਾੜੇ 'ਤੇ ਕੈਬਨਿਟ ਮੰਤਰੀ ਹਰਦੀਪ ਸਿੰਘ ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਜਿਸ ਨਾਲ ਸੰਬੰਧਤ ਸਕੂਲ ਅਤੇ ਸਮੁੱਚੇ ਇਲਾਕੇ ਦਾ ਨਾਂ ਅਤੇ ਮਾਣ ਵਿੱਚ ਵਾਧਾ ਹੋਇਆ ਹੈ।



# ਨੰਨ੍ਹੇ ਮੁੰਨੇ ਬੱਚਿਆਂ ਨੇ ਰਾਧਾ ਕ੍ਰਿਸ਼ਨ ਦੀ ਪੁਸ਼ਾਕ 'ਚ ਬਿਖੇਰਿਆ ਕਲਾ ਦਾ ਜਾਦੂ



**ਅੰਮ੍ਰਿਤਸਰ (ਅਰੋੜਾ)**- ਸੇਕਰੈਡ ਟਚ ਪਬਲਿਕ ਸਕੂਲ ਦੇ ਨੰਨ੍ਹੇ ਮੁੰਨੇ ਵਿਦਿਆਰਥੀਆਂ ਨੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਮੌਕੇ ਰੋਟਰੀ ਦੇ ਸਾਬਕਾ ਪ੍ਰਧਾਨ ਸਲਿਲ ਸਾਗਰ ਦੀ ਪ੍ਰਧਾਨਗੀ ਹੇਠ ਅਲੌਕਿਕ ਝਾਕੀਆਂ ਕੱਢੀਆਂ। ਮਹਾਨਗਰ ਦੇ ਬੁੱਧੀਜੀਵੀ ਸਮਾਜ ਸੇਵਕ ਐਡਵੋਕੇਟ ਗਿਆਨ ਸਾਗਰ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ। ਨੰਨ੍ਹੇ ਮੁੰਨ੍ਹੇ ਬੱਚਿਆਂ ਨੇ ਰਾਧਾ ਕ੍ਰਿਸ਼ਨ ਅਤੇ ਬਾਲ ਗਵਾਲਾਂ ਦੀਆਂ ਪੁਸ਼ਾਕਾਂ ਵਿੱਚ ਅਦਭੁਤ ਛਵੀ ਬਿਖੇਰੀ। ਪ੍ਰਿੰਸੀਪਲ ਸਲਿਲ ਸਾਗਰ ਨੇ ਵਿਦਿਆਰਥੀਆਂ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਦੇ ਜੀਵਨ 'ਤੇ ਆਧਾਰਿਤ ਕਈ ਤਰ੍ਹਾਂ ਦੀਆਂ ਗਾਥਾਵਾਂ ਸੁਣਾਈਆਂ। ਇਸ ਮੌਕੇ ਤੇ ਪ੍ਰਧਾਨ ਅਜੇ ਅਰੋੜਾ, ਵਾਈਸ ਪ੍ਰਿੰਸੀਪਲ ਪ੍ਰਤੀਕਸ਼ਾ ਅਰੋੜਾ, ਸਕੂਲ ਦੀ ਅਧਿਆਪਕ ਪਵਨਜੀਤ ਕੌਰ, ਗੁਰਮੀਤ ਕੌਰ, ਕੁਮਾਰੀ ਅਨੂ ਸਹਿਤ ਸਕੂਲ ਕਮੇਟੀ ਅਤੇ ਸਟਾਫ਼ ਮੈਂਬਰ ਮੌਜੂਦ ਸਨ।

# ਏ ਜੀ ਸੀ ਦੇ ਐਨ ਐੱਸ ਐੱਸ ਵਿੰਗ ਨੇ ਬੀ ਐਸ ਐੱਫ ਜਵਾਨਾਂ ਨਾਲ ਮਨਾਇਆ ਰੱਖੜੀ ਦਾ ਤਿਉਹਾਰ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਅੰਮ੍ਰਿਤਸਰ ਗਰੁੱਪ ਆਫ਼ ਕਾਲਜਿਜ਼ (ਏ ਜੀ ਸੀ) ਦੇ ਐਨ ਐਸ ਐਸ ਵਿੰਗ ਨੇ ਸਰਹੱਦੀ ਸੁਰੱਖਿਆ ਬਲ (ਬੀ ਐਸ ਐਫ) ਹੈੱਡਕੁਆਰਟਰ, ਅੰਮ੍ਰਿਤਸਰ ਵਿਖੇ ਉਤਸ਼ਾਹ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਰੱਖੜੀ ਦਾ ਸ਼ੁੱਭ ਤਿਉਹਾਰ ਮਨਾਇਆ। ਇਸ ਸਮਾਗਮ ਵਿੱਚ ਅਬਦੁਲ ਹਨਾਨ ਖਾਨ, 21/ਸੀ ਐਸ ਐਚ ਕਿਊ ਬੀ ਐਸ ਐਫ ਅੰਮ੍ਰਿਤਸਰ ਅਤੇ ਅਮਰ ਸੰਦੂ ਜੀ, ਡਿਪਟੀ ਕਮਾਂਡਰ, ਬੀ ਐਸ ਐਫ ਦੀ ਸਤਿਕਾਰਯੋਗ ਮੌਜੂਦਗੀ ਨੇ ਸ਼ਿਰਕਤ ਕੀਤੀ, ਜਿਨ੍ਹਾਂ ਨੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਦਾ ਨਿੱਘਾ ਸਵਾਗਤ ਕੀਤਾ।ਜਸ਼ਨ ਦੀ ਸ਼ੁਰੂਆਤ ਏ ਜੀ ਸੀ ਦੇ ਐਨ ਐਸ ਐਸ ਵਲੰਟੀਅਰਾਂ ਦੁਆਰਾ ਬਹਾਦਰ ਬੀ ਐਸ ਐਫ ਜਵਾਨਾਂ ਨੂੰ ਰਵਾਇਤੀ ਰੱਖੜੀ ਬੰਨ੍ਹਣ ਨਾਲ ਹੋਈ। ਇਕੱਠ ਨੂੰ ਸੰਬੋਧਨ ਕਰਦੇ ਹੋਏ ਅਬਦੁਲ ਹਨਾਨ ਖਾਨ ਨੇ ਏ ਜੀ ਸੀ ਦੇ ਐਨ ਐਸ ਐਸ ਵਿੰਗ ਦੁਆਰਾ ਕੀਤੇ ਗਏ ਉੱਤਮ ਇਸ਼ਾਰੇ ਦੀ ਸ਼ਲਾਘਾ ਕੀਤੀ ਅਤੇ ਨਾਗਰਿਕਾਂ ਅਤੇ ਹਥਿਆਰਬੰਦ ਬਲਾਂ ਵਿਚਕਾਰ ਏਕਤਾ ਨੂੰ ਉਤਸ਼ਾਹਿਤ ਕਰਨ ਅਤੇ ਭਾਵਨਾਤਮਕ ਬੰਧਨ ਨੂੰ ਮਜ਼ਬੂਤ ਕਰਨ ਵਿੱਚ ਅਜਿਹੇ ਉਪਰਾਲਿਆਂ ਦੀ ਮਹੱਤਤਾ ਨੂੰ ਉਜਾਗਰ ਕੀਤਾ।ਪ੍ਰੋਗਰਾਮ ਦੀ ਸਮਾਪਤੀ ਮਠਿਆਈਆਂ ਵੰਡਣ ਅਤੇ ਸਮੂਹ ਫੋਟੋਆਂ ਨਾਲ ਹੋਈ ।ਡਾ. ਗੌਰਵ ਤੇਜਪਾਲ ਪ੍ਰਿੰਸੀਪਲ ਏ ਜੀ ਸੀ ਨੇ ਐਨ ਐਸ ਐਸ ਵਲੰਟੀਅਰਾਂ ਦੀ ਉਨ੍ਹਾਂ ਦੇ ਦਿਲੋਂ ਕੀਤੇ ਇਸ਼ਾਰੇ ਲਈ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਸਤਿਕਾਰ, ਸ਼ੁਕਰਗੁਜ਼ਾਰੀ ਅਤੇ ਦੇਸ਼ ਭਗਤੀ ਦੀਆਂ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਦੀਆਂ ਹਨ – ਰੱਖੜੀ ਨੂੰ ਏਕਤਾ ਅਤੇ ਰਾਸ਼ਟਰੀ ਮਾਣ ਦੇ ਡੂੰਘੇ ਪ੍ਰਤੀਕ ਵਿੱਚ ਬਦਲਦੀਆਂ ਹਨ।





# ਯੋਗ ਸਾਧਨ ਆਸ਼ਰਮ ਵਿਖੇ ਸੁਤੰਤਰਤਾ ਦਿਵਸ ਧੂਮਧਾਮ ਨਾਲ ਮਨਾਇਆ

**ਅੰਮ੍ਰਿਤਸਰ (ਅਰੋੜਾ)**- ਪੂਰੇ ਦੇਸ਼ ਨੂੰ ਯੋਗਾ ਸ਼ਕਤੀ ਦੇ ਨਾਲ ਬਿਨਾਂ ਮੈਡੀਸਿਨ, ਬਿਨਾਂ ਕਿਸੇ ਆਪਰੇਸ਼ਨ ਅਤੇ ਬਿਨਾਂ ਡਾਕਟਰ ਦੀ ਸਹਾਇਤਾ ਦੇ ਜਟਿਲ ਤੋਂ ਜਟਿਲ ਰੋਗਾਂ ਦਾ ਇਲਾਜ ਕਰ ਰਹੇ ਯੋਗ ਸਾਧਨ ਆਸ਼ਰਮ ਛੇਹਰਟਾ ਵਿਖੇ ਸੁਤੰਤਰਤਾ ਦਿਵਸ ਰੋਟਰੀ ਦੇ ਸਾਬਕਾ ਪ੍ਰਧਾਨ ਸਮਾਜ ਸੇਵਕ ਅੰਦੇਸ਼ ਭੱਲਾ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ। ਸਮਾਗਮ ਵਿੱਚ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਵਾਰਡ ਨੰਬਰ 79 ਦੇ ਕੌਂਸਲਰ ਬੋਬੀ ਸ਼ਰਮਾ ਵੱਲੋਂ ਨਿਭਾਈ ਗਈ। ਇਸ ਸਾਦੇ ਸਮਾਗਮ ਵਿੱਚ ਖੇਤਰ ਦੇ ਕਈ ਪਤਵੰਤਿਆਂ ਅਤੇ ਵਿਅਕਤੀਆਂ ਨੇ ਭਾਗ ਲਿਆ। ਯੋਗ ਸਾਧਨ ਆਸ਼ਰਮ ਦੇ ਪ੍ਰਮੁੱਖ ਸਵਾਮੀ ਗੁਰਬਖਸ਼ ਰਾਏ ਨੇ ਸਾਰੇ ਯੋਗਾ ਪ੍ਰੇਮੀਆਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਗੁਰਸ਼ਰਨ ਸਿੰਘ, ਅਸ਼ਵਨੀ ਐਰੀ, ਹਰਦੀਪ ਸਿੰਘ, ਮਾਨ ਸਾਹਿਬ, ਸੰਜੀਵ ਕੁਮਾਰ, ਰਜਿੰਦਰ ਨਈਅਰ, ਰਾਜਨ ਗੁਪਤਾ ਅਤੇ ਖੇਤਰ ਦੇ ਪਤਵੰਤੇ ਅਤੇ ਵਿਅਕਤੀਆਂ ਨੇ ਭਾਗ ਲਿਆ।

# ਦਸਮੇਸ਼ ਹੈਰੀਟੇਜ ਸਕੂਲ 'ਚ ਮਨਾਇਆ 79ਵਾਂ ਆਜ਼ਾਦੀ ਦਿਵਸ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਹਲਕੇ ਦੀ ਮੰਨੀ ਪ੍ਰਮੰਨੀ ਸੰਸਥਾ ਦਸਮੇਸ਼ ਹੈਰੀਟੇਜ ਪਬਲਿਕ ਸਕੂਲ ਮਹਿਤਾ ਚੌਂਕ ਵਿਖੇ ਆਜ਼ਾਦੀ ਦਿਵਸ ਮਨਾਇਆ ਗਿਆ ।ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਬੜੇ ਹੀ ਉਤਸ਼ਾਹ ਨਾਲ ਹਿੱਸਾ ਪਾ ਕੇ ਆਪਣੀਆਂ ਜਾਨਾਂ ਕੁਰਬਾਨ ਕਰ ਚੁੱਕੇ ਸੁਤੰਤਰਤਾ ਸੰਗਰਾਮੀਆਂ ਨੂੰ ਯਾਦ ਕੀਤਾ ਗਿਆ । ਵਿਦਿਆਰਥੀਆਂ ਨੇ ਗੀਤ ਸੰਗੀਤ, ਕਵਿਤਾ, ਗਰੁੱਪ ਸੌਂਗ, ਗਰੁੱਪ ਡਾਂਸ, ਭਾਸ਼ਣ, ਕੋਰਿਓਗ੍ਰਾਫੀ ਆਦਿ ਰਾਹੀਂ ਦੇਸ਼ ਪ੍ਰੇਮ ਅਤੇ ਦੇਸ਼ ਭਗਤੀ ਦੇ ਭਾਵਾਂ ਨੂੰ ਪ੍ਰਗਟ ਕੀਤਾ।ਇਸ ਮੌਕੇ ਸੰਸਥਾ ਦੇ ਅਧਿਆਪਕਾਂ ਨੇ ਪੂਰੇ ਸਹਿਯੋਗ ਨਾਲ ਵੱਧ ਚੜ੍ਹ ਕੇ ਇਸ ਉਤਸਵ ਨੂੰ ਸਫਲ ਬਣਾਉਣ ਲਈ ਯੋਗਦਾਨ ਦਿੱਤਾ। ਸੰਸਥਾ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰਾਂ ਨੂੰ ਸਾਂਝਾ ਕੀਤਾ ਤੇ ਕਿਹਾ ਕਿ ਆਉਣ ਵਾਲੀ ਪੀੜ੍ਹੀ ਦੇ ਹੱਥ ਵਿੱਚ ਸਾਡੇ ਭਾਰਤ ਦਾ ਗੌਰਵਮਈ ਇਤਿਹਾਸ ਹੈ ਅਤੇ ਇਸ ਨੂੰ ਬਰਕਰਾਰ ਰੱਖਣਾ ਵੀ ਇਸ ਪੀੜ੍ਹੀ ਦਾ ਮੁੱਖ ਮਨੋਰਥ ਹੈ। ਸੰਸਥਾ ਦੇ ਡਾਇਰੈਕਟਰ ਮੈਡਮ ਹਰਪ੍ਰੀਤ ਕੌਰ ਵੱਲੋਂ ਸਕੂਲ ਦੇ ਬੱਚਿਆਂ ਨੂੰ ਦੇਸ਼ ਦੀ ਸੇਵਾ ਕਰਨ ਦੀ ਪ੍ਰੇਰਨਾ ਦਿੱਤੀ ।ਇਸ ਮੌਕੇ ਮੈ. ਹਰਪ੍ਰੀਤ ਕੌਰ (ਡਾਇਰੈਕਟਰ), ਮੈ. ਸੰਦੀਪ ਕੌਰ (ਪ੍ਰਿੰਸੀਪਲ) ਮੈ. ਪਲਵਿੰਦਰ ਕੌਰ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।



17-AUG-PAGE-4.qxd 8/16/2025 9:59 PM Page 1



# ਸੁਤੰਤਰਤਾ ਦਿਵਸ ਮੌਕੇ ਫ਼ਰੀਦਕੋਟ 'ਚ ਸੂਬਾ ਪੱਧਰੀ ਸਮਾਰੋਹ ਦੌਰਾਨ ਮੁੱਖ ਮੰਤਰੀ ਨੇ ਲਹਿਰਾਇਆ ਕੌਮੀ ਝੰਡਾ


ਫਰੀਦਕੋਟ


ਪਟਿਆਲਾ


ਸ੍ਰੀ ਮੁਕਤਸਰ ਸਾਹਿਬ


ਚੀਮਾ ਮੰਡੀ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ, ਗੁਰਪ੍ਰੀਤ ਸਿੰਘ ਬੇਦੀ)** : ਇੱਥੇ ਜਵਾਹਰ ਲਾਲ ਨਹਿਰੂ ਸਟੇਡੀਅਮ ਵਿਖੇ ਸੁਤੰਤਰਤਾ ਦਿਵਸ ਸਬੰਧੀ ਰਾਜ ਪੱਧਰੀ ਸਮਾਗਮ ਦੌਰਾਨ ਤਿਰੰਗਾ ਲਹਿਰਾਉਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਉਹ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾ ਕੇ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਦਾ ਸੰਕਲਪ ਲੈਣ ਤਾਂ ਕਿ ਖ਼ੁਸ਼ਹਾਲ ਤੇ ਗਤੀਸ਼ੀਲ ਰੰਗਲਾ ਪੰਜਾਬ ਬਣਾਇਆ ਜਾ ਸਕੇ।ਉਨ੍ਹਾਂ ਨੇ ਫ਼ਰੀਦਕੋਟ ਦੀ ਪਵਿੱਤਰ ਧਰਤੀ 'ਤੇ ਮਹਾਨ ਸੂਫ਼ੀ ਸੰਤ ਬਾਬਾ ਫ਼ਰੀਦ ਜੀ ਨੂੰ ਸ਼ਰਧਾ ਤੇ ਸਤਿਕਾਰ ਵੀ ਭੇਟ ਕੀਤਾ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਾਬਾ ਫ਼ਰੀਦ ਜੀ ਨੂੰ ਪੰਜਾਬੀ ਸਾਹਿਤ ਦਾ ਪਹਿਲਾ ਮਹਾਨ ਕਵੀ ਮੰਨਿਆ ਜਾਂਦਾ ਹੈ, ਕਿਉਂਕਿ ਉਨ੍ਹਾਂ ਆਮ ਲੋਕਾਂ ਦੀ ਭਾਸ਼ਾ ਵਿੱਚ ਆਪਣੀ ਗੱਲ ਆਖੀ।


ਮੁੱਖ ਮੰਤਰੀ ਨੇ ਕਿਹਾ ਕਿ ਭਾਰਤੀ ਆਜ਼ਾਦੀ ਸੰਗਰਾਮ ਵਿੱਚ ਪੰਜਾਬੀਆਂ ਦੀ ਵਿਲੱਖਣ ਤੇ ਬੇਮਿਸਾਲ ਭੂਮਿਕਾ ਜੱਗ ਜ਼ਾਹਰ ਹੈ।ਉਨ੍ਹਾਂ ਕਿਹਾ ਕਿ ਇਹ ਵੀ ਇਕ ਰਿਕਾਰਡ ਹੈ ਕਿ 80 ਫੀਸਦੀ ਤੋਂ ਵੱਧ ਮਹਾਨ ਦੇਸ਼ ਭਗਤ, ਜਿਨ੍ਹਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਜਾਂ ਕਿਸੇ ਨਾ ਕਿਸੇ ਰੂਪ ਵਿੱਚ ਬਰਤਾਨਵੀ ਸਾਮਰਾਜ ਦੇ ਜ਼ੁਲਮ ਦਾ ਸ਼ਿਕਾਰ ਹੋਏ, ਉਹ ਪੰਜਾਬੀ ਸਨ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਦੀਆਂ ਪੁਰਾਣੇ ਬ੍ਰਿਟਿਸ਼ ਸਾਮਰਾਜਵਾਦ ਨੂੰ ਜੜ੍ਹੋਂ ਪੁੱਟਣ ਲਈ ਚੱਲੀਆਂ ਸੁਤੰਤਰਤਾ ਸੰਗਰਾਮ ਨਾਲ ਸਬੰਧਤ ਜ਼ਿਆਦਾਤਰ ਲਹਿਰਾਂ ਦੀ ਅਗਵਾਈ ਬਹਾਦਰ ਪੰਜਾਬੀਆਂ ਨੇ ਕੀਤੀ।ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਸ਼ਹੀਦਾਂ ਤੇ ਧਰਤੀ ਮਾਂ ਦੇ ਸੱਚੇ ਸਪੂਤਾਂ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਦੀਵਾਨ ਸਿੰਘ ਕਾਲੇਪਾਣੀ, ਬਾਬਾ ਰਾਮ ਸਿੰਘ, ਸੋਹਣ ਸਿੰਘ ਭਕਨਾ ਤੇ ਕਈ ਹੋਰ ਅਣਗੌਲੇ ਨਾਇਕਾਂ ਨੇ ਆਜ਼ਾਦੀ ਦੇ ਅੰਤਮ ਟੀਚੇ ਦੀ ਪ੍ਰਾਪਤੀ ਲਈ ਆਪਣੇ ਖ਼ੂਨ ਦਾ ਕਤਰਾ-ਕਤਰਾ ਵਹਾ ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਆਜ਼ਾਦੀ ਸੰਗਰਾਮ ਦੀਆਂ ਵੱਖ-ਵੱਖ ਲਹਿਰਾਂ ਜਿਵੇਂ ਕਿ ਕੂਕਾ, ਗ਼ਦਰ, ਬੱਬਰ ਅਕਾਲੀ, ਕਿਸਾਨ, ਕਾਮਾ ਗਾਟਾ ਮਾਰੂ ਦੁਖਾਂਤ, ਜਲ੍ਹਿਆਂਵਾਲਾ ਬਾਗ ਕਤਲੇਆਮ, ਗੁਰਦੁਆਰਾ ਮੁਕਤੀ ਲਹਿਰ, ਜੈਤੋ ਮੋਰਚਾ ਤੇ ਪਰਜਾ ਮੰਡਲ ਲਹਿਰ ਵਿੱਚ ਮਹਾਨ ਯੋਧਿਆਂ ਦੁਆਰਾ ਦਿੱਤੀਆਂ ਗਈਆਂ ਕੁਰਬਾਨੀਆਂ ਸਾਡੀਆਂ ਨੌਜਵਾਨ ਪੀੜ੍ਹੀਆਂ ਵਿੱਚ ਦੇਸ਼ ਭਗਤੀ ਤੇ ਰਾਸ਼ਟਰਵਾਦ ਦੀ ਭਾਵਨਾ ਪੈਦਾ ਕਰਨ ਲਈ ਹਮੇਸ਼ਾ ਪ੍ਰੇਰਨਾ ਸਰੋਤ ਰਹਿਣਗੀਆਂ।ਭਗਵੰਤ ਸਿੰਘ ਮਾਨ ਨੇ ਦੁੱਖ ਪ੍ਰਗਟ ਕੀਤਾ ਕਿ ਜਦੋਂ ਦੇਸ਼ ਦਾ ਬਾਕੀ ਹਿੱਸਾ ਆਜ਼ਾਦੀ ਦਾ ਜਸ਼ਨ ਮਨਾ ਰਿਹਾ ਸੀ, ਉਦੋਂ ਵੀ ਪੰਜਾਬ ਇੱਕ ਹਿੰਸਕ ਵੰਡ ਦੇ ਭਿਆਨਕ ਦੌਰ ਵਿੱਚੋਂ ਲੰਘ ਰਿਹਾ ਸੀ, ਜਿਸ ਵਿੱਚ ਲੱਖਾਂ ਪੰਜਾਬੀਆਂ ਨੇ ਆਪਣੀਆਂ ਜਾਨਾਂ ਗੁਆਈਆਂ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਪਰੇਡ ਕਮਾਂਡਰ ਗਜ਼ਲਪ੍ਰੀਤ ਕੌਰ ਆਈ.ਪੀ.ਐੱਸ. ਦੀ ਅਗਵਾਈ ਵਿੱਚ ਬੀ.ਐੱਸ.ਐੱਫ., ਪੰਜਾਬ ਪੁਲਸ (ਪੁਰਸ਼ ਤੇ ਮਹਿਲਾ), ਪੰਜਾਬ ਆਰਮਡ ਪੁਲਸ, ਪੰਜਾਬ ਹੋਮ ਗਾਰਡ, ਰਾਜਸਥਾਨ ਆਰਮਡ ਪੁਲਸ, ਐੱਨ.ਸੀ.ਸੀ., ਪੀ.ਏ.ਪੀ. ਪਾਈਪ ਤੇ ਬ੍ਰਾਸ ਬੈਂਡ ਦੀਆਂ ਟੁਕੜੀਆਂ ਦੇ ਸ਼ਾਨਦਾਰ ਮਾਰਚ ਪਾਸਟ ਦੌਰਾਨ ਸਲਾਮੀ ਲਈ।ਇਸ ਮੌਕੇ ਉਦਯੋਗਿਕ ਪ੍ਰਮੋਸ਼ਨ, ਮਨਰੇਗਾ, ਮਾਰਕਫੈੱਡ, ਡੇਅਰੀ ਵਿਕਾਸ ਤੇ ਵੇਰਕਾ, ਆਮ ਆਦਮੀ ਕਲੀਨਿਕ (ਸਿਹਤ ਵਿਭਾਗ), ਫਸਲੀ ਵਿਭਿੰਨਤਾ, ਖੇਡਾਂ ਵਤਨ ਪੰਜਾਬ ਦੀਆਂ ਤੇ ਹੋਰ ਖੇਤਰਾਂ ਵਿੱਚ ਪ੍ਰਾਪਤੀਆਂ ਨੂੰ ਦਰਸਾਉਂਦੀਆਂ ਸੱਤ ਝਾਕੀਆਂ ਵੀ ਸਮਾਗਮ ਦੀ ਸ਼ੋਭਾ ਵਧਾ ਰਹੀਆਂ ਸਨ।ਇਸ ਤੋਂ ਪਹਿਲਾਂ ਇੱਕ ਰੰਗਾਰੰਗ ਪ੍ਰੋਗਰਾਮ, ਜਿਸ ਵਿੱਚ ਪੀ. ਟੀ. ਸ਼ੋਅ, ਟੈਂਟ ਪੈੱਗਿੰਗ, ਸਕੂਲੀ ਵਿਦਿਆਰਥੀਆਂ ਵੱਲੋਂ ਵੱਖ-ਵੱਖ ਵੰਨਗੀਆਂ, ਗਿੱਧਾ, ਭੰਗੜਾ ਤੇ ਸਕੂਲ ਤੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਹੋਰ ਲੋਕ ਨਾਚਾਂ ਨੇ ਦਰਸ਼ਕਾਂ ਨੂੰ ਮੰਤਰ-ਮੁਗਧ ਕਰ ਦਿੱਤਾ।ਇਸ ਮੌਕੇ ਮੁੱਖ ਮੰਤਰੀ ਨੇ ਸੁਤੰਤਰਤਾ ਸੈਨਾਨੀ ਨਿਹਾਲ ਸਿੰਘ, ਸੁਤੰਤਰਤਾ ਸੈਨਾਨੀਆਂ ਦੇ ਪਰਵਾਰਾਂ, ਕਾਰਗਿਲ ਜੰਗ ਦੇ ਨਾਇਕਾਂ ਤੇ ਸ਼ਹੀਦ ਸਿਪਾਹੀਆਂ ਦੇ ਪਰਵਾਰਾਂ ਦਾ ਵੀ ਸਨਮਾਨ ਕੀਤਾ।

**ਲੌਂਗੋਵਾਲ (ਪ੍ਰਦੀਪ ਸੱਪਲ)** : ਟੈਗੋਰ ਵਿਦਿਆਲਿਆ ਸਕੂਲ ਲੌਂਗੋਵਾਲ


ਲੌਂਗੋਵਾਲ

ਵਿੱਚ ਆਜ਼ਾਦੀ ਦਿਵਸ ਮਨਾਇਆ ਗਿਆ, ਜਿਸ ਦੌਰਾਨ ਆਜ਼ਾਦੀ ਦਿਵਸ ਦੇ ਸਬੰਧ ਵਿੱਚ ਸਕੂਲ ਵਿੱਚ ਸਪੈਸ਼ਲ ਅਸੈਂਬਲੀ ਕਰਵਾਈ ਗਈ।ਇਸ ਮੌਕੇ ਲਖਬੀਰ ਸਿੰਘ ਨੇ ਸਾਰਿਆਂ ਨੂੰ ਆਜ਼ਾਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ ਤੇ ਆਜ਼ਾਦੀ ਪ੍ਰਤੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਵਿਦਿਆਰਥੀਆਂ ਨੇ ਆਪਣੇ ਵਿਚਾਰ, ਕਵਿਤਾ ਨੂੰ ਪੇਸ਼ ਕੀਤਾ ਤੇ ਵਿਦਿਆਰਥੀਆਂ ਵੱਲੋਂ ਆਪਣੇ-ਆਪਣੇ ਝੰਡੇ ਲਹਿਰਾਏ ਗਏ। ਇਸ ਮੌਕੇ ਸਾਰਿਆਂ ਨੇ ਰਾਸ਼ਟਰੀ ਗਾਨ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।ਵਿਦਿਆਰਥੀਆਂ ਨੇ ਭੰਗੜਾ, ਗੀਤ ਤੇ ਦੇਸ਼ ਭਗਤੀ 'ਤੇ ਡਾਂਸ ਕੀਤੇ ਗਏ।ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਨੇ ਬੱਚਿਆਂ ਨੂੰ ਆਜ਼ਾਦੀ ਦਿਵਸ ਦੀ ਜਾਣਕਾਰੀ ਦਿੰਦੇ ਹੋਏ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਕੌਮੀ ਝੰਡੇ ਨੂੰ ਲਹਿਰਾਉਂਦੇ ਹੋਏ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ।

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ 79ਵਾਂ ਅਜ਼ਾਦੀ ਦਿਵਸ ਬੜੇ ਹੀ ਉਤਸ਼ਾਹ ਤੇ ਫ਼ਖ਼ਰ ਨਾਲ



ਪਟਿਆਲਾ

ਮਨਾਇਆ ਗਿਆ।ਜਦੋਂ ਵਿਦਿਆਰਥੀ ਸਵੇਰੇ ਸਕੂਲ ਦੇ ਗੇਟ ਅੰਦਰ ਦਾਖ਼ਲ ਹੋਏ ਤਾਂ ਉਨ੍ਹਾਂ ਦੇ ਹੱਥਾਂ ਵਿੱਚ ਤਿਰੰਗਾ ਝੰਡਾ ਦੇ ਕੇ ਸਵਾਗਤ ਕੀਤਾ ਗਿਆ।ਇਸ ਸਮਾਰੋਹ ਦੇ ਮੁੱਖ ਮਹਿਮਾਨ ਸ੍ਰ. ਆਲਮਜੀਤ ਸਿੰਘ ਧੂਰੀ ਤੇ ਸ੍ਰ. ਸ਼ੁਭਕਰਮਨ ਸਿੰਘ ਸਨ।ਪ੍ਰੋਗਰਾਮ ਦੀ ਸ਼ੁਰੂਆਤ ਧਾਰਮਿਕ ਸ਼ਬਦ ਨਾਲ ਕਰਦੇ ਹੋਏ ਸਕੂਲ ਦੇ ਚਾਰ ਹਾਊਸਾਂ ਦੇ ਵਿਦਿਆਰਥੀਆਂ ਵੱਲੋਂ ਮਾਰਚ ਪਾਸ ਕੀਤਾ ਗਿਆ ਅਤੇ ਸਕੂਲ ਪ੍ਰਬੰਧਕਾਂ ਤੇ ਅਧਿਆਪਕਾਂ ਵੱਲੋਂ ਤਿਰੰਗਾ ਲਹਿਰਾਇਆ ਗਿਆ।ਸਕੂਲ ਕੈਪਟਨ ਤੇ ਸਕੂਲ ਹੈੱਡ ਬੁਆਏ ਵੱਲੋਂ ਭਾਸ਼ਣ ਪੇਸ਼ ਕੀਤੇ ਗਏ, ਉਸ ਤੋਂ ਬਾਅਦ ਚਾਰ ਹਾਊਸ ਵਿੱਚ ਦੇਸ਼ ਭਗਤੀ ਗੀਤ ਮੁਕਾਬਲੇ ਕਰਵਾਏ ਗਏ।ਇਸ ਮੌਕੇ ਵੱਖ-ਵੱਖ ਗਤੀਵਿਧੀਆਂ ਜਿਵੇਂ ਮਾਸਕ ਮੇਕਿੰਗ, ਗਲਾਸ ਪੇਂਟਿੰਗ, ਪੋਟ ਪੇਂਟਿੰਗ, ਵਾਲੀਬਾਲ, ਰੱਸਾਕਸ਼ੀ ਤੇ ਹੋਰ ਖੇਡਾਂ ਵਿੱਚ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ।ਵਿਦਿਆਰਥੀਆਂ ਦਾ ਲੱਡੂ ਵੰਡ ਕੇ ਮੂੰਹ ਵੀ ਮਿੱਠਾ ਕਰਵਾਇਆ ਗਿਆ।ਪ੍ਰਿੰਸੀਪਲ ਮਮਤਾ ਮੱਕੜ, ਅਕਾਦਮਿਕ ਡਾਇਰੈਕਟਰ ਤੇਜਿੰਦਰ ਕੌਰ ਵਾਲੀਆ, ਮੁੱਖ ਮਹਿਮਾਨ ਆਲਮਜੀਤ ਸਿੰਘ ਤੇ ਸ਼ੁਭਕਰਮ ਸਿੰਘ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਆਜ਼ਾਦੀ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸਾਨੂੰ ਸੁਤੰਤਰਤਾ ਸੰਗਰਾਮੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ।

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)** : ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਨੇ ਆਪਣੇ ਕੈਂਪਸ ਵਿੱਚ ਭਾਰਤ ਦਾ 79ਵਾਂ ਆਜ਼ਾਦੀ ਦਿਵਸ ਦੇਸ਼


ਮੰਡੀ ਗੋਬਿੰਦਗੜ੍ਹ


ਭਗਤੀ ਦੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ।ਇਸ ਸਮਾਗਮ ਦੀ ਸ਼ੁਰੂਆਤ ਡੀਬੀਯੂ ਦੀ ਮਾਣਯੋਗ ਲੀਡਰਸ਼ਿਪ, ਜਿਸ ਵਿੱਚ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ, ਰਜਿਸਟਰਾਰ ਡਾ. ਸੁਰਿੰਦਰ ਕਪੂਰ ਤੇ ਪ੍ਰੋ-ਵਾਈਸ ਚਾਂਸਲਰ (ਅਕਾਦਮਿਕ) ਡਾ. ਅਮਰਜੀਤ ਸਿੰਘ ਸ਼ਾਮਲ ਸਨ, ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮੀ ਸ਼ੁਰੂਆਤ ਨਾਲ ਹੋਈ।ਇਸ ਸਮਾਰੋਹ ਵਿੱਚ ਕਈ ਪਤਵੰਤੇ ਸੱਜਣ, ਫੈਕਲਟੀ ਮੈਂਬਰ, ਸਟਾਫ਼ ਤੇ ਵਿਦਿਆਰਥੀ ਸ਼ਾਮਲ ਹੋਏ।ਯੂਨੀਵਰਸਿਟੀ ਨੇ ਅਕਾਦਮਿਕ ਉੱਤਮਤਾ, ਖੋਜ ਵਿੱਚ ਨਵੀਨਤਾ ਤੇ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।ਵਿਦਿਆਰਥੀਆਂ ਲਈ ਇੱਕ ਭਰਪੂਰ ਅਨੁਭਵ ਵਜੋਂ ਹਾਜ਼ਰੀਨ ਦੁਆਰਾ ਆਜ਼ਾਦੀ ਦਿਵਸ ਸਮਾਰੋਹ ਦੀ ਸ਼ਲਾਘਾ ਕੀਤੀ ਗਈ, ਜੋ ਕਿ ਕਰੀਅਰ ਪ੍ਰੇਰਨਾ ਤੇ ਮਜ਼ਬੂਤ ਸਮਾਜਿਕ ਸੰਦੇਸ਼ ਦੋਵੇਂ ਪ੍ਰਦਾਨ ਕਰਦਾ ਹੈ।ਆਜ਼ਾਦੀ ਘੁਲਾਟੀਏ ਸਰਦਾਰ ਲਾਲ ਸਿੰਘ ਨੂੰ ਵਿਸ਼ੇਸ਼ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਚਾਂਸਲਰ ਡਾ. ਜ਼ੋਰਾ ਸਿੰਘ ਦੁਆਰਾ ਤਿਰੰਗਾ ਲਹਿਰਾਇਆ ਗਿਆ। ਡਾ. ਅਜੈਪਾਲ ਸਿੰਘ ਸ਼ੇਖਾਵਤ ਦੀ ਅਗਵਾਈ ਹੇਠ ਨੈਸ਼ਨਲ ਕੈਡੇਟ ਕੋਰ (ਐਨ.ਸੀ.ਸੀ.) ਦੇ ਤਿੰਨੋਂ ਵਿੰਗਾਂ ਦੀ ਰੰਗੀਨ ਪਰੇਡ ਨੇ ਜਸ਼ਨ ਨੂੰ ਇੱਕ ਜੋਸ਼ ਭਰਪੂਰ ਬਣਾ ਦਿੱਤਾ।ਇਸ ਮੌਕੇ ਐਸਡੀਐਮ ਅਮਲੋਹ ਸ੍ਰੀ ਚੇਤਨ ਬੰਗੜ ਤੇ ਹਲਕਾ ਅਮਲੋਹ ਦੇ ਵਿਧਾਇਕ ਸ੍ਰੀ ਗੁਰਿੰਦਰ ਸਿੰਘ ਗੈਰੀ ਵੜਿੰਗ ਵੱਲੋਂ (ਪ੍ਰੋ.) ਡਾ. ਪ੍ਰਭਜੋਤ ਸਿੰਘ ਡਿਪਟੀ ਡਾਇਰੈਕਟਰ ਨਰਸਿੰਗ, ਡਾ. ਖੁਸ਼ਬੂ ਬਾਂਸਲ ਅਤੇ ਡੀਬੀਯੂ ਦੇ ਸਤਯਮ ਕੁਮਾਰ ਨੂੰ ਸਿੱਖਿਆ, ਸਿਹਤ ਸੰਭਾਲ ਅਤੇ ਸਮਾਜ ਸੇਵਾ ਦੇ ਖੇਤਰਾਂ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਲਈ ਸਨਮਾਨਤ ਕੀਤਾ ਗਿਆ।

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਪੰਜਾਬ ਦੇ ਬਿਜਲੀ ਤੇ ਲੋਕ ਨਿਰਮਾਣ ਵਿਭਾਗਾਂ ਦੇ ਮੰਤਰੀ ਹਰਭਜਨ ਸਿੰਘ ਈਟੀਓ ਨੇ 79ਵੇਂ ਆਜ਼ਾਦੀ ਦਿਵਸ ਮੌਕੇ ਪਟਿਆਲਾ ਦੇ ਰਾਜਾ ਭਲਿੰਦਰ ਸਿੰਘ ਖੇਡ ਕੰਪਲੈਕਸ ਪੋਲੋ ਗਰਾਊਂਡ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਕੌਮੀ ਝੰਡਾ ਤਿਰੰਗਾ ਲਹਿਰਾਇਆ। ਇਸ ਮੌਕੇ ਹਰਭਜਨ ਸਿੰਘ ਈਟੀਓ ਨੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਆਜ਼ਾਦੀ ਘੁਲਾਟੀਏ ਮੋਹਕਮ ਸਿੰਘ ਚੌਹਾਨ ਸਮੇਤ ਸੁਤੰਤਰਤਾ ਸੰਗਰਾਮੀਆਂ ਦੇ ਉਤਰਾਧਿਕਾਰੀਆਂ ਨੂੰ ਮਿਲ ਕੇ ਆਜ਼ਾਦੀ

## ਵੱਖ-ਵੱਖ ਥਾਈਂ ਅਜ਼ਾਦੀ ਦਿਹਾੜਾ ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ

ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਤੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ।ਸਮਾਰੋਹ ਦੌਰਾਨ ਲੋਕ ਸਭਾ ਮੈਂਬਰ ਡਾ. ਧਰਮਵੀਰਾ ਗਾਂਧੀ, ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਚੇਤਨ ਸਿੰਘ ਜੌੜਾਮਾਜਰਾ, ਗੁਰਲਾਲ ਘਨੌਰ ਤੇ ਕੁਲਵੰਤ ਸਿੰਘ ਬਾਜ਼ੀਗਰ, ਪੀਆਰਟੀਸੀ ਚੇਅਰਮੈਨ ਰਣਜੋਧ ਸਿੰਘ ਹਡਾਣਾ, ਨਗਰ ਨਿਗਮ ਮੇਅਰ ਕੁੰਦਨ ਗੋਗੀਆ, ਆਪ ਦੇ ਯੁੱਧ ਨਸ਼ਿਆਂ ਵਿਰੁੱਧ ਦੇ ਸੂਬਾ ਬੁਲਾਰੇ ਬਲਤੇਜ ਪੰਨੂ, ਸਪੈਸ਼ਲ ਡੀ.ਜੀ.ਪੀ. ਅਰਪਿਤ ਸ਼ੁਕਲਾ, ਡੀਆਈਜੀ ਕੁਲਦੀਪ ਚਾਹਲ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਐਸ.ਐਸ.ਪੀ. ਵਰੁਣ ਸ਼ਰਮਾ ਮੌਜੂਦ ਸਨ। ਬਿਜਲੀ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਆਪਣਾ ਕੀਤਾ ਹਰੇਕ ਵਾਅਦਾ ਪੂਰਾ ਕਰ ਰਹੀ ਹੈ, ਇਸ ਤਹਿਤ ਹੀ 55 ਹਜ਼ਾਰ ਤੋਂ ਵਧੇਰੇ ਨੌਜਵਾਨਾਂ ਨੂੰ ਰਿਕਾਰਡ ਤੋੜ ਨੌਕਰੀਆਂ ਦਿੱਤੀਆਂ ਗਈਆਂ ਹਨ ਤੇ ਕਿਰਤ ਕਾਨੂੰਨ ਸੌਖੇ ਕੀਤੇ ਗਏ ਤੇ ਪ੍ਰਾਜੈਕਟ ਜੀਵਨਜੋਤ ਤਹਿਤ ਭੀਖ ਮੰਗਣ ਵਾਲਿਆਂ ਖ਼ਿਲਾਫ਼ ਵੱਡੀ ਮੁਹਿੰਮ ਚਲਾਈ ਗਈ ਹੈ।ਇਸ ਤੋਂ ਬਿਨਾਂ ਸਾਰਿਆਂ ਲਈ 10 ਲੱਖ ਰੁਪਏ ਦਾ ਸਿਹਤ ਬੀਮਾ ਦੇਣ ਦਾ ਫੈਸਲਾ ਕੀਤਾ ਗਿਆ ਹੈ।ਸਮਾਗਮ 'ਚ ਇੰਚਾਰਜ ਜ਼ਿਲ੍ਹਾ ਤੇ ਸੈਸ਼ਨ ਜੱਜ ਐੱਚ ਕੇ ਸਿੱਧੂ ਦੀ ਅਗਵਾਈ ਹੇਠ ਪੁੱਜੇ ਜੁਡੀਸ਼ੀਅਲ ਅਧਿਕਾਰੀ, ਚੇਅਰਮੈਨ ਇੰਪਰੂਵਮੈਂਟ ਟਰੱਸਟ ਤੇ ਆਪ ਦਿਹਾਤੀ ਪ੍ਰਧਾਨ ਮੇਘ ਚੰਦ ਸ਼ੇਰਮਾਜਰਾ, ਆਪ ਸ਼ਹਿਰੀ ਪ੍ਰਧਾਨ ਤੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਮਨੋਨੀਤ ਚੇਅਰਮੈਨ ਤੇਜਿੰਦਰ ਮਹਿਤਾ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਤੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ, ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ, ਕਨਵੇਅਰ ਦੇ ਵਾਈਸ ਚੇਅਰਮੈਨ ਇੰਦਰਜੀਤ ਸਿੰਘ ਸੰਧੂ, ਆਪ ਇਸਤਰੀ ਵਿੰਗ ਦੇ ਆਗੂ ਵੀਰਪਾਲ ਕੌਰ ਚਹਿਲ ਤੇ ਮੋਨਿਕਾ ਸ਼ਰਮਾ, ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ, ਵਾਈਸ ਚੇਅਰਮੈਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ, ਐੱਸ. ਸੀ. ਸੈੱਲ ਸੂਬਾ ਪ੍ਰਧਾਨ ਅਮਰੀਕ ਸਿੰਘ ਬੰਗੜ, ਵਾਈਸ ਚੇਅਰਮੈਨ ਬਲਵਿੰਦਰ ਸਿੰਘ ਝਾੜਵਾਂ ਆਦਿ ਹਾਜ਼ਰ ਸਨ।

**ਜੈਤੋ (ਸਤੀਸ਼ ਕੁਮਾਰ ਭੀਰੀ)** : ਸ਼ਿਵਾਲਿਕ ਕਿਡਜ਼ ਸਕੂਲ ਵਿੱਚ ਆਜ਼ਾਦੀ ਦਿਵਸ ਬਹੁਤ ਧੂਮਧਾਮ ਨਾਲ ਮਨਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ


ਜੈਤੋ

ਦੀਵੇ ਜਗਾਉਣ ਨਾਲ ਹੋਈ।ਵਿਦਿਆਰਥੀਆਂ ਨੇ ਝੰਡੇ ਦੇ ਸਨਮਾਨ ਵਿੱਚ ਰਾਸ਼ਟਰੀ ਗੀਤ ਗਾਇਆ।ਇਸ ਤੋਂ ਇਲਾਵਾ ਦੇਸ਼ ਭਗਤੀ ਦੇ ਨਾਚ ਤੇ ਸੰਗੀਤ ਪ੍ਰੋਗਰਾਮ ਵਰਗੇ ਹੋਰ ਪ੍ਰੋਗਰਾਮ ਵੀ ਪੇਸ਼ ਕੀਤੇ ਗਏ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਛੋਟੇ ਵਿਦਿਆਰਥੀਆਂ ਨੇ ਸਾਡੇ ਦੇਸ਼ ਦੇ ਰਾਸ਼ਟਰੀ ਝੰਡੇ ਤੇ ਰਾਸ਼ਟਰੀ ਪ੍ਰਤੀਕ ਵਿੱਚ ਰੰਗ ਭਰੇ।ਸਕੂਲ ਦੀ ਮੁੱਖ ਅਧਿਆਪਕਾ ਮੈਡਮ ਸੁਖਵਿੰਦਰ ਕੌਰ ਤੇ ਸਕੂਲ ਦੀ ਪ੍ਰਬੰਧਕ ਕਮੇਟੀ ਨੇ ਸਾਰੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ।ਆਪਣੇ ਭਾਸ਼ਣ ਵਿੱਚ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸਾਡੇ ਦੇਸ਼ ਵਿੱਚ ਜਾਤੀ ਦੀ ਮਹੱਤਤਾ ਤੇ ਸਾਡੇ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੇ ਕ੍ਰਾਂਤੀਕਾਰੀਆਂ ਦੇ ਯੋਗਦਾਨ ਬਾਰੇ ਦੱਸਿਆ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)** : ਆਜ਼ਾਦੀ ਦਿਵਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਸ੍ਰੀ ਅਭਿਜੀਤ ਕਪਲਿਸ਼ ਨੇ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਮਨਾਏ ਗਏ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਮੌਕੇ ਕੌਮੀ ਝੰਡਾ ਲਹਿਰਾਇਆ ਤੇ ਪਰੇਡ ਤੋਂ ਸਲਾਮੀ ਲਈ।79ਵੇਂ ਆਜ਼ਾਦੀ ਦਿਵਸ ਸਮਾਗਮ ਮੌਕੇ ਆਪਣੇ ਸੰਬੋਧਨ ਵਿੱਚ ਸ੍ਰੀ ਅਭਿਜੀਤ ਕਪਲਿਸ਼ ਨੇ ਸ੍ਰੀ ਮੁਕਤਸਰ ਸਾਹਿਬ ਦੇ ਚਾਲੀ ਮੁਕਤਿਆਂ ਸਮੇਤ ਦੇਸ਼ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਸ਼ਹੀਦਾਂ ਦੀ ਸ਼ਹਾਦਤ ਨੂੰ ਨਮਨ ਕਰਦਿਆਂ ਸੁਤੰਤਰਤਾ ਸੰਗਰਾਮ ਦੀ ਗਾਥਾ ਸਾਂਝੀ ਕੀਤੀ।ਇਸ ਮੌਕੇ ਉਨ੍ਹਾਂ ਸੁਤੰਤਰਤਾ ਸੰਗਰਾਮੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਤ ਵੀ ਕੀਤਾ।ਇਸ ਮੌਕੇ ਪਰੇਡ ਕਮਾਂਡਰ ਡੀ.ਐਸ.ਪੀ. ਅਵਤਾਰ ਸਿੰਘ ਰਾਜਪਾਲ ਦੀ ਅਗਵਾਈ ਵਿੱਚ ਪੰਜਾਬ ਪੁਲਿਸ, ਮਹਿਲਾ ਪੰਜਾਬ ਪੁਲਿਸ, ਪੰਜਾਬ ਹੋਮ ਗਾਰਡਜ਼, ਐੱਨ.ਸੀ.ਸੀ. ਦੀਆਂ ਟੁਕੜੀਆਂ ਵਿੱਚ ਸ਼ਾਮਲ ਵੱਖ ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਰਾਸ਼ਟਰੀ ਝੰਡੇ ਨੂੰ ਸਲਾਮੀ ਦਿੱਤੀ ਗਈ ਤੇ ਮਾਰਚ ਪਾਸਟ ਕੀਤਾ ਗਿਆ। ਪੰਜਾਬ ਪੁਲਸ ਦੇ ਬੈਂਡ ਵੱਲੋਂ ਰਾਸ਼ਟਰੀ ਧੁਨ ਵਜਾਈ ਗਈ ਤੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ, ਪੁਲਸ ਪ੍ਰਸ਼ਾਸਨ, ਖੇਡ ਵਿਭਾਗ, ਸਿਹਤ ਵਿਭਾਗ, ਸਿੱਖਿਆ ਵਿਭਾਗ, ਵੱਖ-ਵੱਖ ਸਮਾਜਸੇਵੀ ਸੰਸਥਾਵਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਵਿੱਚ ਵਧੀਆ ਸੇਵਾਵਾਂ ਨਿਭਾਅ ਰਹੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਨਮਾਨਤ ਕੀਤਾ ਗਿਆ।

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** : ਮਹਿਲ ਕਲਾਂ ਵਿਖੇ ਆਜ਼ਾਦੀ ਦਿਵਸ ਸਮਾਰੋਹ ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸਕੂਲ ਆਫ ਐਮੀਨੈਂਸ ਵਿਖੇ ਸ਼ਾਨਦਾਰ ਢੰਗ ਨਾਲ ਮਨਾਇਆ ਗਿਆ। ਉਪ ਮੰਡਲ ਮੈਜਿਸਟਰੇਟ ਸ੍ਰੀ ਸ਼ਿਵਾਂਸ ਰਾਠੀ ਦੀ ਅਗਵਾਈ ਤੇ ਤਹਿਸੀਲਦਾਰ ਪਵਨ ਕੁਮਾਰ ਦੀ ਦੇਖ-ਰੇਖ ਹੇਠ ਹੋਏ ਸਮਾਗਮ ਵਿੱਚ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ, ਸਮਾਜ ਸੇਵੀ ਤੇ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।ਝੰਡਾ ਲਹਿਰਾਉਣ ਦੀ ਰਸਮ ਐੱਸ.ਡੀ.ਐੱਮ. ਸ਼ਿਵਾਂਸ ਰਾਠੀ ਵੱਲੋਂ ਨਿਭਾਈ ਗਈ। ਵਿਦਿਆਰਥੀਆਂ ਨੇ ਦੇਸ਼ਭਗਤੀ ਦੇ ਗੀਤ, ਕੋਰੀਓਗ੍ਰਾਫੀਆਂ, ਭੰਗੜਾ, ਮਲਵਈ ਗਿੱਧਾ, ਨਾਟਕ ਤੇ ਸੱਭਿਆਚਾਰਕ ਪ੍ਰਸਤੁਤੀਆਂ ਪੇਸ਼ ਕਰਕੇ ਦਰਸ਼ਕਾਂ ਨੂੰ ਮੋਹ ਲਿਆ।ਇਸ ਮੌਕੇ ਐੱਸ.ਡੀ.ਐੱਮ. ਸ੍ਰੀ ਸ਼ਿਵਾਂਸ ਰਾਠੀ, ਤਹਿਸੀਲਦਾਰ ਪਵਨ ਕੁਮਾਰ ਤੇ ਡੀਐੱਸਪੀ ਜਤਿੰਦਰਪਾਲ ਸਿੰਘ ਦੀ ਅਗਵਾਈ ਹੇਠ


ਮਹਿਲ ਕਲਾਂ

ਸੁਤੰਤਰਤਾ ਸੰਗਰਾਮੀਆਂ ਦੇ ਪਰਿਵਾਰਾਂ ਤੇ ਹੋਰ ਮਾਣਯੋਗ ਵਿਅਕਤੀਆਂ ਦਾ ਸਨਮਾਨ ਕੀਤਾ ਗਿਆ। ਸਮਾਗਮ ਵਿੱਚ ਹਾਜ਼ਰ ਪ੍ਰਮੁੱਖਾਂ ਵਿੱਚ ਪੀਏ ਬਿੰਦਰ ਸਿੰਘ, ਐਸ.ਐਚ.ਓ. ਸ਼ੇਰਵਿੰਦਰ ਸਿੰਘ ਔਲਖ, ਪ੍ਰਿੰਸੀਪਲ ਰਾਜਿੰਦਰਪਾਲ ਸਿੰਘ, ਬਲਾਕ ਪ੍ਰਧਾਨ ਸਰਬਜੀਤ ਸਿੰਘ ਸੰਭੂ, ਗੁਰਦੀਪ ਸਿੰਘ ਛਾਪਾ, ਗੁਰਜੀਤ ਸਿੰਘ ਧਾਲੀਵਾਲ, ਮਨਜੀਤ ਸਿੰਘ ਸਹਿਜੜਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਮਾਣਯੋਗ ਹਸਤੀਆਂ ਸ਼ਾਮਲ ਸਨ।ਸਟੇਜ ਦੀ ਜ਼ਿੰਮੇਵਾਰੀ ਉੱਘੇ ਸਮਾਜਸੇਵੀ ਮੁੱਖ ਅਧਿਆਪਕ ਮਹਿਲ ਖੁਰਦ ਕੁਲਦੀਪ ਸਿੰਘ ਕਮਲ ਤੇ ਜਸਪ੍ਰੀਤ ਸਿੰਘ ਵੱਲੋਂ ਬਾਖ਼ੂਬੀ ਨਾਲ ਨਿਭਾਈ ਗਈ।

**ਧੂਰੀ (ਮਨੋਹਰ ਸਿੰਘ ਸੱਗੂ, ਅਮਿਤ ਗਰਗ, ਬਿੰਨੀ ਗਰਗ)** : ਸ਼ਹਿਰ ਅੰਦਰ ਵੱਖ ਵੱਖ ਥਾਂਈਂ ਦੇਸ਼ ਦਾ ਆਜ਼ਾਦੀ ਦਿਹਾੜਾ ਮਨਾਇਆ ਗਿਆ।ਉੱਪ ਮੰਡਲ ਪੱਧਰ 'ਤੇ ਦੇਸ਼ ਦਾ ਆਜ਼ਾਦੀ ਦਿਹਾੜਾ ਯੂਨੀਵਰਸਿਟੀ ਕਾਲਜ ਬੇਨੜਾ (ਧੂਰੀ) ਵਿਖੇ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਕੌਮੀ ਤਿਰੰਗਾ ਲਹਿਰਾਉਣ ਦੀ ਰਸਮ ਐੱਸ ਡੀ ਐੱਮ ਧੂਰੀ ਰਿਸ਼ਭ ਬਾਂਸਲ ਨੇ ਨਿਭਾਈ ਤੇ ਮਾਰਚ ਪਾਸਟ ਤੋਂ ਸਲਾਮੀ ਲਈ।ਉਨ੍ਹਾਂ ਆਪਣੇ ਸੰਬੋਧਨ 'ਚ ਦੇਸ਼ ਵਾਸੀਆਂ ਨੂੰ ਆਜ਼ਾਦੀ ਦਿਵਸ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸਾਨੂੰ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸ਼ਹਾਦਤਾਂ ਦੇਣ ਵਾਲੇ ਆਪਣੇ ਸ਼ਹੀਦਾਂ ਨੂੰ ਚੇਤੇ ਰੱਖਣਾ ਚਾਹੀਦਾ ਹੈ, ਜਿਨ੍ਹਾਂ ਦੀਆਂ ਕੁਰਬਾਨੀਆਂ ਦੀ ਬਦੌਲਤ ਅਸੀਂ ਅੱਜ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।ਸਮਾਗਮ ਦੌਰਾਨ ਵੱਖ ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤ ਪੇਸ਼ ਕਰਨ ਦੇ ਨਾਲ ਨਾਲ ਸ਼ਾਨਦਾਰ ਸੱਭਿਆਚਾਰਕ ਵੰਨਗੀਆਂ 'ਚ ਗਿੱਧਾ ਤੇ ਭੰਗੜਾ ਪੇਸ਼ ਕੀਤਾ ਗਿਆ ਅਤੇ ਪ੍ਰਸ਼ਾਸਨ ਵੱਲੋਂ ਆਜ਼ਾਦੀ ਘੁਲਾਟੀਆਂ ਦੇ ਪਰਵਾਰਾਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਸੇਵਾ ਮੁਕਤ ਡਿਪਟੀ ਡਾਇਰੈਕਟਰ ਲੋਕ ਸੰਪਰਕ ਵਿਭਾਗ ਮਨਜੀਤ ਸਿੰਘ ਬਖਸ਼ੀ ਵੱਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਜੁਡੀਸ਼ੀਅਲ ਅਧਿਕਾਰੀਆਂ, ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਤੋਂ ਇਲਾਵਾ ਪਤਵੰਤਿਆਂ ਨੇ ਸ਼ਿਰਕਤ ਕੀਤੀ।ਸਥਾਨਕ ਨਗਰ ਕੌਂਸਲ ਵਿਖੇ ਮਨਾਏ ਗਏ ਆਜ਼ਾਦੀ ਦਿਹਾੜੇ 'ਤੇ ਕੌਮੀ ਤਿਰੰਗਾ ਲਹਿਰਾਉਣ ਦੀ ਰਸ਼ਮ ਨਗਰ ਕੌਂਸਲ ਦੀ ਪ੍ਰਧਾਨ ਸ੍ਰੀਮਤੀ ਪੁਸ਼ਪਾ ਤਾਇਲ ਵੱਲੋਂ ਨਿਭਾਈ ਗਈ ਤੇ ਸਕੂਲੀ ਬੱਚਿਆਂ ਨੇ ਰਾਸ਼ਟਰੀ ਗੀਤ ਗਾਇਨ ਕੀਤਾ।ਇਸ ਮੌਕੇ ਕਾਰਜਸਾਧਕ ਅਫ਼ਸਰ ਗੁਰਿੰਦਰ ਸਿੰਘ, ਆਪ ਆਗੂਆਂ 'ਚ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਡਾ: ਅਨਵਰ ਭਸੌੜ, ਅਨਿਲ ਮਿੱਤਲ, ਨਰੇਸ਼ ਸਿੰਗਲਾ, ਬਲਵਿੰਦਰ



ਧੂਰੀ

ਸਿੰਘ ਬਿੱਲੂ, ਹਰਪ੍ਰੀਤ ਗਿੱਲ, ਸਖਪਾਲ ਸਿੰਘ ਪਾਲਾ, ਸਾਹਿਤਕਾਰਾਂ 'ਚ ਪਵਨ ਹਰਚੰਦਪੁਰੀ ਤੇ ਗੁਲਜ਼ਾਰ ਸਿੰਘ ਸ਼ੌਂਕੀ, ਵਪਾਰੀ ਆਗੂ ਹੰਸ ਰਾਜ ਬਜਾਜ, ਕਾਂਗਰਸ ਦੇ ਹੰਸ ਰਾਜ ਗੁਪਤਾ, ਸਮਾਜ ਸੇਵੀ ਸੁਰੇਸ਼ ਬਾਂਸਲ, ਮਹਿੰਦਰਪਾਲ ਮਿੰਦਾ ਆਦਿ ਸਮੇਤ ਕਈ ਕੌਂਸਲਰਾਂ ਨੇ ਸ਼ਿਰਕਤ ਕੀਤੀ।

**ਦੋਰਾਹਾ (ਹਰਮਿੰਦਰ ਸੇਠ)** : ਜਿੱਥੇ ਪੂਰਾ ਦੇਸ਼ 79ਵਾਂ ਆਜ਼ਾਦੀ ਦਿਵਸ ਮਨਾ ਰਿਹਾ ਹੈ, ਉਥੇ ਸਰਕਾਰੀ ਪ੍ਰਾਇਮਰੀ ਸਕੂਲ ਭੱਠਲ ਦੇ ਬੱਚਿਆਂ ਤੇ ਅਧਿਆਪਕਾਂ, ਐੱਸ. ਐੱਮ. ਸੀ. ਮੈਂਬਰਾਂ ਵੱਲੋਂ ਰਲ ਕੇ ਸਕੂਲ ਵਿੱਚ ਆਜ਼ਾਦੀ ਦਿਵਸ ਮਨਾਇਆ ਗਿਆ।ਇਸ ਮੌਕੇ ਸਕੂਲ ਇੰਚਾਰਜ ਮੈਡਮ ਜਗਦੀਸ਼ ਕੌਰ


ਦੋਰਾਹਾ

ਨੇ ਬੱਚਿਆਂ ਨੂੰ ਸੁਤੰਤਰਤਾ ਦਿਵਸ ਵਾਰੇ ਦੱਸਿਆ ਗਿਆ।ਇਸ ਸਮੇਂ ਸਮੂਹ ਸਟਾਫ, ਮੈਂਬਰਾਂ ਤੇ ਬੱਚਿਆਂ ਵੱਲੋਂ ਸਾਡੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਝੰਡਾ ਲਹਿਰਾਇਆ ਗਿਆ।ਬੱਚਿਆਂ ਵੱਲੋਂ ਰਾਸ਼ਟਰੀ ਗਾਨ ਗਾ ਕੇ ਸ਼ਰਧਾਂਜਲੀ ਤੇ ਸਤਿਕਾਰ ਭੇਟ ਕੀਤਾ ਗਿਆ।ਮੈਡਮ ਜਗਦੀਸ਼ ਕੌਰ ਨੇ ਬੱਚਿਆਂ ਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣ, ਆਪਣੇ ਦੇਸ਼ ਪ੍ਰਤੀ ਸੱਚੀ ਸ਼ਰਧਾ, ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ ਦੀ ਪ੍ਰੇਰਣਾ ਦਿੱਤੀ।ਇਸ ਮੌਕੇ ਸਕੂਲ ਅਧਿਆਪਕ ਅਮਰਿੰਦਰ ਸਿੰਘ, ਮਿਡ ਡੇ ਮੀਲ ਵਰਕਰ ਇੰਦਰਜੀਤ ਕੌਰ, ਮਨਜੀਤ ਕੌਰ, ਕਮੇਟੀ ਮੈਂਬਰ ਸੀਮਾ ਕੌਰ, ਕਰਮਜੀਤ ਕੌਰ, ਗੁਰਮੀਤ ਕੌਰ, ਅਮਨਦੀਪ ਕੌਰ, ਨਵੀਤਾ ਰਾਣੀ ਤੇ ਮੈਡਮ ਗਗਨਦੀਪ ਕੌਰ ਹਾਜ਼ਰ ਸਨ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)** : ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ. ਚਾਂਸਲਰ ਡਾ. ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਵਿਖੇ ਆਜ਼ਾਦੀ ਦਿਵਸ ਬਹੁਤ ਉਤਸ਼ਾਹ ਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ।ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾ. ਸੰਜੀਵ ਜਿੰਦਲ ਤੇ ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ ਫਾਰਮੇਸੀ ਦੇ ਪ੍ਰਿੰਸੀਪਲ ਡਾ. ਮੁਨੀਸ਼ ਜੋਸ਼ੀ ਦੁਆਰਾ ਅਦਾ ਕੀਤੀ ਗਈ, ਜਿਸ ਤੋਂ ਬਾਅਦ ਰਾਸ਼ਟਰੀ ਗੀਤ ਗਾਇਆ ਗਿਆ ਤੇ ਸਾਡੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ।ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਉਨ੍ਹਾਂ ਦੇ ਅਨਮੋਲ ਯੋਗਦਾਨ ਲਈ ਤਾਮਰਾ ਪੱਤਰ ਪੁਰਸਕਾਰ ਜੇਤੂ ਸਰਦਾਰ ਲਾਲ ਸਿੰਘ ਨੂੰ ਵਿਸ਼ੇਸ਼ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਸਮਾਰੋਹ


ਸ੍ਰੀ ਮੁਕਤਸਰ ਸਾਹਿਬ

ਵਿੱਚ ਮੈਡਮ ਰੁਪਿੰਦਰ ਕੌਰ ਬੁੱਟਰ, ਪ੍ਰਿੰਸੀਪਲ, ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ਼ ਨਰਸਿੰਗ ਐਂਡ ਪੈਰਾ ਮੈਡੀਕਲ ਸਾਇੰਸਜ਼, ਡਾ. ਪਰਮਪ੍ਰੀਤ ਕੌਰ, ਵਾਈਸ ਪ੍ਰਿੰਸੀਪਲ, ਦੇਸ਼ ਭਗਤ ਗਲੋਬਲ ਸਕੂਲ, ਮੈਡਮ ਮਨਜਿੰਦਰ ਕੌਰ, ਵਾਈਸ ਪ੍ਰਿੰਸੀਪਲ, ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ਼ ਨਰਸਿੰਗ ਐਂਡ ਪੈਰਾ ਮੈਡੀਕਲ ਸਾਇੰਸਜ਼, ਮੇਜਰ ਚੰਦ, ਸੁਪਰਡੈਂਟ, ਨਵਦੀਪ ਸਿੰਘ, ਅਕਾਊਂਟੈਂਟ, ਦਿਲਬਾਗ ਸਿੰਘ ਬਾਗੀ, ਸੁਪਰਵਾਈਜ਼ਰ, ਦੇਸ਼ ਭਗਤ ਕੈਂਪਸ, ਸ੍ਰੀ ਮੁਕਤਸਰ ਸਾਹਿਬ ਸ਼ਾਮਲ ਸਨ।ਸਮਾਗਮ ਦਾ ਅੰਤ ਮਠਿਆਈਆਂ ਵੰਡਣ ਤੇ ਦੇਸ਼ ਦੀ ਬਿਹਤਰੀ ਲਈ ਕੰਮ ਕਰਨ ਦੀ ਸਮੂਹਕ ਸਹੁੰ ਨਾਲ ਹੋਇਆ।

**ਬੋਹਾ (ਨਿਰੰਜਣ ਬੋਹਾ)** : ਸ਼ਹੀਦ ਜਗਸੀਰ ਸਿੰਘ ਸਕੂਲ ਆਫ ਐਮੀਨੈਂਸ ਬੋਹਾ ਵੱਲੋਂ 79ਵਾਂ ਸੁਤੰਤਰਤਾ ਦਿਵਸ ਬਹੁਤ ਧੂਮਧਾਮ ਨਾਲ ਮਨਾਇਆ


ਬੋਹਾ

ਗਿਆ।ਇਸ ਸਮੇ ਕੌਮੀ ਤਿਰੰਗਾ ਝੁਲਾਉਣ ਦੀ ਰਸਮ ਸਕੂਲ ਦੇ ਪ੍ਰਿੰਸੀਪਲ ਹਰਿੰਦਰ ਸਿੰਘ ਭੁੱਲਰ ਵੱਲੋਂ ਅਦਾ ਕੀਤੀ ਗਈ।ਇਸ ਸਮੇ ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਦੇਸ਼ ਨੂੰ ਅਜ਼ਾਦ ਕਰਾਉਣ ਵਿਚ ਸਾਡੇ ਦੇਸ ਭਗਤ ਸੁਰਬੀਰਾਂ ਨੇ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ ਤੇ ਸਾਨੂੰ ਇਨ੍ਹਾਂ ਕੁਰਬਾਨੀਆਂ ਨੂੰ ਭੁੱਲਣਾ ਨਹੀਂ ਚਾਹੀਦਾ।ਸਮਾਗਮ ਦੀ ਪ੍ਰਧਾਨਗੀ ਕਰਦਿਆਂ ਨਗਰ ਪੰਚਾਇਤ ਦੇ ਪ੍ਰਧਾਨ ਸ੍ਰੀਮਤੀ ਸੁਖਜੀਤ ਕੌਰ ਬਾਵਾ ਨੇ ਸ਼ਹਿਰ ਨਿਵਾਸੀਆਂ ਨੂੰ ਸੁਤੰਤਰਤਾ ਦਿਵਸ ਦੀ ਵਧਾਈ ਦਿੱਤੀ।ਇਸ ਸਮੇਂ ਸਕੂਲ ਵਿਦਿਆਰਥੀਆਂ ਵੱਲੋਂ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।ਇਸ ਸਮੇਂ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸ੍ਰੀ ਦਰਸ਼ਨ ਘਾਰੂ, ਰਾਜਵਿੰਦਰ ਸਿੰਘ ਸਵੈਚ, ਸੰਤੋਖ ਸਾਗਰ, ਸੁਰਿੰਦਰ ਮੰਗਲਾ, ਪਰਵੀਨ ਕੁਮਾਰ ਕਾਕਾ, ਬਿੱਟੂ ਸਿੰਘ ਤੇ ਸਕੂਲ ਸਿੱਖਿਆ ਕਮੇਟੀ ਦੇ ਅਹੁਦੇਦਾਰ, ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** : ਸ਼ਹੀਦ ਭਗਤ ਸਿੰਘ ਕਲੱਬ ਮੁਕਤਸਰ ਵੱਲੋਂ ਜਲਾਲਾਬਾਦ-ਟਿੱਬੀ ਸਾਹਿਬ ਰੋਡ ਸਥਿਤ ਸ਼ਹੀਦ ਭਗਤ ਸਿੰਘ ਚੌਕ ਵਿਖੇ 79ਵਾਂ ਸੁਤੰਤਰਤਾ ਦਿਵਸ ਧੂੰਮਧਾਮ ਨਾਲ ਮਨਾਇਆ ਗਿਆ।ਪ੍ਰਧਾਨ ਸੰਜੈ ਵਾਲੀਆ ਦੀ ਅਗਵਾਈ ਹੇਠ ਹੋਏ ਇਸ ਸਮਾਗਮ ਮੌਕੇ ਬਤੌਰ ਮੁੱਖ ਮਹਿਮਾਨ ਪਹੁੰਚੇ ਸਿੱਖਿਆ ਵਿਭਾਗ ਪੰਜਾਬ ਦੇ ਡੀ ਆਰ ਸੀ ਤੇ ਲਾਇਨਜ਼ ਕਲੱਬ ਇੰਟਰਨੈਸ਼ਨਲ ਡਿਸਟ੍ਰਿਕ 321-ਐਫ ਦੇ ਰੀਜਨ ਚੇਅਰਮੈਨ ਗੁਰਮੇਲ ਸਿੰਘ ਸਾਗੂ ਨੇ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ



ਸ੍ਰੀ ਮੁਕਤਸਰ ਸਾਹਿਬ

ਕੀਤੀ।ਇਸ ਤੋਂ ਪਹਿਲਾਂ ਕਲੱਬ ਦੇ ਮੈਂਬਰਾਂ, ਵੱਖ-ਵੱਖ ਸਮਾਜਕ, ਸਿਆਸੀ ਤੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਪਹੁੰਚ ਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਬੁੱਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਨਮਨ ਕੀਤਾ।ਇਸ ਮੌਕੇ ਸਰਕਾਰੀ ਹਾਈ ਸਮਾਰਟ ਪਾਰਕ ਸਕੂਲ ਬਾਗਵਾਲੀ ਗਲੀ ਤੇ ਡੀਏਵੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਦੇਸ਼ਭਗਤੀ ਨਾਲ ਓਤ-ਪ੍ਰੋਤ ਗੀਤ ਤੇ ਕਵਿਤਾਵਾਂ ਪੇਸ਼ ਕਰਕੇ ਵਾਹਵਾਹੀ ਖੱਟੀ।ਇਨ੍ਹਾਂ ਵਿਦਿਆਰਥੀਆਂ ਨੂੰ ਕਲੱਬ ਵੱਲੋਂ ਸਨਮਾਨਤ ਵੀ ਕੀਤਾ ਗਿਆ, ਜਦਕਿ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਲਈ ਕਲੱਬ ਦੇ ਮੈਂਬਰ ਸਤੀਸ਼ ਅਰੋੜਾ ਸਾਈਂ ਬੁੱਕ ਪਲਾਜਾ ਵਾਲਿਆਂ ਨੇ ਤੋਹਫੇ ਸਪੌਂਸਰ ਕੀਤੇ।ਇਹ ਤੋਹਫੇ ਵੰਡਣ ਦੀ ਰਸਮ ਮੁੱਖ ਮਹਿਮਾਨ ਵਜੋਂ ਪਹੁੰਚੇ ਗੁਰਮੇਲ ਸਿੰਘ ਸਾਗੂ ਨੇ ਅਦਾ ਕੀਤੀ।ਗੁਰਮੇਲ ਸਿੰਘ ਸਾਗੂ ਨੇ ਕਲੱਬ ਨੂੰ 5100 ਰੁਪਏ ਸਹਾਇਤਾ ਰਾਸ਼ੀ ਵੀ ਦਿੱਤੀ।

**ਜਗਰਾਉਂ (ਅਮਿਤ ਖੰਨਾ)** : ਸਵਾਮੀ ਰੂਪ ਚੰਦ ਜੈਨ ਸੀਨੀਅਰ ਸੈਕੰਡਰੀ ਸਕੂਲ, ਜਗਰਾਉਂ ਵਿੱਚ ਭਾਰਤ ਦਾ 79ਵਾਂ ਆਜ਼ਾਦੀ ਦਿਵਸ ਬੜੇ ਹੀ


ਜਗਰਾਉਂ

ਉਤਸ਼ਾਹ, ਦੇਸ਼ਭਗਤੀ ਦੇ ਜੋਸ਼ ਤੇ ਸ਼ਰਧਾ ਨਾਲ ਮਨਾਇਆ ਗਿਆ।ਸਮਾਰੋਹ ਦੀ ਸ਼ੁਰੂਆਤ ਪ੍ਰਿੰਸੀਪਲ ਮੈਡਮ ਰਾਜਪਾਲ ਕੌਰ ਜੀ ਤੇ ਸਮੂਹ ਮੈਨੇਜਮੈਂਟ ਵੱਲੋਂ ਤਿਰੰਗਾ ਲਹਿਰਾਉਣ ਦੀ ਰਸਮ ਨਾਲ ਤੇ ਰਾਸ਼ਟਰੀ ਗੀਤ ਨਾਲ ਸ਼ੁਰੂਆਤ ਹੋਈ।ਝੰਡਾ ਲਹਿਰਾਉਣ ਦੇ ਨਾਲ ਹੀ ਸਕੂਲ ਦੇ ਬੈਂਡ ਵੱਲੋਂ ਰਾਸ਼ਟਰੀ ਗੀਤ ਦੀ ਸੁਰੀਲੀ ਧੁਨੀ ਮਾਹੌਲ ਨੂੰ ਦੇਸ਼ ਭਗਤੀ ਨਾਲ ਭਰ ਦਿੱਤਾ।ਇਸ ਮੌਕੇ ਸਾਰੇ ਅਧਿਆਪਕ, ਵਿਦਿਆਰਥੀ ਤੇ ਅਤਿਥੀ ਮੌਜੂਦ ਸਨ।ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਨੇ ਆਪਣੇ ਸੰਬੋਧਨ ਵਿੱਚ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕਰਦੇ ਹੋਏ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਸਕੂਲ ਵਿਦਿਆਰਥੀਆਂ ਵੱਲੋਂ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ।ਸਮਾਰੋਹ ਦੇ ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਸਾਰੇ ਵਿਦਿਆਰਥੀਆਂ ਨੇ ਮਠਿਆਈਆਂ ਵੰਡੀਆਂ ਗਈਆਂ ਤੇ ਬੰਦੇ ਮਾਤਰਮ ਦੇ ਉਚਾਰਨ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ।


ਮਾਛੀਵਾੜਾ


**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** : ਸੈਕਰਡ ਹਾਰਟ ਕਾਨਵੈਂਟ ਸਕੂਲ ਮਾਛੀਵਾੜਾ ਵਿਖੇ ਅਜ਼ਾਦੀ ਦਿਵਸ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ 'ਚ ਪ੍ਰਮਾਤਮਾ ਦੀ ਮਹਿਮਾ ਦੇ ਗੀਤ ਗਾਏ ਤੇ ਸਕੂਲ ਵਿੱਚ ਚਾਰ ਹਾਊਸਾਂ ਦੇ ਦੇਸ਼ ਭਗਤੀ ਗੀਤ ਅਤੇ ਡਾਂਸ ਮੁਕਾਬਲੇ ਕਰਵਾਏ ਗਏ। ਇਸ ਮੌਕੇ ਵਿਦਿਆਰਥੀਆਂ ਵੱਲੋਂ ਤਿਰੰਗੇ ਰੰਗ ਦੀਆਂ ਕਾਗਜ਼ ਦੀਆਂ ਟੋਪੀਆਂ ਬਣਾਈਆਂ ਗਈਆਂ। ਸਕੂਲ ਦੇ ਪ੍ਰਿੰਸੀਪਲ ਸਿਸਟਰ ਐਨਸੀ ਜੋਸਫ ਨੇ ਦੇਸ਼ ਦੀ ਅਜ਼ਾਦੀ ਨੂੰ ਯਾਦ ਕਰਦਿਆਂ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਤੇ ਸਾਰਿਆਂ ਨੂੰ ਆਪਸ ਵਿੱਚ ਪਿਆਰ ਬਣਾ ਕੇ ਰਹਿਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਪ੍ਰਿੰਸੀਪਲ ਵੱਲੋਂ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਯੂਨੀਵਰਸਲ ਕਾਲਜ ਪਾਤੜਾਂ ਵਿਖੇ ਸੁਤੰਤਰਤਾ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਕਾਲਜ ਦੇ


ਪਾਤੜਾਂ


ਚੇਅਰਮੈਨ ਬਲਜੀਤ ਸਿੰਘ, ਵਾਇਸ ਚੇਅਰਮੈਨ ਵੀਰਇੰਦਰ ਸਿੰਘ ਧਾਲੀਵਾਲ ਤੇ ਸੈਕਟਰੀ ਪਰਮਿੰਦਰ ਸਿੰਘ ਘੱਗਾ ਨੇ ਵਿਦਿਆਰਥੀਆਂ ਤੇ ਸਟਾਫ ਨੂੰ ਆਜ਼ਾਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਸਾਨੂੰ ਆਜ਼ਾਦੀ ਨੂੰ ਸਹੀ ਅਰਥਾਂ 'ਚ ਸਮਝਣ ਦੀ ਲੋੜ ਹੈ। ਉਨ੍ਹਾਂ ਸ਼ਹੀਦਾਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਕਿਹਾ ਕਿ ਅਸੀਂ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਇਕੱਠੇ ਕੰਮ ਕਰੀਏ। ਸਮਾਗਮ ਦੌਰਾਨ ਇੰਦਰਜੀਤ ਸਿੰਘ ਐਕਸੀਅਨ ਪਾਵਰਕਾਮ ਪਾਤੜਾਂ ਮੁੱਖ ਮਹਿਮਾਨ ਦੇ ਤੌਰ 'ਤੇ ਪੁੱਜੇ। ਉਨ੍ਹਾਂ ਨੇ ਝੰਡਾ ਲਹਿਰਾਇਆ ਤੇ ਤਿਰੰਗੇ ਨੂੰ ਸਲਾਮੀ ਦਿੱਤੀ। ਸਮਾਰੋਹ ਦੀ ਸ਼ੁਰੂਆਤ ਰਾਸ਼ਟਰੀ ਗੀਤ ਨਾਲ ਹੋਈ। ਕਾਲਜ ਦੇ ਵਿਦਿਆਰਥੀਆਂ ਵੱਲੋਂ ਰੰਗਾ-ਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਕਾਲਜ ਦੇ ਡਾਇਰੈਕਟਰ ਡਾ ਅਮਰੀਸ ਧਵਨ ਤੇ ਪ੍ਰਿੰਸੀਪਲ ਯਾਦਵਿੰਦਰ ਸਿੰਘ ਨੇ ਹਾਜ਼ਰ ਵਿਦਿਆਰਥੀਆਂ ਤੇ ਸਟਾਫ ਨੂੰ ਸੁਤੰਤਰਤਾ ਦਿਵਸ ਦੀ ਮੁਬਾਰਕਬਾਦ ਦਿੱਤੀ।

**ਲੌਂਗੋਵਾਲ (ਪ੍ਰਦੀਪ ਸੱਪਲ)** : ਸੰਤ ਲੌਂਗੋਵਾਲ ਇੰਸਟੀਟਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਲੌਂਗੋਵਾਲ ਨੇ 79ਵਾਂ ਆਜ਼ਾਦੀ ਦਿਵਸ ਦੇਸ਼ ਭਗਤੀ ਜਜ਼ਬੇ ਨਾਲ ਮਨਾਇਆ ਗਿਆ।ਸਮਾਰੋਹ ਦੀ ਸ਼ੁਰੂਆਤ ਸੰਸਥਾ ਡਾਇਰੈਕਟਰ ਪ੍ਰੋ. ਮਨੀ ਕਾਂਤ ਪਾਸਵਾਨ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਨਾਲ ਹੋਈ, ਜਿਨ੍ਹਾਂ ਨੇ ਐੱਨ.ਸੀ.ਸੀ. ਕੈਡਿਟਾਂ ਤੇ ਸੰਸਥਾ ਦੇ ਸੁਰੱਖਿਆ ਕਰਮਚਾਰੀਆਂ ਵੱਲੋਂ ਕੀਤੀ ਗਈ ਤੇ ਪ੍ਰੇਡ ਦੌਰਾਨ ਸਲਾਮੀ ਵੀ ਲਈ।ਆਪਣੇ ਸੰਬੋਧਨ ਵਿੱਚ ਪ੍ਰੋ. ਪਾਸਵਾਨ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਸ਼ਹੀਦਾਂ ਨੂੰ ਹਿਰਦੇ ਤੋਂ ਸ਼ਰਧਾਂਜਲੀ ਭੇਟ ਕੀਤੀ ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਆਜ਼ਾਦੀ ਸੈਨਾਨੀਆਂ


ਲੌਂਗੋਵਾਲ

ਦੀਆਂ ਕੁਰਬਾਨੀਆਂ ਸਦਾ ਹੀ ਰਾਸ਼ਟਰ ਨੂੰ ਪ੍ਰੇਰਿਤ ਕਰਦੀਆਂ ਰਹਿਣਗੀਆਂ।ਇਸ ਮੌਕੇ ਸ਼ੋਧ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਸਨਮਾਨਤ ਕੀਤਾ ਗਿਆ।ਵੱਖ-ਵੱਖ ਵਿਭਾਗਾਂ ਦੇ 9 ਪੀ.ਐੱਚ.ਡੀ. ਵਿਦਿਆਰਥੀਆਂ ਨੂੰ ਸਲਾਈਟ ਕੁਆਲਿਟੀ ਪਬਲਿਕੇਸ਼ਨ ਐਵਾਰਡ ਦਿੱਤੇ ਗਏ, ਜਦਕਿ 3 ਫੈਕਲਟੀ ਮੈਂਬਰਾਂ ਨੂੰ ਸਲਾਈਟ ਰਿਸਰਚ ਪ੍ਰੋਜੈਕਟ ਅਵਾਰਡ ਨਾਲ ਸਨਮਾਨਤ ਕੀਤਾ ਗਿਆ। ਸਮਾਰੋਹ ਦਾ ਸਮਾਪਨ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਨਾਲ ਹੋਇਆ।

**ਬਠਿੰਡਾ (ਰਾਜੀਵ ਗੋਇਲ)** : ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵਿੱਚ ਆਜ਼ਾਦੀ ਦਿਵਸ ਮਨਾਇਆ ਗਿਆ।ਇਸ ਮੌਕੇ ਬੱਚਿਆਂ ਵੱਲੋਂ ਆਜ਼ਾਦੀ ਦਿਵਸ ਨਾਲ ਸੰਬੰਧਤ ਗੀਤ, ਕਵਿਤਾ ਤੇ ਨਾਟਕ ਪੇਸ਼ ਕੀਤੇ ਗਏ।ਅਧਿਆਪਕਾ ਸਵਰਨਜੀਤ ਕੌਰ ਜਲਾਲ ਨੇ ਬੱਚਿਆਂ ਨੂੰ ਆਜ਼ਾਦੀ ਦਿਵਸ ਬਾਰੇ ਜਾਣਕਾਰੀ ਦਿੰਦਿਆਂ ਕੁਰਬਾਨੀ ਦੇਣ ਵਾਲੇ ਮਹਾਨ ਯੋਧਿਆਂ ਬਾਰੇ ਬੱਚਿਆਂ ਨੂੰ ਵਿਸਥਾਰ ਨਾਲ ਦੱਸਿਆ ਤੇ ਉਨ੍ਹਾਂ ਦੀ ਸੋਚ 'ਤੇ ਪਹਿਰਾ ਦੇਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੋਨੂ ਕੁਮਾਰ ਕਾਂਗੜ ਨੇ


ਬਠਿੰਡਾ

ਤਿਰੰਗਾ ਲਹਿਰਾਇਆ ਤੇ ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਇਨਾਮ ਦਿੱਤੇ। ਉਨ੍ਹਾਂ ਸਾਰੇ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਧੰਨਵਾਦ ਕੀਤਾ।ਇਸ ਮੌਕੇ ਧਾਰਮਿਕ ਅਧਿਆਪਕਾ ਪਲਵਿੰਦਰ ਕੌਰ ਜਲਾਲ, ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗੁਰਪ੍ਰੀਤ ਕੌਰ, ਤਰਨਵੀਰ ਕੌਰ, ਪਵਨਪ੍ਰੀਤ ਕੌਰ, ਰਣਦੀਪ ਕੌਰ, ਜਸਵੀਰ ਕੌਰ, ਅਮਨਦੀਪ ਕੌਰ, ਲਵਪ੍ਰੀਤ ਕੌਰ, ਮੰਦਰ ਸਿੰਘ, ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।

**ਕੋਟਕਪੂਰਾ (ਰਛਪਾਲ ਭੁੱਲਰ)** : ਦਸਮੇਸ਼ ਗਲੋਰੀਅਸ ਪਬਲਿਕ ਸਕੂਲ


ਕੋਟਕਪੂਰਾ

ਵਿੱਚ 79ਵਾਂ ਸੁਤੰਤਰਤਾ ਦਿਵਸ ਉਤਸ਼ਾਹ ਤੇ ਦੇਸ਼ਭਗਤੀ ਦੇ ਜਜ਼ਬੇ ਨਾਲ ਮਨਾਇਆ ਗਿਆ।ਸਕੂਲ ਦੇ ਆਂਗਣ ਨੂੰ ਤਿਰੰਗੇ ਰੰਗਾਂ ਨਾਲ ਸੁਸੱਜਤ ਕੀਤਾ ਗਿਆ ਸੀ ਅਤੇ ਹਰ ਪਾਸੇ ਦੇਸ਼ ਭਗਤੀਮਈ ਗੀਤ ਗੂੰਜ ਰਹੇ ਸਨ।ਸਮਾਗਮ ਦੀ ਸ਼ੁਰੂਆਤ ਵਿੱਚ ਦੂਜੀ ਤੋਂ ਛੇਵੀਂ ਜਮਾਤ ਦੇ ਵਿਦਿਆਰਥੀਆ ਨੇ ਦੇਸ਼ ਭਗਤੀ ਤੇ ਇੱਕ ਨਾਟਕ ਪੇਸ਼ ਕੀਤਾ।ਜਮਾਤ ਚੌਥੀ ਦੀਆਂ ਵਿਦਿਆਰਥਣਾਂ ਏਕਮਜੀਤ ਕੌਰ, ਹਰਸੀਰਤ ਕੌਰ ਤੇ ਪੰਜਵੀਂ ਜਮਾਤ ਦੀ ਵਿਦਿਆਰਥਣ ਅੰਸ਼ਪ੍ਰੀਤ ਕੌਰ ਨੇ ਰਲ ਕੇ ਇੱਕ ਦੇਸ਼ਭਗਤੀ ਤੇ ਕਵਿਤਾ ਪੇਸ਼ ਕੀਤੀ।ਸਕੂਲ ਦੇ ਅਧਿਆਪਕ ਰਮਨਦੀਪ ਕੌਰ ਤੇ ਬਲਜੀਤ ਕੌਰ ਨੇ ਸਕੂਲ ਦੇ ਸਾਰੇ ਵਿਦਿਆਰਥੀ ਨੂੰ ਦੇਸ਼ ਭਗਤਾਂ ਦੁਆਰਾਂ ਦਿੱਤੀਆਂ ਕੁਰਬਾਨੀਆਂ ਤੇ ਦੇਸ਼ ਦੀ ਸਹੀ ਆਜ਼ਾਦੀ ਦਾ ਮਹੱਤਵ ਦੱਸਿਆ।ਸਕੂਲ ਦੇ ਐੱਮ ਡੀ ਸ੍ਰ. ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰੁਬੀਨਾ ਧੀਰ ਨੇ ਦੇਸ਼ ਭਗਤਾ ਦੀਆਂ ਕੁਰਬਾਨੀ ਬਾਰੇ ਦੱਸਦਿਆਂ ਤੇ ਆਜ਼ਾਦੀ ਦੀ 79ਵਾਂ ਸਾਲ ਦੀ ਵਧਾਈ ਦਿੱਤੀ।

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** : ਮਾਊਂਟ ਲਿਟਰਾ ਜ਼ੀ ਸਕੂਲ


ਰਾਮਪੁਰਾ ਫੂਲ

ਰਾਮਪੁਰਾ ਹਰ ਰੋਜ਼ ਕੋਈ ਨਾ ਕੋਈ ਸਮਾਗਮ ਕਰਦਾ ਹੈ ਤਾਂ ਜੋ ਬੱਚਿਆਂ ਵਿੱਚ ਅੱਗੇ ਵਧਣ ਦੀ ਇੱਛਾ ਪੈਦਾ ਹੋ ਸਕੇ ਤੇ ਸਮਾਜਿਕ ਕੰਮਾਂ ਵਿੱਚ ਵੀ ਯੋਗਦਾਨ ਪਾਇਆ ਜਾ ਸਕੇ।ਅਸੀਂ ਆਪਣੇ ਦੇਸ਼ ਭਾਰਤ ਦੀ ਅਜ਼ਾਦੀ ਲਈ ਅਜ਼ਾਦੀ ਘੁਲਾਟੀਆਂ ਤੇ ਸ਼ਹੀਦਾਂ ਦੀਆਂ ਸ਼ਹਾਦਤਾਂ ਦੇ ਦਿੱਤੇ ਸਹਿਯੋਗ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ ਅਤੇ ਉਨ੍ਹਾਂ ਨੂੰ ਸਲਾਮ ਕਰਦੇ ਹਾਂ, ਇਸੇ ਤਹਿਤ ਸਕੂਲ ਵਿੱਚ ਆਜ਼ਾਦੀ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ਸਕੂਲ ਦੇ ਚੇਅਰਮੈਨ ਭੂਸ਼ਨ ਬਾਂਸਲ ਤੇ ਪ੍ਰਧਾਨ ਗਗਨ ਬਾਂਸਲ ਨੇ ਦੇਸ਼ ਦਾ ਰਾਸ਼ਟਰੀ ਝੰਡਾ ਲਹਿਰਾ ਕੇ ਕੀਤੀ।ਇਸ ਮੌਕੇ ਸਕੂਲ ਦੇ ਜਨਰਲ ਸਕੱਤਰ ਨਮਿਤਾ ਬਾਂਸਲ ਤੇ ਸਕੂਲ ਪ੍ਰਿੰਸੀਪਲ ਗੀਤਾ ਪਿੱਲੇ ਵੀ ਹਾਜ਼ਰ ਸਨ।ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ 'ਤੇ ਇੱਕ ਸਮੂਹ ਗੀਤ ਪੇਸ਼ ਕੀਤਾ ਗਿਆ।ਇਸ ਤੋਂ ਇਲਾਵਾ ਜਸ਼ਨ ਦੀ ਸ਼ਾਨ ਨੂੰ ਵਧਾਉਣ ਲਈ ਦੇਸ਼ ਭਗਤੀ 'ਤੇ ਇੱਕ ਨਾਚ ਵੀ ਪੇਸ਼ ਕੀਤਾ ਗਿਆ।ਇਸ ਸਮਾਗਮ ਦੇ ਅੰਤ ਵਿੱਚ ਰਾਸ਼ਟਰੀ ਗੀਤ ਗਾਇਆ ਗਿਆ।ਇਸ ਮੌਕੇ ਸਕੂਲ ਪ੍ਰਧਾਨ ਗਗਨ ਬਾਂਸਲ, ਸਕੂਲ ਸਕੱਤਰ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਗੀਤਾ ਪਿੱਲੇ ਨੇ ਕਿਹਾ ਕਿ ਆਜ਼ਾਦੀ ਦੀ 79ਵੀਂ ਵਰ੍ਹੇਗੰਢ 'ਤੇ ਆਓ ਸਾਰੇ ਦੇਸ਼ ਨੂੰ ਸਮਾਜ ਵਿੱਚ ਵਧ ਰਹੀਆਂ ਬੁਰਾਈਆਂ ਤੋਂ ਮੁਕਤ ਕਰਨ ਦਾ ਪ੍ਰਣ ਕਰੀਏ। ਉਨ੍ਹਾਂ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਬੱਚੇ ਦੇਸ਼ ਦਾ ਉੱਜਵਲ ਭਵਿੱਖ ਹਨ, ਜਿਨ੍ਹਾਂ ਰਾਹੀਂ ਦੇਸ਼ ਨੂੰ ਸਾਰੀਆਂ ਬੁਰਾਈਆਂ ਤੋਂ ਆਜ਼ਾਦੀ ਮਿਲ ਸਕਦੀ ਹੈ।

**ਚੀਮਾ ਮੰਡੀ (ਰਵਿੰਦਰ ਚੀਮਾ)** : ਮਾਡਰਨ ਗਰੁੱਪ ਆਫ ਕਾਲਜਜ਼ ਬੀਰ ਕਲਾਂ ਸੰਗਰੂਰ ਵਿਖੇ 79ਵਾਂ ਆਜ਼ਾਦੀ ਦਿਵਸ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾ. ਵੀ ਕੇ ਰਾਏ ਦੀ ਅਗਵਾਈ ਹੇਠ ਮਨਾਇਆ ਗਿਆ।ਇਸ ਸਮਾਗਮ ਤਹਿਤ ਸਭ ਤੋਂ ਪਹਿਲਾਂ ਝੰਡਾ ਲਹਿਰਾਉਣ ਦੀ ਰਸਮ ਕਾਲਜ ਦੇ ਪ੍ਰਿੰਸੀਪਲ ਡਾ. ਵੀ ਕੇ ਰਾਏ ਤੇ ਅਸਿਸਟੈਂਟ ਪ੍ਰੋਫੈਸਰ ਮਹਿੰਦਰਪਾਲ ਵੱਲੋਂ ਕੀਤੀ ਗਈ।ਇਸ ਸਮੇਂ ਬੋਲਦਿਆਂ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਨੇ ਕਿਹਾ ਕਿ ਜਿਸ ਆਜ਼ਾਦੀ ਦਾ ਨਿੱਘ ਅੱਜ ਅਸੀਂ ਮਾਣ ਰਹੇ ਹਾਂ। ਇਹ ਆਜ਼ਾਦੀ ਬਹੁਤ ਸਾਰੇ ਦੇਸ਼ ਭਗਤਾ ਨੇ ਆਪਣਾ ਖ਼ੂਨ ਡੋਲ੍ਹ ਕੇ ਪ੍ਰਾਪਤ ਕੀਤੀ ਹੈ ਅਤੇ ਸਾਨੂੰ ਇਸ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਵੀ ਕੇ ਰਾਏ ਨੇ ਇਸ ਦਿਵਸ ਦੇ ਇਤਿਹਾਸ ਸੰਬੰਧੀ ਜਾਣੂੰ ਕਰਵਾਇਆ।ਇਸ ਦੇ ਨਾਲ ਹੀ ਅਸਿਸਟੈਂਟ ਪ੍ਰੋਫੈਸਰ ਮਹਿੰਦਰਪਾਲ, ਅਸਿਸਟੈਂਟ ਪ੍ਰੋਫੈਸਰ ਅੰਤਰਪਾਲ ਤੇ ਸਮੂਹ ਸਟਾਫ, ਵਿਦਿਆਰਥੀਆਂ ਵੱਲੋਂ ਵੀ ਇਸ ਦਿਵਸ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ।

**ਮੁੱਲਾਂਪੁਰ ਦਾਖਾ (ਗੁਰਮੇਲ ਮੈਲਡੇ)** : ਨਗਰ ਕੌਂਸਲ ਦਫਤਰ ਮੁੱਲਾਂਪੁਰ ਦਾਖਾ


ਮੁੱਲਾਂਪੁਰ ਦਾਖਾ


ਵਿਖੇ ਆਜ਼ਾਦੀ ਦਿਹਾੜੇ ਮੌਕੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਨਗਰ ਕੌਂਸਲ ਦੇ ਪ੍ਰਧਾਨ ਜਸਵਿੰਦਰ ਸਿੰਘ ਹੈਪੀ ਨੇ ਨਿਭਾਈ ਅਤੇ ਝੰਡੇ ਨੂੰ ਸਲਾਮੀ ਦਿੱਤੀ। ਇਸ ਮੌਕੇ ਵਾਈਸ ਪ੍ਰਧਾਨ ਬਿਮਲਾ ਰਾਣੀ, ਕੌਂਸਲਰ ਤੇਲੂ ਰਾਮਬਾਂਸਲ, ਅਮਨ ਮੁੱਲਾਂਪੁਰ, ਸੁਭਾਸ਼ ਨਾਗਰ, ਸੁਰਿੰਦਰਪਾਲ ਕੇ ਡੀ, ਕੌਂਸਲਰ ਤਰਸੇਮ ਕੌਰ ਮਾਨ ਤੋਂ ਇਲਾਵਾ ਸੁਰਿੰਦਰ ਸਿੰਘ ਕੇ ਡੀ, ਅਨਿਲ ਜੈਨ, ਲੱਛਮੀ ਦੇਵੀ ਲੱਛੀ, ਖੁਸ਼ਮਿੰਦਰ ਕੌਰ ਤੇ ਥਾਣਾ ਮੁਖੀ ਹਮਰਾਜ ਸਿੰਘ ਚੀਮਾ ਆਦਿ ਹਾਜ਼ਰ ਸਨ।

**ਮਮਦੋਟ (ਜਸਬੀਰ ਸਿੰਘ ਕੰਬੋਜ)** : ਨਗਰ ਪੰਚਾਇਤ ਮਮਦੋਟ ਦੇ ਅਹਾਤੇ


ਮਮਦੋਟ

ਵਿੱਚ ਮਨਾਏ ਜਾ ਰਹੇ ਅਜ਼ਾਦੀ ਦਿਵਸ ਸਮਾਰੋਹ ਦੌਰਾਨ ਉਪਿੰਦਰ ਸਿੰਘ ਸਿੰਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ ਨੇ ਤਿਰੰਗਾ ਝੰਡਾ ਲਹਿਰਾਇਆ। ਇਸ ਮੌਕੇ ਪੁਲਸ ਦੀ ਟੁੱਕੜੀ ਵੱਲੋਂ ਸਲਾਮੀ ਵੀ ਦਿੱਤੀ ਗਈ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸ਼੍ਰੀ ਸਿੰਧੀ ਨੇ ਅੰਗਰੇਜ਼ ਤੋਂ ਦੇਸ਼ ਨੂੰ ਅਜ਼ਾਦ ਕਰਾਉਣ ਲਈ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰਨ ਵਾਲੇ ਅਜ਼ਾਦੀ ਪ੍ਰਵਾਨਿਆਂ ਤੇ ਸੂਰਬੀਰ ਯੋਧਿਆਂ ਨੂੰ ਯਾਦ ਕਰਦਿਆਂ ਉਨ੍ਹਾਂ ਵੱਲੋਂ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾ ਕਿਹਾ ਕਿ ਦੇਸ਼ ਨੂੰ ਅਜ਼ਾਦ ਕਰਾਉਣ ਸਮੇਂ ਕੁਰਬਾਨੀਆਂ ਕਰਨ ਵਾਲੇ ਯੋਧਿਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਤੇ ਸਾਨੂੰ ਸਦਾ ਉਨ੍ਹਾਂ 'ਤੇ ਮਾਣ ਰਹੇਗਾ। ਇਸ ਸਮਾਗਮ ਨੂੰ ਬਲਰਾਜ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਸੁਰਿੰਦਰ ਕੁਮਾਰ ਸੋਨੂੰ ਸੇਠੀ, ਬਲਦੇਵ ਰਾਜ ਸ਼ਰਮਾ ਸਰਪ੍ਰਸਤ ਪ੍ਰੈੱਸ ਕਲੱਬ ਮਮਦੋਟ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਆਪਣੇ ਸੇਵਾ ਕਾਲ ਦੌਰਾਨ ਵਧੀਆ ਸੇਵਾਵਾਂ ਦੇਣ ਬਦਲੇ ਜਗੀਰ ਸਿੰਘ ਸੈਨਟਰੀ ਇੰਸਪੈਕਟਰ, ਸੁੱਚਾ ਸਿੰਘ ਜੇ ਏ ਸਮੇਤ ਕਈ ਹੋਰ ਮੁਲਾਜ਼ਮਾਂ ਨੂੰ ਸਨਮਾਨਤ ਕੀਤਾ ਗਿਆ। ਨਗਰ ਪੰਚਾਇਤ ਵੱਲੋਂ ਪ੍ਰਧਾਨ ਉਪਿੰਦਰ ਸਿੰਘ ਸਿੰਧੀ ਨੂੰ ਮੋਮੈਂਟੋ ਭੇਟ ਕੀਤਾ ਗਿਆ। ਇਸ ਮੌਕੇ ਸੀਨੀਅਰ ਆਗੂ ਹਰਜਿੰਦਰ ਸਿੰਘ ਸਿੰਧੀ, ਡਾ: ਗੁਰਸੇਵਕ ਸਿੰਘ ਸਿੰਧੀ, ਕੇਵਲ ਕ੍ਰਿਸ਼ਨ ਵਿਪਿਨ, ਗੁਰਮੀਤ ਸਿੰਘ ਐੱਮ ਸੀ, ਸੰਦੀਪ ਕੁਮਾਰ ਸੋਨੀ, ਸਾਜਨ, ਸ਼ਿੰਗਾਰਾ ਸਿੰਘ ਸਬਕਾ ਐੱਮ ਸੀ ਤੇ ਸੁਭਾਸ਼ ਬੱਤਾ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

**ਮੋਗਾ (ਇਕਬਾਲ ਸਿੰਘ ਖਹਿਰਾ)** : ਦੇਸ਼ ਦੇ 79ਵੇਂ ਆਜ਼ਾਦੀ ਦਿਹਾੜੇ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਸਥਾਨਕ ਦਾਣਾ ਮੰਡੀ ਵਿਖੇ ਮਨਾਇਆ ਗਿਆ, ਜਿਸ



ਮੋਗਾ

ਵਿੱਚ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਨੀ ਸਿੱਖਿਆ, ਉਦਯੋਗਿਕ ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ, ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਰਾਸ਼ਟਰੀ ਤਿਰੰਗਾ ਚੜ੍ਹਾਉਣ ਦੀ ਰਸਮ ਅਦਾ ਕੀਤੀ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਚੱਲੀਆਂ ਵੱਖ-ਵੱਖ ਲਹਿਰਾਂ ਤੇ ਸ਼ਹੀਦ-ਏ-ਆਜ਼ਮ ਸਖ. ਭਗਤ ਸਿੰਘ, ਸ਼ਹੀਦ ਰਾਜਗੁਰੂ ਤੇ ਸ਼ਹੀਦ ਸੁਖਦੇਵ, ਸਰਦਾਰ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਮਦਨ ਲਾਲ ਢੀਂਗਰਾ, ਲਾਲਾ ਲਾਜਪਤ ਰਾਏ, ਦੀਵਾਨ ਸਿੰਘ ਕਾਲੇਪਾਣੀ ਤੇ ਹੋਰ ਆਜ਼ਾਦੀ ਘੁਲਾਟੀਆਂ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਬਦੌਲਤ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪ੍ਰਾਪਤੀਆਂ, ਚਲਾਈਆਂ ਭਲਾਈ ਸਕੀਮਾਂ ਆਦਿ ਬਾਰੇ ਵਿਸਥਾਰ ਨਾਲ ਦੱਸਿਆ।ਇਸ ਮੌਕੇ ਜ਼ਿਲ੍ਹਾ ਮੋਗਾ ਦੇ ਸ਼ਹੀਦ ਪਰਵਾਰਾਂ, ਆਜ਼ਾਦੀ ਘੁਲਾਟੀਆ ਪਰਵਾਰਾਂ ਅਤੇ ਵੱਖ ਵੱਖ ਖੇਤਰਾਂ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਕਈ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਲੋੜਵੰਦ ਔਰਤਾਂ ਨੂੰ ਮੁਫ਼ਤ ਸਿਲਾਈ ਮਸ਼ੀਨਾਂ ਤੇ ਦਿਵਿਆਂਗਜਨਾਂ ਨੂੰ ਮੁਫ਼ਤ ਟਰਾਈਸਾਈਕਲਾਂ ਤੇ ਵ੍ਹੀਲ ਚੇਅਰਾਂ ਦੀ ਵੀ ਵੰਡ ਕੀਤੀ ਗਈ।ਸਮਾਗਮ ਦੌਰਾਨ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਪੀ. ਟੀ. ਸ਼ੋਅ ਤੇ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।ਸੁਰੱਖਿਆ ਦਸਤਿਆਂ, ਐੱਨ. ਸੀ. ਸੀ. ਕੈਡਿਟਾਂ ਤੇ ਹੋਰ ਟੁੱਕੜੀਆਂ ਵੱਲੋਂ ਮਾਰਚ ਪਾਸਟ ਵਿੱਚ ਹਿੱਸਾ ਲਿਆ ਗਿਆ, ਜਿਸ ਦੀ ਅਗਵਾਈ ਪਰੇਡ ਕਮਾਂਡਰ ਰਮਨਦੀਪ ਸਿੰਘ ਡੀ. ਐੱਸ. ਪੀ. ਧਰਮਕੋਟ ਨੇ ਕੀਤੀ।ਇਸ ਮੌਕੇ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ, ਵਿਧਾਇਕ ਧਰਮਕੋਟ ਦਵਿੰਦਰਜੀਤ ਸਿੰਘ ਲਾਡੀ ਢੋਸ, ਡਿਪਟੀ ਕਮਿਸ਼ਨਰ ਸਾਗਰ ਸੇਤੀਆ, ਇੰਚਾਰਜ ਜ਼ਿਲ੍ਹਾ ਤੇ ਸੈਸ਼ਨ ਜੱਜ ਬਿਸ਼ਨ ਸਰੂਪ, ਜ਼ਿਲ੍ਹਾ ਪੁਲਸ ਮੁਖੀ ਅਜੇ ਗਾਂਧੀ, ਵਧੀਕ ਡਿਪਟੀ ਕਮਿਸ਼ਨਰ (ਜ) ਚਾਰੂਮਿਤਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਜਗਵਿੰਦਰਜੀਤ ਸਿੰਘ ਗਰੇਵਾਲ, ਸਾਬਕਾ ਮੰਤਰੀ ਡਾ. ਮਾਲਤੀ ਥਾਪਰ, ਨਗਰ ਨਿਗਮ ਮੇਅਰ ਬਲਜੀਤ ਸਿੰਘ ਚੰਨੀ, ਮਾਰਕੀਟ ਕਮੇਟੀ ਚੇਅਰਮੈਨ ਹਰਜਿੰਦਰ ਸਿੰਘ ਰੋਡੇ ਆਦਿ ਹਾਜ਼ਰ ਸਨ।

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)** : ਸਰਕਾਰੀ ਪ੍ਰਾਇਮਰੀ ਸਕੂਲ


ਲਹਿਰਾ ਮੁਹੱਬਤ

ਲਹਿਰਾ ਮੁਹੱਬਤ ਵਿਖੇ ਸੈਂਟਰ ਹੈੱਡ ਟੀਚਰ ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਆਜ਼ਾਦੀ ਦਿਵਸ ਮਨਾਇਆ ਗਿਆ। ਸਮਾਗਮ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਰਾਜਵਿੰਦਰ ਸਿੰਘ, ਵਾਇਸ ਚੇਅਰਮੈਨ ਨਾਇਬ ਸਿੰਘ, ਨਗਰ ਪੰਚਾਇਤ ਵੱਲੋਂ ਪਰਗਟ ਸਿੰਘ ਸਮੇਤ ਹੋਰ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਛੋਟੇ-ਛੋਟੇ ਬੱਚਿਆਂ ਵੱਲੋਂ ਸੁਤੰਤਰਤਾ ਸੰਗਰਾਮੀਆਂ ਨੂੰ ਯਾਦ ਕਰਦੇ ਹੋਏ ਦੇਸ਼ ਭਗਤੀ ਨਾਲ ਸਬੰਧਤ ਵੱਖ ਵੱਖ ਗੀਤਾਂ, ਕਵਿਤਾਵਾਂ ਤੇ ਫੈਂਸੀ ਡਰੈੱਸ ਤੇ ਡਾਂਸ ਆਈਟਮਾਂ ਦੀ ਪੇਸ਼ਕਾਰੀ ਕੀਤੀ ਗਈ। ਗੁਰਵਿੰਦਰ ਸਿੰਘ ਸੀ ਐੱਚ ਟੀ ਨੇ ਬੱਚਿਆਂ ਨੂੰ ਭਾਰਤ ਦੀ ਆਜ਼ਾਦੀ ਦੇ ਪਿਛਲੇ ਸੰਘਰਸ਼ ਬਾਰੇ ਜਾਣੂ ਕਰਵਾਇਆ। ਬੱਚਿਆਂ ਲਈ ਖੀਰ ਦਾ ਲੰਗਰ ਵੀ ਲਗਾਇਆ ਗਿਆ। ਮੰਚ ਸੰਚਾਲਨ ਸ੍ਰੀਮਤੀ ਜਸਵੀਰ ਕੌਰ ਨੇ ਕੀਤਾ। ਇਸ ਮੌਕੇ ਸਕੂਲ ਸਟਾਫ 'ਚ ਵੀਰਪਾਲ ਕੌਰ, ਵਰਿੰਦਰਪਾਲ ਕੌਰ, ਗੁਰਿੰਦਰ ਕੌਰ, ਸ੍ਰੀ ਵਿਕਾਸ, ਸੰਦੀਪ ਕੌਰ, ਜਸਵਿੰਦਰ ਕੌਰ, ਰਾਣੀ ਕੌਰ ਤੇ ਕੁਲਵਿੰਦਰ ਕੌਰ, ਨਾਨ ਟੀਚਿੰਗ ਸਟਾਫ 'ਚ ਹਰਦੀਪ ਕੌਰ, ਮਿਡ ਡੇ ਮੀਲ ਕੁੱਕ ਸਰਬਜੀਤ ਕੌਰ, ਹਰਜਿੰਦਰ ਕੌਰ ਤੇ ਜਸਵਿੰਦਰ ਕੌਰ ਆਦਿ ਸ਼ਾਮਲ ਸਨ।

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** : ਆਜ਼ਾਦੀ ਦਿਵਸ ਦੇ ਮੌਕੇ ਬ੍ਰਹਮਾਕੁਮਾਰੀ ਸੈਂਟਰ, ਸੁਨਾਮ ਵਿੱਚ ਸ਼ਾਨਦਾਰ ਸਮਾਗਮ ਕੀਤਾ ਗਿਆ।ਇਹ ਸਮਾਗਮ ਸੈਂਟਰ ਦੀ ਸੰਚਾਲਿਕਾ ਬੀਕੇ ਮੀਰਾ ਦੀਦੀ ਦੀ ਅਗਵਾਈ ਵਿੱਚ ਹੋਇਆ।ਸਮਾਗਮ ਦੀ ਸ਼ੁਰੂਆਤ ਰਾਸ਼ਟਰੀ ਗੀਤ ਨਾਲ ਹੋਈ ਤੇ ਦੇਸ਼ ਦੀ ਆਜ਼ਾਦੀ ਲਈ ਬਲੀਦਾਨ ਕਰਨ ਵਾਲੇ ਸ਼ਹੀਦਾਂ ਨੂੰ ਭਾਵਪੂਰਨ ਸ਼ਰਧਾਂਜਲੀ ਅਰਪਿਤ ਕੀਤੀ ਗਈ।ਇਸ ਮੌਕੇ ਸੈਂਟਰ ਦੀ ਸੰਚਾਲਿਕਾ ਬੀ ਕੇ ਮੀਰਾ ਦੀਦੀ ਨੇ ਹਾਜ਼ਰ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਆਜ਼ਾਦੀ ਦਿਵਸ 'ਤੇ ਸੰਕਲਪ ਕਰਨ ਕਿ ਕ੍ਰੋਧ, ਲੋਭ, ਈਰਖਾ ਵਰਗੀਆਂ ਬੁਰਾਈਆਂ ਨੂੰ ਤਿਆਗ ਕੇ ਅਸਲ ਆਜ਼ਾਦੀ ਦਾ ਅਨੁਭਵ ਕਰਨਗੇ।ਇਹੀ ਜੀਵਨ ਨੂੰ ਸ੍ਰੇਸ਼ਠ ਬਣਾਉਣ ਤੇ ਸਮਾਜ ਨੂੰ ਆਦਰਸ਼ ਦਿਸ਼ਾ ਦੇਣ ਦਾ ਰਾਹ ਹੈ।


ਸੁਨਾਮ

# ਕਿਰਤੀ ਕਿਸਾਨ ਯੂਨੀਅਨ ਵੱਲੋਂ ਵਿੱਢੇ ਸੰਘਰਸ਼ ਨੂੰ ਪਿਆ ਬੂਰ

## ਸੜਕ ਮਹਿਕਮੇ ਦੇ ਅਧਿਕਾਰੀਆਂ ਵੱਲੋਂ 45 ਦਿਨਾਂ 'ਚ ਸੜਕ ਬਣਾਉਣ ਦਾ ਲਿਖਤੀ ਵਾਅਦਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕਿਰਤੀ ਕਿਸਾਨ ਯੂਨੀਅਨ ਵੱਲੋਂ ਮੁਕਤਸਰ-ਫਿਰੋਜ਼ਪੁਰ ਰੋਡੀ ਸੜਕ ਬਣਾਉਣ ਲਈ ਲਈ ਕਿਰਤੀ ਕਿਸਾਨ ਯੂਨੀਅਨ ਵੱਲੋਂ ਅੱਜ ਲਬਾਣੇ ਵਾਲੀ ਵਿਖੇ ਬਾਬਾ ਡੇਰਾ ਦਿਆਲ ਦਾਸ ਜੀ ਦੇ ਦੇ ਸਾਹਮਣੇ ਧਰਨਾ ਦਿੱਤਾ ਗਿਆ, ਜੋ ਰੋਡ ਫਿਰੋਜ਼ਪੁਰ ਤੋਂ ਲੈ ਕੇ ਮੁਕਤਸਰ ਤੱਕ ਮੰਦੀ ਹਾਲਤ ਹੈ, ਜਿਸ 'ਤੇ ਆਏ ਦਿਨ ਦੁਰਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ। ਬਹੁਤ ਸਾਰੇ ਲੋਕਾਂ ਦੀਆਂ ਖ਼ਰਾਬ ਸੜਕ ਕਾਰਨ ਦੁਰਘਟਨਾਵਾਂ ਵਾਪਰ ਨਾਲ ਕੀਮਤੀ ਜਾਨਾਂ ਚੱਲੀਆਂ ਗਈਆਂ। ਇਲਾਕਾ ਨਿਵਾਸੀਆਂ ਵੱਲੋਂ ਵਾਰ ਵਾਰ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਮਹਿਕਮੇ ਦੇ ਅਧਿਕਾਰੀਆਂ ਕੰਨ 'ਤੇ ਜੂੰ ਨਹੀਂ ਸਰਕੀ, ਜਿਸ ਤੋਂ ਮਜ਼ਬੂਰ ਹੋ ਕਿਰਤੀ ਕਿਸਾਨ ਯੂਨੀਅਨ ਵੱਲੋਂ ਇਲਾਕੇ ਵਾਸੀਆਂ ਦੀ ਮੰਗ 'ਤੇ ਡੇਰਾ ਬਾਬਾ ਦਿਆਲ ਦਾਸ ਧਰਨਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਪਿਛਲੇ ਸਾਲਾਂ ਦੌਰਾਨ ਵੀ ਸੜਕ ਨੂੰ ਬਣਾਉਣ ਲਈ ਕਿਰਤੀ ਕਿਸਾਨ ਯੂਨੀਅਨ ਵੱਲੋਂ ਲਗਾਤਾਰ ਧਰਨੇ ਦਿੱਤੇ ਗਏ ਸਨ। ਇਸ ਮੌਕੇ ਸੰਬੋਧਨ ਕਰਦਿਆਂ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਵੇਲ ਵਾਲੀ, ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ, ਬਲਾਕ ਪ੍ਰਧਾਨ ਬਰੀਵਾਲਾ ਦਵਿੰਦਰ ਸਿੰਘ ਲਵਾਣੇ ਵਾਲੀ, ਜਗਸੀਰ ਸਿੰਘ ਲੰਡੇਕੇ, ਗੁਰਟੇਕ ਸਿੰਘ ਲੰਡੇ ਰੋਡੇ, ਫਰੀਦਕੋਟ ਦੇ ਜ਼ਿਲ੍ਹਾ ਮੀਤ ਪ੍ਰਧਾਨ ਰਜਿੰਦਰ ਸਿੰਘ ਕਿੰਗਰਾ, ਗੁਰਸੇਵਕ ਸਿੰਘ ਸੰਗਰਾਣਾ, ਜਸਵੰਤ ਸਿੰਘ ਭਾਗਸਰਵਾਲੀ, ਕੁਲਦੀਪ ਸਿੰਘ ਸੰਗਰਾਣਾ, ਬਲਜੀਤ ਸਿੰਘ ਫੱਤੀ ਝਵੇਲ ਵਾਲੀ, ਜਸਪਾਲ ਸਿੰਘ ਚੱਕ ਗਾਂਧਾ ਸਿੰਘ ਵਾਲਾ, ਨੌਜਵਾਨ ਭਾਰਤ ਸਭਾ ਦੇ ਜਨਰਲ ਸਕੱਤਰ ਮੰਗਾ ਸਿੰਘ ਆਜ਼ਾਦ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਰੋਡ, ਜੋ ਲਬਾਣੇ ਵਾਲੀ ਤੋਂ ਲੈ ਕੇ ਮੁਕਤਸਰ ਤੱਕ ਜਿਸ ਵਿੱਚ ਵੱਡੇ ਵੱਡੇ ਟੋਏ ਪਏ ਹੋਏ ਹਨ, ਥਾਂ ਥਾਂ ਤੋਂ ਸੜਕ ਟੁੱਟੀ ਹੋਣ ਕਾਰਨ ਲੋਕਾਂ ਦੇ ਵਹੀਕਲ ਕੰਡਮ ਹੋ ਰਹੇ ਹਨ, ਆਏ ਦਿਨ ਦੁਰਘਟਨਾਵਾਂ ਹੋ ਰਹੀਆਂ, ਇੱਥੋਂ ਤੱਕ ਕਿ ਵਹੀਕਲਾਂ ਦੀ ਹੌਲੀ ਰਫ਼ਤਾਰ ਕਾਰਨ ਲੁੱਟਾਂ-ਖੋਹਾਂ ਦਾ ਵੀ ਡਰ ਬਣਿਆ ਰਹਿੰਦਾ ਹੈ। ਬੁਲਾਰਿਆਂ ਨੇ ਕਿਹਾ ਕਿ ਧਰਨੇ ਤੋਂ ਤਿੰਨ ਚਾਰ ਦਿਨ ਪਹਿਲਾਂ ਵੀ ਜਥੇਬੰਦੀ ਵੱਲੋਂ ਮੀਡੀਆ ਰਾਹੀਂ ਸੂਚਿਤ ਕੀਤਾ ਗਿਆ ਸੀ, ਪਰ ਪ੍ਰਸ਼ਾਸਨ ਦੇ ਕੰਨ 'ਤੇ ਜੂੰ ਨਹੀਂ ਸਰਕੀ। ਅੱਜ ਸੜਕ ਮਹਿਕਮੇ ਦੇ ਅਧਿਕਾਰੀਆਂ ਵੱਲੋਂ ਜਥੇਬੰਦਕ ਦਬਾਅ ਅੱਗੇ ਝੁਕਦਿਆਂ ਧਰਨੇ ਵਿੱਚ ਆ ਕੇ ਲਿਖਤੀ ਰੂਪ ਵਿੱਚ 45 ਦਿਨਾਂ ਵਿੱਚ ਸੜਕ ਬਣਾਉਣ ਦਾ ਵਾਅਦਾ ਕੀਤਾ ਗਿਆ, ਜੋ ਕੇ ਲੋਕਾਂ ਦੀ ਅੰਸ਼ਿਕ ਜਿੱਤ ਹੈ। ਆਗੂਆਂ ਨੇ ਕਿਹਾ ਕਿ ਪ੍ਰਸ਼ਾਸਨ ਜੇਕਰ ਨਿਸ਼ਚਿਤ ਸਮੇਂ ਵਿੱਚ ਸੜਕ ਦਾ ਕੰਮ ਮੁਕੰਮਲ ਨਹੀਂ ਕਰਦਾ ਤਾਂ ਇਲਾਕੇ ਵਾਸੀਆਂ ਦੇ ਸਹਿਯੋਗ ਨਾਲ ਕਿਰਤੀ ਕਿਸਾਨ ਯੂਨੀਅਨ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।

ਇਸ ਮੌਕੇ ਜੁਗਰਾਜ ਸਿੰਘ ਲਬਾਣੇ ਵਾਲੀ, ਗੁਰਮੀਤ ਸਿੰਘ ਸੰਗਰਾਣਾ, ਜੁਗਤਾਰ ਸਿੰਘ ਸੰਗਰਾਣਾ, ਸੁਖਪਾਲ ਸਿੰਘ ਮੰਦਲੋ ਵਾਲਾ, ਅੰਗਰੇਜ਼ ਸਿੰਘ ਮੰਦਲੋ ਵਾਲਾ, ਬਿੱਜ ਲਾਲ ਡੋਡਾਂ ਵਾਲੀ, ਟਹਿਲ ਸਿੰਘ ਲਬਾਣੇ ਵਾਲੀ, ਮੱਖਣ ਸਿੰਘ ਲੰਡੇ ਰੋਡੇ, ਹਰਜਿੰਦਰ ਸਿੰਘ ਲੰਡੇ ਰੋਡੇ, ਗੁਰਬਖ਼ਸ਼ ਸਿੰਘ ਭੰਗੇਵਾਲਾ, ਚਮਕੌਰ ਸਿੰਘ ਤਖ਼ਤ ਮਲਾਨਾ, ਜਸਪਾਲ ਸਿੰਘ ਚੱਕ ਬਾਜਾ, ਬਲਦੇਵ ਸਿੰਘ ਮੜ੍ਹ ਮੱਲੂ, ਟਹਿਲ ਸਿੰਘ ਲਬਾਣੇ ਵਾਲੀ, ਸੁਭਨੀਤ ਲਬਾਣੇ ਵਾਲੀ, ਗੁਰਪਾਲ ਸਿੰਘ ਬੁੱਢੀ ਮਾਰ, ਵਰਿੰਦਰ ਸਿੰਘ ਲਬਾਣੇ ਵਾਲੀ, ਹਰਿੰਦਰ ਲੁਬਾਣਿਆਂ ਵਾਲੀ, ਭੁਪਿੰਦਰ ਲੁਬਾਲਣਿਆਂ ਵਾਲੀ, ਸੁਖਦੇਵ ਸਿੰਘ ਝਵੇਲ ਵਾਲੀ ਤੇ ਇਲਾਕੇ ਭਰ ਤੋਂ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ। ਇਸ ਸਮੇਂ ਡੇਰਾ ਬਾਬਾ ਦਿਆਲ ਦਾਸ ਜੀ ਵੱਲੋਂ ਅਤੁੱਟ ਲੰਗਰ ਚਾਹ ਪਾਣੀ ਸੰਗਤਾਂ ਲਈ ਹਾਜ਼ਰ ਕੀਤਾ।

# ਆਜ਼ਾਦੀ ਦਿਹਾੜੇ ਮੌਕੇ ਐਂਟੀ ਡਰੱਗਸ ਐਂਡ ਸੋਸ਼ਲ ਵੈੱਲਫੇਅਰ ਵੱਲੋਂ ਪੱਤਰਕਾਰ ਸਨਮਾਨਤ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਆਜ਼ਾਦੀ ਦਿਹਾੜੇ ਦੇ ਸ਼ੁਭ ਅਵਸਰ ਮੌਕੇ ਐਂਟੀ ਡਰੱਗਸ ਐਂਡ ਸੋਸ਼ਲ ਵੈੱਲਫੇਅਰ ਆਰਗੇਨਾਈਜੇਸ਼ਨ ਪੰਜਾਬ ਦੇ ਚੇਅਰਮੈਨ ਸੰਜੀਵ ਗਰਗ ਵੱਲੋਂ ਜਰਨਲਿਸਟ ਪ੍ਰੈੱਸ ਕਲੱਬ ਸਮਾਣਾ ਦੇ ਪ੍ਰਧਾਨ ਸ. ਪ੍ਰੀਤਮ ਸਿੰਘ ਨਾਗੀ ਤੇ ਅਹੁਦੇਦਾਰਾਂ ਅਤੇ ਸਮੂਹ ਮੈਂਬਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਜੀਵ ਗਰਗ ਨੇ ਕਿਹਾ ਕਿ ਪੱਤਰਕਾਰ ਸਮਾਜ ਦਾ ਚੌਥਾ ਥੰਮ੍ਹ ਹਨ ਤੇ ਸਮਾਜ ਦਾ ਅਨਿੱਖੜਵਾਂ ਅੰਗ ਹਨ। ਇਨ੍ਹਾਂ ਬਿਨਾਂ ਸਮਾਜ ਅਧੂਰਾ ਹੈ, ਸਮਾਜ ਵਿੱਚ ਪੱਤਰਕਾਰ ਸਨਮਾਨ ਦੇ ਹੱਕਦਾਰ ਹਨ। ਇਸ ਮੌਕੇ ਅੱਜ ਆਜ਼ਾਦੀ ਦਿਹਾੜੇ ਦੇ ਮੌਕੇ ਜਰਨਲਿਸਟ ਪ੍ਰੈੱਸ ਕਲੱਬ ਸਮਾਣਾ ਦੇ ਪ੍ਰਧਾਨ ਸਰਦਾਰ ਪ੍ਰੀਤਮ ਸਿੰਘ ਨਾਗੀ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਸਨਮਾਨਤ ਕੀਤਾ ਗਿਆ ਹੈ। ਇਸ ਮੌਕੇ ਜਰਨਲਿਸਟ ਪ੍ਰੈੱਸ ਕਲੱਬ ਸਮਾਣਾ ਤੇ ਪ੍ਰਧਾਨ ਸ. ਪ੍ਰੀਤਮ ਸਿੰਘ ਨਾਗੀ ਨੇ ਐਂਟੀ ਡਰੱਗਸ ਐਂਡ ਸੋਸ਼ਲ ਵੈੱਲਫੇਅਰ ਆਰਗੇਨਾਈਜੇਸ਼ਨ ਪੰਜਾਬ ਦੇ ਚੇਅਰਮੈਨ ਸ੍ਰੀ ਸੰਜੀਵ ਗਰਗ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਆਜ਼ਾਦੀ ਦਿਹਾੜੇ ਦੇ ਸ਼ੁੱਭ ਅਵਸਰ ਮੌਕੇ ਜਰਨਲਿਸਟ ਪ੍ਰੈੱਸ ਕਲੱਬ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਸਨਮਾਨਤ ਕਰਨ ਲਈ ਧੰਨਵਾਦ ਕੀਤਾ।

# ਨਰੇਗਾ ਕਾਮਿਆਂ ਨੇ ਪੰਜਾਬ ਭਰ 'ਚ ਕੰਮ ਜਾਂ ਬੇਰੁਜ਼ਗਾਰੀ ਭੱਤੇ ਦੀ ਪ੍ਰਾਪਤੀ ਲਈ ਬੀ ਡੀ ਪੀ ਓਜ਼ ਨੂੰ ਸੌਂਪੇ ਮੰਗ ਪੱਤਰ : ਕਸ਼ਮੀਰ ਗਦਾਈਆ



**ਨਾਭਾ (ਪੱਤਰ ਪ੍ਰੇਰਕ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੀ ਅਗਵਾਈ ਵਿੱਚ 14 ਅਗਸਤ ਵਾਲੇ ਦਿਨ ਪੰਜਾਬ ਭਰ ਵਿੱਚ ਬੀ ਡੀ ਪੀ ਓ ਦੇ ਦਫ਼ਤਰਾਂ ਵਿੱਚ ਵੱਡੀ ਗਿਣਤੀ ਵਿੱਚ ਜਾ ਕੇ ਨਰੇਗਾ ਨੂੰ ਬੰਦ ਕਰਨ ਦੇ ਝੂਠੇ ਪ੍ਰਚਾਰ ਖਿਲਾਫ, ਕੰਮ ਜਾਂ ਬੇਰੁਜ਼ਗਾਰੀ ਭੱਤੇ ਦੀ ਪ੍ਰਾਪਤੀ ਮੰਗ ਪੱਤਰ ਦਿੱਤੇ ਤੇ ਅਮਲ ਨਾ ਹੋਣ 'ਤੇ ਪੰਜਾਬ ਭਰ ਦੇ ਕਾਮਿਆਂ ਵੱਲੋਂ ਸਰਕਾਰ ਨੂੰ ਸੰਘਰਸ਼ ਤਿੱਖਾ ਕਰਨ ਦੀ ਵੀ ਚਿਤਾਵਨੀ ਦੇ ਦਿੱਤੀ। ਇਹ ਗੱਲ ਪ੍ਰੈੱਸ ਨਾਲ਼ ਇੱਥੋਂ ਸਾਂਝੀ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ: ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਨੇ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਨਰੇਗਾ ਕਾਮਿਆਂ ਵੱਲੋਂ ਦਿੱਤੀਆਂ ਜਾਂਦੀਆਂ ਕੰਮ ਮੰਗ ਦੀਆਂ ਅਰਜ਼ੀਆਂ ਦੀ ਰਸੀਦ ਦੇਣ ਤੋਂ ਇਨਕਾਰ ਕਰਕੇ ਸਰੇਆਮ ਨਰੇਗਾ 2005 ਦੀ ਉਲੰਘਣਾ ਕਰਨ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ, ਕਾਮਿਆਂ ਨੇ ਮੰਗ ਕੀਤੀ ਕਿ ਇਸ ਦੇ ਜ਼ਿੰਮੇਵਾਰ ਅਧਿਕਾਰੀਆਂ ਤੇ ਐਕਟ ਅਨੁਸਾਰ ਧਾਰਾ 25 ਦੇ ਤਹਿਤ ਕੇਸ ਦਰਜ ਕਰਕੇ, ਜੁਰਮਾਨੇ ਲਗਾਏ ਜਾਣ, ਕੰਮ ਦੀ ਮੰਗ ਅਨੁਸਾਰ ਕੰਮ ਨਹੀਂ ਦਿੰਦੇ ਤਾਂ ਹਰ ਕਾਮਾਂ ਬੇਰੁਜ਼ਗਾਰੀ ਭੱਤੇ ਦਾ ਹੱਕਦਾਰ ਹੈ, ਸਾਡੇ ਬੇਰੁਜ਼ਗਾਰੀ ਭੱਤੇ ਦੇ ਫਾਰਮ ਜਮ੍ਹਾਂ ਕਰਕੇ ਸਾਨੂੰ ਰਸੀਦ ਦਿੱਤੀ ਜਾਵੇ।ਸੱਤ ਦਿਨਾਂ ਵਿੱਚ ਬੇਰੁਜ਼ਗਾਰੀ ਭੱਤਾ ਦੇਣਾ ਯਕੀਨੀ ਬਣਾਇਆ ਜਾਵੇ, ਬੇਰੁਜ਼ਗਾਰੀ ਭੱਤੇ ਦੇ ਪਹਿਲਾਂ ਦਿੱਤੇ ਕੇਸਾਂ ਦਾ ਨਿਪਟਾਰਾ ਕੀਤਾ ਜਾਵੇ, ਪਿਛਲੇ ਉਜਰਤੀ ਬਕਾਏ ਜਲਦੀ ਅਦਾ ਕੀਤੇ ਜਾਣ, ਜਿੱਥੇ ਤਕਨੀਕੀ ਨਕਸ਼ਾ ਕਾਰਨ ਵਿਅਕਤੀਗਤ ਭੁਗਤਾਨ ਰੁਕੇ ਹੋਏ ਹਨ, ਉਨ੍ਹਾਂ ਦਾ ਫੌਰੀ ਭੁਗਤਾਨ ਕੀਤਾ ਜਾਵੇ, ਪੱਕੇ ਕੰਮਾਂ 'ਤੇ ਮਨਮਰਜ਼ੀ ਨਾਲ ਕਾਮਿਆਂ ਦੇ ਮਸਟਰੋਲ ਕੱਢਣੇ ਤੇ ਲਗਾਤਾਰ ਇੱਕ ਗਰੁੱਪ ਨੂੰ ਹੀ ਕੰਮ ਦੇਣਾ ਇਹ ਬਹੁਤ ਵੱਡੀ ਬੇਇਨਸਾਫ਼ੀ ਹੈ, ਜਦੋਂ ਕੰਮ ਮੰਗ ਦੀਆਂ ਰਸੀਦਾਂ ਹਨ ਤਾਂ ਉਨ੍ਹਾਂ ਕਾਮਿਆਂ ਵਿੱਚੋਂ ਹੀ ਪੱਕੇ ਕੰਮ ਉਤੇ ਮਸਟਰੋਲ ਕੱਢਿਆ ਜਾਵੇ, ਸਕਿਲਡ ਲੇਬਰ ਦੇ ਨਾਂਅ 'ਤੇ ਹੁੰਦੀ ਹੇਰਾ ਫੇਰੀ ਸਖ਼ਤੀ ਨਾਲ਼ ਰੋਕੀ ਜਾਵੇ, ਮੇਟ ਸੈਮੀ ਸਕਿਲਡ ਖ਼ਾਤੇ ਵਿੱਚ ਹਨ, ਉਨ੍ਹਾਂ ਦੀ ਹਾਜ਼ਰੀ ਸੈਮੀ-ਸਕਿਲਡ ਖ਼ਾਤੇ 'ਚ ਹੀ ਲਾਈ ਜਾਵੇ, ਕੰਮ ਸਭ ਨੂੰ ਮਿਲਣਾ ਯਕੀਨੀ ਕੀਤਾ ਜਾਵੇ, ਪਰ ਮਸਟਰੋਲ ਕੰਮ ਦੀ ਮੰਗ ਅਨੁਸਾਰ ਕੱਢੇ ਜਾਣ, ਜਿਸ ਨੇ ਕੰਮ ਨਹੀਂ ਵੀ ਮੰਗਿਆ, ਉਸ ਦਾ ਵੀ ਮਸਟਰੋਲ ਕੱਢ ਕੇ, ਐਸਟੀਮੇਟ ਖਤਮ ਕਰਨ ਦੀ ਰਵਾਇਤ ਬੰਦ ਕੀਤੀ ਜਾਵੇ, ਇਹ ਬੇਲੋੜੀ ਹੈ ਬੇਰੁਜ਼ਗਾਰੀ ਭੱਤੇ ਦੀ ਮੰਗ ਨੂੰ ਵਧਾਉਣ ਦੀ ਕਾਰਵਾਈ ਹੈ। ਕਾਮਰੇਡ ਕਸ਼ਮੀਰ ਸਿੰਘ ਗਦਾਈਆ ਨੇ ਕਿਹਾ ਕਿ ਇਨ੍ਹਾਂ ਮੰਗਾਂ ਦਾ ਮੰਗ ਪੱਤਰ ਫਰੀਦਕੋਟ ਅੰਮ੍ਰਿਤਸਰ, ਤਰਨਤਾਰਨ, ਫਾਜ਼ਿਲਕਾ, ਮੋਗਾ, ਮੁਕਤਸਰ ਸਾਹਿਬ, ਨਾਭਾ, ਬਰਨਾਲਾ ਆਦਿ ਵੱਖ ਵੱਖ ਹੋਰਨਾਂ ਥਾਵਾਂ 'ਤੇ ਵੀ ਦਿੱਤਾ ਗਿਆ ਹੈ। ਇਨ੍ਹਾਂ ਥਾਵਾਂ 'ਤੇ ਅਗਵਾਈ ਕਰਨ ਵਾਲਿਆਂ ਤੇ ਇੱਕਠੇ ਹੋਏ ਕਾਮਿਆਂ ਨੂੰ ਸੰਬੋਧਨ ਕਰਨ ਵਾਲਿਆਂ 'ਚ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ: ਏਟਕ ਦੇ ਮੁੱਖ ਸਲਾਹਕਾਰ ਕਾਮਰੇਡ ਜਗਰੂਪ, ਸੂਬਾ ਸਕੱਤਰ ਜਗਸੀਰ ਸਿੰਘ ਖੋਸਾ, ਸ਼ੇਰ ਸਿੰਘ ਦੌਲਤਪੁਰਾ, ਮਹਿੰਦਰ ਸਿੰਘ ਧੂੜਕੋਟ, ਬੋਹੜ ਸਿੰਘ ਸੁੱਖਨਾ, ਬਿੰਦਰ ਸਿੰਘ ਖੂਨਣ ਕਲਾਂ, ਗੋਰਾਂ ਸਿੰਘ ਪਿੱਪਲੀ, ਰਾਮ ਸਿੰਘ ਚੈਨਾਂ, ਪੱਪੀ ਢਿੱਲਵਾਂ, ਮਨਜੀਤ ਕੌਰ ਨੱਥੇਵਾਲਾ, ਬਲਕਾਰ ਸਿੰਘ ਦੁਧਾਲਾ, ਲਖਵਿੰਦਰ ਸਿੰਘ ਗੋਪਾਲਪੁਰ, ਖੁਸ਼ੀਆਂ ਸਿੰਘ, ਜਗਰਾਜ ਸਿੰਘ ਰਾਮਾ, ਬਲਜੀਤ ਕੌਰ ਗਦਾਈਆ, ਅਮਨਦੀਪ ਕਕਰਾਲਾ, ਕੁਲਵੰਤ ਕੌਰ ਨਰਮਾਣਾ, ਲਾਲ਼ ਸਿੰਘ ਤੁੰਗਾਂ, ਮਨਪ੍ਰੀਤ ਕੌਰ ਬਿਸਨਗੜ੍ਹ, ਗੁਰਦਿਆਲ ਸਿੰਘ ਖੰਡੂਰ ਸਾਹਿਬ, ਨਰਿੰਦਰ ਅਲਗੋਂ, ਗੁਰਦਿਆਲ ਸਿੰਘ ਫਾਜ਼ਿਲਕਾ ਆਦਿ ਆਗੂ ਸਨ। ਇਨ੍ਹਾਂ ਸੂਬਾਈ ਨਰੇਗਾ ਆਗੂਆਂ ਸਰਕਾਰਾਂ ਨੂੰ ਸਖਤ ਚਿਤਾਵਨੀ ਦਿੰਦਿਆਂ ਕਿਹਾ ਕਿ ਪਹਿਲਾਂ ਅਸੀਂ 25 ਜੁਲਾਈ ਨੂੰ ਪੰਜਾਬ ਭਰ ਦੇ ਡੀ ਸੀ ਨੂੰ ਮੰਗ ਪੱਤਰ ਦੇ ਚੁੱਕੇ ਹਾਂ, ਹੁਣ ਅਸੀਂ ਬਲਾਕਾਂ ਦੇ ਪ੍ਰੋਗਰਾਮ ਅਫ਼ਸਰਾਂ ਨੂੰ ਮੰਗ ਪੱਤਰ ਦਿੱਤੇ ਹਨ, ਜੇਕਰ ਫ਼ਿਰ ਵੀ ਅਮਲ ਨਾ ਹੋਇਆ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਹੋਰ ਤਿੱਖਾ ਕਰ ਦਿੱਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਦੀ ਹੋਵੇਗੀ।

## ਕਾਤਰਾਂ

### ਹੈਰੋਇਨ ਸਮੇਤ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ 6 ਗ੍ਰਾਮ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਮੁਲਜ਼ਮ ਦੀ ਪਹਿਚਾਣ ਨਵਦੀਪ ਸਿੰਘ ਵਜੋਂ ਹੋਈ ਹੈ। ਥਾਣਾ ਮੁਖੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਜਗਤਾਰ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਅਢਿਆਣਾ ਰੋਡ 'ਤੇ ਗਸ਼ਤ ਕੀਤੀ ਜਾ ਰਹੀ ਸੀ ਕਿ ਇੱਕ ਮੋਨਾ ਨੌਜਵਾਨ ਪੈਦਲ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਵਾਪਸ ਮੁੜਨ ਲੱਗਾ। ਪੁਲਸ ਵੱਲੋਂ ਜਦੋਂ ਉਸ ਨੂੰ ਜਾਂਚ ਲਈ ਰੋਕਿਆ ਤਾਂ ਉਸ ਨੇ ਆਪਣਾ ਨਾਮ ਨਵਦੀਪ ਸਿੰਘ ਦੱਸਿਆ, ਜਿਸ ਕੋਲੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਉਸ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

### ਪੰਜਾਬ ਐਗਰੋ ਦੇ ਚੇਅਰਮੈਨ ਢਿੱਲੋਂ ਦਾ ਸਨਮਾਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਲੋਕ ਸਭਾ ਦਫ਼ਤਰ ਵਿਖੇ ਬਲਜਿੰਦਰ ਸਿੰਘ ਢਿੱਲੋਂ ਨੂੰ ਪੰਜਾਬ ਐਗਰੋ ਫੂਡ ਗ੍ਰੇਨ ਕਾਰਪੋਰੇਸਨ ਲਿਮ: ਦਾ ਚੇਅਰਮੈਨ ਨਿਯੁਕਤ ਕਰਨ 'ਤੇ ਐਸ ਸੀ ਵਿੰਗ ਦੇ ਸੂਬਾ ਮੀਤ ਪ੍ਰਧਾਨ ਤੇ ਸੂਬਾ ਸੰਯੁਕਤ ਸਕੱਤਰ ਅਮਰੀਕ ਸਿੰਘ ਬੰਗੜ ਤੇ ਜ਼ਿਲ੍ਹਾ ਐਸ.ਸੀ ਵਿੰਗ ਟੀਮ ਵੱਲੋਂ ਸਨਮਾਨਤ ਕੀਤਾ ਗਿਆ। ਬਲਜਿੰਦਰ ਢਿੱਲੋਂ ਨੇ ਅਮਰੀਕ ਸਿੰਘ ਬੰਗੜ ਤੇ ਉਨ੍ਹਾਂ ਨਾਲ ਆਏ ਸਾਥੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਨੇ ਮੈਨੂੰ ਜੋ ਜ਼ਿੰਮੇਵਾਰੀ ਦਿੱਤੀ ਹੈ, ਉਸ ਨੂੰ ਮੈਂ ਦਿਨ-ਰਾਤ ਮਿਹਨਤ ਕਰਕੇ ਲੋਕਾਂ ਦੀ ਸੇਵਾ ਕਰਾਂਗਾ। ਅਮਰੀਕ ਸਿੰਘ ਬੰਗੜ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਮ ਆਦਮੀ ਦੀ ਪਹਿਲੀ ਸਰਕਾਰ ਹੈ, ਜਿਸ ਨੇ ਐਸੀ. ਵਰਗ ਦੇ ਲੋਕਾਂ ਦੇ 2020 ਤੱਕ ਦਿੱਤੇ ਕਰਜ਼ਿਆਂ ਨੂੰ ਮੁਆਫ਼ ਕਰਕੇ ਮਿਸਾਲ ਕਾਇਮ ਕੀਤੀ ਹੈ।

### ਜੋੜ ਮੇਲੇ ਮੌਕੇ ਮਾਤਾ ਗੰਗਾ ਖਾਲਸਾ ਕਾਲਜ ਵੱਲੋਂ ਵਿਸ਼ੇਸ਼ ਪ੍ਰਦਰਸ਼ਨੀ

**ਦੋਰਾਹਾ (ਹਰਮਿੰਦਰ ਸੇਠ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਦੇ ਸੁਚੱਜੇ ਪ੍ਰਬੰਧ ਹੇਠ ਚੱਲ ਰਹੇ ਮਾਤਾ ਗੰਗਾ ਖ਼ਾਲਸਾ ਕਾਲਜ ਦੇ ਸਮੂਹ ਸਟਾਫ਼ ਮੈਂਬਰਾਂ ਨੇ ਛੇਵੀਂ ਪਾਤਸ਼ਾਹੀ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਮੰਜੀ ਸਾਹਿਬ ਕੋਟਾਂ ਦੇ ਤਿੰਨ ਦਿਨਾ ਸਾਲਾਨਾ ਜੋੜ ਮੇਲੇ ਦੌਰਾਨ ਵਿਦਿਆਰਥੀਆਂ ਸਮੇਤ ਨਤਮਸਤਕ ਹੋ ਕੇ ਹਾਜ਼ਰੀ ਭਰੀ।ਹਰ ਸਾਲ 12 ਤੋਂ 14 ਅਗਸਤ ਤੱਕ ਹੋਣ ਵਾਲੇ ਇਸ ਜੋੜ ਮੇਲੇ ਵਿੱਚ ਇਲਾਕੇ ਤੇ ਦੂਰ-ਦੁਰਾਡੇ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਦੀਆਂ ਹਨ।ਜ਼ਿਕਰਯੋਗ ਹੈ ਕਿ 14 ਅਗਸਤ 2025 ਨੂੰ ਕਾਲਜ ਦੇ ਹੋਮ ਸਾਇੰਸ, ਫੈਸ਼ਨ ਡਿਜ਼ਾਇਨਿੰਗ ਤੇ ਜੀਵ ਵਿਗਿਆਨ ਵਿਭਾਗਾਂ ਵੱਲੋਂ ਇਸ ਮੌਕੇ ਵਿਸ਼ੇਸ਼ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ।ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਵੱਲੋਂ ਤਿਆਰ ਕੀਤੀਆਂ ਚੀਜ਼ਾਂ ਬੰਧੇਜ ਦੁਪੱਟੇ, ਹੱਥ ਨਾਲ ਪੇਂਟ ਕੀਤੀਆਂ ਚਾਦਰਾਂ, ਕੁਸ਼ਨ ਕਵਰ, ਕਢਾਈ ਵਾਲੇ ਸੂਟ, ਊਨੀ ਸਵੈਟਰ, ਟੇਬਲ ਮੈਟ, ਫਰਿੱਜ ਮੈਗਨੇਟ, ਪੇਂਟਿੰਗ, ਵਰਲੀ ਆਰਟ ਤੇ ਸੰਜੀਵਨੀ ਪਾਊਡਰ ਸੰਗਤ ਲਈ ਖਿੱਚ ਦਾ ਕੇਂਦਰ ਬਣੀਆਂ।ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਦੱਸਿਆ ਕਿ ਮਾਤਾ ਗੰਗਾ ਖਾਲਸਾ ਕਾਲਜ ਵਿਦਿਆਰਥੀਆਂ ਨੂੰ ਸਿਰਫ਼ ਅਕਾਦਮਿਕ ਗਿਆਨ ਹੀ ਨਹੀਂ ਦਿੰਦਾ, ਬਲਕਿ ਐੱਸ.ਜੀ.ਪੀ.ਸੀ. ਵੱਲੋਂ ਚਲਾਈ ਜਾ ਰਹੀ ਅਰਨ ਵਾਇਲ ਲਰਨ ਸਕੀਮ ਤਹਿਤ ਉਨ੍ਹਾਂ ਨੂੰ ਹੁਨਰ ਤੇ ਕਾਰਜ-ਕੁਸ਼ਲਤਾ ਵਿੱਚ ਨਿਪੁੰਨ ਬਣਾਉਣ ਲਈ ਵੀ ਮੌਕੇ ਪ੍ਰਦਾਨ ਕਰਦਾ ਹੈ।

# ਜਨਮ ਅਸ਼ਟਮੀ ਨੂੰ ਲੈ ਕੇ ਕੱਢੀ ਵਿਸ਼ਾਲ ਸ਼ੋਭਾ ਯਾਤਰਾ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਨੂੰ ਲੈ ਕੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੀ ਰਾਧਾ ਕ੍ਰਿਸ਼ਨ ਮੰਦਿਰ ਤੋਂ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ। ਇਸ ਸ਼ੋਭਾ ਯਾਤਰਾ ਦੀ ਅਗਵਾਈ ਉਡੀਕ ਚੰਦ ਬਿੰਦਰਾ, ਮਦਨ ਮੋਹਨ ਕੰਧਾਰੀ, ਬਲਦੇਵ ਸੇਠੀ, ਕਾਲਾ ਵੋਹਰਾ, ਅਸ਼ੋਕ ਵੋਹਰਾ, ਲਾਲ ਚੰਦ ਨਰੂਲਾ, ਕ੍ਰਿਸ਼ਨ ਨਰੂਲਾ, ਪ੍ਰੇਮ ਸਚਦੇਵਾ, ਪ੍ਰਿੰਸ ਗਲਹੋਤਰਾ ਅਨਿਲ ਹਾਂਡਾ, ਲਾਲਾ ਪੰਡਤ ਵੱਲੋਂ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਉਡੀਕ ਚੰਦ ਬਿੰਦਰਾ, ਕ੍ਰਿਸ਼ਨ ਨਰੂਲਾ, ਬਲਦੇਵ ਸੇਠੀ ਨੇ ਦੱਸਿਆ ਕਿ ਹਰ ਸਾਲ ਹੀ ਸ੍ਰੀ ਰਾਧਾ ਕ੍ਰਿਸ਼ਨ ਮੰਦਰ ਤੋਂ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਨੂੰ ਮੁੱਖ ਰੱਖਦਿਆਂ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾਂਦੀ ਹੈ, ਜੋ ਕਿ ਇਸ ਸਾਲ ਵੀ ਕੱਢੀ ਗਈ। ਉਨ੍ਹਾਂ ਕਿਹਾ ਕਿ ਇਹ ਸ਼ੋਭਾ ਯਾਤਰਾ ਸ਼ਾਮ ਨੂੰ 6 ਵਜੇ ਮੰਦਰ ਤੋਂ ਸ਼ੁਰੂ ਹੋ ਕੇ ਵੱਖ-ਵੱਖ ਬਾਜ਼ਾਰਾਂ ਤੋਂ ਹੁੰਦੇ ਹੋਏ ਵਾਪਸ ਰਾਤ ਨੂੰ 8 ਵਜੇ ਮੰਦਿਰ ਵਿਖੇ ਆ ਕੇ ਸਮਾਪਤ ਹੋਈ। ਇਸ ਸ਼ੋਭਾ ਯਾਤਰਾ ਦੇ ਸਵਾਗਤ ਲਈ ਸ਼ਹਿਰ ਵਾਸੀਆਂ ਵੱਲੋਂ ਥਾਂ-ਥਾਂ ਸਵਾਗਤੀ ਗੇਟ ਲਗਾਏ ਗਏ ਤੇ ਨਾਲ ਚੱਲ ਰਹੀ ਸੰਗਤ ਲਈ ਥਾਂ ਥਾਂ 'ਤੇ ਲੰਗਰ ਵੀ ਲਗਾਏ ਗਏ ਅਤੇ ਸ਼ੋਭਾ ਯਾਤਰਾ ਮੌਕੇ ਆਤਿਸ਼ਬਾਜ਼ੀ ਦਾ ਵੀ ਖੂਬ ਨਜ਼ਾਰਾ ਦੇਖਣ ਯੋਗ ਸੀ। ਉਹਨਾਂ ਨੇ ਕਿਹਾ ਕਿ ਹਰ ਸਾਲ ਹੀ ਮੰਦਿਰ ਕਮੇਟੀ ਵੱਲੋਂ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਧੂਮ ਧਾਮ ਦੇ ਨਾਲ ਮਨਾਇਆ ਜਾਂਦਾ ਹੈ ਜੋ ਕਿ ਇਸ ਵਾਰ ਵੀ 17 ਅਗਸਤ ਨੂੰ ਮਨਾਇਆ ਜਾ ਰਿਹਾ ਹੈ।ਇਸ ਮੌਕੇ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਤਿਉਹਾਰ ਮੌਕੇ ਮੰਦਿਰ ਵਿਖੇ ਪਹੁੰਚ ਕੇ ਕ੍ਰਿਸ਼ਨ ਭਗਵਾਨ ਦਾ ਅਸ਼ੀਰਵਾਦ ਪ੍ਰਾਪਤ ਕਰਨ।

# ਭਾਰਤੀ ਕਮਿਊਨਿਸਟ ਪਾਰਟੀ ਦਾ ਵਲੰਟੀਅਰ ਕੈਂਪ ਆਯੋਜਿਤ

**ਸੰਗਰੂਰ (ਪ੍ਰਵੀਨ ਸਿੰਘ)**-ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਪੰਜਾਬ ਵੱਲੋਂ ਸੰਗਰੂਰ ਜ਼ੋਨ ਵਿੱਚ 16 ਤੇ 17 ਅਗਸਤ ਨੂੰ ਦੋ ਰੋਜ਼ਾ ਵਲੰਟੀਅਰ ਕੈਂਪ ਸ਼ੁਰੂ ਕੀਤਾ ਗਿਆ।ਇਹ ਕੈਂਪ ਆਉਣ ਵਾਲੇ 21 ਤੋਂ 25 ਸਤੰਬਰ 2025 ਨੂੰ ਚੰਡੀਗੜ੍ਹ ਵਿੱਚ ਹੋਣ ਵਾਲੇ ਪਾਰਟੀ ਮਹਾਂਸੰਮੇਲਨ ਦੀਆਂ ਤਿਆਰੀਆਂ ਦੇ ਸੰਦਰਭ ਵਿੱਚ ਹੋਇਆ।ਕੈਂਪ ਵਿੱਚ ਪਾਰਟੀ ਦੇ ਵੱਖ-ਵੱਖ



ਜ਼ਿਲ੍ਹਿਆਂ ਤੋਂ ਚੋਣਵੇਂ ਵਲੰਟੀਅਰਾਂ ਨੇ ਸ਼ਮੂਲੀਅਤ ਕੀਤੀ।ਕੈਂਪ ਦੀ ਸ਼ੁਰੂਆਤ ਤੇ ਕੈਂਪ ਦਾ ਉਦਘਾਟਨ ਕਰਦਿਆਂ ਪਾਰਟੀ ਦੀ ਸੂਬਾ ਕਾਰਜਕਾਰਨੀ ਦੇ ਮੈਂਬਰ ਤੇ ਜ਼ਿਲ੍ਹਾ ਸੰਗਰੂਰ ਦੇ ਸਕੱਤਰ ਸਾਥੀ ਸੁਖਦੇਵ ਸ਼ਰਮਾ ਨੇ ਕਿਹਾ ਕਿ ਕਮਿਊਨਿਸਟ ਪਾਰਟੀ ਹਮੇਸ਼ਾ ਮਜ਼ਦੂਰਾਂ, ਕਿਸਾਨਾਂ ਤੇ ਆਮ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਦੀ ਆਈ ਹੈ।ਉਨ੍ਹਾਂ ਜ਼ੋਰ ਦਿੱਤਾ ਕਿ ਅੱਜ ਦੇ ਸਮੇਂ ਵਿੱਚ ਜਦੋਂ ਨੌਜਵਾਨ ਬੇਰੁਜ਼ਗਾਰੀ ਤੇ ਕਿਸਾਨ ਕਰਜ਼ੇ ਦੇ ਬੋਝ ਹੇਠ ਪੀਸ ਰਹੇ ਹਨ, ਸੀ ਪੀ ਆਈ ਵਰਗੀਆਂ ਪਾਰਟੀਆਂ ਹੀ ਲੋਕਾਂ ਨੂੰ ਹੱਕ ਦਿਵਾਉਣ ਦੀ ਅਸਲੀ ਲੜਾਈ ਲੜ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਪਾਰਟੀ ਦਾ ਸ਼ਾਨਾਮੱਤਾ ਇਤਿਹਾਸ ਹੈ ਕਿ ਇਸ ਦੇ ਆਪਣੇ ਮੁੱਢ ਤੋਂ ਲੈ ਕੇ ਲੋਕਾਂ ਦੇ ਹਿੱਤਾਂ ਦੀ ਲੜਾਈ ਲੜੀ ਹੈ।ਉਨ੍ਹਾਂ ਕਿਹਾ ਕਿ ਪਾਰਟੀ ਦੇ ਚੰਡੀਗੜ੍ਹ ਵਿਖੇ ਹੋ ਰਹੇ ਮਹਾਂਸੰਮੇਲਨ ਵਿੱਚ ਵਲੰਟੀਅਰ ਵਜੋਂ ਭੂਮਿਕਾ ਨਿਭਾਉਣੀ, ਆਪਣੇ ਆਪ ਵਿੱਚ ਮਾਣ ਵਾਲੀ ਗੱਲ ਹੈ।ਇਸ ਮਹਾਂਸੰਮੇਲਨ ਵਿੱਚ ਦੇਸ਼ ਵਿੱਚੋਂ ਸਾਢੇ ਅੱਠ ਸੌ ਚੋਣਵੇਂ ਡੈਲੀਗੇਟ ਹਾਜ਼ਰ ਹੋਣੇ ਹਨ, ਉਨ੍ਹਾਂ ਨੂੰ ਅਸੀਂ ਪੰਜਾਬ ਦੇ ਲੋਕਾਂ ਵੱਲੋਂ ਕੀਤੀ ਜਾਂਦੀ ਮਹਿਮਾਨਨਿਵਾਜ਼ੀ ਤੇ ਪੰਜਾਬੀਆਂ ਦੇ ਸੁਭਾਅ ਤੋਂ ਜਾਣੂ ਕਰਵਾਉਣਾ ਹੈ, ਮਹਾਂਸੰਮੇਲਨ ਦੇ ਸੁਚੱਜੇ ਤੇ ਸਮੁੱਚੇ ਪ੍ਰਬੰਧਾਂ ਲਈ ਅਸੀਂ ਵੀ ਆਪਣੀ ਬਣਦੀ ਭੂਮਿਕਾ ਨਿਭਾਉਣੀ ਹੈ।

ਕੈਂਪ ਦੇ ਦੂਜੇ ਸ਼ੈਸ਼ਨ ਵਿੱਚ ਬੋਲਦਿਆਂ ਪਾਰਟੀ ਦੇ ਸੂਬਾ ਸਕਤਰੇਤ ਮੈਂਬਰ ਕਸ਼ਮੀਰ ਗਦਾਈਆ ਨੇ ਕਿਹਾ ਕਿ ਆਉਣ ਵਾਲਾ ਮਹਾਂਸੰਮੇਲਨ ਪਾਰਟੀ ਦੇ ਲਈ ਇਤਿਹਾਸਕ ਮਹੱਤਵ ਰੱਖਦਾ ਹੈ।ਉਨ੍ਹਾਂ ਨੇ ਕਿਹਾ ਕਿ ਪਾਰਟੀ ਦੇ ਵਲੰਟੀਅਰ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ, ਪਾਰਟੀ ਦੇ ਸਿਧਾਂਤਾਂ ਨੂੰ ਪਿੰਡ-ਪਿੰਡ ਤੱਕ ਪਹੁੰਚਾਉਣ ਤੇ ਲੋਕਾਂ ਦੇ ਅਸਲ ਮੁੱਦਿਆਂ ਨੂੰ ਸਰਕਾਰ ਅੱਗੇ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਸਾਥੀ ਕਸ਼ਮੀਰ ਗਦਾਈਆ ਨੇ ਕਿਹਾ ਕਿ ਜਿੱਥੇ ਪਾਰਟੀ ਦਾ ਚੰਡੀਗੜ੍ਹ ਵਿਖੇ 25ਵਾਂ ਮਹਾਂਸੰਮੇਲਨ ਹੋ ਰਿਹਾ, ਓਥੇ ਇਹ ਪਾਰਟੀ ਦਾ ਸੌ ਸਾਲਾ ਵਰ੍ਹਾ ਵੀ ਹੈ।ਉਨ੍ਹਾਂ ਪਾਰਟੀਆਂ ਵੱਲੋਂ ਸੰਘਰਸ਼ਾਂ ਰਾਹੀਂ ਲੋਕਾਂ ਵਾਸਤੇ ਕੀਤੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਦੱਸਿਆ।ਇਸ ਕੈਂਪ ਵਿੱਚ ਵਾਲੰਟੀਅਰਾਂ ਨੂੰ ਟਰੇਨਿੰਗ ਦੇਣ ਲਈ ਸਾਥੀ ਬਲਕਾਰ ਦੁਧਾਲਾ ਵਿਸ਼ੇਸ਼ ਤੌਰ ਉੱਤੇ ਹਾਜ਼ਰ ਹਨ।ਕੈਂਪ ਦੀ ਦੇਖ-ਰੇਖ ਸਾਥੀ ਸੁਖਜਿੰਦਰ ਮਹੇਸਰੀ ਕਰ ਰਹੇ ਹਨ।

## ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

# ਇਕ ਸ.ਫਲ ਕਿਸਾਨ, ਸਮਾਜ ਸੇਵੀ ਤੇ ਟ੍ਰਾਂਸਪੋਟਰ ਸਨ ਸਾਹਿਬ ਸਿੰਘ ਸੰਧੂ ਘੜਾਮ



ਸਾਹਿਬ ਸਿੰਘ ਸੰਧੂ ਦਾ ਜਨਮ 14 ਨਵੰਬਰ 1979 ਨੂੰ ਪਿਤਾ ਸੁਰਜੀਤ ਸਿੰਘ ਦੇ ਘਰ ਮਾਤਾ ਗੁਰਮੀਤ ਕੌਰ ਦੀ ਕੁੱਖੋਂ ਪਿੰਡ ਘੜਾਮ, ਜ਼ਿਲ੍ਹਾ ਪਟਿਆਲਾ ਵਿਖੇ ਹੋਇਆ।ਪੰਜਾਬ ਦੀ ਮਿੱਟੀ ਨਾਲ ਡੂੰਘਾ ਜੁੜਿਆ ਹੋਇਆ ਸੀ।ਉਨ੍ਹਾਂ ਦੀ ਸ਼ੁਰੂਆਤੀ ਸਿੱਖਿਆ ਪਿੰਡ ਦੇ ਸਕੂਲ ਵਿੱਚ ਹੋਈ, ਜਿੱਥੇ ਉਨ੍ਹਾਂ ਨੇ ਦਸਵੀਂ ਤੱਕ ਦੀ ਪੜ੍ਹਾਈ ਕੀਤੀ।ਇਸ ਤੋਂ ਬਾਅਦ ਉਨ੍ਹਾਂ ਨੇ ਪੜ੍ਹਾਈ ਛੱਡ ਕੇ ਪਰਿਵਾਰਕ ਕਾਰੋਬਾਰ ਵਿੱਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ।ਸਾਹਿਬ ਸਿੰਘ ਦਾ ਮੁੱਖ ਕਿੱਤਾ ਖੇਤੀਬਾੜੀ ਸੀ, ਜਿਸ ਨੂੰ ਉਨ੍ਹਾਂ ਬਹੁਤ ਲਗਨ ਨਾਲ ਨਿਭਾਇਆ, ਪਰ ਉਹ ਸਿਰਫ਼ ਖੇਤੀ ਤੱਕ ਸੀਮਤ ਨਹੀਂ ਸਨ। ਉਨ੍ਹਾਂ ਨੇ ਟ੍ਰਾਂਸਪੋਰਟ ਦਾ ਕੰਮ ਵੀ ਸ਼ੁਰੂ ਕੀਤਾ ਤੇ ਇਸ ਵਿੱਚ ਵੀ ਸਫਲਤਾ ਪ੍ਰਾਪਤ ਕੀਤੀ।ਉਨ੍ਹਾਂ ਦੀ ਮਿਹਨਤ ਤੇ ਸਮਰਪਣ ਨੇ ਉਨ੍ਹਾਂ ਨੂੰ ਆਪਣੇ ਖੇਤਰ ਵਿੱਚ ਇੱਕ ਸਤਿਕਾਰਯੋਗ ਸਥਾਨ ਦਿਵਾਇਆ।

ਸਾਹਿਬ ਸਿੰਘ ਸਿਰਫ਼ ਆਪਣੇ ਕੰਮ ਤੱਕ ਹੀ ਸੀਮਿਤ ਨਹੀਂ ਸਨ, ਬਲਕਿ ਉਨ੍ਹਾਂ ਆਪਣੇ ਭਾਈਚਾਰੇ ਤੇ ਪਿੰਡ ਦੀ ਬਿਹਤਰੀ ਲਈ ਵੀ ਬਹੁਤ ਕੰਮ ਕੀਤਾ।ਉਹ ਇੱਕ ਵਾਰ ਪੰਚਾਇਤ ਮੈਂਬਰ, ਬਲਾਕ ਸੰਮਤੀ ਮੈਂਬਰ ਤੇ ਸਕੂਲ ਕਮੇਟੀ ਦੇ ਚੇਅਰਮੈਨ ਰਹੇ।ਉਹ ਟਰੱਕ ਯੂਨੀਅਨ, ਦੇਵੀਗੜ੍ਹ ਦੇ ਪ੍ਰਧਾਨ ਵੀ ਰਹੇ ਜਿੱਥੇ ਉਨ੍ਹਾਂ ਨੇ ਟਰਾਂਸਪੋਰਟਰਾਂ ਦੇ ਹਿੱਤਾਂ ਦੀ ਰਾਖੀ ਕੀਤੀ।

ਨਿੱਜੀ ਜੀਵਨ ਵਿੱਚ, ਸਾਹਿਬ ਸਿੰਘ ਦਾ ਵਿਆਹ ਬੇਅੰਤ ਸਿੰਘ ਦੀ ਧੀ ਬਲਜੀਤ ਕੌਰ ਨਾਲ ਪਿੰਡ ਰੁਖਸਾਨਾ ਜ਼ਿਲ੍ਹਾ ਕਰਨਾਲ ਹਰਿਆਣਾ ਵਿਖੇ ਹੋਇਆ, ਜਿਸ ਦੇ ਘਰ ਦੋ ਬੱਚੇ ਇੱਕ ਲੜਕਾ ਜੋ ਯੂ. ਕੇ. ਵਿੱਚ ਰਹਿੰਦਾ ਹੈ ਤੇ ਇੱਕ ਲੜਕੀ ਨੇ ਜਨਮ ਲਿਆ।ਸਾਹਿਬ ਸਿੰਘ ਦਾ ਪਰਿਵਾਰ ਉਨ੍ਹਾਂ ਲਈ ਸਭ ਤੋਂ ਮਹੱਤਵਪੂਰਨ ਸੀ।ਉਹ ਆਪਣੀ ਪਤਨੀ, ਲੜਕੀ, ਲੜਕਾ, ਭਰਾ ਤੇ ਭੈਣ ਨੂੰ ਛੱਡ ਕੇ 7 ਅਗਸਤ 2025 ਨੂੰ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ।ਉਹ 45 ਸਾਲ ਦੇ ਸਨ।ਉਨ੍ਹਾਂ ਦਾ ਅਚਾਨਕ ਜਾਣਾ ਉਨ੍ਹਾਂ ਦੇ ਪਰਿਵਾਰ, ਦੋਸਤਾਂ ਤੇ ਪਿੰਡ ਲਈ ਇੱਕ ਵੱਡਾ ਘਾਟਾ ਹੈ।ਉਹ ਆਪਣੇ ਪਿੱਛੇ ਮਿਹਨਤ, ਲਗਨ ਤੇ ਸਮਾਜ ਲਈ ਕੁਝ ਕਰਨ ਦੀ ਭਾਵਨਾ ਦੀ ਇੱਕ ਵਿਰਾਸਤ ਛੱਡ ਗਏ ਹਨ।ਸਵਰਗਵਾਸੀ ਸਾਹਿਬ ਸਿੰਘ ਨਮਿੱਤ ਭੋਗ ਤੇ ਅੰਤਿਮ ਅਰਦਾਸ 17 ਅਗਸਤ ਐਤਵਾਰ ਨੂੰ ਦੁਪਹਿਰ 12 ਤੋਂ 1 ਵਜੇ ਤੱਕ ਗੁਰਦੁਆਰਾ ਬਾਉਲੀ ਸਾਹਿਬ ਘੜਾਮ ਜ਼ਿਲ੍ਹਾ ਪਟਿਆਲਾ ਵਿਖੇ ਹੋਵੇਗੀ। ਅੱਜ ਉਨ੍ਹਾਂ ਦੀ ਅੰਤਿਮ ਅਰਦਾਸ ਸਮੇਂ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

*-ਰਾਜਿੰਦਰ ਸਿੰਘ ਥਿੰਦ*

# ਬੰਦੀ ਸਿੰਘਾਂ ਸਮੇਤ ਸਜ਼ਾਵਾਂ ਪੂਰੀਆਂ ਕਰ ਚੁੱਕੇ ਤਮਾਮ ਕੈਦੀ ਤੁਰੰਤ ਰਿਹਾਅ ਕੀਤੇ ਜਾਣ : ਲਿਬਰੇਸ਼ਨ

## ਸੁਪਰੀਮ ਕੋਰਟ ਵੱਲੋਂ ਜਾਰੀ ਹਦਾਇਤਾਂ ਨੂੰ ਅਮਲੀ ਰੂਪ 'ਚ ਲਾਗੂ ਕਰਨ ਦੀ ਕੀਤੀ ਮੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਸੀਪੀਆਈ (ਐੱਮ ਐੱਲ) ਲਿਬਰੇਸ਼ਨ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਸੁਪਰੀਮ ਕੋਰਟ ਵੱਲੋਂ ਅਪਣੀ ਸਜ਼ਾ ਪੂਰੀ ਕਰ ਚੁੱਕੇ ਤਮਾਮ ਕੈਦੀਆਂ ਨੂੰ ਤੁਰੰਤ ਰਿਹਾਅ ਕਰਨ ਸਬੰਧੀ ਦਿੱਤੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਪੰਜਾਬ ਦੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਕੈਦੀਆਂ ਸਮੇਤ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਸਾਰੇ ਬੰਦੀ ਸਿੰਘਾਂ ਦੀ ਰਿਹਾਈ ਯਕੀਨੀ ਬਣਾਈ ਜਾਵੇ।ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਾਜਵਿੰਦਰ ਸਿੰਘ ਰਾਣਾ ਨੇ ਇਸ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਬੀਤੇ ਵਿੱਚ ਅਕਾਲੀ, ਭਾਜਪਾ ਤੇ ਕਾਂਗਰਸ ਦੀਆਂ ਸੂਬਾਈ ਸਰਕਾਰਾਂ ਨੇ ਇਸ ਅਹਿਮ ਮੁੱਦੇ ਬਾਰੇ ਕਦੇ ਮੂੰਹ ਨਹੀਂ ਖੋਲ੍ਹਿਆ।ਹੁਣ ਜਦੋਂ ਦੀ ਆਪ ਸਰਕਾਰ ਬਣੀ ਹੈ, ਉਦੋਂ ਤੋਂ ਹੀ ਲਿਬਰੇਸ਼ਨ ਸਮੇਤ ਬਹੁਤ ਸਾਰੀਆਂ ਜਮਹੂਰੀ ਤਾਕਤਾਂ ਅਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਬੰਦੀ ਸਿੰਘਾਂ ਦੀਆਂ ਰਿਹਾਈਆਂ ਦੀ ਮੰਗ ਕਰਦੀਆਂ ਆ ਰਹੀਆਂ ਹਨ। ਹੁਣ ਜਦੋਂ ਉਹੀ ਹਦਾਇਤਾਂ ਦੇਸ਼ ਦੀ ਸਰਬ ਉੱਚ ਅਦਾਲਤ ਵਲੋਂ ਕੀਤੀਆਂ ਜਾ ਚੁੱਕੀਆਂ ਹਨ, ਤਾਂ ਮਾਨ ਸਰਕਾਰ ਨੂੰ ਜਿੱਥੇ ਅਜਿਹੇ ਸਾਰੇ ਕੈਦੀਆਂ ਨੂੰ ਛੇਤੀ ਤੋਂ ਛੇਤੀ ਰਿਹਾਅ ਕਰ ਦੇਣਾ ਚਾਹੀਦਾ ਹੈ, ਉੱਥੇ ਦਿੱਲੀ ਤੇ ਹੋਰ ਸੂਬਿਆਂ ਦੀਆਂ ਜੇਲ੍ਹਾਂ ਵਿੱਚ ਬੰਦ ਸਿੱਖ ਬੰਦੀਆਂ ਦੀ ਰਿਹਾਈ ਲਈ ਲੋੜੀਂਦੀ ਪ੍ਰਕਿਰਿਆ ਵੀ ਤੇਜ਼ੀ ਨਾਲ ਨੇਪਰੇ ਚਾੜ੍ਹਨੀ ਚਾਹੀਦੀ ਹੈ।

ਲਿਬਰੇਸ਼ਨ ਆਗੂ ਨੇ ਕਿਹਾ ਕਿ ਸਾਨੂੰ ਸੁਚੇਤ ਹੋਣਾ ਚਾਹੀਦਾ ਹੈ ਕਿ ਘੱਟ ਗਿਣਤੀ ਸਿੱਖ ਭਾਈਚਾਰੇ ਵਿੱਚ ਅਪਣਾ ਅਸਰ ਰਸੂਖ ਵਧਾਉਣ ਲਈ ਬੰਦੀ ਸਿੰਘਾਂ ਦੀਆਂ ਰਿਹਾਈਆਂ ਦੇ ਇਸ ਮਾਮਲੇ ਨੂੰ ਵਰਤਣ ਲਈ ਬੀਜੇਪੀ ਪੂਰੀ ਤਰ੍ਹਾਂ ਤਿਆਰ ਬੈਠੀ ਹੈ।ਇਸ ਲਈ ਜੇਕਰ ਮਾਨ ਸਰਕਾਰ ਇਸ ਸੁਆਲ 'ਤੇ ਕਿਸੇ ਵੀ ਕਿਸਮ ਦੀ ਢਿੱਲ-ਮੱਠ ਜਾਂ ਟਾਲ-ਮਟੋਲ ਕਰਦੀ ਹੈ, ਤਾਂ ਇਸ ਕੋਤਾਹੀ ਨੂੰ ਪੰਜਾਬ ਦੀ ਨਿਆਂ ਪਸੰਦ ਜਨਤਾ ਕਦਾਚਿੱਤ ਵੀ ਮੁਆਫ਼ ਨਹੀਂ ਕਰੇਗੀ।ਮੀਟਿੰਗ 'ਚ ਕਾਮਰੇਡ ਨਛੱਤਰ ਸਿੰਘ ਖੀਵਾ, ਜਸਬੀਰ ਕੌਰ ਨੱਤ, ਗੁਰਸੇਵਕ ਸਿੰਘ ਮਾਨ, ਸੁਖਦਰਸ਼ਨ ਸਿੰਘ ਨੱਤ, ਸੁਖਜੀਤ ਸਿੰਘ ਰਾਮਾਨੰਦੀ, ਅਮਨਦੀਪ, ਹਰਬੰਸ ਸਿੰਘ ਤੇ ਕੁਲਵੰਤ ਸਿੰਘ ਮਾਨਸ਼ਾਹੀਆ ਸਮੇਤ ਹੋਰ ਸਾਥੀ ਸ਼ਾਮਲ ਸਨ।

# ਸੀ ਪੀ ਆਈ ਤੇ ਤੇਜਾ ਸਿੰਘ ਸੁਤੰਤਰ ਮੁਹੱਲਾ ਸੁਧਾਰ ਕਮੇਟੀ ਨੇ ਸਵਤੰਤਰਤਾ ਦਿਵਸ ਮਨਾਇਆ



**ਲੁਧਿਆਣਾ (ਐੱਮ ਐੱਸ ਭਾਟੀਆ)**-ਸਾਥੀ ਤੇਜਾ ਸਿੰਘ ਸੁਤੰਤਰ ਮੁਹੱਲਾ ਸੁਧਾਰ ਕਮੇਟੀ ਤੇ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਲੁਧਿਆਣਾ ਸ਼ਹਿਰੀ ਵੱਲੋਂ ਆਜ਼ਾਦੀ ਦਿਹਾੜੇ ਦੇ ਸੰਬੰਧ ਵਿੱਚ ਚਾਂਦ ਕਲੋਨੀ ਵਿਖੇ 'ਵਿਸ਼ਵ ਸ਼ਾਂਤੀ ਤੇ ਆਪਸੀ ਭਾਈਚਾਰੇ ਨੂੰ ਸਮਰਪਤ' ਜਨਤਕ ਸਮਾਗਮ ਕੀਤਾ ਗਿਆ। ਸਭ ਤੋਂ ਪਹਿਲਾਂ ਤਿਰੰਗਾ ਝੰਡਾ ਲਹਿਰਾਇਆ ਗਿਆ, ਜਿਸ ਨੂੰ ਲਹਿਰਾਉਣ ਦੀ ਰਸਮ ਸਮਾਗਮ ਦੇ ਮੁੱਖ ਮਹਿਮਾਨ ਸਾਬਕਾ ਖੇਤੀਬਾੜੀ ਅਫਸਰ ਤੇ ਸੋਸ਼ਲ ਥਿੰਕਰਜ਼ ਫੋਰਮ ਦੇ ਕੋ-ਕਨਵੀਨਰ ਡਾ. ਰਜਿੰਦਰ ਪਾਲ ਸਿੰਘ ਔਲਖ ਨੇ ਅਦਾ ਕੀਤੀ।ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਆਜ਼ਾਦੀ ਪ੍ਰਾਪਤ ਕਰਨ ਲਈ ਸਾਡੇ ਵਡੇਰਿਆਂ ਨੇ ਅਥਾਹ ਕੁਰਬਾਨੀਆਂ ਕੀਤੀਆਂ, ਆਪਣੀਆਂ ਜ਼ਿੰਦੜੀਆਂ ਵਤਨ ਦੇ ਲੇਖੇ ਲਾਈਆਂ, ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਆਜ਼ਾਦ ਫਿਜ਼ਾ ਵਿੱਚ ਸਾਹ ਲੈ ਸਕਣ।ਆਜ਼ਾਦੀ ਪ੍ਰਾਪਤੀ ਦਾ ਮਕਸਦ ਸਿਰਫ ਅੰਗਰੇਜ਼ਾਂ ਨੂੰ ਇਥੋਂ ਭਜਾਉਣਾ ਹੀ ਨਹੀਂ ਸੀ, ਸਗੋਂ ਅੰਗਰੇਜ਼ ਸਾਮਰਾਜ ਨੂੰ, ਜਿਸ ਦਾ ਇਸ ਦੁਨੀਆ ਤੇ ਸੂਰਜ ਨਹੀਂ ਸੀ ਡੁੱਬਦਾ, ਦੇ ਵਿਰੁੱਧ ਵੱਖ-ਵੱਖ ਮੁਲਕਾਂ ਵਿੱਚ ਚੱਲ ਰਹੀ ਲੜਾਈ ਦੇ ਮੋਢੀ ਵਜੋਂ ਆਜ਼ਾਦੀ ਪ੍ਰਾਪਤ ਕਰਨਾ ਸੀ।ਹੋਇਆ ਵੀ ਇਸ ਤਰ੍ਹਾਂ ਹੀ ਕਿ ਸਾਡੀਆਂ ਕੁਰਬਾਨੀਆਂ ਨੇ ਅੰਗਰੇਜ਼ ਸਾਮਰਾਜ ਖਿਲਾਫ ਆਜ਼ਾਦੀ ਪ੍ਰਾਪਤੀ ਦੀ ਸ਼ੁਰੂਆਤ ਕੀਤੀ ਤੇ ਉਸ ਤੋਂ ਬਾਅਦ 59 ਦੇਸ਼ਾਂ ਵਿੱਚ, ਜਿੱਥੇ ਅੰਗਰੇਜ਼ ਸਾਮਰਾਜ ਦਾ ਰਾਜ ਸੀ, ਹੌਲੀ ਹੌਲੀ ਸਾਰੇ ਦੇਸ਼ਾਂ ਨੇ ਇਸ ਗੁਲਾਮੀ ਦੇ ਜੂਲੇ ਨੂੰ ਲਾਹਿਆ ਤੇ ਆਖਿਰ ਵਿੱਚ 1975 ਵਿੱਚ ਦੱਖਣੀ ਅਫਰੀਕਾ ਵੀ ਆਜ਼ਾਦ ਹੋਇਆ।ਭਾਵੇਂ ਆਜ਼ਾਦੀ ਤੋਂ ਬਾਅਦ ਸਾਡੇ ਦੇਸ਼ ਨੇ ਬਹੁਤ ਤਰੱਕੀ ਕੀਤੀ ਹੈ, ਪਰ ਇਸ ਦੇ ਬਾਵਜੂਦ ਸ਼ਹੀਦਾਂ ਦਾ ਸੁਪਨਾ ਕਿ ਸਾਰਿਆਂ ਲਈ ਸਿੱਖਿਆ ਤੇ ਸਿਹਤ ਸਰਕਾਰ ਮੁਫਤ ਅਤੇ ਲਾਜ਼ਮੀ ਕਰੇ, ਰੋਜ਼ਗਾਰ ਦਾ ਪ੍ਰਬੰਧ ਸਰਕਾਰ ਕਰੇ, ਪਰ ਅਜੇ ਤੱਕ ਉਹ ਸੁਪਨੇ ਪੂਰੇ ਨਹੀਂ ਹੋਏ ਤੇ ਸਾਡੇ ਸਾਹਮਣੇ ਇਹ ਬੜਾ ਵੱਡਾ ਕਾਰਜ ਹੈ ਕਿ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰੀਏ।

ਸਮਾਗਮ ਨੂੰ ਸੀ ਪੀ ਆਈ ਲੁਧਿਆਣਾ ਸ਼ਹਿਰੀ ਦੇ ਸਕੱਤਰ ਐੱਮ ਐੱਸ ਭਾਟੀਆ ਨੇ ਸੰਬੋਧਨ ਕੀਤਾ ਤੇ ਪ੍ਰਬੰਧਕਾਂ ਨੂੰ ਮੁਬਾਰਕਵਾਦ ਦਿੰਦੇ ਹੋਏ ਇਸ ਰਵਾਇਤ ਨੂੰ ਜਾਰੀ ਰੱਖਣ ਦਾ ਪ੍ਰਣ ਦੁਹਰਾਉਣ ਲਈ ਵੀ ਕਿਹਾ।ਉਨ੍ਹਾਂ ਤੋਂ ਇਲਾਵਾ ਡਾਕਟਰ ਕੁਸਮ ਲਤਾ ਸਟੇਟ ਤੇ ਨੈਸ਼ਨਲ ਐਵਾਰਡੀ, ਰਣਧੀਰ ਸਿੰਘ ਧੀਰਾ, ਬਿੱਟੂ ਸੂਦ, ਸੁਰੇਸ਼ ਸ਼ਰਮਾ, ਸੰਦੀਪ ਸ਼ਰਮਾ ਨਰੇਸ਼ ਗੌੜ ਨੇ ਵੀ ਸੰਬੋਧਨ ਕੀਤਾ।ਸਾਬਕਾ ਮੇਅਰ ਬਲਕਾਰ ਸਿੰਘ ਨੇ ਵੀ ਉਚੇਚੇ ਤੌਰ ਤੇ ਆਪਣੀ ਹਾਜ਼ਰੀ ਲਵਾਈ।ਇਸ ਮੌਕੇ ਰੁਜ਼ਗਾਰ ਪ੍ਰਾਪਤੀ ਮੰਚ ਤੇ ਇਪਟਾ ਮੋਗਾ ਦੀ ਟੀਮ ਵੱਲੋਂ 'ਪਾਣੀਬੰਦੀ' ਨਾਟਕ ਪੇਸ਼ ਕੀਤਾ ਗਿਆ ਅਤੇ ਭੰਡਾ ਨੇ ਹਾਸੇ ਹਾਸੇ ਵਿੱਚ ਸਮਾਜਿਕ ਬੁਰਾਈਆਂ ਤੇ ਵਿਅੰਗ ਕੱਸੇ, ਜਿਸ ਨੂੰ ਸਰੋਤਿਆਂ ਨੇ ਬਹੁਤ ਪਸੰਦ ਕੀਤਾ।ਸਾਈਵਾਲ ਸਕੂਲ ਤੇ ਹੋਰ ਸਕੂਲਾਂ ਦੇ ਬੱਚਿਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ।ਅੰਤ ਵਿੱਚ ਬੱਚਿਆਂ ਨੂੰ ਇਨਾਮ ਵੀ ਦਿੱਤੇ ਗਏ ਤੇ ਪ੍ਰੋਗਰਾਮ ਵਿੱਚ ਆਪਣੀ ਆਈਟਮ ਪੇਸ਼ ਕਰਨ ਵਾਲੇ ਸਾਰੇ ਬੱਚਿਆਂ ਨੂੰ ਪ੍ਰੋਤਸਾਹਨ ਵਜੋਂ ਇਨਾਮ ਦਿੱਤੇ ਗਏ।ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਸਾਥੀ ਤੇਜਾ ਸਿੰਘ ਸੁਤੰਤਰ ਮਹੱਲਾ ਸੁਧਾਰ ਕਮੇਟੀ ਦੇ ਸਕੱਤਰ ਰਣਧੀਰ ਸਿੰਘ ਧੀਰਾ, ਪ੍ਰਧਾਨ ਸੁਰਜੀਤ ਸਿੰਘ ਤੇ ਟੀਮ ਦੇ ਬਾਕੀ ਮੈਂਬਰਾਂ ਨੇ ਬਹੁਤ ਮਿਹਨਤ ਕੀਤੀ।ਚਾਂਦ ਕਲੋਨੀ ਤੋਂ ਇਲਾਵਾ ਰਾਧੇ ਸ਼ਾਮ ਕਲੋਨੀ, ਕਾਰਪੋਰੇਸ਼ਨ ਕਲੋਨੀ ਤੇ ਪੰਜ ਪੀਰ ਸਥਿਤ ਹੋਰ ਕਲੋਨੀਆਂ ਦੇ ਨਿਵਾਸੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

# ਵਿਧਾਇਕ ਪੰਡੋਰੀ ਦੇ ਘਰ ਦੇ ਬਾਹਰ ਖ਼ਾਲਿਸਤਾਨ ਪੱਖੀ ਨਾਅਰੇ ਲਿਖੇ !

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬੀਤੇ 14 ਅਗਸਤ ਦੀ ਰਾਤ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਪਿੰਡ ਪੰਡੋਰੀ (ਬਰਨਾਲਾ) ਵਿਖੇ ਸਥਿਤ ਘਰ ਦੇ ਬਾਹਰ ਤੇ ਹੋਰ ਵੱਖ-ਵੱਖ ਥਾਵਾਂ 'ਤੇ ਖਾਲਿਸਤਾਨ ਪੱਖੀ ਨਾਅਰੇ ਲਿਖਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਪਿੰਡ ਪੰਡੋਰੀ ਵਿੱਚ ਵੱਖ ਵੱਖ ਥਾਵਾਂ 'ਤੇ 'ਖਾਲਿਸਤਾਨ ਜ਼ਿੰਦਾਬਾਦ ਤੇ 15 ਅਗਸਤ ਕਾਲਾ ਦਿਨ' ਲਿਖਿਆ ਗਿਆ।ਇਸ ਸਬੰਧੀ ਜਦੋਂ ਸਵੇਰੇ ਲੋਕਾਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਤੁਰੰਤ ਮਹਿਲ ਕਲਾਂ ਪੁਲਸ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਇਹ ਪੁਲਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਤੇ ਇਨ੍ਹਾਂ ਨਾਅਰਿਆਂ ਨੂੰ ਮਿਟਾ ਦਿੱਤਾ ਗਿਆ।

ਕੁਝ ਸਮੇਂ ਬਾਅਦ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ 'ਚ ਭਾਰਤ 'ਚ ਪਾਬੰਦੀਸ਼ੁਦਾ ਜਥੇਬੰਦੀ ਸਿੱਖਸ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਇਹ ਸਭ ਕਾਸੇ ਦੀ ਜ਼ਿੰਮੇਵਾਰੀ ਲੈਂਦੇ ਨਜ਼ਰ ਆਏ।ਇਸ ਸਬੰਧੀ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਲੋਕ ਬੜੇ ਅਮਨ ਸ਼ਾਂਤੀ ਨਾਲ ਰਹਿ ਰਹੇ ਨੇ, ਪਰ ਕੁਝ ਸ਼ਰਾਰਤੀ ਅਨਸਰ ਹਰ ਸਮੇਂ ਇਸ ਮਾਹੌਲ ਨੂੰ ਖਰਾਬ ਕਰਨ ਦੀ ਤਾਕ 'ਚ ਰਹਿੰਦੇ ਹਨ।ਸੂਬਾ ਸਰਕਾਰ ਵੱਲੋਂ ਅਜਿਹਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਹ ਹਰਕਤ ਕਰਨ ਵਾਲਿਆਂ ਖਿਲਾਫ ਸ਼ਨਾਖਤ ਕਰਕੇ ਸਖਤ ਕਾਰਵਾਈ ਕੀਤੀ ਜਾਵੇਗੀ।ਪੁਲਸ ਸਬ ਡਵੀਜ਼ਨ ਮਹਿਲ ਕਲਾਂ ਦੇ ਡੀ ਐੱਸ ਪੀ ਜਤਿੰਦਰਪਾਲ ਸਿੰਘ ਤੇ ਥਾਣਾ ਮਹਿਲ ਕਲਾਂ ਦੇ ਮੁਖੀ ਸ਼ੇਰਵਿੰਦਰ ਸਿੰਘ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਪੁਲਸ ਵੱਲੋਂ ਮੁਕੱਦਮਾ ਨੰਬਰ 65 ਅਧੀਨ ਧਾਰਾ 196 ਤਹਿਤ ਥਾਣਾ ਮਹਿਲ ਕਲਾਂ ਵਿਖੇ ਅਣਪਛਾਤੇ ਵਿਅਕਤੀਆਂ ਖਿਲਾਫ ਪਰਚਾ ਦਰਜ ਕਰਕੇ ਅਗਲੀ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਹੈ।

# ਆਜ਼ਾਦੀ ਦਿਵਸ ਮੌਕੇ ਡਾ. ਰੇਖਾ ਭੱਟੀ ਸਨਮਾਨਤ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਫਿਰੋਜ਼ਪੁਰ ਵਿਖੇ ਮਨਾਏ ਆਜ਼ਾਦੀ ਦਿਵਸ ਦੇ ਪਵਿੱਤਰ ਅਵਸਰ 'ਤੇ ਕਮਿਊਨਟੀ ਹੈਲਥ ਸੈਂਟਰ (383) ਮਮਦੋਟ ਵਿਖੇ ਜ਼ਿੰਮੇਵਾਰੀ ਤੇ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਵਾਲੇ ਡਾ. ਰੇਖਾ ਭੱਟੀ ਨੂੰ ਵਿਸ਼ੇਸ਼ ਸਨਮਾਨ ਨਾਲ ਨਵਾਜਿਆ ਗਿਆ।ਡਾ. ਭੱਟੀ ਪਿਛਲੇ ਲੰਬੇ ਸਮੇਂ ਤੋਂ ਮਰੀਜ਼ਾਂ ਨੂੰ ਉੱਚ ਪੱਧਰੀ ਇਲਾਜ, ਸੇਵਾ ਭਾਵਨਾ ਨਾਲ ਪ੍ਰਦਾਨ ਕਰ ਰਹੇ ਹਨ, ਜਿਸ ਕਾਰਨ ਉਹ ਇਲਾਕੇ ਵਿੱਚ ਇੱਕ ਮਿਸਾਲ ਬਣ ਚੁੱਕੀਆਂ ਹਨ।ਇਸ ਸਨਮਾਨ ਸਮਾਰੋਹ ਦੌਰਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਕਰਤਾਰ ਸਿੰਘ ਸੰਧਵਾਂ, ਹਲਕਾ ਵਿਧਾਇਕ ਫਿਰੋਜ਼ਪੁਰ ਦਿਹਾਤੀ ਐਡਵੋਕੇਟ ਰਜਨੀਸ਼ ਕੁਮਾਰ ਦਹੀਆ, ਫਿਰੋਜ਼ਪੁਰ ਸ਼ਹਿਰੀ ਐਮ ਐਲ ਏ ਰਣਬੀਰ ਸਿੰਘ ਭੁੱਲਰ, ਜ਼ੀਰਾ ਹਲਕੇ ਦੇ ਐਮ ਐਲ ਏ ਨਰੇਸ਼ ਕਟਾਰੀਆ ਤੇ ਗੁਰੂ ਹਰਸਹਾਏ ਹਲਕੇ ਦੇ ਐਮ ਐਲ ਏ ਫੌਜਾ ਸਿੰਘ ਸਰਾਰੀ ਮੌਜੂਦ ਰਹੇ। ਸਾਰੇ ਨੇਤਾਵਾਂ ਵੱਲੋਂ ਡਾ. ਰੇਖਾ ਭੱਟੀ ਦੀ ਲੋਕ ਸੇਵਾ, ਮਿਹਨਤ ਤੇ ਸਮਰਪਣ ਭਾਵਨਾ ਦੀ ਖੁੱਲ੍ਹ ਕਰਕੇ ਪ੍ਰਸ਼ੰਸਾ ਕੀਤੀ ਗਈ।ਇਸ ਮੌਕੇ ਡਾ. ਰੇਖਾ ਭੱਟੀ ਨੂੰ ਸਨਮਾਨ ਪੱਤਰ ਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਉਨ੍ਹਾਂ ਦੀ ਸੇਵਾਵਾਂ ਨੂੰ ਸਰਕਾਰੀ ਪੱਧਰ 'ਤੇ ਯਾਦਗਾਰ ਬਣਾਇਆ ਗਿਆ।ਸਨਮਾਨ ਪ੍ਰਾਪਤ ਕਰਨ ਤੋਂ ਬਾਅਦ ਡਾ. ਭੱਟੀ ਨੇ ਆਮ ਆਦਮੀ ਪਾਰਟੀ ਦੀ ਲੀਡਰ ਸ਼ਿਪ ਦਾ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ ਇਹ ਮਾਨ-ਸਨਮਾਨ ਉਨ੍ਹਾਂ ਲਈ ਹੋਰ ਵਧੇਰੇ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਪ੍ਰੇਰਣਾ ਹੈ।ਉਨ੍ਹਾਂ ਭਵਿੱਖ ਵਿੱਚ ਵੀ ਮਮਦੋਟ ਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕਾਂ ਦੀ ਸਿਹਤ ਸੰਭਾਲ ਲਈ ਆਪਣੇ ਯਤਨ ਜਾਰੀ ਰੱਖਣ ਦਾ ਵਾਅਦਾ ਕੀਤਾ।ਇਸ ਸਮਾਰੋਹ ਵਿੱਚ ਹਲਕੇ ਦੇ ਕਈ ਸਥਾਨਕ ਅਧਿਕਾਰੀ, ਪਾਰਟੀ ਵਰਕਰ ਤੇ ਇਲਾਕਾ ਵਾਸੀ ਵੀ ਵੱਡੀ ਗਿਣਤੀ ਵਿੱਚ ਮੌਜੂਦ ਰਹੇ, ਜਿਨ੍ਹਾਂ ਨੇ ਡਾ. ਭੱਟੀ ਨੂੰ ਮੁਬਾਰਕਬਾਦ ਦਿੱਤੀ।

# ਡਕਾਲਾ ਦੀ ਅਨਾਜ ਮੰਡੀ ਨੇ ਛੱਪੜ ਦਾ ਰੂਪ ਧਾਰਿਆ

## ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਆੜ੍ਹਤੀ ਤੇ ਕਿਸਾਨ ਪ੍ਰੇਸ਼ਾਨ



**ਪਟਿਆਲਾ (ਰਾਜਿੰਦਰ ਥਿੰਦ)**

ਪੰਜਾਬ ਦੇ ਕਿਸਾਨਾਂ ਨੂੰ ਮੰਡੀਆਂ ਵਿੱਚ ਆਪਣੀ ਕਣਕ-ਝੋਨੇ ਦੀ ਫਸਲ ਵੇਚਣ ਸਮੇਂ ਕਿਸੇ ਪ੍ਰਕਾਰ ਦੀ ਮੁਸ਼ਕਲ ਪੇਸ਼ ਨਾ ਆਵੇ, ਮੰਡੀਆਂ ਵਿੱਚ ਕਿਸਾਨਾਂ ਤੇ ਆੜ੍ਹਤੀਆਂ ਨੂੰ ਸਹੂਲਤਾਂ ਦੇਣ ਦੇ ਦਾਅਵੇ ਤਾਂ ਕਰਦੀ ਆ ਰਹੀ ਹੈ, ਪ੍ਰੰਤੂ ਪਟਿਆਲਾ ਜ਼ਿਲ੍ਹੇ ਦੀ ਮੁੱਖ ਅਨਾਜ ਮੰਡੀ ਡਕਾਲਾ ਅੱਜ ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਸਰਕਾਰ ਦੇ ਕਿਸਾਨਾਂ ਤੇ ਆੜ੍ਹਤੀਆਂ ਨੂੰ ਸਹੂਲਤਾਂ ਦੇਣ ਦੇ ਦਾਅਵਿਆਂ ਨੂੰ ਖੋਖਲੇ ਸਿੱਧ ਕਰ ਰਹੀ ਹੈ।ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਣ ਅਤੇ ਨੀਵੇਂ ਥਾਂ 'ਤੇ ਬਣੀ ਇਸ ਅਨਾਜ ਮੰਡੀ ਵਿੱਚ ਡਕਾਲਾ ਕਸਬੇ ਦਾ ਬਰਸਾਤੀ ਪਾਣੀ ਪੈਣ ਕਾਰਨ ਮੰਡੀ ਦੇ 80 ਫੀਸਦੀ ਹਿੱਸੇ ਵਿੱਚ ਫੁੱਟ-ਫੁੱਟ ਪਾਣੀ ਭਰਿਆ ਪਿਆ ਹੈ ਤੇ ਇਸ ਮੰਡੀ ਨੇ ਛੱਪੜ ਦਾ ਰੂਪ ਧਾਰ ਰੱਖਿਆ ਹੈ, ਜਿਸ ਕਾਰਨ ਆੜ੍ਹਤੀਆਂ ਤੇ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਮੌਕੇ 'ਤੇ ਇਕੱਠੀ ਕੀਤੀ ਜਾਣਕਾਰੀ ਮੁਤਾਬਕ, ਜੋ ਕਸਬੇ ਦੇ ਬਾਜ਼ਾਰ ਦੇ ਨਜ਼ਦੀਕ ਅਨਾਜ ਮੰਡੀ ਬਣੀ ਹੋਈ ਹੈ, ਨੀਵੇਂ ਥਾਂ 'ਤੇ ਪਾਣੀ ਹੋਣ ਕਾਰਨ ਕਸਬੇ ਦਾ ਸਾਰਾ ਬਰਸਾਤੀ ਪਾਣੀ ਇਸ ਮੰਡੀ ਵਿੱਚ ਖੜ੍ਹ ਜਾਂਦਾ ਹੈ ਤੇ ਅੱਜ ਵੀ ਇਹ ਮੰਡੀ ਦੀ ਥਾਂ ਛੱਪੜ ਨਜ਼ਰ ਆ ਰਿਹਾ ਹੈ।ਇਸ ਮੰਡੀ ਵਿੱਚ 25 ਦੇ ਕਰੀਬ ਆੜ੍ਹਤੀਆਂ ਦੀਆਂ ਆੜ੍ਹਤਾਂ ਹਨ ਤੇ ਹਰ ਸਾਲ 6 ਤੋਂ 7 ਲੱਖ ਬੋਰੀ ਝੋਨੇ ਤੇ 3 ਤੋਂ ਸਾਢੇ ਤਿੰਨ ਲੱਖ ਬੋਰੀ ਕਣਕ ਦੀ ਇਸ ਮੰਡੀ ਵਿੱਚ ਆਮਦ ਹੁੰਦੀ ਹੈ।ਇਸ ਮੰਡੀ ਦੇ ਆੜ੍ਹਤੀਆਂ ਨੇ ਦੱਸਿਆ ਕਿ ਇਸ ਮੰਡੀ ਦੇ ਜੋ ਫੜ੍ਹ ਹਨ, ਉਨ੍ਹਾਂ ਦੀ ਆਪਣੀ ਮਲਕੀਅਤ ਹਨ।ਮੰਡੀ ਬੋਰਡ ਵੱਲੋਂ ਇਸ ਕਸਬੇ ਵਿਚ ਪੰਚਾਇਤੀ ਥਾਂ 'ਤੇ ਕੋਈ ਆਧੁਨਿਕ ਮੰਡੀ ਨਹੀਂ ਬਣਾਈ ਗਈ ਅਤੇ ਨਾ ਹੀ ਇਸ ਮੰਡੀ ਦੇ ਫੜ੍ਹਾਂ ਨੂੰ ਸੜਕ ਪੱਧਰ ਤੱਕ ਉੱਚਾ ਕੀਤਾ ਗਿਆ ਹੈ, ਜਿਸ ਕਾਰਨ ਨੀਵੀਂ ਥਾਂ 'ਤੇ ਹੋਣ ਕਾਰਨ ਜਦੋਂ ਫਸਲ ਦੀ ਆਮਦ ਹੋਣ ਸਮੇਂ ਕੋਈ ਬੇਮੌਸਮੀ ਬਰਸਾਤ ਹੋ ਜਾਂਦੀ ਹੈ ਤਾਂ ਜਿੱਥੇ ਕਿਸਾਨਾਂ ਤੇ ਖਰੀਦ ਏਜੰਸੀਆਂ ਵੱਲੋਂ ਖਰੀਦ ਕੀਤੀ ਗਈ ਝੋਨੇ ਦੀ ਫਸਲ ਨੂੰ ਭਾਰੀ ਨੁਕਸਾਨ ਪਹੁੰਚਦਾ ਹੈ, ਪ੍ਰੰਤੂ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਇਸ ਕਸਬੇ ਵਿੱਚ ਹਾਲੇ ਤੱਕ ਕੋਈ ਆਧੁਨਿਕ ਮੰਡੀ ਬਣਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹਾ ਤੇ ਡਕਾਲਾ ਨਾਲ ਸਬੰਧਤ ਪੰਜਾਬ ਮੰਡੀ ਬੋਰਡ ਦੇ ਕਾਂਗਰਸ ਰਾਜ ਵੇਲੇ ਰਹੇ ਚੇਅਰਮੈਨ ਲਾਲ ਸਿੰਘ ਵੱਲੋਂ ਡਕਾਲੇ ਲਈ ਨਵੀਂ ਅਨਾਜ ਮੰਡੀ ਬਣਾਉਣ ਲਈ ਅਣਗੌਲਿਆ ਕੀਤਾ ਗਿਆ ਤੇ ਹੁਣ ਮੌਜੂਦਾ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਵੀ ਡਕਾਲਾ ਨੂੰ ਮੰਡੀ ਦੇ ਮਾਮਲੇ ਵਿੱਚ ਅਣਗੌਲਿਆ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਜਦੋਂ ਮਾਰਕੀਟ ਕਮੇਟੀ ਦੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜਦੋਂ ਤੱਕ ਆੜ੍ਹਤੀ ਆਪਣੇ ਫੜ੍ਹ ਮੰਡੀ ਬੋਰਡ ਦੇ ਨਾਮ ਤਬਦੀਲ ਨਹੀਂ ਕਰਦੇ, ਉਦੋਂ ਤੱਕ ਮੰਡੀ ਬੋਰਡ ਇਸ ਮੰਡੀ ਦਾ ਆਧੁਨਿਕ ਵਿਕਾਸ ਨਹੀਂ ਕਰ ਸਕਦਾ।ਗੱਲ ਚਾਹੇ ਕੋਈ ਵੀ ਹੋਵੇ ਪ੍ਰੰਤੂ ਨੀਵੀਂ ਥਾਂ 'ਤੇ ਬਣੀ ਮੰਡੀ ਵਿੱਚ ਬਰਸਾਤੀ ਪਾਣੀ ਭਰਨ ਕਾਰਨ ਕਿਸਾਨਾਂ ਤੇ ਆੜ੍ਹਤੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਸਬੰਧੀ ਜਦੋਂ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ ਤੇ ਜਲਦੀ ਆੜ੍ਹਤੀਆਂ ਨਾਲ ਮੀਟਿੰਗ ਕਰਕੇ ਸਮੱਸਿਆ ਦਾ ਹੱਲ ਕਰ ਲਿਆ ਜਾਵੇਗਾ।

# ਆਜ਼ਾਦੀ ਦਿਹਾੜੇ ਮੌਕੇ ਰਿਚਾ ਗੋਇਲ ਨੇ ਸਮਾਣਾ 'ਚ ਲਹਿਰਾਇਆ ਝੰਡਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਦੇਸ਼ ਦੇ 79ਵੇਂ ਆਜ਼ਾਦੀ ਦਿਹਾੜੇ ਮੌਕੇ ਸਥਾਨਕ ਪਬਲਿਕ ਕਾਲਜ ਦੇ ਖੇਡ ਸਟੇਡੀਅਮ ਵਿੱਚ ਸਰਕਾਰੀ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਪਹੁੰਚੇ ਉਪ-ਮੰਡਲ ਮੈਜਿਸਟਰੇਟ ਮੈਡਮ ਰਿਚਾ ਗੋਇਲ ਪੀ.ਸੀ.ਐੱਸ. ਨੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਆਪਣੇ ਕਰ-ਕਮਲਾਂ ਰਾਹੀ ਅਦਾ ਕੀਤੀ।ਇਸ ਮੌਕੇ ਉਨ੍ਹਾਂ ਪੰਜਾਬ ਪੁਲਸ, ਐੱਨ.ਸੀ.ਸੀ.ਕੈਡਿਟਾਂ ਤੇ ਸਕੂਲੀ ਬੱਚਿਆਂ ਦੀਆਂ ਮਾਰਚ ਪਾਸਟ ਟੁਕੜੀਆਂ ਤੋਂ ਸਲਾਮੀ ਲਈ।ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਐਸ.ਡੀ.ਐਮ. ਰਿਚਾ ਗੋਇਲ ਨੇ ਆਜ਼ਾਦੀ ਦਿਹਾੜੇ ਮੌਕੇ ਇਲਾਕਾ ਨਿਵਾਸੀਆਂ ਨੂੰ ਵਧਾਈ ਦਿੰਦੇ ਹੋਏ ਦੇਸ਼ ਦੀ ਆਜ਼ਾਦੀ ਲਈ ਸ਼ਹੀਦੀਆਂ ਦੇਣ ਵਾਲੇ ਸੁਤੰਤਰਤਾ ਸੰਗਰਾਮੀਆਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।ਇਸ ਮੌਕੇ ਉਨ੍ਹਾਂ ਆਖਿਆ ਕਿ ਸਾਡੇ ਨਾਗਰਿਕਾ ਨੂੰ ਆਪਣੇ ਮੌਲਿਕ ਅਧਿਕਾਰਾਂ ਦੇ ਨਾਲ-ਨਾਲ ਆਪਣੇ ਫਰਜ਼ਾਂ ਦੀ ਪਛਾਣ ਕਰਕੇ ਦੇਸ਼ ਦੇ ਸਮੁੱਚੇ ਵਿਕਾਸ ਲਈ ਸਮਰਪਣ ਦੀ ਭਾਵਨਾਂ ਨਾਲ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।ਉਨ੍ਹਾਂ ਵਾਤਾਵਰਣ ਦੀ ਸ਼ੁਧਤਾ ਲਈ ਸਭ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਅਪੀਲ ਕਰਦਿਆ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੌਦੇ ਲਗਾਉਣ ਦੀ ਵਿੱਢੀ ਮੁਹਿੰਮ ਤਹਿਤ ਬਲਾਕ ਸਮਾਣਾ 'ਚ 90 ਹਜ਼ਾਰ ਦੇ ਕਰੀਬ ਪੌਦੇ ਲਗਾਏ ਗਏ ਹਨ, ਜੋ ਇਕ ਮਿਸਾਲ ਹੈ।ਸਮਾਗਮ ਦੌਰਾਨ ਉਨ੍ਹਾਂ ਕਾਰਗਿਲ ਦੇ ਸ਼ਹੀਦਾਂ, ਸੁਤੰਤਰਤਾ ਸੰਗਰਾਮੀਆਂ ਦੇ ਪਰਵਾਰਾਂ ਤੋਂ ਇਲਾਵਾ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾਉਣ ਵਾਲੀਆਂ ਸ਼ਖਸੀਅਤਾਂ, ਵੱਖ-ਵੱਖ ਸੰਸਥਾਵਾਂ ਨੂੰ ਸਨਮਾਨਤ ਵੀ ਕੀਤਾ।ਸਮਾਗਮ ਵਿੱਚ ਸ਼ਾਮਲ ਮਹਿਮਾਨਾਂ ਤੇ ਸਰੋਤਿਆ ਸਕੂਲੀ ਬੱਚਿਆਂ ਵੱਲੋਂ ਪੇਸ਼ ਕੀਤੇ ਗਏ ਸੱਭਿਆਚਾਰਕ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ।ਸਮਾਰੋਹ ਵਿੱਚ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਸਮਾਣਾ ਸ਼੍ਰੀ ਮਨਦੀਪ ਸਿੰਘ, ਸਿਵਲ ਜੱਜ ਜੂਨੀਅਰ ਡਿਵੀਜ਼ਨ ਸਮਾਣਾ ਜਸਲੀਨ ਕੌਰ ਬਵੇਜਾ, ਸਿਵਲ ਜੱਜ ਜੂਨੀਅਰ ਡਵੀਜ਼ਨ ਸਮਾਣਾ ਡਿੰਪਲ ਗਰਗ, ਸਿਵਲ ਜੱਜ ਜੂਨੀਅਰ ਡਵੀਜ਼ਨ ਸਮਾਣਾ ਮੋਹਿਨੀ ਗੋਇਲ, ਕਾਲਜ ਕਮੇਟੀ ਦੇ ਸਕੱਤਰ ਇੰਦਰਜੀਤ ਸਿੰਘ ਵੜੈਚ, ਹਰਜਿੰਦਰ ਸਿੰਘ ਮਿੰਟੂ, ਪੀ.ਏ. ਗੁਰਦੇਵ ਸਿੰਘ ਟਿਵਾਨਾ ਪਿੰਸੀਪਲ ਹਰਕੀਰਤ ਸਿੰਘ, ਈ.ਓ. ਬਰਜਿੰਦਰ ਸਿੰਘ, ਗੋਪਾਲ ਕ੍ਰਿਸਨ ਗਰਗ, ਯਸ਼ਪਾਲ ਸਿੰਗਲਾ, ਥਾਣਾ ਸਿਟੀ ਮੁੱਖੀ ਜਸਪ੍ਰੀਤ ਸਿਘ ਵੀ ਉਚੇਚੇ ਤੌਰ 'ਤੇ ਪੁੱਜੇ ਹੋਏ ਸਨ। ਇਸ ਮੌਕੇ ਸਟੇਜ ਦੀ ਭੂਮਿਕਾ ਲੈਕਚਰਾਰ ਹਿੱਤ ਅਭਿਲਾਸੀ ਸ਼ਰਮਾ ਨੇ ਬਾਖੂਬੀ ਨਿਭਾਈ।ਇਸ ਸਮਾਗਮ ਵਿੱਚ ਸੀਨੀਅਰ ਪੱਤਰਕਾਰ ਇਕਬਾਲ ਸਿੰਘ ਬੱਲ ਤੇ ਸਪੁੱਤਰ ਗੁਰਪਿਆਰ ਸਿੰਘ ਬੱਲ ਨੂੰ ਸੁਤੰਤਰਤਾ ਸੈਨਾਨੀ ਸੁਬੇਗ ਸਿੰਘ ਦਾ ਦੋਹਤਰਾ ਹੋਣ ਤੇ ਸੁਤੰਤਰਤਾ ਸੈਨਾਨੀਆਂ ਦੇ ਪਰਵਾਰਾਂ ਨੂੰ ਸਨਮਾਨ ਦੇਣ ਲਈ ਸਨਮਾਨਤ ਕੀਤਾ।

## ਬੀ ਏ ਭਾਗ ਦੂਜਾ (ਸਮੈਸਟਰ ਤੀਜਾ) ਦਾ ਨਤੀਜਾ ਸ਼ਾਨਦਾਰ



**ਚੀਮਾ ਮੰਡੀ (ਹਰਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਬੀ ਏ ਭਾਗ ਦੂਜਾ (ਸਮੈਸਟਰ ਤੀਜਾ) ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਮੌਕੇ ਅਸਿਸਟੈਂਟ ਪ੍ਰੋਫੈਸਰ ਅੰਤਰਪਾਲ ਕੌਰ ਨੇ ਦੱਸਿਆ ਕਿ ਰਮਨਦੀਪ ਕੌਰ ਤੇ ਸਿਮਰ ਕੌਰ ਨੇ 500 ਵਿੱਚੋਂ 444 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਮਨਦੀਪ ਕੌਰ ਨੇ 433 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਹਰਵੰਸ਼ ਨੇ 428 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ, ਜਸ਼ਨਦੀਪ ਨੇ 427 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ, ਕਮਲਦੀਪ ਕੌਰ ਨੇ 424 ਅੰਕ ਪ੍ਰਾਪਤ ਕਰਕੇ ਪੰਜਵਾਂ ਸਥਾਨ, ਗੁਰਵੀਰ ਸਿੰਘ ਨੇ 420 ਅੰਕ ਪ੍ਰਾਪਤ ਕਰਕੇ ਛੇਵਾਂ, ਮਨਮੋਲ ਸਿੰਘ ਨੇ 416 ਅੰਕ ਪ੍ਰਾਪਤ ਕਰਕੇ ਸੱਤਵਾਂ, ਰਾਹੁਲ ਕੁਮਾਰ ਨੇ 415 ਅੰਕ ਪ੍ਰਾਪਤ ਕਰਕੇ ਅੱਠਵਾਂ, ਹਰਨੂਰ ਸਿੰਘ ਨੇ 414 ਅੰਕ ਪ੍ਰਾਪਤ ਕਰਕੇ ਨੌਵਾਂ, ਰੋਹਿਤ ਸ਼ਰਮਾ, ਲਖਵੀਰ ਸਿੰਘ, ਮਨਦੀਪ ਕੌਰ ਨੇ 413 ਅੰਕ ਪ੍ਰਾਪਤ ਕਰਕੇ ਦਸਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਤੇ ਡਾ. ਵੀ. ਕੇ. ਰਾਏ ਨੇ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਵਿਦਿਆਰਥੀਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਹੋਰ ਵੀ ਬੁਲੰਦੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਸਮੂਹ ਕਾਲਜ ਮੈਨੇਜਮੈਂਟ ਤੇ ਸਮੂਹ ਸਟਾਫ ਨੇ ਵਿਦਿਆਰਥੀਆਂ ਨੂੰ ਸ਼ੁਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਆਰਟਸ ਵਿਭਾਗ ਦੇ ਸਮੂਹ ਅਸਿਸਟੈਂਟ ਪ੍ਰੋਫੈਸਰ ਸਾਹਿਬਾਨ ਤੇ ਵਿਦਿਆਰਥੀ ਸ਼ਾਮਲ ਸਨ।

## ਸਰਸਵਤੀ ਸਕੂਲ 'ਚ ਅਜ਼ਾਦੀ ਕੇ ਰੰਗ ਕ੍ਰਿਸ਼ਨਾ ਕੇ ਸੰਗ



**ਜੈਤੋ (ਸਤੀਸ਼ ਕੁਮਾਰ ਭੋਰੀ)**-ਸਥਾਨਕ ਸਰਸਵਤੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਸੁਤੰਤਰਤਾ ਦਿਵਸ ਤੇ ਜਨਮ ਅਸ਼ਟਮੀ ਦਾ ਤਿਉਹਾਰ ਇੱਕਠੇ 'ਅਜ਼ਾਦੀ ਕਾ ਰੰਗ ਕ੍ਰਿਸ਼ਨਾ ਕੇ ਸੰਗ' ਸਿਰਲੇਖ ਹੇਠ ਮਨਾਏ ਗਏ। ਸੁਤੰਤਰਤਾ ਦਿਵਸ ਦੇ ਪ੍ਰੋਗਰਾਮ ਵਿੱਚ ਛੇਵੀਂ ਤੋਂ ਸੱਤਵੀਂ ਜਮਾਤ ਦੇ, ਜਨਮ ਅਸ਼ਟਮੀ ਦੇ ਪ੍ਰੋਗਰਾਮ ਵਿੱਚ ਪ੍ਰੀ-ਨਰਸਰੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ। ਰੰਗਾਰੰਗ ਪ੍ਰੋਗਰਾਮ ਦੇ ਨਾਲ-ਨਾਲ ਛੇਵੀਂ ਤੋਂ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਦੇ ਅਜ਼ਾਦੀ ਦੇ ਵਿਸ਼ੇ 'ਤੇ ਕੁਇਜ਼ ਤੇ ਪੇਂਟਿੰਗ ਮੁਕਾਬਲੇ ਕਰਵਾਏ। ਇਸੇ ਤਰ੍ਹਾਂ ਚੌਥੀ ਅਤੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੇ ਵੀ ਜਨਮ ਅਸ਼ਟਮੀ ਦੇ ਵਿਸ਼ੇ 'ਤੇ ਕੁਇੱਜ਼ ਤੇ ਡਰਾਇੰਗ ਮੁਕਾਬਲੇ ਕਰਵਾਏ, ਇਸ ਤੋਂ ਇਲਾਵਾ ਪ੍ਰੀ-ਨਰਸਰੀ ਤੋਂ ਤੀਸਰੀ ਜਮਾਤ ਤੱਕ ਦੇ ਵਿਦਿਆਰਥੀ ਕ੍ਰਿਸ਼ਨ, ਰਾਧਾ, ਸੁਦਾਮਾ ਤੇ ਬਲਰਾਮ ਆਦਿ ਦੀਆਂ ਪੁਸ਼ਾਕਾਂ ਵਿੱਚ ਸਜ ਕੇ ਆਏ। ਦਹੀਂ ਹਾਂਡੀ ਦੌਰਾਨ ਸਾਰਿਆਂ ਨੇ ਖੂਬ ਅਨੰਦ ਮਾਣਿਆ। ਇਸ ਮੌਕੇ ਸਕੂਲ ਦੇ ਪ੍ਰਬੰਧਕੀ ਕਮੇਟੀ ਦੇ ਸਰਪ੍ਰਸਤ ਪਵਨ ਕੁਮਾਰ ਗੋਇਲ, ਪ੍ਰਧਾਨ ਰਾਕੇਸ਼ ਰੋਮਾਨਾ, ਮੀਤ ਪ੍ਰਧਾਨ ਰਮੇਸ਼ ਵਰਮਾ, ਸਕੱਤਰ ਮਦਨ ਲਾਲ ਗੋਇਲ, ਮੈਨੇਜਰ ਦਿਨੇਸ਼ ਗੋਇਲ ਪਹੁੰਚੇ, ਉਨ੍ਹਾਂ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਹੌਸਲਾ ਵਧਾਇਆ ਤੇ ਸਨਮਾਨਤ ਕੀਤਾ। ਪ੍ਰਿੰਸੀਪਲ ਕੁਸਮ ਕਾਲੜਾ ਤੇ ਸਮੂਹ ਸਟਾਫ ਮੌਜੂਦ ਸੀ।

## ਸਨਮਤੀ ਵਿਮਲ ਜੈਨ ਦੇ ਬੱਚਿਆਂ ਨੇ ਰਚਨਾਤਮਕ ਮੁਕਾਬਲਿਆਂ 'ਚ ਮਾਰੀਆਂ ਮੱਲਾਂ



**ਜਗਰਾਉਂ (ਅਮਿਤ ਖੰਨਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਦੇ ਬੱਚਿਆਂ ਨੇ ਅਨੁਵਰਤ ਸਮਿਤੀ ਵੱਲੋਂ ਕਰਵਾਏ ਗਏ ਮੁਕਾਬਲਿਆਂ ਵਿੱਚ ਮੱਲਾਂ ਮਾਰੀਆਂ। ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਣਾ ਨੇ ਦੱਸਿਆ ਕਿ ਅਨੁਵਰਤ ਸਮਿਤੀ ਜਗਰਾਉਂ ਵੱਲੋਂ ਅਨੁਵਰਤ ਸਕੂਲ ਵਿੱਚ ਰਚਨਾਤਮਕ ਮੁਕਾਬਲਾ 2025 ਦਾ ਰਾਜ ਪੱਧਰੀ ਮੁਕਾਬਲਾ ਕਰਵਾਇਆ ਗਿਆ, ਜਿਸ ਦਾ ਵਿਸ਼ਾ ਸੰਵਿਧਾਨ ਦਾ ਕਿਨਾਰਾ ਸੀਮਾਵਾਂ ਅਧਾਰ ਹੋਣਾ ਚਾਹੀਦਾ ਸੀ, ਜਿਸ ਵਿੱਚ ਲਿਖਣ ਪੇਂਟਿੰਗ, ਕਵਿਤਾ ਭਾਸ਼ਣ ਆਦਿ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ। ਗਰੁੱਪ ਪਹਿਲਾ ਪੰਜਵੀਂ ਤੋਂ ਅੱਠਵੀਂ ਤੇ ਗਰੁੱਪ ਦੂਸਰਾ ਨੌਵੀਂ ਤੋਂ ਬਾਰਵੀਂ। ਇਨ੍ਹਾਂ ਮੁਕਾਬਲਿਆਂ 'ਚ ਜਗਰਾਉਂ ਦੇ ਵੱਖ-ਵੱਖ ਸਕੂਲਾਂ ਨੇ ਭਾਗ ਲਿਆ, ਜਿਸ ਵਿੱਚੋਂ ਡਰਾਇੰਗ ਗਰੁੱਪ ਪਹਿਲਾ 'ਚ ਅੱਠਵੀਂ ਜਮਾਤ ਦੇ ਅਰੁਣ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਗਰੁੱਪ ਦੂਸਰੇ 'ਚ ਦਸਵੀਂ ਜਮਾਤ ਦੀ ਵਿਦਿਆਰਥਣ ਗੁਰਨੂਰ ਕੌਰ ਨੇ ਵੀ ਡਰਾਇੰਗ ਮੁਕਾਬਲੇ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਦੇ ਨਾਲ ਹੀ ਦਸਵੀਂ ਜਮਾਤ ਦੀ ਵਿਦਿਆਰਥਣ ਸੁਖਮਨ ਕੌਰ ਨੂੰ ਹੌਸਲਾ ਅਫਜ਼ਾਈ ਇਨਾਮ ਮਿਲਿਆ। ਸਨਮਤੀ ਵਿਮਲ ਜੈਨ ਸਕੂਲ ਦੇ ਤਿੰਨਾਂ ਬੱਚਿਆਂ ਦੀ ਰਾਸ਼ਟਰੀ ਪੱਧਰੀ ਮੁਕਾਬਲੇ ਅਹਿਮਦਾਬਾਦ ਲਈ ਚੋਣ ਹੋਈ। ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਮੈਡਮ ਨੇ ਬੱਚਿਆਂ ਦਾ ਨਿੱਘਾ ਸਵਾਗਤ ਕੀਤਾ ਤੇ ਅੱਗੇ ਤੋਂ ਹੋਰ ਵੀ ਵੱਧ ਤੋਂ ਵੱਧ ਹਰ ਤਰ੍ਹਾਂ ਦੇ ਮੁਕਾਬਲੇ 'ਚ ਹਿੱਸਾ ਲੈਣ ਲਈ ਪ੍ਰੇਰਿਆ। ਇਸ ਮੌਕੇ ਮੈਡਮ ਨਵਜੋਤ ਕੌਰ, ਅੰਜੂ ਕੌਸ਼ਲ ਤੇ ਮੈਡਮ ਪਲਕ ਹਾਜ਼ਰ ਸਨ।

## ਐੱਮ ਡੀ ਸਕੂਲ 'ਚ ਕ੍ਰਿਸ਼ਨ ਜਨਮ ਅਸ਼ਟਮੀ ਮਨਾਈ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਐੱਮ ਡੀ ਪਬਲਿਕ ਸਕੂਲ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ।ਸਕੂਲ ਵਿੱਚ ਸ਼੍ਰੀ ਕ੍ਰਿਸ਼ਨ ਜੀ ਦਾ ਝੂਲਾ ਵੀ ਸਜਾਇਆ ਗਿਆ।ਵਿਦਿਆਰਥੀਆਂ ਨੇ ਵੱਖੋ ਵੱਖਰੇ ਪਹਿਰਾਵੇ ਪਾ ਕੇ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਪ੍ਰੋਗਰਾਮ ਪੇਸ਼ ਕੀਤਾ।ਵਿਦਿਆਰਥੀਆਂ ਵੱਲੋਂ ਦਹੀਂ ਹਾਂਡੀ ਦੀ ਰਸਮ ਵੀ ਨਿਭਾਈ ਗਈ।ਸਕੂਲ ਦੇ ਪ੍ਰਿੰਸੀਪਲ ਸਾਹਿਬਾਨ ਸ਼ਸ਼ਾਂਕ ਪਾਠਕ, ਸਮੂਹ ਸਟਾਫ ਨੀਲਮ ਸਿੰਗਲਾ, ਵੀਰਪਾਲ ਕੌਰ, ਮਨਪ੍ਰੀਤ ਕੌਰ, ਜਸਪ੍ਰੀਤ ਕੌਰ, ਹਰਦੀਪ ਕੌਰ, ਸਨਮਦੀਪ ਕੌਰ, ਕੁਲਵਿੰਦਰ ਕੌਰ, ਸਾਈਨੀ, ਸਰਿਤਾ ਤੇ ਟੀ ਪੀ ਅਧਿਆਪਕ ਕਮਲਪ੍ਰੀਤ ਕੌਰ, ਯਾਦਵਿੰਦਰ ਕੌਰ, ਪ੍ਰਿਅੰਕਾ, ਲਵਲੀਸ਼ ਸਿੰਗਲਾ ਤੇ ਮਹਿਕ ਆਦਿ ਮੌਜੂਦ ਸਨ ਅਤੇ ਕਿਹਾ ਕਿ ਹਰ ਯੁੱਗ ਵਿੱਚ ਧਰਤੀ ਨੂੰ ਬਚਾਉਣ ਲਈ ਕਿਸੇ ਨਾ ਕਿਸੇ ਅਵਤਾਰ ਨੇ ਜਨਮ ਲਿਆ ਹੈ ਤੇ ਕਿਹਾ ਕਿ ਹਮੇਸ਼ਾ ਬੁਰਾਈ 'ਤੇ ਅਛਾਈ ਦੀ ਜਿੱਤ ਜ਼ਰੂਰ ਹੁੰਦੀ ਹੈ।

## ਪੰਜਾਬ ਕੋ-ਐਜੂਕੇਸ਼ਨ ਸਕੂਲ 'ਚ ਜਨਮ ਅਸ਼ਟਮੀ ਮਨਾਈ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ, ਬਾਘਾ ਪੁਰਾਣਾ ਜੋ ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ, ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ ਦੀ ਰਹਿਨੁਮਾਈ ਹੇਠ ਸ੍ਰੀ ਕ੍ਰਿਸ਼ਨ ਜਨਮ ਆਸ਼ਟਮੀ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ।ਇਸ ਮੌਕੇ ਨੰਨ੍ਹੇ ਮੁੰਨੇ ਬੱਚਿਆਂ ਵੱਲੋਂ ਸੁੰਦਰ ਝਾਕੀਆਂ ਬਣਾਈਆਂ ਗਈਆਂ।ਛੋਟੇ-ਛੋਟੇ ਬੱਚੇ ਰਾਧਾ ਕ੍ਰਿਸ਼ਨ ਦੀ ਡਰੈਸ ਵਿੱਚ ਬਹੁਤ ਹੀ ਮਨਮੋਹਕ ਦ੍ਰਿਸ਼ ਦਰਸਾ ਰਹੇ ਸਨ।ਇਸ ਮੌਕੇ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਗੀਤਾ ਦੇ ਸਾਰ ਬਾਰੇ ਬੱਚਿਆਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਨੇ ਕਿਹਾ ਜਨਮ ਆਸ਼ਟਮੀ ਹਿੰਦੂਆਂ ਦਾ ਪਵਿੱਤਰ ਤੇ ਪ੍ਰਮੁੱਖ ਤਿਉਹਾਰ ਹੈ।ਇਸ ਮੌਕੇ ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ, ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ, ਪ੍ਰਿੰਸੀਪਲ ਮੈਡਮ ਪ੍ਰਮਿੰਦਰ ਕੌਰ ਕੋਆਰਡੀਨੇਟਰ ਮੁਕੇਸ਼ ਅਰੌੜਾ, ਮੈਡਮ ਖੁਸ਼ਪ੍ਰੀਤ ਕੌਰ ਤੇ ਪ੍ਰਾਇਮਰੀ ਵਿੰਗ ਦੇ ਕੋਆਰਡੀਨੇਟਰ ਮੈਡਮ ਰਿਚਾ ਸ਼ਾਮਲ ਸਨ।

## ਦੇਸ਼ ਭਗਤ ਯੂਨੀਵਰਸਿਟੀ 'ਚ 'ਵੰਡ ਦੇ ਭਿਆਨਕ ਦਿਵਸ' ਨੂੰ ਸਮਰਪਤ ਸਮਾਗਮ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੇ ਸੈਂਟਰ ਫਾਰ ਸਾਊਥ ਏਸ਼ੀਅਨ ਸਟੱਡੀਜ਼ ਤੇ ਸਮਾਜਿਕ ਵਿਗਿਆਨ ਤੇ ਭਾਸ਼ਾਵਾਂ ਦੀ ਫੈਕਲਟੀ ਵੱਲੋਂ ਸਾਂਝੇ ਤੌਰ 'ਤੇ 1947 ਵਿੱਚ ਭਾਰਤ ਦੀ ਵੰਡ ਤੋਂ ਪ੍ਰਭਾਵਿਤ ਲੱਖਾਂ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ, ਵੰਡ ਦੇ ਭਿਆਨਕ ਯਾਦਗਾਰੀ ਦਿਵਸ ਨੂੰ ਸਮਰਪਤ ਇਕ ਸਮਾਗਮ ਕੀਤਾ ਗਿਆ।ਇਸ ਸਮਾਗਮ ਵਿੱਚ ਮਾਨਯੋਗ ਚਾਂਸਲਰ ਡਾ. ਜ਼ੋਰਾ ਸਿੰਘ, ਮਾਨਯੋਗ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਸੀਨੀਅਰ ਐਡਵੋਕੇਟ ਐੱਸ. ਹਰਦੇਵ ਸਿੰਘ, ਵਾਈਸ-ਚਾਂਸਲਰ ਡਾ. ਹਰਸ਼ ਸਦਾਵਰਤੀ, ਪ੍ਰੋ-ਵਾਈਸ-ਚਾਂਸਲਰ (ਅਕਾਦਮਿਕ) ਡਾ. ਅਮਰਜੀਤ ਸਿੰਘ ਤੇ ਯੂਨੀਵਰਸਿਟੀ ਦੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਹੋਏ।ਆਪਣੇ ਮੁੱਖ ਭਾਸ਼ਣ ਵਿੱਚ ਡਾ. ਅਮਰਜੀਤ ਸਿੰਘ ਨੇ ਵੰਡ ਤੋਂ ਪਹਿਲਾਂ ਤੇ ਉਸ ਦੌਰਾਨ ਪੰਜਾਬ ਦੇ ਸਮਾਜਿਕ-ਰਾਜਨੀਤਕ ਤੇ ਸੱਭਿਆਚਾਰਕ ਦ੍ਰਿਸ਼ਟੀਕੋਣ ਦਾ ਇੱਕ ਸੰਖੇਪ ਵੇਰਵਾ ਦਿੱਤਾ।ਉਨ੍ਹਾਂ ਪੱਛਮੀ ਪੰਜਾਬ ਵਿੱਚ ਸਿੱਖ ਤੇ ਹਿੰਦੂ ਘੱਟ ਗਿਣਤੀਆਂ ਦੇ ਮਹੱਤਵਪੂਰਨ ਜ਼ਮੀਨੀ ਮਾਲਕੀ ਤੇ ਆਰਥਿਕ ਪ੍ਰਭਾਵ ਨੂੰ ਧਿਆਨ ਵਿੱਚ ਰੱਖਦੇ ਹੋਏ ਅੰਤਰ-ਧਰਮ ਸਦਭਾਵਨਾ ਤੇ ਸਾਂਝੇ ਜਸ਼ਨਾਂ ਦੇ ਯੁੱਗ ਦਾ ਵਰਣਨ ਕੀਤਾ।ਡਾ. ਸਿੰਘ ਨੇ ਵਧਦੇ ਫਿਰਕੂ ਤਣਾਅ, ਸਮੂਹਿਕ ਪ੍ਰਵਾਸ ਦੌਰਾਨ ਘੱਟ ਗਿਣਤੀਆਂ ਦੀ ਦੁਰਦਸ਼ਾ ਤੇ ਵੱਧ ਰਹੀ ਅਸ਼ਾਂਤੀ ਦੇ ਵਿਚਕਾਰ ਸ਼ਾਂਤੀ ਬਣਾਈ ਰੱਖਣ ਲਈ ਪ੍ਰੀਮੀਅਰ ਸਰ ਖਿਜ਼ਰ ਹਯਾਤ ਖਾਨ ਟਿਵਾਣਾ ਦੀ ਯੂਨੀਅਨਿਸਟ ਪਾਰਟੀ ਦੇ ਯਤਨਾਂ ਬਾਰੇ ਵੀ ਚਰਚਾ ਕੀਤੀ।ਇਸ ਮੌਕੇ ਨਵੇਂ ਸਥਾਪਤ ਸੈਂਟਰ ਫਾਰ ਸਾਊਥ ਏਸ਼ੀਅਨ ਸਟੱਡੀਜ਼ ਦੇ ਮਿਸ਼ਨ ਨੂੰ ਉਜਾਗਰ ਕਰਦੇ ਹੋਏ ਡਾ. ਸਿੰਘ ਨੇ ਦੱਖਣੀ ਏਸ਼ੀਆ, ਖਾਸ ਕਰਕੇ ਪੰਜਾਬ ਦੀ ਸੱਭਿਆਚਾਰਕ ਵਿਰਾਸਤ 'ਤੇ ਵਿਦਵਤਾਪੂਰਨ ਖੋਜ ਨੂੰ ਅੱਗੇ ਵਧਾਉਣ ਤੇ ਖੇਤਰ ਦੇ ਗੁੰਝਲਦਾਰ ਇਤਿਹਾਸ 'ਤੇ ਸੂਚਿਤ ਸੰਵਾਦ ਨੂੰ ਉਤਸ਼ਾਹਤ ਕਰਨ ਵਿੱਚ ਇਸ ਦੀ ਭੂਮਿਕਾ 'ਤੇ ਜ਼ੋਰ ਦਿੱਤਾ।ਇਸ ਪ੍ਰੋਗਰਾਮ ਦਾ ਸੰਚਾਲਨ ਡਾ. ਰੇਣੂ ਸ਼ਰਮਾ ਨੇ ਕੀਤਾ ਤੇ ਧੰਨਵਾਦ ਦਾ ਮਤਾ ਪ੍ਰੋ. ਰਾਮ ਸਿੰਘ ਗੁਰਨਾ ਵੱਲੋਂ ਦਿੱਤਾ ਗਿਆ।

## ਧੀਆਂ ਦੇ ਵਿਆਹ 28 ਸਤੰਬਰ ਨੂੰ

● **ਪਰਵਾਰ ਵਿਆਹ ਸਬੰਧੀ 15 ਸਤੰਬਰ ਤੱਕ ਸੰਪਰਕ ਕਰਨ**

**ਦੋਰਾਹਾ (ਹਰਮਿੰਦਰ ਸੇਠ)**-ਬਾਬਾ ਸ਼ਹੀਦਾਂ ਸਪੋਰਟਸ ਕਲੱਬ ਅਜਨੌਦ ਵੱਲੋਂ ਲੋੜਵੰਦ ਪਰਵਾਰਾਂ ਦੀਆਂ ਧੀਆਂ ਦੇ ਵਿਆਹ ਪਿੰਡ ਅਜਨੌਦ ਨੇੜੇ ਦੋਰਾਹਾ ਵਿਖੇ 28 ਸਤੰਬਰ 2025 ਬੇਟੀ ਦਿਵਸ ਮੌਕੇ ਕੀਤੇ ਜਾ ਰਹੇ ਹਨ।ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਿੱਕੀ ਅਜਨੌਦ ਨੇ ਕਿਹਾ ਕਿ ਬੇਟੀ ਦਿਵਸ ਮੌਕੇ ਵੱਡੀ ਗਿਣਤੀ ਵਿੱਚ ਲੋੜਵੰਦ ਲੜਕੀਆਂ ਦੇ ਵਿਆਹ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਲੋੜਵੰਦ ਧੀਆਂ ਦੇ ਪਰਵਾਰ ਵਿਆਹ ਸਬੰਧੀ ਉਨ੍ਹਾਂ ਨਾਲ 15 ਸਤੰਬਰ ਤੋਂ ਪਹਿਲਾਂ ਪਹਿਲਾਂ ਸੰਪਰਕ ਕਰ ਸਕਦੇ ਹਨ, ਤਾਂ ਜੋ ਸਾਰੀ ਤਿਆਰੀ ਸਮੇਂ ਸਿਰ ਮੁਕੰਮਲ ਕੀਤੀ ਜਾ ਸਕੇ। ਇਥੇ ਦੱਸਣਾ ਬਣਦਾ ਹੈ ਕਿ ਰਿੱਕੀ ਅਜਨੌਦ ਵੱਲੋਂ ਸਮੇਂ ਸਮੇਂ ਸਿਰ ਪਿੰਡ ਲਈ ਹੋਰ ਵੀ ਲੋਕ ਭਲਾਈ ਦੇ ਕੰਮ ਲਗਾਤਾਰ ਕੀਤੇ ਜਾ ਰਹੇ ਹਨ, ਜਿਸ ਕਰਕੇ ਪਿੰਡ ਵਾਸੀਆਂ ਵੱਲੋਂ ਰਿੱਕੀ ਅਜਨੌਦ ਦੀ ਖੂਬ ਸ਼ਲਾਘਾ ਕੀਤੀ ਜਾ ਰਹੀ ਹੈ।ਇਸ ਮੌਕੇ ਸੱਤੂ ਰੱਤੋਵਾਲ, ਗੋਰਾ ਰੱਤੋਵਾਲ, ਸਿਮੂ ਕੈਨੇਡਾ, ਮਿਕੂ ਯੂਐੱਸਏ, ਦੀਪਾ ਯੂਐੱਸਏ, ਹਰਪ੍ਰੀਤ ਧਾਲੀਵਾਲ, ਗੁਰਵੀਰ ਗਰਚਾ, ਵਿੱਕੀ ਦਵਿੰਦਰ ਚੀਮਾ, ਸ਼ੇਰਾ ਸਰਪੰਚ ਤਰਨਾ ਹੰਸ, ਹਰਸਿਮਰਨ ਮੰਡ ਨੇ ਵੱਧ ਤੋਂ ਵੱਧ ਸਹਿਯੋਗ ਕਰਨ ਤੇ ਰਿੱਕੀ ਅਜਨੌਦ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਕੰਮਾਂ ਦੀ ਖੂਬ ਸ਼ਲਾਘਾ ਕੀਤੀ।

# ਇਨੋਸੈਂਟ ਹਾਰਟਸ ਸਕੂਲ ਨੇ ਦੇਸ਼ ਭਗਤੀ ਤੇ ਰਚਨਾਤਮਿਕਤਾ ਨਾਲ ਮਨਾਇਆ ਆਜ਼ਾਦੀ ਦਿਵਸ

**ਜਲੰਧਰ (ਸ਼ੈਲੀ ਐਲਬਰਟ)** 'ਆਜ਼ਾਦੀ ਵਿੱਚ ਹੀ ਸਾਡੀ ਅਸਲ ਪਹਿਚਾਣ ਹੈ' ਦੇ ਵਿਸ਼ੇ ਅਧੀਨ ਇੰਨੋਸੈਂਟ ਹਾਰਟਸ ਸਕੂਲ ਨੇ ਭਾਰਤ ਦੇ ਆਜ਼ਾਦੀ ਦਿਵਸ ਨੂੰ ਪੂਰਾ ਹਫ਼ਤਾ ਸੱਭਿਆਚਾਰਕ ਅਤੇ ਰਚਨਾਤਮਕ ਪ੍ਰੋਗਰਾਮਾਂ ਰਾਹੀਂ ਮਨਾਇਆ, ਜਿਨ੍ਹਾਂ ਵਿੱਚ ਕਲਾ ਦੇ ਪ੍ਰਦਰਸ਼ਨ, ਦੇਸ਼-ਭਗਤੀ ਦਾ ਜਜ਼ਬਾ ਅਤੇ ਵਿਚਾਰ-ਉਤਪਾਦਕ ਚਰਚਾਵਾਂ ਦਾ ਸੁੰਦਰ ਮਿਲਾਪ ਸੀ। ਇਹ ਸਮਾਰੋਹ ਪੰਜਾਂ ਕੈਂਪਸਾਂ ਗ੍ਰੀਨ ਮਾਡਲ ਟਾਊਨ, ਲੋਹਾਰਾਂ, ਨੂਰਪੁਰ ਰੋਡ, ਕੈਂਟ-ਜੰਡਿਆਲਾ ਰੋਡ ਅਤੇ ਕਪੂਰਥਲਾ ਰੋਡ ਦੇ ਪ੍ਰੀ-ਸਕੂਲ ਤੋਂ ਲੈ ਕੇ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਵਿੱਚ ਆਯੋਜਿਤ ਕੀਤੇ ਗਏ। ਇਨ੍ਹਾਂ ਵਿੱਚ ਇੰਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਅਤੇ ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਟਿਊਸ਼ਨਜ਼ ਦੇ ਭਾਗੀਦਾਰਾਂ ਨੇ ਵੀ ਹਿੱਸਾ ਲਿਆ।ਪ੍ਰੀ-ਸਕੂਲ ਦੇ ਬੱਚਿਆਂ ਨੇ ਹਿੰਦੀ ਕਵਿਤਾ ਵਾਚਨ ਅਤੇ ਏਕਤਾ ਵਿੱਚ ਵਿਭਿੰਨਤਾ ਵਾਲੀਆਂ ਗਤੀਵਿਧੀਆਂ ਦਾ ਆਨੰਦ ਲਿਆ। ਜਮਾਤ ਪਹਿਲੀ ਅਤੇ ਦੂਜੀ ਦੇ ਵਿਦਿਆਰਥੀਆਂ ਨੇ ਸਲਾਮ ਸ਼ਹੀਦਾਂ ਨੂੰ ਥੀਮ ਵਾਲੀ ਰੰਗ-ਬਰੰਗੀ ਕਾਸਟਿਊਮ ਪਰੇਡ ਵਿੱਚ ਭਾਗ ਲਿਆ। ਤੀਜੀ ਅਤੇ ਚੌਥੀ ਜਮਾਤ ਦੇ ਬੱਚਿਆਂ ਨੇ ਰਾਸ਼ਟਰੀ ਪ੍ਰਤੀਕਾਂ ਤੋਂ ਪ੍ਰੇਰਿਤ ਦੇਸ਼-ਭਗਤੀ ਕਲਾ ਕਾਰਜ ਕੀਤਾ। ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਨਾਅਰੇ-ਅਧਾਰਤ ਪੋਸਟਰ ਬਣਾਉਣ ਵਿੱਚ ਹਿੱਸਾ ਲਿਆ। ਛੇਵੀਂ ਜਮਾਤ ਨੇ ਤਿਰੰਗੇ ਰੰਗਾਂ ਵਿੱਚ ਖਾਣੇ ਦੀ ਕਲਾ ਪ੍ਰਦਰਸ਼ਿਤ ਕੀਤੀ।ਸਤਵੀਂ ਅਤੇ ਅੱਠਵੀਂ ਜਮਾਤ ਨੇ ਦੇਸ਼-ਭਗਤੀ ਕਵਿਤਾਵਾਂ ਅਤੇ ਭਾਸ਼ਣਾਂ ਨਾਲ ਖਾਸ ਸਭਾਵਾਂ ਕੀਤੀਆਂ। ਨੌਵੀਂ ਅਤੇ ਦਸਵੀਂ ਜਮਾਤ ਨੇ ਆਜ਼ਾਦੀ ਨਾਲ ਜ਼ਿੰਮੇਵਾਰੀ ਵੀ ਆਉਂਦੀ ਹੈ ਵਿਸ਼ੇ 'ਤੇ ਦੇਸ਼-ਭਗਤੀ ਵਾਦ-ਵਿਵਾਦ ਮੁਕਾਬਲੇ ਵਿੱਚ ਭਾਗ ਲਿਆ। ਗਿਆਰਵੀਂ ਅਤੇ ਬਾਰਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਰੰਗ-ਬਿਰੰਗੇ ਨਾਚ ਅਤੇ ਗੀਤ ਪ੍ਰਦਰਸ਼ਨ ਦੇ ਨਾਲ ਪ੍ਰੇਰਣਾਦਾਇਕ ਸਟਰੀਟ ਪਲੇ ਪੇਸ਼ ਕੀਤਾ।ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਟਿਊਸ਼ਨਜ਼ ਦੀ ਸੱਭਿਆਚਾਰਕ ਕਮੇਟੀ ਨੇ ਪੋਸਟਰ ਬਣਾਉਣ, ਕਵਿਤਾ ਪਾਠ, ਸਕਿਟ ਅਤੇ ਸਮੂਹਕ ਨਾਚ ਰਾਹੀਂ ਸਮਾਰੋਹ ਨੂੰ ਹੋਰ ਰੰਗੀਨ ਬਣਾਇਅ।




# 24 ਦੀ ਸਮਰਾਲਾ ਜੇਤੂ ਰੈਲੀ ਲਈ ਕਿਸਾਨਾਂ 'ਚ ਭਾਰੀ ਉਤਸ਼ਾਹ : ਜਹਾਂਗੀਰ

■ **ਪੰਜਾਬ 'ਚ ਕੁਦਰਤ ਪੱਖੀ ਖੇਤੀ ਮਾਡਲ ਲਾਗੂ ਕੀਤਾ ਜਾਵੇ**

**ਧੂਰੀ (ਮਨੋਹਰ ਸਿੰਘ ਸੱਗੂ)**-ਕਿਰਤੀ ਕਿਸਾਨ ਯੂਨੀਅਨ ਬਲਾਕ ਧੂਰੀ ਦੀ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਦੀ ਅਗਵਾਈ ਹੇਠ ਪਿੰਡ ਜਹਾਂਗੀਰ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ ਮੀਟਿੰਗ 'ਚ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਲੈਂਡ ਪੂਲਿੰਗ ਨੀਤੀ ਖਿਲਾਫ਼ ਲੜੇ ਗਏ ਸੰਘਰਸ਼ ਸਬੰਧੀ ਸਮਰਾਲਾ ਵਿਖੇ 24 ਅਗਸਤ ਨੂੰ ਕੀਤੀ ਜਾ ਰਹੀ ਜੇਤੂ ਰੈਲੀ 'ਚ ਸ਼ਮੂਲੀਅਤ ਬਾਰੇ ਚਰਚਾ ਕਰਦਿਆਂ ਵਿਉਂਤਬੰਦੀ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਤੇ ਜ਼ਿਲ੍ਹਾ ਆਗੂ ਹਰਦਮ ਸਿੰਘ ਰਾਜੋਮਾਜਰਾ ਨੇ ਦੱਸਿਆ ਕਿ ਪੰਜਾਬ ਵਰਗੇ ਖੇਤੀ ਪ੍ਰਧਾਨ ਸੂਬੇ, ਜਿੱਥੇ ਪ੍ਰਤੀ ਏਕੜ ਆਨਾਜ ਪੈਦਾਵਾਰ ਦੇਸ਼ ਦੇ ਸਾਰੇ ਖਿੱਤਿਆਂ 'ਚੋਂ ਵੱਧ ਹੈ।ਇਸ ਦੀ ਖੇਤੀ ਯੋਗ ਜ਼ਮੀਨ ਕਿਸੇ ਵੀ ਹੋਰ ਮਕਸਦ ਲਈ ਐਕੁਆਇਰ ਕਰਨ ਦਾ ਸਿੱਧਾ ਮਤਲਬ ਪੰਜਾਬ ਦਾ ਉਜਾੜਾ ਹੈ ਤੇ ਪੰਜਾਬ ਵਾਸੀ ਅਜਿਹੀਆਂ ਨੀਤੀਆਂ ਦਾ ਹਮੇਸ਼ਾ ਵਿਰੋਧ ਕਰਨਗੇ।ਆਗੂਆਂ ਨੇ ਕਿਹਾ ਕਿ ਪੰਜਾਬ 'ਚ ਸਿਰਫ ਖੇਤੀ ਅਧਾਰਤ ਸਨੱਅਤ ਤੇ ਖੇਤਾਂ 'ਚ ਪੈਦਾ ਹੁੰਦੀਆਂ ਜਿਣਸਾਂ ਨੂੰ ਪ੍ਰੋਸੈੱਸ ਕਰਨ ਦੀਆਂ ਸਨੱਅਤਾਂ ਹੀ ਲਗਾਈਆਂ ਜਾਣ।ਲੈਂਡ ਪੂਲਿੰਗ ਨੀਤੀ ਸਰਕਾਰ ਵੱਲੋਂ ਵਾਪਸ ਲਏ ਜਾਣ ਨੂੰ ਕਿਸਾਨਾਂ ਤੇ ਪੰਜਾਬ ਵਾਸੀਆਂ ਦੇ ਏਕੇ ਤੇ ਸੰਘਰਸ਼ ਦੀ ਜਿੱਤ ਕਰਾਰ ਦਿੰਦਿਆਂ ਕਿਹਾ ਗਿਆ ਕਿ ਤਾਨਾਸ਼ਾਹ ਕੇਜਰੀਵਾਲ ਤੇ ਉਸ ਦੀ ਜੁੰਡਲੀ ਨੂੰ ਮੂੰਹ ਦੀ ਖਾਣੀ ਪਈ। ਮੀਟਿੰਗ 'ਚ ਸਮਰਾਲਾ ਜੇਤੂ ਰੈਲੀ 'ਚ ਪੁੱਜਣ ਦੇ ਸੱਦੇ ਤੋਂ ਇਲਾਵਾ ਆਗੂਆਂ ਨੇ ਕਿਹਾ ਕਿ ਪੰਜਾਬ ਅੰਦਰ ਸਰਕਾਰ ਨੇ ਪੂਸ਼ਾ-44 ਕਿਸਮ ਦੇ ਝੋਨੇ 'ਤੇ ਪਾਬੰਦੀ ਲਾਈ ਹੋਈ ਹੈ, ਪਰ ਕਥਿਤ ਤੌਰ 'ਤੇ ਸ਼ੈਲਰ ਮਾਲਕਾਂ ਤੇ ਆੜ੍ਹਤੀਆਂ ਦੀ ਪ੍ਰੇਰਣਾ ਸਦਕਾ ਸੰਗਰੂਰ ਜ਼ਿਲ੍ਹੇ ਅੰਦਰ 70 ਪ੍ਰਤੀਸ਼ਤ ਦੇ ਕਰੀਬ ਇਸੇ ਝੋਨੇ ਦੀ ਬਿਜਾਈ ਹੋਈ ਹੈ, ਪਰ ਆਨਾਜ ਭੰਡਾਰਨ ਲਈ ਗੁਦਾਮਾਂ ਦੇ ਖਾਲੀ ਨਾ ਹੋਣ ਕਰਕੇ ਤੇ ਕੇਂਦਰ ਵੱਲੋਂ ਲਿਫਟਿੰਗ ਨਾ ਹੋਣ ਕਰਕੇ ਹੁਣੇ ਤੋਂ ਚਰਚਾ ਹੈ ਕਿ ਇਸ ਝੋਨੇ ਦੀ ਖਰੀਦ ਸਮੇਂ ਕਿਸਾਨਾਂ ਦੀ ਵੱਡੇ ਪੱਧਰ 'ਤੇ ਲੁੱਟ ਕੀਤੀ ਜਾਵੇਗੀ ਤੇ ਕਾਟ ਲਾਈ ਜਾਵੇਗੀ।ਆਗੂਆਂ ਨੇ ਕਿਹਾ ਕਿ ਯੂਨੀਅਨ ਵੱਲੋਂ ਕਿਸੇ ਵੀ ਕਿਸਾਨ ਦਾ ਝੋਨਾ ਕਾਟ 'ਤੇ ਨਹੀਂ ਵਿਕਣ ਦਿੱਤਾ ਜਾਵੇਗਾ, ਸਗੋਂ ਇਹ ਝੋਨਾ ਪੂਰੇ ਮੁੱਲ 'ਤੇ ਵੇਚਿਆ ਜਾਵੇਗਾ।ਮੀਟਿੰਗ 'ਚ ਪੰਜਾਬ ਸਰਕਾਰ ਤੋਂ ਇਸ ਝੋਨੇ 'ਤੇ ਲਗਾਈ ਪਾਬੰਦੀ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਪੰਜਾਬ 'ਚ ਝੋਨੇ ਦੀ ਫਸਲ ਦੀ ਥਾਂ ਬਦਲਵੀਆਂ ਫਸਲਾਂ ਪੰਜਾਬ ਦੇ ਪੌਣ ਪਾਣੀ ਤੇ ਆਨਾਜ ਲੋੜਾਂ ਨੂੰ ਧਿਆਨ 'ਚ ਰੱਖਦਿਆਂ ਕੁਦਰਤ ਪੱਖੀ ਖੇਤੀ ਮਾਡਲ ਲਾਗੂ ਕੀਤਾ ਜਾਵੇ ਤੇ ਸਾਰੀਆਂ ਫਸਲਾਂ ਦੀ ਐੱਮ ਐੱਸ ਪੀ 'ਤੇ ਖਰੀਦ ਯਕੀਨੀ ਬਣਾਈ ਜਾਵੇ।ਮੀਟਿੰਗ ਦੇ ਆਖਰ 'ਚ ਫੈਸਲਾ ਕੀਤਾ ਗਿਆ ਕਿ ਧੂਰੀ ਇਲਾਕੇ 'ਚੋਂ ਵੱਡੀ ਗਿਣਤੀ ਵਿੱਚ ਕਿਸਾਨਾਂ ਨੂੰ 24 ਅਗਸਤ ਦੀ ਸਮਰਾਲਾ ਰੈਲੀ 'ਚ ਸ਼ਾਮਲ ਕਰਵਾਇਆ ਜਾਵੇਗਾ।

## ਸੰਤ ਹੀਰਾ ਦਾਸ ਕੰਨਿਆ ਮਹਾਂ ਦਿਆਲਿਆ ਵਿਖੇ ਆਜ਼ਾਦੀ ਦਿਵਸ ਮਨਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**- ਸਥਾਨਕ ਸੰਤ ਹੀਰਾ ਦਾਸ ਕੰਨਿਆ ਮਹਾ ਵਿਦਿਆਲਿਆ ਵਿਖੇ 79ਵਾਂ ਆਜ਼ਾਦੀ ਦਿਹਾੜਾ ਮਨਾਇਆ ਗਿਆ। ਸੰਤ ਹੀਰਾ ਦਾਸ ਐਜੂਕੇਸ਼ਨਲ ਸੋਸਾਇਟੀ ਕਾਲਾ ਸੰਘਿਆ ਦੇ ਪ੍ਰਧਾਨ ਇੰਜੀਨੀਅਰ ਸੀਤਲ ਸਿੰਘ ਸੰਘਾ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਉਪਰੰਤ ਉਹਨਾਂ ਨੇ ਹਿੰਦੁਸਤਾਨ ਦੇ ਝੰਡੇ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਇਹ ਝੰਡਾ ਆਜ਼ਾਦੀ ਦਾ ਪ੍ਰਤੀਕ ਹੈ, ਜਿੰਨੀ ਦੇਰ ਤੱਕ ਇਹ ਝੰਡਾ ਉੱਚਾ ਝੂਲਦਾ ਰਹੇਗਾ ਸਾਡੀ ਆਜ਼ਾਦੀ ਬਰਕਰਾਰ ਰਹੇਗੀ । ਇਸ ਝੰਡੇ ਦੇ ਤਿੰਨ ਰੰਗ ਹਿੰਦੁਸਤਾਨ ਦੀ ਏਕਤਾ ਤੇ ਅਖੰਡਤਾ ਦੇ ਪ੍ਰਤੀਕ ਹਨ। ਕੇਸਰੀ ਰੰਗ ਸ਼ਹੀਦਾਂ ਦੇ ਲਹੂ ਦਾ ਪ੍ਰਮਾਣ ਬਣਦਾ ਹੈ, ਸਫੈਦ ਰੰਗ ਸ਼ਾਂਤੀ ਦਾ ਹੈ ਤੇ ਹਰਾ ਰੰਗ ਖੇਤੀ ਇਨਕਲਾਬ ਦਾ ਹੈ। ਉਨਾਂ ਨੇ ਇਸ ਝੰਡੇ ਦੀ ਰਾਖੀ ਵਾਸਤੇ ਹਾਜ਼ਰ ਸਟਾਫ ਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਤੇ ਸਕੂਲ ਅਤੇ ਕਾਲਜ ਦਾ ਸਟਾਫ ਵੀ ਹਾਜ਼ਰ ਸੀ। ਸਭ ਨੇ ਰਲ ਮਿਲ ਕੇ ਆਜ਼ਾਦੀ ਦਾ ਇਹ ਦਿਵਸ ਬੜੀਆਂ ਖੁਸ਼ੀਆਂ ਨਾਲ ਮਨਾਇਆ ਤੇ ਲੱਡੂ ਵੰਡੇ।

## ਆਜ਼ਾਦੀ ਦਿਵਸ ਮੌਕੇ ਲਹਿਰਾਇਆ ਕੌਮੀ ਝੰਡਾ



**ਕਰਤਾਰਪੁਰ (ਹਰਮੇਸ਼ ਦੱਤ)** 79ਵੇਂ ਅਜ਼ਾਦੀ ਦਿਵਸ 'ਤੇ ਸੰਤ ਬਾਬਾ ਓਂਕਾਰ ਨਾਥ ਸੀਨੀਅਰ ਸੈਕੰਡਰੀ ਸਕੂਲ ਕਾਲਾ ਬਾਹੀਆਂ (ਜਲੰਧਰ) ਵਿਖੇ ਕੌਮੀ ਝੰਡਾ ਲਹਿਰਾਇਆ ਗਿਆ। ਝੰਡਾ ਲਹਿਰਾਉਣ ਦੀ ਰਸਮ ਸੰਸਥਾ ਦੇ ਚੇਅਰਮੈਨ ਸਤਨਾਮ ਸਿੰਘ ਵੱਲੋਂ ਅਦਾ ਕੀਤੀ ਗਈ।ਚੇਅਰਮੈਨ ਅਤੇ ਕਮੇਟੀ ਮੈਂਬਰਾਂ ਵੱਲੋਂ ਦੇਸ਼ ਵਾਸੀਆਂ, ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ। ਇਸ ਮੌਕੇ ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਅਮਰੀਕ ਸਿੰਘ ਅਤੇ ਪ੍ਰਿੰਸੀਪਲ ਮੈਡਮ ਕੁਲਵਿੰਦਰ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇਚਰਨ ਸਿੰਘ, ਸ੍ਰੀਮਤੀ ਬਲਵਿੰਦਰ ਕੌਰ, ਮਹਿੰਦਰ ਸਿੰਘ,ਗੁਰਦਾਵਰ ਸਿੰਘ, ਹਰਜੋਤ ਸਿੰਘ, ਜਗੀਰ ਸਿੰਘ, ਅਮਰੀਕ ਸਿੰਘ, ਸ੍ਰੀਮਤੀ ਕੁਲਵਿੰਦਰ ਕੌਰ, ਗੇਂਦੀ ਰਾਮ ਅਤੇ ਸਕੂਲ ਸਟਾਫ਼ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਜਨਤਾ ਕਾਲਜ ਵਿਖੇ 79ਵਾਂ ਸੁਤੰਤਰਤਾ ਦਿਵਸ ਮਨਾਇਆ



**ਕਰਤਾਰਪੁਰ (ਹਰਮੇਸ਼ ਦੱਤ)** ਮਾਸਟਰ ਗੁਰਬੰਤਾ ਸਿੰਘ ਮੈਮੋਰੀਅਲ ਜਨਤਾ ਕਾਲਜ ਕਰਤਾਰਪੁਰ ਵਿਖੇ ਦੇਸ਼ ਦਾ 79ਵਾਂ ਸੁਤੰਤਰਤਾ ਦਿਵਸ ਪ੍ਰਿੰਸੀਪਲ ਡਾ. ਪ੍ਰੈਟੀ ਸੋਢੀ ਦੀ ਅਗਵਾਈ ਵਿੱਚ ਮਨਾਇਆ ਗਿਆ । ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਕਾਲਜ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਤੇ ਸਾਬਕਾ ਐਮ.ਐਲ .ਏ (ਹਲਕਾ ਕਰਤਾਰਪੁਰ) ਚੌਧਰੀ ਸੁਰਿੰਦਰ ਸਿੰਘ ਨੇ ਸ਼ਿਰਕਤ ਕੀਤੀ।ਕਾਲਜ ਦੇ ਐਨ. ਸੀ. ਸੀ ਵਿੰਗ ਦੇ ਕੈਡਿਟ ਨੇ ਲੈਫਟੀਨੈਂਟ ਪ੍ਰੋ. ਦਲਜੀਤ ਸਿੰਘ ਦੀ ਅਗਵਾਈ ਵਿੱਚ ਚੌਧਰੀ ਸੁਰਿੰਦਰ ਸਿੰਘ ਨੂੰ ਸਕਾਊਟ ਕੀਤਾ । ਪ੍ਰੋਗਰਾਮ ਦੀ ਸ਼ੁਰੂਆਤ ਚੌਧਰੀ ਸੁਰਿੰਦਰ ਸਿੰਘ ਨੇ ਝੰਡਾ ਲਹਿਰਾ ਕੇ ਕੀਤੀ। ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਪ੍ਰੋ. ਯੁਗੇਸ਼ ਕੁਮਾਰ ਦੀ ਅਗਵਾਈ ਵਿੱਚ ਰਾਸ਼ਟਰੀ ਗੀਤ ਗੀਤ ਗਾ ਕੇ ਪ੍ਰੋਗਰਾਮ ਨੂੰ ਦੇਸ਼ ਭਗਤੀ ਦੇ ਰੰਗ ਵਿੱਚ ਰੰਗ ਦਿੱਤਾ । ਇਸ ਉਪਰੰਤ ਮਾਸਟਰ ਗੁਰਬੰਤਾ ਸਿੰਘ ਤੇ ਚੌਧਰੀ ਜਗਜੀਤ ਸਿੰਘ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ ਗਏ।ਇਸ ਤੋਂ ਇਲਾਵਾ ਇਸੇ ਵਿਭਾਗ ਦੇ ਵਿਦਿਆਰਥੀ ਮਿਅੰਕ ਨੇ ਪੰਜਾਬ ਦਾ ਲੋਕ ਗੀਤ ਮਿਰਜ਼ਾ ਗਾ ਕੇ ਦਰਸ਼ਕਾਂ ਨੂੰ ਤਾੜੀਆਂ ਮਾਰਨ ਤੇ ਮਜ਼ਬੂਰ ਕਰ ਦਿੱਤਾ। ਵਿਵੇਕ ਨੇ ਪੰਜਾਬੀ ਸੂਫ਼ੀ ਕਲਾਮ ਪੇਸ਼ ਕਰਕੇ ਪ੍ਰੋਗਰਾਮ ਨੂੰ ਧਾਰਮਿਕ ਰੰਗ ਵਿੱਚ ਰੰਗ ਦਿੱਤਾ। ਪ੍ਰੋਗਰਾਮ ਦੌਰਾਨ ਚੌਧਰੀ ਸੁਰਿੰਦਰ ਸਿੰਘ ਨੇ ਸਾਬਕਾ ਪ੍ਰਿੰਸੀਪਲ ਆਰ. ਐਲ ਸ਼ੈਲੀ ਨੂੰ ਯਾਦ ਕਰਦਿਆਂ ਹੋਇਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਤੇ ਉਨ੍ਹਾਂ ਨੇ ਦੇਸ਼ ਦੇ ਸ਼ਹੀਦਾਂ ਨੂੰ ਵੀ ਨਮਨ ਕੀਤਾ। ਬੀ. ਏ (ਸਮੈਸਟਰ ਤੀਜਾ) ਦੀਆਂ ਵਿਦਿਆਰਥਣਾਂ ਨੇ ਪੰਜਾਬੀ ਗੀਤ ਤੇ ਡਾਂਸ ਪੇਸ਼ ਕਰਕੇ ਮਾਹੌਲ ਨੂੰ ਆਨੰਦਮਈ ਕਰ ਦਿੱਤਾ। ਕਾਲਜ ਦੀ ਵਿਦਿਆਰਥਣ ਸਤਵਰਗ ਨੇ ਪੰਜਾਬੀ ਡਾਂਸ ਰਾਹੀ ਪੁਰਾਣੇ ਪੰਜਾਬੀ ਸਭਿਆਚਾਰ ਨੂੰ ਮੁੜ ਸੁਰਜੀਤ ਕਰ ਦਿੱਤਾ । ਵਿਦਿਆਥਣ ਅੰਜਲੀ ਨੇ ਕਲਾਸਿਕ ਡਾਂਸ ਦੀ ਖੂਬਸੂਰਤ ਪੇਸ਼ਕਾਰੀ ਕੀਤੀ।ਕਾਲਜ ਦੇ ਵਿਦਿਆਰਥੀਆਂ ਨੇ ਕੋਰਿਉਗ੍ਰਾਫੀ ਰਾਹੀ ਕੁੜੀਆਂ ਨੂੰ ਨਾ ਪੜ੍ਹਾਉਣ ਵਾਲੀ ਮਾੜੀ ਨੂੰ ਉਜਾਗਰ ਕੀਤਾ। ਇਸ ਸਮੇਂ ਮੈਨੇਜਿੰਗ ਕਮੇਟੀ ਦੇ ਸਕੱਤਰ ਹਰੀ ਪਾਲ, ਖਜ਼ਾਨਚੀ ਸ਼ਾਮ ਸੁੰਦਰ ,ਮੈਂਬਰ ਰਮੇਸ਼ ਮੰਡ ,ਸਮੂਹ ਸਟਾਫ਼ ਤੋਂ ਇਲਾਵਾ ਸ਼ਹਿਰ ਦੇ ਪਤਵੰਤੇ ਵੀ ਹਾਜ਼ਰ ਸਨ।

## ਰਾਹੁਲ ਖੰਨਾ ਦੀ ਅਗਵਾਈ 'ਚ ਕੱਢਿਆ ਤਿਰੰਗਾ ਮਾਰਚ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਦੇਸ਼ ਦੀ ਆਜ਼ਾਦੀ ਦੇ 79ਵੇਂ ਉਤਸਵ ਦੇ ਸੰਬੰਧ ਵਿੱਚ ਸ਼ਿਵ ਸੇਨਾ ਹਿੰਦੁਸਤਾਨ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਅਤੇ ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜਨ, ਦੋਆਬਾ ਪ੍ਰਧਾਨ ਪ੍ਰਸ਼ਾਂਤ ਪੰਡਿਤ, ਜ਼ਿਲ੍ਹਾ ਯੂਥ ਪ੍ਰਧਾਨ ਪੁਨੀਤ ਢੀਂਗਰਾ, ਯੂਵਾ ਨੇਤਾ ਰਾਜੂ ਖੋਸਲਾ, ਜ਼ਿਲਾ ਵਾਈਸ ਚੇਅਰਮੈਨ ਸੰਜੀਵ ਖੰਨਾ, ਜ਼ਿਲ੍ਹਾ ਸਕੱਤਰ ਪੰਡਿਤ ਮਿਥਲੇਸ਼ ਗਰਗ, ਸਿਟੀ ਪ੍ਰਧਾਨ ਰਾਜੀਵ ਖੰਨਾ ਅਤੇ ਸਿਟੀ ਯੂਥ ਪ੍ਰਧਾਨ ਗੁਰਨਾਮ ਸਿੰਘ ਗੋਨੀ, ਦਸਹਿਰਾ ਕਮੇਟੀ ਪ੍ਰਧਾਨ ਸ਼ੁਭਮ ਦੀ ਦੇਖਰੇਖ ਹੇਠ ਸੈਂਕੜੇ ਸ਼ਿਵ ਸੈਨਾ ਵਰਕਰਾਂ ਨੇ ਤਿਰੰਗਾ ਮਾਰਚ ਕੱਢਿਆ ਜਿਹੜਾ ਕਿ ਸ਼ਿਵ ਸੇਨਾ ਦਫਤਰ ਤੋਂ ਚੱਲ ਕੇ ਪੂਰੇ ਸ਼ਹਿਰ ਦੇ ਚੌਰਾਹਿਆਂ ਅਤੇ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਵੈਲਵਟ ਰਿਸੋਰਟ ਮਿਆਨੀ ਰੋਡ ਟਾਂਡਾ ਵਿਖੇ ਪਹੁੰਚ ਕੇ ਸੰਪੰਨ ਹੋਇਆ। ਇਸ ਵਿਸ਼ਾਲ ਤਿਰੰਗਾ ਮਾਰਚ 'ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਰਾਹੁਲ ਖੰਨਾ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਜਿਨ੍ਹਾਂ ਗੁਲਾਟੀਆਂ ਨੇ ਕੁਰਬਾਨੀਆਂ ਦਿੱਤੀਆਂ ਸਨ, ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੀ ਸੋਚ ਤੇ ਪਹਿਰਾ ਦੇਣਾ ਚਾਹੀਦਾ ਹੈ। ਇਸ ਮੌਕੇ 'ਤੇ ਮਨਜੋਤ ਸਿੰਘ, ਬਬਲੂ ਕੁਮਾਰ, ਸਿਮਰਨ ਧਾਲੀਵਾਲ, ਜਸ਼ਨ ਗੋਰਾਇਆ, ਸ਼ੈਰੀ ਥਾਪਰ, ਨੀਰਜ ਭੱਟੀ, ਸਾਗਰ ਸਹੋਤਾ, ਜਸਪ੍ਰੀਤ ਬੋਗਾ, ਰਾਜ ਅਈਆਪੁਰ, ਦੀਪਕ ਮਾਹਲਾ, ਹਰਜੀਤ ਕੁਮਾਰ, ਹਰਦੀਪ ਸਿੰਘ, ਸੇਠੀ ਖੋਸਲਾ, ਬਬਲੂ ਸੈਣੀ ਅਤੇ ਹੋਰ ਸ਼ਿਵਸੇਨਾ ਵਰਕਰ ਹਾਜ਼ਰ ਸਨ।

## ਕਤਲ ਕੇਸ ਨੂੰ ਕੁਝ ਘੰਟਿਆਂ 'ਚ ਹੀ ਸੁਲਝਾਇਆ, 4 ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ)** ਪੁਲਸ ਨੇ ਨਿਊ ਗੁਰੂ ਨਾਨਕ ਨਗਰ, ਨੇੜੇ ਨਾਗਰਾ ਫਾਟਕ ਵਿਖੇ 12 ਅਗਸਤ ਦੀ ਰਾਤ ਨੂੰ ਹੋਏ ਕਤਲ ਦੇ ਮਾਮਲੇ ਨੂੰ ਕੁਝ ਘੰਟਿਆਂ ਵਿੱਚ ਹੀ ਸੁਲਝਾ ਦਿੱਤਾ। ਪੁਲਸ ਥਾਣਾ ਡਵੀਜਨ ਨੰਬਰ 1 ਦੀ ਟੀਮ ਨੇ ਚਾਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਵਾਰਦਾਤ ਵਿੱਚ ਵਰਤੇ ਹਥਿਆਰ ਵੀ ਬਰਾਮਦ ਕਰ ਲਏ ਹਨ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਮੁੱਕਦਮਾ ਨੰਬਰ 147 ਮਿਤੀ 13 ਅਗਸਤ ਨੂੰ ਧਾਰਾ 103(1), 109, 191(3), 190, 324(4) ਭਾਰਤੀ ਨਿਆਂ ਸੰਹਿਤਾ (BNS) 2023 ਅਤੇ ਧਾਰਾ 25-54-59 ਆਰਮਜ਼ ਐਕਟ ਅਧੀਨ ਥਾਣਾ ਡਵੀਜ਼ਨ ਨੰਬਰ 1 ਜਲੰਧਰ ਵਿੱਚ ਦਰਜ ਕੀਤੀ ਗਈ ਸੀ। ਇਹ ਮੁੱਕਦਮਾ ਸ਼ਿਕਾਇਤ ਕਰਤਾ ਜਗੀਰੀ ਪੁੱਤਰ ਪਿਆਰਾ ਲਾਲ, ਵਾਸੀ ਅਸ਼ੋਕ ਨਗਰ, ਜਲੰਧਰ ਦੇ ਬਿਆਨ 'ਤੇ ਦਰਜ ਕੀਤਾ ਗਿਆ। ਸ਼ਿਕਾਇਤ ਕਰਤਾ ਅਨੁਸਾਰ 12 ਅਗਸਤ ਦੀ ਰਾਤ ਉਸ ਦਾ ਪੁੱਤਰ ਗੁਰਪ੍ਰੀਤ ਸਿੰਘ ਉਰਫ ਗੋਪੀ ਨੇੜੇ ਨਾਗਰਾ ਫਾਟਕ ਆਪਣੇ ਰਿਸ਼ਤੇਦਾਰ ਦੇ ਘਰ ਗਿਆ ਸੀ ਪਰ ਉਹ ਵਾਪਸ ਘਰ ਨਹੀਂ ਆਇਆ। ਚਿੰਤਤ ਹੋ ਕੇ ਸ਼ਿਕਾਇਤ ਕਰਤਾ ਆਪਣੇ ਛੋਟੇ ਪੁੱਤਰ ਸਾਗਰ ਨਾਲ ਉਸ ਨੂੰ ਲੱਭਣ ਲਈ ਗਿਆ ਤੇ ਉਥੇ ਨੇੜੇ ਖੜ੍ਹੇ ਕੁਝ ਵਿਅਕਤੀਆਂ ਨੂੰ ਵੇਖਿਆ। ਉਨ੍ਹਾਂ ਵਿੱਚੋਂ ਇੱਕ ਨੇ ਦਾਤਰ (ਤੇਜ਼ ਧਾਰ ਵਾਲਾ ਹਥਿਆਰ) ਨਾਲ ਗੁਰਪ੍ਰੀਤ ਸਿੰਘ ਦੇ ਸਿਰ 'ਤੇ ਵਾਰ ਕੀਤਾ, ਜਦਕਿ ਹੋਰਨਾਂ ਨੇ ਵੀ ਹਥਿਆਰਾਂ ਨਾਲ ਹਮਲਾ ਕੀਤਾ। ਇੱਕ ਰਾਈਫਲ ਨਾਲ 4-5 ਗੋਲੀਆਂ ਚਲਾਈਆਂ ਗਈਆਂ, ਜਿਸ ਨਾਲ ਹੋਰ ਰਿਸ਼ਤੇਦਾਰ ਜ਼ਖ਼ਮੀ ਹੋਏ। ਗੁਰਪ੍ਰੀਤ ਸਿੰਘ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।ਪੁਲਸ ਟੀਮ ਨੇ ਤੁਰੰਤ ਕਾਰਵਾਈ ਕਰਦਿਆਂ ਸੀ.ਸੀ.ਟੀ.ਵੀ. ਫੁਟੇਜ, ਤਕਨੀਕੀ ਸਹਾਇਤਾ ਅਤੇ ਖੁਫੀਆ ਸੋਰਸਾਂ ਦੀ ਵਰਤੋਂ ਕਰਕੇ ਦੋਸ਼ੀਆਂ ਦੀ ਪਛਾਣ ਕੀਤੀ। ਕੁਝ ਘੰਟਿਆਂ ਵਿੱਚ ਹੀ ਚਾਰ ਦੋਸ਼ੀਆਂ ਇੰਦਰਜੀਤ ਸਿੰਘ ਉਰਫ ਕਾਕਾ ਪੁੱਤਰ ਕੁਲਵੰਤ ਸਿੰਘ ਮਹਾਰਾਜਾ ਗਾਰਡਨ ਜਲੰਧਰ (ਉਮਰ ਕਰੀਬ 19 ਸਾਲ), ਮੱਕੋ ਉਰਫ ਸੌਰਵ ਪੁੱਤਰ ਡੈਨੀਅਲ ਵਾਸੀ ਵਿਵੇਕਾਨੰਦ ਪਾਰਕ ਜਲੰਧਰ (ਉਮਰ ਕਰੀਬ 23 ਸਾਲ), ਸੈਮਸਨ ਉਰਫ ਬੌਬੀ ਪੁੱਤਰ ਡੈਨੀਅਲ ਵਾਸੀ ਵਿਵੇਕਾਨੰਦ ਪਾਰਕ ਜਲੰਧਰ (ਉਮਰ ਕਰੀਬ 25 ਸਾਲ) ਅਤੇ ਇੰਦਰਜੀਤ ਸਿੰਘ ਨਿਹੰਗ ਪੁੱਤਰ ਮੱਖਣ ਸਿੰਘ ਵਾਸੀ ਗਲੀ ਨੰਬਰ 4 ਰਵੀਦਾਸ ਨਗਰ ਜਿੰਦਾ ਰੋਡ ਜਲੰਧਰ (ਉਮਰ ਕਰੀਬ 35 ਸਾਲ) ਨੂੰ ਸਮੇਤ ਇੱਕ ਰਾਈਫਲ ਅਤੇ ਤਿੰਨ ਖਾਲੀ ਕਾਰਤੂਸਾਂ ਸਮੇਤ ਕਾਰ ਦੇ ਗ੍ਰਿਫ਼ਤਾਰ ਕੀਤਾ। ਵਾਰਦਾਤ ਵਿੱਚ ਸ਼ਾਮਲ 1 ਵਿਅਕਤੀ ਦੀ ਗ੍ਰਿਫਤਾਰੀ ਲਈ ਭਾਲ ਜਾਰੀ ਹੈ।

# ਗਵਰਨਰ ਸੱਤਿਆਪਾਲ ਮਲਿਕ ਨੂੰ ਸ਼ਰਧਾਂਜਲੀਆਂ ਭੇਟ



ਗਵਰਨਰ ਸਤਿਆ ਪਾਲ ਮਲਿਕ ਨੂੰ ਸਮੂਹ ਕਿਸਾਨ, ਮਜ਼ਦੂਰ, ਸਮਾਜਿਕ, ਧਾਰਮਿਕ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਕਿਸਾਨੀ ਅੰਦੋਲਨ ਦੌਰਾਨ ਕਿਸਾਨਾਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਨ ਵਾਲੇ ਤੇ ਸਿੱਖਾਂ ਦੇ ਇਤਿਹਾਸ ਤੋਂ ਹਕੂਮਤਾਂ ਨੂੰ ਅਗਾਹ ਕਰਕੇ ਦਮਨਕਾਰੀ ਨੀਤੀ ਬੰਦ ਕਰਨ ਦਾ ਹੋਕਾ ਦੇਣ ਵਾਲੇ ਸਵਰਗੀ ਸਤਿਕਾਰਯੋਗ ਗਵਰਨਰ ਸਤਿਆਪਾਲ ਮਲਿਕ ਜੋ ਬੀਤੇ ਦਿਨੀ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਉਹਨਾਂ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਦੁਆਬਾ ਕਿਸਾਨ ਵੈਲਫੇਅਰ ਕਮੇਟੀ ਕਿਸ਼ਨਗੜ੍ਹ ਅਤੇ ਨੌਜਵਾਨ ਕਿਸਾਨ ਮਜ਼ਦੂਰ ਕਮੇਟੀ ਸ਼ਹੀਦਾਂ ਦੇ ਉਪਰਾਲੇ ਨਾਲ ਗੁਰਦੁਆਰਾ ਬਾਬੇ ਸ਼ਹੀਦਾਂ ਸਰਮਸਤਪੁਰ ਵਿਖੇ ਕਰਵਾਇਆ ਗਿਆ। ਇਸ ਮੌਕੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਕੀਰਤਨੀ ਜਥਾ ਭਾਈ ਸਾਹਿਬ ਭਾਈ ਬਲਦੇਵ ਸਿੰਘ ਬੰਡਾਲਾ, ਭਾਈ ਸੁਖਦੇਵ ਸਿੰਘ ਹਜ਼ੂਰੀ ਰਾਗੀ ਆਦਿ ਦੇ ਜਥਿਆਂ ਵੱਲੋਂ ਵੈਰਾਗਮਈ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ, ਉਪਰੰਤ ਸ਼ਰਧਾਜਲੀ ਸਮਾਗਮ 'ਚ ਸਵਰਗੀ ਗਵਰਨਰ ਸਤਿਆ ਪਾਲ ਮਲਿਕ ਨੂੰ ਸਮੂਹ ਕਿਸਾਨ, ਮਜ਼ਦੂਰ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਜਥੇਬੰਦੀਆਂ ਆਗੂ ਜਿਨ੍ਹਾਂ 'ਚ ਦੁਆਬਾ ਕਿਸਾਨ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਸੁਲਿੰਦਰ ਸਿੰਘ ਢਿੱਲੋਂ, ਨੌਜਵਾਨ ਕਿਸਾਨ ਮਜ਼ਦੂਰ ਕਮੇਟੀ ਸ਼ਹੀਦਾਂ ਦੇ ਪ੍ਰਧਾਨ ਗੁਰਦੀਪ ਸਿੰਘ ਚੱਕ ਝੰਡੂ, ਭਾਈ ਸਾਹਿਬ ਸਿੰਘ ਗੁਰਦੁਆਰਾ ਬਾਬੇ ਸ਼ਹੀਦਾਂ, ਵਿਧਾਇਕ ਰਾਣਾ ਗੁਰਜੀਤ ਸਿੰਘ, ਵਿਧਾਇਕ ਪ੍ਰਗਟ ਸਿੰਘ, ਸੇਵਾ ਮੁਕਤ ਐਸਐਸਪੀ ਰਜਿੰਦਰ ਸਿੰਘ, ਵਿਧਾਇਕ ਸੁਖਵਿੰਦਰ ਕੋਟਲੀ, ਕਿਸਾਨ ਆਗੂ, ਜੰਗਵੀਰ ਸਿੰਘ ਚੌਹਾਨ, ਮਨਦੀਪ ਸਿੰਘ ਸਿੱਧੂ , ਬਾਪੂ ਤਰਸੇਮ ਸਿੰਘ, ਭਾਈ ਅੰਮ੍ਰਿਤਪਾਲ ਸਿੰਘ ਯੂਨਾਇਟਡ ਸਿੱਖ ਜਥੇਬੰਦੀ ਆਦਿ ਤੋਂ ਇਲਾਵਾ ਵੱਖ- ਵੱਖ ਆਗੂਆਂ ਨੇ ਸ਼ਰਧਾਂਜਲੀਆਂ ਭੇਟ ਕਰਦਿਆਂ ਕਿਹਾ ਕਿ 2020 ਦਿੱਲੀ ਕਿਸਾਨ ਅੰਦੋਲਨ ਵਿੱਚ ਮੋਦੀ ਸਰਕਾਰ ਖਿਲਾਫ ਉਤਰੇ ਸੱਤਿਆਪਾਲ ਮਲਿਕ ਵਲੋਂ ਡੱਟ ਕੇ ਦਿੱਤਾ ਕਿਸਾਨਾਂ ਦਾ ਸਾਥ ਦਿੱਤਾ ਤੇ ਆਪਣੇ ਅਹੁਦੇ ਦੀ ਪਰਵਾਹ ਕੀਤੇ ਬਿਨਾਂ ਸੱਚ ਨਾਲ ਖੜ੍ਹੇ ਸਨ।ਸਮਾਗਮ ਦੌਰਾਨ ਸਵਰਗੀ ਗਵਰਨਰ ਸੱਤਿਆਪਾਲ ਮਲਿਕ ਦਾ ਪਰਵਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਿਹਾ। ਇਸ ਮੌਕੇ 'ਤੇ ਪਰਮਜੀਤ ਸਿੰਘ ਮੱਕੜ, ਬਸਪਾ ਆਗੂ ਐਡਵੋਕੇਟ ਬਲਵਿੰਦਰ ਕੁਮਾਰ, ਮੁਕੇਸ਼ ਚੰਦਰ ਰਾਣੀ ਭੱਟੀ ਵਾਈਸ ਪ੍ਰਧਾਨ ਬੀਕੇਯੂ ਰਾਜੇਵਾਲ, ਬਲਵਿੰਦਰ ਸਿੰਘ ਮੱਲੀ ਨੰਗਲ ਪ੍ਰਧਾਨ ਦੁਆਬਾ ਕਿਸਾਨ ਸੰਘਰਸ਼ ਕਮੇਟੀ, ਸਮਾਜ ਸੇਵੀ ਰਣਵੀਰ ਸਿੰਘ ਬੱਲ, ਸਾਬਕਾ ਸਰਪੰਚ ਪ੍ਰਦੀਪ ਕੁਮਾਰ ਬੱਲਾਂ, ਰਾਜੇਸ਼ ਕੁਮਾਰ ਸਰਮਸਤਪੁਰ, ਮੱਖਣ ਸਿੰਘ ਰਹੀਮਪੁਰ, ਨੰਬਰਦਾਰ ਹਰਜੀਤ ਸਿੰਘ ਦਾਸੂਪੁਰ, ਗੁਰਸ਼ਰਨ ਸਿੰਘ ਕਿਸ਼ਨਗੜ੍ਹ, ਗੁਰਬਖਸ਼ ਸਿੰਘ ਨੌਗੱਜਾ, ਸਰਪੰਚ ਨਰੇਸ਼ ਕੁਮਾਰ ਮੰਨਣ ਆਦਿ ਤੋਂ ਇਲਾਵਾ ਵੱਡੀ ਗਿਣਤੀ ਇਲਾਕੇ ਦੀ ਸੰਗਤ ਹਾਜ਼ਰ ਸੀ।

## ਹੌਲਦਾਰ ਅਕਬਾਲ ਸਿੰਘ ਸਿੱਧੂ ਨੂੰ ਸਟੇਟ ਐਵਾਰਡ



**ਬੋਹਾ (ਨਿਰੰਜਣ ਬੋਹਾ)**-ਪੰਜਾਬ ਸਰਕਾਰ ਵੱਲੋਂ 79ਵੇਂ ਸੁਤੰਤਰਤਾ ਦਿਵਸ ਮੌਕੇ ਪੰਜਾਬ ਪੁਲਸ ਵਿੱਚ ਤਾਇਨਾਤ ਬੋਹਾ ਖੇਤਰ ਦੇ ਪਿੰਡ ਅਚਾਨਕ ਦੇ ਜੰਮਪਲ ਹੌਲਦਾਰ ਅਕਬਾਲ ਸਿੰਘ ਸਿੱਧੂ ਨੂੰ ਵਿਭਾਗ ਵਿੱਚ ਵਿਖਾਈ ਚੰਗੀ ਕਾਰਗੁਜ਼ਾਰੀ ਬਦਲੇ ਸਟੇਟ ਐਵਾਰਡ ਨਾਲ ਸਨਮਾਨਤ ਕੀਤਾ ਹੈ।ਉਨ੍ਹਾਂ ਨੂੰ ਇਹ ਐਵਾਰਡ ਫਰੀਦਕੋਟ ਵਿਖੇ ਹੋਏ 79ਵੇਂ ਰਾਜ ਪੱਧਰੀ ਸੁਤੰਤਰਤਾ ਸਮਾਰੋਹ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਦਿੱਤਾ ਗਿਆ।ਬੋਹਾ ਖੇਤਰ ਦੀਆਂ ਸਮਾਜਸੇਵੀ ਸੰਸਥਾਵਾਂ ਤੇ ਰਾਜਸੀ ਪਾਰਟੀਆਂ ਦੇ ਆਗੂਆਂ ਨੇ ਇਸ ਐਵਾਰਡ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਖੁਫੀਆ ਪੁਲਸ (ਸੀ. ਆਈ. ਡੀ.) ਵਿੱਚ ਕੰਮ ਕਰਦੇ ਇਸ ਨੌਜਵਾਨ ਦੀ ਕਾਬਲੀਅਤ ਦਾ ਸਹੀ ਮੁੱਲ ਪਾਇਆ ਹੈ।ਇਸ ਮੌਕੇ ਅਕਬਾਲ ਸਿੰਘ ਸਿੱਧੂ ਨੇ ਕਿਹਾ ਕਿ ਉਹ ਆਪਣੀ ਡਿਊਟੀ ਨੂੰ ਹੋਰ ਵੀ ਤਨਦੇਹੀ ਨਾਲ ਨਿਭਾਉਣਗੇ।ਉਨ੍ਹਾਂ ਇਸ ਐਵਾਰਡ ਦੀ ਸਿਫਾਰਸ਼ ਕਰਨ ਵਾਲੇ ਪੁਲਸ ਅਧਿਕਾਰੀ ਮੈਡਮ ਅਵਨੀਤ ਕੌਰ ਸਿੱਧੂ ਪੀ. ਪੀ. ਐੱਸ. ਏ. ਆਈ. ਜੀ ਜ਼ੋਨਲ (ਸੀ ਆਈ ਡੀ ਬਠਿੰਡਾ), ਪਰਵਿੰਦਰ ਸਿੰਘ ਡੀ ਐੱਸ ਪੀ ਬਠਿੰਡਾ, ਮਲਕੀਤ ਸਿੰਘ ਇੰਸਪੈਕਟਰ ਸੀ. ਆਈ. ਡੀ ਮਾਨਸਾ ਤੇ ਸਮੂਹ ਸਟਾਫ ਸੀ. ਆਈ. ਡੀ. ਯੂਨਿਟ ਮਾਨਸਾ ਦਾ ਵਿਸ਼ੇਸ਼ ਧੰਨਵਾਦ ਕੀਤਾ ਹੈ।

## ਵਾਈ ਐੱਸ ਪਬਲਿਕ ਸਕੂਲ 'ਚ ਤੀਜ ਦਾ ਤਿਉਹਾਰ ਮਨਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਵਾਈ ਐੱਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਥਾਂਦੇਵਾਲਾ ਵਿਖੇ ਚੇਅਰਮੈਨ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਤੀਜ ਦਾ ਤਿਉਹਾਰ ਮਨਾਇਆ ਗਿਆ।ਇਸ ਮੌਕੇ ਪ੍ਰਿੰਸੀਪਲ ਮੈਡਮ ਬੀਰਪਾਲ ਕੌਰ ਨੇ ਬੱਚਿਆਂ ਨੂੰ ਤੀਜ ਦੇ ਤਿਉਹਾਰ ਬਾਰੇ ਜਾਣਕਾਰੀ ਦਿੰਦੇ ਹੋਏ ਸਭ ਨੂੰ ਤੀਜ ਦੀਆਂ ਮੁਬਾਰਕਾਂ ਦਿੱਤੀਆਂ।ਇਸ ਮੌਕੇ ਸਕੂਲ 'ਚ ਪੰਜਾਬੀ ਸੱਭਿਆਚਾਰ ਨਾਲ ਜੁੜਿਆ ਇੱਕ ਪ੍ਰੋਗਰਾਮ ਕੀਤਾ।ਵਿਦਿਆਰਥਣਾਂ ਨੇ ਪੰਜਾਬੀ ਲੋਕ ਨਾਚ-ਗਿੱਧਾ ਪੇਸ਼ ਕੀਤਾ।ਸਾਰੀਆਂ ਵਿਦਿਆਰਥਣਾਂ ਪੰਜਾਬੀ ਪਹਿਰਾਵੇ 'ਚ ਸੱਜ ਕੇ ਆਈਆਂ ਤੇ ਡਾਂਸ ਪੇਸ਼ਕਾਰੀ ਦੇ ਮਾਧਿਅਮ ਤੋਂ ਆਪਣੀ ਖ਼ੁਸ਼ੀ ਦਾ ਇਜ਼ਹਾਰ ਕਰਦੀਆਂ ਨਜ਼ਰ ਆਈਆਂ।ਸਕੂਲ ਦੇ ਮੈਡਮ ਰਮਨਦੀਪ ਕੌਰ ਵੱਲੋਂ ਬੱਚਿਆਂ ਤੋਂ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਪ੍ਰਸ਼ਨ ਪੁੱਛ ਕੇ ਉਨ੍ਹਾਂ ਨੂੰ ਪੰਜਾਬੀ ਸੱਭਿਆਚਾਰ ਦੇ ਨਾਲ ਜੋੜਿਆ ਤੇ ਪੰਜਾਬੀ ਸੱਭਿਆਚਾਰ ਤੋਂ ਜਾਣੂ ਕਰਵਾਇਆ।ਇਸ ਮੌਕੇ ਸਮੂਹ ਸਟਾਫ਼ ਤੇ ਬੱਚੇ ਹਾਜ਼ਰ ਸਨ।

## ਬੁੱਧ ਰਾਮ ਨੇ ਲੋਕਾਂ ਨੂੰ ਨਸ਼ਿਆਂ ਦਾ ਵਿਰੋਧ ਕਰਨ ਦੀ ਸਹੁੰ ਚੁਕਾਈ




**ਬੋਹਾ (ਨਿਰੰਜਣ ਬੋਹਾ)**-ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਇੱਕ ਸਮਾਗਮ ਗੁਰਦੁਆਰਾ ਸਾਹਿਬ ਗਾਦੜਪੱਤੀ ਵਿੱਖੇ ਕੀਤਾ ਗਿਆ।ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਵਿਧਾਨ ਸਭਾ ਖੇਤਰ ਬੁਢਲਾਡਾ ਦੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਸ਼ਹਿਰ ਨਿਵਾਸੀਆਂ ਨੂੰ ਨਸ਼ਿਆਂ ਦਾ ਵਿਰੋਧ ਕਰਨ ਦੀ ਸਹੁੰ ਚੁਕਾਈ।ਇਸ ਸਮੇਂ ਸ਼ਹਿਰ ਨਿਵਾਸੀਆਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਇਸ ਖੇਤਰ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਸਰਕਾਰ ਦਾ ਪੂਰਾ ਸਾਥ ਦੇਣਗੇ।ਲੋਕਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਬੁੱਧ ਰਾਮ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੱਤਾ ਸੰਭਾਲਣ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਪੰਜਾਬ ਦੇ ਸਿਰ ਚਿੱਟੇ ਦੇ ਨਾਂਅ 'ਤੇ ਲੱਗੇ ਕਾਲੇ ਕਲੰਕ ਨੂੰ ਮੇਟ ਦਿੱਤਾ ਜਾਵੇਗਾ, ਇਸ ਲਈ ਸਰਕਾਰ ਆਪਣੇ ਕੀਤੇ ਵਾਅਦੇ ਨੂੰ ਪੁਗਾਉਣ ਲਈ ਪੂਰੇ ਦ੍ਰਿੜ੍ਹ ਇਰਾਦੇ ਨਾਲ ਨਸ਼ਿਆਂ ਵਿਰੁੱਧ ਜੰਗ ਲੜੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਨਸ਼ੇ ਦੇ ਸੁਦਾਗਰ ਪੰਜਾਬ ਦੇ ਦੁਸ਼ਮਣ ਹਨ ਤੇ ਦੁਸ਼ਮਣ ਕਿਸੇ ਹਮਦਰਦੀ ਦਾ ਹੱਕਦਾਰ ਨਹੀਂ ਹੁੰਦਾ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨਸ਼ੇ ਦੇ ਸੁਦਾਗਰਾਂ ਨਾਲ ਹਮਦਰਦੀ ਰੱਖਦੀਆਂ ਰਹੀਆਂ ਹਨ, ਇਸ ਲਈ ਇਹ ਬੁਰਾਈ ਨੇ ਪੰਜਾਬ ਵਿੱਚ ਆਪਣੀਆਂ ਜੜ੍ਹਾਂ ਬਹੁਤ ਡੂੰਘੀਆਂ ਲਾ ਲਈਆਂ ਸਨ।ਉਨ੍ਹਾਂ ਕਿਹਾ ਕਿ ਹੁਣ ਨਸ਼ੇ ਦੇ ਸੁਦਾਗਰਾਂ ਕੋਲ ਦੋ ਹੀ ਬਦਲ ਹਨ ਕਿ ਜਾਂ ਤਾਂ ਉਹ ਪੰਜਾਬ ਛੱਡ ਕੇ ਚਲੇ ਜਾਣ ਜਾਂ ਫਿਰ ਜੇਲ੍ਹ ਦੀਆਂ ਰੋਟੀਆਂ ਖਾਣ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ੇ ਦੇ ਤਸਕਰਾਂ ਨੂੰ ਫੜਾਉਣ ਲਈ ਸਰਕਾਰ ਦਾ ਸਾਥ ਦੇਣ।ਉਨ੍ਹਾਂ ਕਿਹਾ ਕਿ ਨਸ਼ਾ ਵੇਚਣ ਵਾਲੇ ਤਸਕਰਾਂ ਬਾਰੇ ਸੂਚਨਾ ਦੇਣ ਵਾਲੇ ਲੋਕਾਂ ਦਾ ਨਾਂਅ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ।ਇਨ੍ਹਾਂ ਸਮਾਗਮਾਂ ਵਿੱਚ ਮਾਰਕਿਟ ਕਮੇਟੀ ਬੋਹਾ ਦੇ ਚੇਅਰਮੈਨ ਰਣਜੀਤ ਸਿੰਘ ਫਰੀਦ ਕੇ, ਬਲਾਕ ਪ੍ਰਧਾਨ ਦਰਸ਼ਨ ਘਾਰੂ, ਰਾਜਵਿੰਦਰ ਸਿੰਘ, ਸੰਤੋਖ ਸਾਗਰ, ਕੁਲਵੰਤ ਸਿੰਘ ਸੇਰਖਾ, ਕਰਮਜੀਤ ਸਿੰਘ ਫੌਜੀ, ਸਹਿਕਾਰੀ ਬੈਂਕ ਜ਼ਿਲ੍ਹਾ ਮਾਨਸਾ ਦੇ ਚੇਅਰਮੈਨ ਸੋਹਣਾ ਸਿੰਘ ਕਲੀਪੁਰ ਆਦਿ ਹਾਜ਼ਰ ਸਨ।

## ਟੈਗੋਰ ਵਿਦਿਆਲਿਆ 'ਚ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ



**ਲੌਂਗੋਵਾਲ (ਪ੍ਰਦੀਪ ਸੱਪਲ)**-ਟੈਗੋਰ ਵਿਦਿਆਲਿਆ ਸੀਨੀਅਰ ਸੈਕੰਡਰੀ ਸਕੂਲ ਲੌਂਗੋਵਾਲ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਸਪੈਸ਼ਲ ਅਸੈਂਬਲੀ ਦੌਰਾਨ ਲਖਮੀਰ ਸਿੰਘ ਨੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਤਿਉਹਾਰ ਬਾਰੇ ਜਾਣਕਾਰੀ ਦਿੱਤੀ।ਇਸ ਦੌਰਾਨ ਨਰਸਰੀ ਕਲਾਸ ਤੋਂ ਪਹਿਲੀ ਕਲਾਸ ਦੇ ਬੱਚਿਆਂ ਨੇ ਬਾਲ ਕ੍ਰਿਸ਼ਨਾ ਤੇ ਰਾਧਾ ਕ੍ਰਿਸ਼ਨ ਦਾ ਰੂਪ ਧਾਰਨ ਕੀਤਾ ਗਿਆ, ਜੋ ਬਹੁਤ ਹੀ ਸੋਹਣੇ ਲੱਗ ਰਹੇ ਸਨ ਅਤੇ ਬੱਚਿਆਂ ਨੇ ਰਾਧਾ ਕ੍ਰਿਸ਼ਨ 'ਤੇ ਡਾਂਸ ਕੀਤਾ ਅਤੇ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਨੇ ਬੱਚਿਆਂ ਤੇ ਅਧਿਆਪਕਾਂ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀਆਂ ਵਧਾਈਆਂ ਦਿੱਤੀਆਂ ਅਤੇ ਤਿਉਹਾਰ ਦੀ ਮਹੱਤਤਾ ਤੋਂ ਜਾਣੂ ਕਰਵਾਇਆ।

## ਕੇਂਦਰ ਸਰਕਾਰ ਨੇ ਰੋਕੇ ਪੰਜਾਬ ਦੇ ਬਣਦੇ ਵਿਕਾਸ ਫੰਡ : ਮੁਖਤਿਆਰ ਸਿੰਘ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਕੇਂਦਰ ਦੀ ਮੋਦੀ ਸਰਕਾਰ ਵੱਲੋਂ ਵੱਖ ਵੱਖ ਸੜਕਾਂ ਲਈ ਜੋ ਫੰਡ ਰਿਲੀਜ਼ ਕਰਨੇ ਸਨ, ਉਨ੍ਹਾਂ ਉੱਪਰ ਰੋਕ ਲਾ ਦਿੱਤੀ ਹੈ। ਪਹਿਲਾਂ ਵੀ ਜੋ ਮੰਡੀ ਬੋਰਡ ਦੇ ਬਣਦੇ ਵਿਕਾਸ ਫੰਡ, ਜਿਨ੍ਹਾਂ ਨਾਲ ਪੰਜਾਬ ਦੇ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਰਿਪੇਅਰ ਦੇ ਕੰਮ ਮੁਕੰਮਲ ਠੱਪ ਹੋਣ ਕਰਕੇ ਪੰਜਾਬ ਦੀਆਂ ਲਿੰਕ ਸੜਕਾਂ ਤਹਿਸ ਨਹਿਸ ਹੋ ਚੁੱਕੀਆਂ ਹਨ, ਜਿਥੋਂ ਪੈਦਲ ਜਾਂਣ ਤੱਕ ਮੁਹਾਲ ਹੋ ਗਿਆ ਹੈ। ਥਾਂ ਥਾਂ ਪਏ ਖੱਡਿਆਂ ਕਾਰਨ ਹਰ ਰੋਜ਼ ਗੱਡੀਆਂ, ਮੋਟਰਸਾਈਕਲਾਂ ਦੇ ਆਪਸ ਵਿੱਚ ਟਕਰਾਉਣ ਕਾਰਨ ਭਿਆਨਕ ਹਾਦਸੇ ਵਾਪਰ ਰਹੇ ਹਨ, ਅਨੇਕਾਂ ਕੀਮਤੀ ਜਾਨਾਂ ਜਾਂਦੀਆਂ ਹਨ। ਸੱਤ ਸੱਤ, ਅੱਠ ਅੱਠ ਸਾਲਾਂ ਤੋਂ ਟੁੱਟੀਆਂ ਲਿੰਕ ਸੜਕਾਂ ਦੀ ਰਿਪੇਅਰ ਤੱਕ ਨਹੀਂ ਹੋਈ। ਹਰ ਰੋਜ਼ ਅਖ਼ਬਾਰਾਂ ਵਿੱਚ ਟੁੱਟੀਆਂ ਸੜਕਾਂ ਕਾਰਨ ਹੋਇਆਂ ਹਾਦਸਿਆਂ ਦੀਆਂ ਖਬਰਾਂ ਪੜ੍ਹਦੇ ਹਾਂ, ਪਰ ਪਤਾ ਨਹੀਂ ਪ੍ਰਸ਼ਾਸਨ ਤੇ ਸਰਕਾਰਾਂ ਨੂੰ ਇਹ ਸਾਰਾ ਕੁੱਝ ਵੇਖ ਕੇ ਵੀ ਇਸ ਪਾਸੇ ਧਿਆਨ ਨਹੀਂ ਜਾਂਦਾ। ਪਹਿਲਾਂ ਮੰਡੀ ਬੋਰਡ ਦੇ ਫੰਡਾਂ ਰਾਹੀਂ ਹਰ ਪੰਜ ਸਾਲਾਂ ਬਾਅਦ ਪੇਂਡੂ ਲਿੰਕ ਸੜਕਾਂ ਦੀ ਰਿਪੇਅਰ ਹੋ ਜਾਂਦੀ ਸੀ, ਹੁਣ ਉਹ ਕਰੋੜਾਂ ਰੁਪਏ ਜੋ ਮਾਰਕੀਟ ਫੀਸ ਇਕੱਠੀ ਹੁੰਦੀ ਹੈ, ਕਿੱਧਰ ਜਾਂਦੀ ਹੈ। ਇਹ ਵਿਚਾਰ ਕਿਸਾਨ ਯੂਨੀਅਨ ਲੱਖੋਵਾਲ ਦੇ ਆਗੂਆਂ ਨੇ ਵੱਖ ਵੱਖ ਪੱਤਰਕਾਰਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ, ਜਿਨ੍ਹਾਂ ਵਿੱਚ ਸਰਪੰਚ ਪੂਰਨ ਸਿੰਘ, ਜਗਸੀਰ ਸਿੰਘ, ਪਰਮਜੀਤ ਸਿੰਘ, ਸੁਖਦਰਸ਼ਨ ਸਿੰਘ, ਬਲਵੀਰ ਸਿੰਘ ਪੱਤੋ, ਕੁਲਜੀਤ ਸਿੰਘ ਭਾਗੀਕੇ, ਪ੍ਰਧਾਨ ਰਾਮ ਸਿੰਘ ਪੱਤੋ, ਪ੍ਰਧਾਨ ਰੁਪਿੰਦਰ ਸਿੰਘ ਦੀਦਾਰੇ ਵਾਲਾ, ਜਸਵਿੰਦਰ ਸਿੰਘ, ਬਿੰਦਰ ਸਿੰਘ ਦੀਨਾ, ਗੁਰਚਰਨ ਸਿੰਘ, ਪ੍ਰਧਾਨ ਨਿਰਮਲ ਸਿੰਘ ਸੈਦੋਕੇ, ਐੱਸ ਡੀ ਓ ਅਜੀਤ ਸਿੰਘ ਸੈਦੋਕੇ ਤੇ ਬਲਰਾਜ ਸਿੰਘ ਭੋਡੀਪੁਰਾ ਦੀ ਅਗਵਾਈ ਹੇਠ ਵੱਡੇ ਪੱਧਰ 'ਤੇ ਕਿਸਾਨ ਸ਼ਾਮਲ ਹੋਏ।

## ਮਾਤਾ ਸਾਹਿਬ ਕੌਰ ਨਰਸਿੰਗ ਇੰਸ. ਵਿਖੇ ਮਨਾਇਆ ਤੀਆਂ ਦਾ ਤਿਉਹਾਰ

*ਅਜਿਹੇ ਤਿਉਹਾਰਾਂ ਨੂੰ ਸਾਨੂੰ ਭੁੱਲਣਾ ਨਹੀਂ ਚਾਹੀਦਾ : ਬੀਬੀ ਮੱਲਣ*

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬੀਤੇ ਦਿਨ ਮਾਤਾ ਸਾਹਿਬ ਕੌਰ ਨਰਸਿੰਗ ਇੰਸਟੀਚਿਊਟ ਗਿੱਦੜਬਾਹਾ ਵਿਖੇ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸਬੰਧੀ ਬਲਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਤੀਆਂ ਦੇ ਤਿਉਹਾਰ ਸਮੇਂ ਵਿਦਿਆਰਥਣਾਂ ਵਿਸ਼ੇਸ਼ ਪਹਿਰਾਵਾ ਪਹਿਨ ਕੇ ਆਈਆਂ। ਇਸ ਸਮੇਂ ਮਹਿੰਦੀ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਅਨੁਰੀਤ ਕੌਰ ਪਹਿਲੇ, ਨਵਜੋਤ ਕੌਰ ਦੂਜੇ ਤੇ ਜਸਵਿੰਦਰ ਕੌਰ ਤੀਜੇ ਸਥਾਨ 'ਤੇ ਆਈਆਂ। ਤਿਉਹਾਰ ਦੀ ਸ਼ੁਰੂਅਤ ਬੀਬੀ ਗੁਰਦਿਆਲ ਕੌਰ ਮੱਲਣ ਤੇ ਪਰਮਜੋਤ ਕੌਰ ਨੇ ਕੀਤੀ। ਇਸ ਮੌਕੇ ਤਿੰਨਾਂ ਕਲਾਸਾਂ ਨੇ ਵੱਖ ਵੱਖ ਗਿੱਧਾ ਭੰਗੜਾ ਪਾ ਕੇ ਖੂਬ ਮਨੋਰੰਜਨ ਕੀਤਾ ਤੇ ਬਾਅਦ ਵਿੱਚ ਸਾਰਿਆ ਨੇ ਰਲ ਮਿਲ ਕੇ ਇੱਕ ਵਧੀਆ ਪੇਸ਼ਕਾਰੀ ਕੀਤੀ। ਇਸ ਸਮੇਂ ਬੀਬੀ ਗੁਰਦਿਆਲ ਕੌਰ ਮੱਲਣ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਤੀਆਂ ਦਾ ਤਿਉਹਾਰ ਸਾਡੇ ਵਿਰਸੇ ਨਾਲ ਜੁੜਿਆ ਹੋਇਆ ਹੈ ਤੇ ਸਾਨੂੰ ਇਹ ਭੁਲਣਾ ਨਹੀਂ ਚਾਹੀਦਾ। ਇਸ ਸਮੇਂ ਡਾਕਟਰ ਬਲਤੇਜ ਸਿੰਘ ਨੇ ਮਹਿੰਦੀ ਮੁਕਾਬਲੇ ਵਿੱਚ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੀਆਂ ਵਿਦਿਆਰਥਣਾਂ ਨੂੰ ਇਨਾਮ ਤਕਸੀਮ ਕੀਤੇ। ਇਸ ਸਾਰੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਪ੍ਰਿੰਸੀਪਲ ਜਸਪ੍ਰੀਤ ਕੌਰ, ਇੰਦਰਜੀਤ ਕੌਰ, ਪ੍ਰਮਜੀਤ ਕੌਰ, ਸੁਖਜੀਤ ਕੌਰ, ਸੁਖਵਿੰਦਰ ਕੌਰ, ਸੁਖਮਨਦੀਪ ਕੌਰ, ਕੰਵਲਜੀਤ ਕੌਰ ਨੇ ਬਹੁਤ ਮਿਹਨਤ ਕੀਤੀ, ਜੋ ਕਿ ਵਧਾਈ ਦੇ ਪਾਤਰ ਹਨ। ਇਸ ਮੌਕੇ ਸਾਰੇ ਨਾਨ-ਟੀਚਿੰਗ ਸਟਾਫ, ਅਜੇ ਕੁਮਾਰ, ਹਰਨੇਕ ਸਿੰਘ, ਜਸਪਾਲ ਕੌਰ, ਕਰਮਪਾਲ ਸਿੰਘ, ਬੂਟਾ ਸਿੰਘ, ਮਲਕੀਤ ਸਿੰਘ ਹਾਜ਼ਰ ਰਹੇ। ਡਾਕਟਰ ਜੀ ਐੱਸ ਬਾਵਾ ਨੇ ਸਾਰਿਆਂ ਦਾ ਧੰਨਵਾਦ ਕੀਤਾ ਤੇ ਅੰਤ ਵਿੱਚ ਸਾਰੇ ਵਿਦਿਆਰਥੀਆਂ ਨੂੰ ਚਾਹ ਨਾਲ ਜਲੇਬੀਆਂ ਤੇ ਪਕੌੜਿਆਂ ਦਾ ਲੰਗਰ ਛਕਾਇਆ ਗਿਆ।



# ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਲਹਿਰਾਇਆ ਤਿਰੰਗਾ

ਪਠਾਨਕੋਟ (ਦਵਿੰਦਰ ਸਿੰਘ)-ਸਥਾਨਕ ਸਰਕਾਰ ਅਤੇ ਸੰਸਦੀ ਕਾਜ ਮਾਮਲੇ ਮੰਤਰੀ ਪੰਜਾਬ ਡਾ. ਰਵਜੋਤ ਸਿੰਘ ਨੇ ਆਜ਼ਾਦੀ ਦਿਹਾੜੇ 'ਤੇ ਜ਼ਿਲ੍ਹਾ ਪਠਾਨਕੋਟ ਅੰਦਰ ਮਲਟੀਪਰਪਜ਼ ਸਪੋਰਟਸ ਸਟੇਡੀਅਮ ਪਠਾਨਕੋਟ ਵਿਖੇ ਆਯੋਜਿਤ ਕੀਤੇ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਹਾੜੇ ਸਮਾਰੋਹ 'ਤੇ ਮੁੱਖ ਮਹਿਮਾਨ ਵਜੋਂ ਹਾਜ਼ਰ ਹੋ ਕੇ ਰਾਸ਼ਟਰੀ ਝੰਡਾ ਤਿਰੰਗਾ ਲਹਿਰਾਣ ਦੀ ਰਸਮ ਅਦਾ ਕੀਤੀ। ਕੈਬਨਿਟ ਮੰਤਰੀ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਪਰੇਡ ਦਾ ਨਿਰੀਖਣ ਕੀਤਾ ਗਿਆ। ਉਨ੍ਹਾਂ ਜ਼ਿਲ੍ਹਾ ਵਾਸੀਆਂ ਦੇ ਨਾਂਅ ਸੰਦੇਸ਼ ਪੜ੍ਹਿਆ। ਜਿਸ ਉਪਰੰਤ ਪੰਜਾਬ ਪੁਲਸ, ਮਹਿਲਾ ਪੰਜਾਬ ਪੁਲਸ, ਹੋਮਗਾਰਡ, ਐਨ.ਸੀ.ਸੀ. ਅਤੇ ਵੱਖ-ਵੱਖ ਸਕੂਲੀ ਬੱਚਿਆਂ ਦੀਆਂ ਟੁਕੜੀਆਂ ਵੱਲੋਂ ਮਾਰਚ ਪਾਸਟ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਦੀਪ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ) ਪਠਾਨਕੋਟ ਅਤੇ ਦਲਜਿੰਦਰ ਸਿੰਘ ਢਿੱਲੋਂ ਐਸ.ਐਸ.ਪੀ. ਪਠਾਨਕੋਟ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਆਪਣੇ ਸੰਬੋਧਨ ਦੌਰਾਨ ਡਾ. ਰਵਜੋਤ ਸਿੰਘ ਕੈਬਨਿਟ ਮੰਤਰੀ ਪੰਜਾਬ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਜ਼ਿਲ੍ਹਾ ਪਠਾਨਕੋਟ ਦੇ ਨਿਵਾਸੀਆਂ ਨੂੰ ਅਤੇ ਭਾਰਤ ਵਾਸੀਆਂ ਨੂੰ ਦੇਸ਼ ਦੇ 79ਵੇਂ ਆਜ਼ਾਦੀ ਦਿਹਾੜੇ ਦੀ ਵਧਾਈ ਦਿੰਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ ਸ਼ਹੀਦ ਜਵਾਨਾਂ ਦੇ ਵਾਰਿਸਾਂ ਲਈ ਐਕਸ-ਗ੍ਰੇਸ਼ੀਆ ਰਾਸ਼ੀ 50 ਲੱਖ ਰੁਪਏ ਤੋਂ ਵਧਾ ਕੇ 1 ਕਰੋੜ ਰੁਪਏ ਕੀਤੀ ਹੈ ਅਤੇ ਇਸ ਵਿੱਤੀ ਸਹਾਇਤਾ ਸਕੀਮ ਅਧੀਨ ਅਗਨੀਵੀਰਾਂ ਨੂੰ ਵੀ ਸ਼ਾਮਲ ਕੀਤਾ ਹੈ।ਉਨ੍ਹਾਂ ਕਿਹਾ ਕਿ ਸਾਨੂੰ ਸ਼ਹੀਦਾਂ ਵਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਨੇ ਸਰਕਾਰ ਵੱਲੋਂ ਹਾਸਲ ਕੀਤੀਆਂ ਗਈਆਂ ਉਪਲਬਧੀਆਂ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਹਰ ਖੇਤਰ ਵਿੱਚ ਕੀਤੇ ਗਏ ਵਿਕਾਸ ਕਾਰਜਾਂ ਸਬੰਧੀ ਜਾਣਕਾਰੀ ਦਿੱਤੀ।ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਵਿਭੂਤੀ ਸ਼ਰਮਾ ਹਲਕਾ ਇੰਚਾਰਜ ਪਠਾਨਕੋਟ, ਠਾਕੁਰ ਮਨੋਹਰ ਸਿੰਘ ਚੇਅਰਮੈਨ ਮਾਰਕਿਟ ਕਮੇਟੀ ਨਰੋਟ ਜੈਮਲ ਸਿੰਘ, ਸੁਨੀਲ ਗੁਪਤਾ ਚੇਅਰਮੈਨ ਪੈਸਕੋ ਪੰਜਾਬ, ਅਸ਼ਵਨੀ ਸ਼ਰਮਾ ਵਿਧਾਇਕ ਪਠਾਨਕੋਟ, ਵਿਕਾਸ ਸੈਣੀ ਚੇਅਰਮੈਨ ਮਾਰਕਿਟ ਕਮੇਟੀ ਪਠਾਨਕੋਟ, ਸੌਰਭ ਵਹਿਲ ਮੈਂਬਰ ਗਊਸ਼ਾਲਾ, ਗੌਤਮ ਮਾਨ ਜੁਆਇੰਟ ਸਕੱਤਰ ਆਮ ਆਦਮੀ ਪਾਰਟੀ, ਸੁਭਾਸ਼ ਵਰਮਾ ਪੰਜਾਬ ਸਕੱਤਰ ਆਮ ਆਦਮੀ ਪਾਰਟੀ, ਰੇਖਾ ਮਨੀ ਸ਼ਰਮਾ ਪੰਜਾਬ ਸਟੇਟ ਸਕੱਤਰ, ਨਰੇਸ਼ ਕੁਮਾਰੀ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ, ਮਾਸਟਰ ਮੋਹਣ ਲਾਲ ਸਾਬਕਾ ਕੈਬਨਿਟ ਮੰਤਰੀ, ਸਾਹਿਬ ਸਿੰਘ ਸਾਬਾ, ਬਲਜਿੰਦਰ ਸਿੰਘ, ਰੋਹਿਤ ਸਿਆਲ, ਅਸ਼ੋਕ ਕੁਮਾਰ ਮੀਡੀਆ ਇੰਚਾਰਜ ਆਮ ਆਦਮੀ ਪਾਰਟੀ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਅਤੇ ਆਮ ਆਦਮੀ ਪਾਰਟੀ ਕਾਰਜਕਰਤਾ ਵੀ ਹਾਜ਼ਰ ਸਨ। ਸਮਾਰੋਹ ਦੇ ਅੰਤ ਵਿੱਚ ਪ੍ਰੇਡ ਕਮਾਂਡਰਸ ਨੂੰ ਸਨਮਾਨਤ ਕੀਤਾ ਗਿਆ ਅਤੇ ਜ਼ਿਲ੍ਹਾ ਪ੍ਰਸਾਸਨ ਵੱਲੋਂ ਮੁੱਖ ਮਹਿਮਾਨ ਕੈਬਨਿਟ ਮੰਤਰੀ ਪੰਜਾਬ ਡਾ. ਰਵਜੋਤ ਸਿੰਘ ਨੂੰ ਯਾਦਗਾਰ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।



## ਬਿੰਦੂ ਫਿਜ਼ ਜ਼ੀਰਾ ਮਸਾਲਾ ਹੁਣ ਪੰਜਾਬ 'ਚ ਉਪਲੱਬਧ

ਲੁਧਿਆਣਾ : ਹਾਊਸ ਆਫ ਬਿੰਦੂ ਦਾ ਬਿੰਦੂ ਫਿਜ਼ ਜੀਰਾ ਮਸਾਲਾ, ਭਾਰਤ ਦਾ ਪਹਿਲਾ ਜੀਰਾ ਡ੍ਰਿੰਕ, ਹੁਣ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਉਪਲਬਧ ਹੈ। ਇਹ ਪ੍ਰੋਡਕਟ ਸੂਬੇ ਭਰ ਵਿੱਚ 6000 ਰਿਟੇਲ ਆਊਟਲੈਟਸ ਰਾਹੀਂ ਵੇਚਿਆ ਜਾ ਰਿਹਾ ਹੈ, ਜਿਸ ਵਿੱਚ 8 ਸੁਪਰ ਸਟਾਕਿਸਟ ਅਤੇ 21 ਸਬ-ਡਿਸਟ੍ਰੀਬਿਊਟਰ ਸ਼ਹਿਰ ਅਤੇ ਉਪ-ਜ਼ਿਲ੍ਹਾ ਪੱਧਰ 'ਤੇ ਜੁੜੇ ਹੋਏ ਹਨ। ਉੱਤਰੀ ਭਾਰਤ ਤੋਂ ਆਉਣ ਵਾਲੀ ਸੰਭਾਵੀ ਮੰਗ ਨੂੰ ਪੂਰਾ ਕਰਨ ਲਈ ਕੰਪਨੀ ਨੇ ਹਰਿਦੁਆਰ, ਉੱਤਰ ਪ੍ਰਦੇਸ਼ ਵਿੱਚ ਇੱਕ ਕਾਂਟ੍ਰੈਕਟ ਮੈਨੂਫੈਕਚਰਿੰਗ ਸੁਵਿਧਾ ਸਥਾਪਤ ਕੀਤੀ ਹੈ। ਬ੍ਰਾਂਡ ਦੀ ਮੌਜੂਦਗੀ ਪੰਜਾਬ ਵਿੱਚ ਜਨਰਲ ਟ੍ਰੇਡ ਅਤੇ ਮਾਡਰਨ ਟ੍ਰੇਡ ਦੋਵਾਂ ਚੈਨਲਾਂ ਵਿੱਚ ਹੋਵੇਗੀ, ਜੋ ਕਿ ਚੰਡੀਗੜ੍ਹ, ਲੁਧਿਆਣਾ, ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਬਠਿੰਡਾ, ਫਾਜ਼ਿਲਕਾ, ਜਲੰਧਰ ਅਤੇ ਹੋਰ ਸ਼ਹਿਰਾਂ ਨੂੰ ਟਾਰਗੇਟ ਕਰੇਗੀ। ਐਸ.ਜੀ. ਕਾਰਪੋਰੇਟਸ ਦੇ ਮੈਨੇਜਿੰਗ ਡਾਇਰੈਕਟਰ ਅਤੇ ਹਾਊਸ ਆਫ ਬਿੰਦੂ ਦੇ ਮੁਖੀ ਸਤਯ ਸ਼ੰਕਰ ਨੇ ਕਿਹਾ ਕਿ ਬਿੰਦੂ ਫਿਜ਼ ਜੀਰਾ ਮਸਾਲਾ ਸਿਰਫ਼ ਇੱਕ ਡ੍ਰਿੰਕ ਨਹੀਂ, ਸਗੋਂ ਆਪਣੇ ਗ੍ਰਾਹਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਇੱਕ ਅਹਿਸਾਸ ਹੈ, ਕਿਉਂਕਿ ਇਹ ਭਾਰਤ ਦਾ ਪਹਿਲਾ ਐਥਨਿਕ ਜੀਰਾ ਡ੍ਰਿੰਕ ਹੈ।

# ਆਜ਼ਾਦੀ ਸਮਾਰੋਹ 'ਚ ਦਿਸਿਆ ਵੀ ਆਈ ਪੀ ਕਲਚਰ, ਆਜ਼ਾਦੀ ਘੁਲਾਟੀਆਂ ਦੇ ਪਰਵਾਰਕ ਮੈਂਬਰਾਂ ਨੂੰ ਕੀਤਾ ਗਿਆ ਅੱਖੋਂ-ਪਰੋਖੇ

## * ਜਿਨ੍ਹਾਂ ਨੂੰ ਅੱਗੇ ਬੈਠਣਾ ਚਾਹੀਦਾ ਸੀ, ਉਹ ਪਿੱਛੇ ਬੈਠੇ ਦਿਖਾਈ ਦਿੱਤੇ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਆਜ਼ਾਦੀ ਦਿਵਸ ਸਾਨੂੰ ਆਜ਼ਾਦੀ ਘੁਲਾਟੀਆਂ ਤੇ ਮਹਾਨ ਦੇਸ਼ ਦੇ ਯੋਧਿਆਂ ਦੀਆਂ ਕੁਰਬਾਨੀਆਂ ਦੀ ਯਾਦ ਦਿਵਾਉਂਦਾ ਹੈ। ਇਸ ਦਿਨ ਦੇਸ਼ ਭਰ 'ਚ ਕੌਮੀ ਤਿਰੰਗਾ ਝੰਡਾ ਲਹਿਰਾਇਆ ਜਾਂਦਾ ਹੈ। ਪਰੇਡਾਂ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਵਾ ਕੇ ਦੇਸ਼ ਭਗਤੀ ਅਤੇ ਏਕਤਾ ਦੀ ਭਾਵਨਾ ਨੂੰ ਮਜ਼ਬੂਤ ਕੀਤਾ ਜਾਂਦਾ ਹੈ। ਭਾਰਤ 'ਚ 15 ਅਗਸਤ ਸਿਰਫ਼ ਇੱਕ ਤਾਰੀਖ ਹੀ ਨਹੀਂ ਸਗੋਂ ਆਜ਼ਾਦੀ ਅਤੇ ਕੁਰਬਾਨੀ ਦਾ ਪ੍ਰਤੀਕ ਹੈ। ਇਹ ਉਹ ਦਿਨ ਹੈ ਜਦੋਂ ਦੇਸ਼ ਨੇ ਬ੍ਰਿਟਿਸ਼ ਸ਼ਾਸਨ ਦੀ ਲੰਮੀ ਗੁਲਾਮੀ ਤੋਂ ਆਜ਼ਾਦੀ ਪ੍ਰਾਪਤ ਕੀਤੀ ਸੀ। ਇਸ ਖਾਸ ਦਿਨ ਦਾ ਇਤਿਹਾਸ ਸਾਨੂੰ ਅਣਗਿਣਤ ਨਾਇਕਾਂ ਦੇ ਸੰਘਰਸ਼, ਕੁਰਬਾਨੀ ਅਤੇ ਦੇਸ਼ ਭਗਤੀ ਦੀ ਯਾਦ ਦਿਵਾਉਂਦਾ ਹੈ ਜਿਨ੍ਹਾਂ ਨੇ ਸਾਨੂੰ ਆਜ਼ਾਦੀ ਦਿਵਾਉਣ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਇਹ ਦਿਨ ਸਿਰਫ਼ ਝੰਡਾ ਲਹਿਰਾਉਣ ਅਤੇ ਭਾਸ਼ਣ ਦੇਣ ਦਾ ਨਹੀਂ ਹੈ, ਸਗੋਂ ਦੇਸ਼ ਪ੍ਰਤੀ ਮਾਣ ਅਤੇ ਜ਼ਿੰਮੇਵਾਰੀ ਮਹਿਸੂਸ ਕਰਨ ਦਾ ਹੈ। ਪਰੰਤੂ ਇਸ ਦੇ ਉਲਟ ਸਬ ਡਵੀਜ਼ਨ ਭਿੱਖੀਵਿੰਡ ਦੀ ਦਾਣਾ ਮੰਡੀ 'ਚ ਕਰਵਾਏ ਗਏ 15 ਅਗਸਤ ਦੇ ਸਮਾਗਮ ਵਿੱਚ ਆਜ਼ਾਦੀ ਘੁਲਾਟੀਆਂ ਦੇ ਪਰਵਾਰਾਂ ਨਾਲ ਵਿਤਕਰੇਬਾਜ਼ੀ ਕੀਤੇ ਜਾਣ ਦੀ ਝਲਕ ਦਿਖਾਈ ਦਿੱਤੀ। ਪ੍ਰਸ਼ਾਸਨ ਵੱਲੋਂ ਆਜ਼ਾਦੀ ਘੁਲਾਟੀਆਂ ਦੇ ਪਰਵਾਰਕ ਮੈਂਬਰਾਂ ਨਾਲ ਵਿਤਕਰਾ ਕਰਦਿਆਂ ਉਹਨਾਂ ਦੀ ਜਗ੍ਹਾ ਤੇ ਵੀ ਆਈ ਪੀ ਲੋਕਾਂ ਨੂੰ ਬਿਠਾ ਕੇ ਉਹਨਾਂ ਦਾ ਮਜ਼ਾਕ ਬਣਾਇਆ ਗਿਆ। ਪ੍ਰਸ਼ਾਸਨ ਪ੍ਰਤੀ ਰੋਸ ਜ਼ਾਹਰ ਕਰਦਿਆਂ ਲਖਵਿੰਦਰ ਸਿੰਘ, ਕਸ਼ਮੀਰ ਸਿੰਘ ਅਤੇ ਸਤਨਾਮ ਸਿੰਘ ਨੇ ਦੱਸਿਆ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਉਨ੍ਹਾਂ ਦੇ ਪੁਰਖਿਆਂ ਦਾ ਅਹਿਮ ਯੋਗਦਾਨ ਹੈ, ਪ੍ਰੰਤੂ ਪ੍ਰਸ਼ਾਸਨ ਵੱਲੋਂ ਵੀ ਆਈ ਪੀ ਕਲਚਰ ਨੂੰ ਪਹਿਲ ਦਿੰਦਿਆਂ ਉਹਨਾਂ ਨੂੰ ਬਣਦਾ ਮਾਣ ਸਤਿਕਾਰ ਨਹੀਂ ਦਿੱਤਾ ਗਿਆ। ਉਹਨਾਂ ਨੂੰ ਸਿਰਫ ਇੱਕ ਸ਼ੀਲਡ, ਮਠਿਆਈ ਵਾਲਾ ਡੱਬਾ ਤੇ ਇੱਕ ਚਿੱਟੇ ਰੰਗ ਦੀ ਲੋਈ ਦੇ ਕੇ ਪ੍ਰਸ਼ਾਸਨ ਨੇ ਆਪਣਾ ਫਰਜ਼ ਅਦਾ ਕਰ ਦਿੱਤਾ। ਆਜ਼ਾਦੀ ਘੁਲਾਟੀਆਂ ਦੇ ਪਰਵਾਰਕ ਮੈਂਬਰਾਂ ਨੇ ਮੰਗ ਕੀਤੀ ਕਿ ਕਿ ਉਨ੍ਹਾਂ ਦੀਆਂ ਚਾਰ ਪੀੜ੍ਹੀਆਂ ਤੱਕ ਪਰਿਵਾਰਾਂ ਨੂੰ ਬਣਦਾ ਮਾਣ ਸਤਿਕਾਰ ਅਤੇ ਪੈਨਸ਼ਨ ਸਮੇਤ ਆਜ਼ਾਦੀ ਘੁਲਾਟੀਆਂ ਦੇ ਕੋਟੇ ਵਿੱਚ ਇੱਕ ਪ੍ਰਤੀਸ਼ਤ ਤੋਂ ਵਧਾ ਕੇ 5% ਤੱਕ ਵਾਧਾ ਕੀਤਾ ਜਾਵੇ ਤਾਂ ਜੋ ਉਹਨਾਂ ਦੇ ਪੁਰਖਿਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਸਦਕਾ ਮਿਲੀ ਆਜ਼ਾਦੀ ਦਾ ਨਿੱਘ ਉਹਨਾਂ ਦੇ ਪਰਵਾਰ ਵੀ ਮਾਣ ਸਕਣ। ਇਸ ਮੌਕੇ ਉਹਨਾਂ ਜ਼ਿਲ੍ਹਾ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਪਾਸੋਂ ਮੰਗ ਕੀਤੀ ਕਿ ਉਹਨਾਂ ਨਾਲ ਕੀਤੀ ਗਈ ਵਿਤਕਰੇਬਾਜ਼ੀ ਦੀ ਇਨਕੁਆਇਰੀ ਕਰਵਾ ਕੇ ਸੰਬੰਧਤ ਅਧਿਕਾਰੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਸੰਬੰਧੀ ਜਦੋਂ 15 ਅਗਸਤ ਦੇ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਤਹਿਸੀਲਦਾਰ ਜਤਿੰਦਰ ਪਾਲ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਅਜਿਹਾ ਕੁਝ ਵੀ ਨਹੀਂ ਹੋਇਆ ਤੇ ਸਮਾਗਮ ਬਹੁਤ ਵਧੀਆ ਸੰਪੂਰਨ ਹੋਇਆ ਹੈ ਪ੍ਰੰਤੂ ਜੇਕਰ ਅਜਿਹੀ ਕੋਈ ਵੀ ਗੱਲ ਹੋਈ ਹੈ ਤਾਂ ਇਸ ਦੀ ਉਹ ਪੜਤਾਲ ਕਰਨਗੇ।



# ਰਾਜ ਘੱਟ ਗਿਣਤੀ ਕਮਿਸ਼ਨ ਦੇ ਨਵੇਂ ਚੇਅਰਮੈਨ ਦਾ ਕੀਤਾ ਸਵਾਗਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਜਤਿੰਦਰ ਮਸੀਹ ਗੌਰਵ ਨੂੰ ਰਾਜ ਘੱਟ ਗਿਣਤੀ ਕਮਿਸ਼ਨ ਦੇ ਨਵੇਂ ਚੇਅਰਮੈਨ ਵਜੋਂ ਨਿਯੁਕਤ ਕਰਨ ਲਈ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹੋਏ ਡਾਇਓਸਿਸ ਆਫ ਅੰਮ੍ਰਿਤਸਰ, ਚਰਚ ਆਫ਼ ਨੌਰਥ ਇੰਡੀਆ ਦੇ ਅਧਿਕਾਰੀਆਂ ਨੇ ਗੌਰਵ ਦਾ ਗੋਲਡਨ ਗੇਟ ਅੰਮ੍ਰਿਤਸਰ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ। ਇਹ ਮੌਕਾ ਉਨ੍ਹਾਂ ਦੀ ਨਿਯੁਕਤੀ ਨੂੰ ਮਨਾਉਣ ਲਈ ਆਯੋਜਿਤ ਇੱਕ ਰੋਡ ਸ਼ੋਅ ਦਾ ਸੀ। ਜਲੰਧਰ ਤੋਂ ਸ਼ੁਰੂ ਹੋ ਕੇ ਇਹ ਰੈਲੀ ਸੇਂਟ ਪਾਲ ਚਰਚ, ਕੋਰਟ ਰੋਡ, ਅੰਮ੍ਰਿਤਸਰ ਵਿਖੇ ਸਮਾਪਤ ਹੋਈ, ਜਿੱਥੇ ਇਸ ਮੌਕੇ ਤੇ ਇੱਕ ਸਮਾਗਮ ਆਯੋਜਤ ਕੀਤਾ ਗਿਆ ਸੀ। ਓਮ ਪ੍ਰਕਾਸ਼ ਵਿੱਤ ਸਕੱਤਰ ਡਾਇਓਸਿਸ ਆਫ਼ ਅੰਮ੍ਰਿਤਸਰ, ਚਰਚ ਆਫ਼ ਨੌਰਥ ਇੰਡੀਆ ਨੇ ਡਾਇਓਸਿਸ ਵੱਲੋਂ ਗੌਰਵ ਦਾ ਸਵਾਗਤ ਕੀਤਾ। ਡੈਨੀਅਲ ਬੀ ਦਾਸ, ਸਕੱਤਰ, ਅੰਮ੍ਰਿਤਸਰ ਡਾਇਓਸੇਸਨ ਟਰੱਸਟ ਐਸੋਸੀਏਸ਼ਨ (ਏਡੀਟੀਏ) ਨੇ ਕਿਹਾ ਅਸੀਂ ਪੰਜਾਬ ਸਰਕਾਰ ਦੇ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਜਤਿੰਦਰ ਮਸੀਹ ਗੌਰਵ ਵਰਗੇ ਸਿਆਣੇ ਵਿਅਕਤੀ ਨੂੰ ਰਾਜ ਘੱਟ ਗਿਣਤੀ ਕਮਿਸ਼ਨ ਦਾ ਚਾਰਜ ਸੌਂਪਿਆ ਹੈ। ਨਵੇਂ ਰਾਜ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਜਤਿੰਦਰ ਮਸੀਹ ਗੌਰਵ ਨੇ ਕਿਹਾ, ਮੈਂ ਪੰਜਾਬ ਦੇ ਸਾਰੇ ਘੱਟ ਗਿਣਤੀ ਭਾਈਚਾਰਿਆਂ ਦੀ ਭਲਾਈ ਅਤੇ ਸਸ਼ਕਤੀਕਰਨ ਲਈ ਕੰਮ ਕਰਨ ਅਤੇ ਸਾਰੇ ਧਰਮਾਂ ਵਿੱਚ ਆਪਸੀ ਸਤਿਕਾਰ, ਸਮਝ ਅਤੇ ਸ਼ਾਂਤੀਪੂਰਨ ਸਹਿ-ਹੋਂਦ ਦੇ ਮਾਹੌਲ ਨੂੰ ਉਤਸ਼ਾਹਤ ਕਰਨ ਲਈ ਵਚਨਬੱਧ ਹਾਂ।ਡਾਇਓਸਿਸ ਆਫ ਅੰਮ੍ਰਿਤਸਰ, ਚਰਚ ਆਫ਼ ਨੌਰਥ ਇੰਡੀਆ ਦੇ ਪ੍ਰਸ਼ਾਸਕ, ਰੈਵ ਅਯੂਬ ਡੈਨੀਅਲ ਨੇ ਘੱਟ ਗਿਣਤੀ ਕਮਿਸ਼ਨ ਦੇ ਨਵੇਂ ਨਿਯੁਕਤ ਚੇਅਰਮੈਨ ਨੂੰ ਆਸ਼ੀਰਵਾਦ ਦਿੱਤਾ। ਸੇਂਟ ਪੌਲ ਚਰਚ, ਅੰਮ੍ਰਿਤਸਰ, ਦੇ ਪ੍ਰੈਸਬੀਟਰ-ਇੰਚਾਰਜ, ਰੈਵ ਵਿਨੈ ਸੈਨੀ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਮੌਕੇ ਡਾਇਓਸਿਸ ਦੇ ਸਾਰੇ ਪਾਦਰੀ, ਗਲੋਬਲ ਕ੍ਰਿਸਚਨ ਐਕਸ਼ਨ ਕਮੇਟੀ ਦੇ ਕੋਆਰਡੀਨੇਟਰ ਵਲੈਤ ਮਸੀਹ ਬੰਟੀ ਅਜਨਾਲਾ, ਪੰਜਾਬ ਪ੍ਰਧਾਨ ਲੂਕਾਸ ਮਸੀਹ, ਪ੍ਰਧਾਨ ਜੱਸ ਮਸੀਹ ਸ਼ੁਭ, ਪ੍ਰਧਾਨ ਜੀਵਨ ਮਸੀਹ, ਪ੍ਰਧਾਨ ਗੁਰਨਾਮ ਮਸੀਹ, ਪ੍ਰਧਾਨ ਮੁਨੀਰ ਮਸੀਹ, ਪ੍ਰਧਾਨ ਰੋਹਿਤ ਮਸੀਹ ਵੀ ਮੌਜੂਦ ਸਨ।



## ਆਜ਼ਾਦੀ ਦਿਵਸ ਤੇ ਜਨਮ ਅਸ਼ਟਮੀ ਸਮਾਰੋਹ ਧੂਮਧਾਮ ਨਾਲ ਮਨਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ)-ਜੇ.ਆਰ.ਐਸ. ਡੀ.ਏ.ਵੀ. ਪਬਲਿਕ ਸਕੂਲ ਦਾ ਪਰਿਸਰ ਅੱਜ ਦੋਹਰੇ ਉਤਸਵ ਦਾ ਸਾਕਸ਼ੀ ਬਣਿਆ। ਇੱਥੇ 79ਵਾਂ ਆਜ਼ਾਦੀ ਦਿਵਸ ਅਤੇ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ।ਪਦਮਸ਼੍ਰੀ ਅਲੰਕ੍ਰਿਤ, ਆਰਯ ਰਤਨ ਡਾ. ਪੂਨਮ ਸੂਰੀ (ਪ੍ਰੈਜ਼ੀਡੈਂਟ, ਡੀ.ਏ.ਵੀ. ਮੈਨੇਜਿੰਗ ਕਮੇਟੀ,ਨਵੀਂ ਦਿੱਲੀ),ਚੇਅਰਮੈਨ ਮਹੇਸ਼ ਚੋਪੜਾ, ਡਾਇਰੈਕਟਰ ਵੀ.ਕੇ. ਚੋਪੜਾ, ਏ.ਆਰ.ਓ. ਡੀ.ਏ.ਵੀ.ਪਬਲਿਕ ਸਕੂਲਜ਼ ਪੰਜਾਬ ਜ਼ੋਨ (ਸੀ) ਡਾ. ਅੰਜਨਾ ਗੁਪਤਾ ਅਤੇ ਸਕੂਲ ਦੀ ਮੈਨੇਜਰ ਡਾ. ਨੀਰਾ ਸ਼ਰਮਾ ਦੇ ਮਾਰਗਦਰਸ਼ਨ ਹੇਠ ਅਤੇ ਪ੍ਰਧਾਨਾਚਾਰਯ ਅਸ਼ਵਿਨੀ ਕੁਮਾਰ ਦੀ ਅਗਵਾਈ ਵਿੱਚ ਵਿਦਿਆਲਾ ਸਮੇਂ-ਸਮੇਂ 'ਤੇ ਪ੍ਰੇਰਨਾਦਾਇਕ ਪ੍ਰੋਗਰਾਮ ਆਯੋਜਿਤ ਕਰਦਾ ਰਹਿੰਦਾ ਹੈ।ਕਾਰਜਕ੍ਰਮ ਦੀ ਸ਼ੁਰੂਆਤ ਰਾਸ਼ਟਰੀ ਗੀਤ ਨਾਲ ਹੋਈ। ਮੰਚ 'ਤੇ ਬੱਚਿਆਂ ਦੀਆਂ ਰੰਗ-ਬਰੰਗੀਆਂ ਪੇਸ਼ਕਾਰੀਆਂ ਭਾਸ਼ਣ, ਕਵਿਤਾਵਾਂ, ਦੇਸ਼ਭਗਤੀ ਦੇ ਗੀਤ, ਨਾਟਕ ਅਤੇ ਨਾਚ ਨੇ ਦਰਸ਼ਕਾਂ ਨੂੰ ਮੋਹ ਲਿਆ। ਸ੍ਰੀ ਕ੍ਰਿਸ਼ਨ ਜਨਮੋਤਸਵ ਦੀਆਂ ਝਾਕੀਆਂ ਅਤੇ ਬਾਲ ਗੋਪਾਲ ਦੇ ਰੂਪ ਵਿੱਚ ਸਜੇ ਬੱਚਿਆਂ ਨੇ ਉਤਸਵ ਵਿੱਚ ਚਾਰ ਚਾਂਦ ਲਾ ਦਿੱਤੇ।ਸਕੂਲ ਦੀ ਅਧਿਆਪਕਾ ਰੇਨੂ ਸਚਦੇਵਾ ਨੇ ਬਹੁਤ ਹੀ ਰੁਚਿਕਾਰ ਅਤੇ ਸਰਲ ਅੰਦਾਜ਼ ਵਿੱਚ ਵਿਦਿਆਰਥੀਆਂ ਨੂੰ 'ਧੁੱਜਾਰੋਹਣ' ਅਤੇ 'ਝੰਡਾ ਫਹਿਰਾਉਣ' ਦੇ ਫਰਕ ਬਾਰੇ ਸਪਸ਼ਟ ਕੀਤਾ।ਪ੍ਰਧਾਨਾਚਾਰਯ ਅਸ਼ਵਿਨੀ ਕੁਮਾਰ ਨੇ ਆਜ਼ਾਦੀ ਸੈਨਾਨੀਆਂ ਦੇ ਬਲੀਦਾਨ ਅਤੇ ਜਨਮ ਅਸ਼ਟਮੀ ਦੇ ਸੱਭਿਆਚਾਰਕ ਮਹੱਤਵ 'ਤੇ ਰੋਸ਼ਨੀ ਪਾਈ।



# ਦੇਸ਼ ਵੰਡ ਸਮੇਂ ਜਾਨਾਂ ਗਵਾਉਣ ਵਾਲੇ ਲੱਖਾਂ ਪੰਜਾਬੀਆਂ ਦੀ ਯਾਦ 'ਚ ਅਰਦਾਸ ਸਮਾਗਮ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-1947 ਦੀ ਭਾਰਤ-ਪਾਕਿਸਤਾਨ ਵੰਡ ਦੌਰਾਨ ਜਾਨਾਂ ਗਵਾਉਣ ਵਾਲੇ ਲੱਖਾਂ ਪੰਜਾਬੀਆਂ ਦੀ ਯਾਦ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਰੂਪ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਜਿਸ ਮਗਰੋਂ ਵਿਛੜੀਆਂ ਰੂਹਾਂ ਨਮਿਤ ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਨੇ ਸਰਵਣ ਕਰਵਾਇਆ।ਸਮਾਗਮ ਦੌਰਾਨ ਸੰਗਤ ਨਾਲ ਵਿਚਾਰ ਕਰਦਿਆਂ ਗਿਆਨੀ ਗੁਰਮੁੱਖ ਸਿੰਘ ਨੇ ਕਿਹਾ ਕਿ ਸੰਨ 1947 ਵਿਚ ਦੇਸ਼ ਦੀ ਵੰਡ ਸਮੇਂ ਜਿਥੇ ਲੱਖਾਂ ਪੰਜਾਬੀਆਂ ਨੇ ਜਾਨਾਂ ਗੁਆਈਆਂ, ਉਥੇ ਹੀ ਲੋਕਾਂ ਨੂੰ ਆਪਣੀਆਂ ਜ਼ਮੀਨਾਂ ਜਾਇਦਾਦਾਂ ਅਤੇ ਕਾਰੋਬਾਰ ਵੀ ਛੱਡਣੇ ਪਏ। ਇਸ ਦੇਸ਼ ਵੰਡ ਸਮੇਂ ਸਿੱਖ ਕੌਮ ਨੂੰ ਆਪਣੇ ਪਾਵਨ ਗੁਰਧਾਮਾਂ ਤੋਂ ਵਿਛੜਨਾ ਪਿਆ। ਪਾਕਿਸਤਾਨ ਅੰਦਰ ਰਹਿ ਗਏ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਮੇਤ ਅਨੇਕਾਂ ਗੁਰ-ਅਸਥਾਨਾਂ ਦੇ ਦਰਸ਼ਨਾਂ ਦੀ ਤਾਂਘ ਅੱਜ ਵੀ ਹਰ ਸਿੱਖ ਅੰਦਰ ਮੌਜੂਦ ਹੈ। ਉਨ੍ਹਾਂ ਕਿਹਾ ਕਿ ਦੇਸ਼ ਵੰਡ ਸਮੇਂ ਮਾਰੇ ਗਏ ਅਨੇਕਾਂ ਬੇਕਸੂਰ ਲੋਕਾਂ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਗਮ ਕਰਕੇ ਸ਼ਰਧਾਂਜਲੀ ਭੇਟ ਕਰਨੀ ਸ਼ਲਾਘਾਯੋਗ ਕਦਮ ਹੈ। ਇਸ ਮੌਕੇ ਮੈਨੇਜਰ ਨਰਿੰਦਰ ਸਿੰਘ, ਰਜਿੰਦਰ ਸਿੰਘ ਰੂਬੀ, ਪੰਜ ਪਿਆਰੇ ਭਾਈ ਮੰਗਲ ਸਿੰਘ, ਭਾਈ ਪਰਮਜੀਤ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।



# ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਸਹਾਇਤਾ ਕੇਂਦਰ ਸਥਾਪਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿਚ ਬਣੀ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਵੱਖ ਵੱਖ ਗੁਰਦੁਆਰਾ ਸਾਹਿਬਾਨ ਅੰਦਰ ਸਹਾਇਤਾ ਕੇਂਦਰ ਸਥਾਪਤ ਕੀਤੇ ਗਏ ਹਨ, ਤਾਂ ਜੋ ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕੀਤੀ ਜਾ ਸਕੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਮੁਸ਼ਕਲ ਦੇ ਸਮੇਂ ਮਾਨਵਤਾ ਨਾਲ ਖੜ੍ਹਨਾ ਸ਼੍ਰੋਮਣੀ ਕਮੇਟੀ ਆਪਣਾ ਫ਼ਰਜ਼ ਸਮਝਦੀ ਹੈ ਅਤੇ ਗੁਰੂ ਦਰਸਾਏ ਮਾਰਗ ਅਨੁਸਾਰ ਸਿੱਖ ਸੰਸਥਾ ਲੋੜਵੰਦਾਂ ਲਈ ਨਿਰੰਤਰ ਕਾਰਜਸ਼ੀਲ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨਾਂ ਤੋਂ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਕਈ ਇਲਾਕਿਆਂ ਵਿੱਚ ਹੜ੍ਹਾਂ ਦੀ ਸਥਿਤੀ ਬਣੀ ਹੋਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਵੱਖ ਵੱਖ ਗੁਰਦੁਆਰਾ ਸਾਹਿਬਾਨ ਅੰਦਰ ਰਿਹਾਇਸ਼, ਲੰਗਰ ਅਤੇ ਹੋਰ ਲੋੜੀਂਦੀਆਂ ਵਸਤਾਂ ਦੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਦੀ ਸਹੂਲਤ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਰੋਪੜ, ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ ਪਟਿਆਲਾ, ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਕਪੂਰਥਲਾ, ਗੁਰਦੁਆਰਾ ਸ੍ਰੀ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਅੰਮ੍ਰਿਤਸਰ, ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਤਰਨ ਤਾਰਨ, ਗੁਰਦੁਆਰਾ ਭੱਠਾ ਸਾਹਿਬ ਪਾਤਸ਼ਾਹੀ ਦਸਵੀਂ ਕੋਟਲਾ ਨਿਹੰਗ ਰੋਪੜ, ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਰੂਪਨਗਰ, ਗੁਰਦੁਆਰਾ ਸ੍ਰੀ ਚਰਨਕੰਵਲ ਸਾਹਿਬ ਮਾਛੀਵਾੜਾ ਲੁਧਿਆਣਾ, ਗੁਰਦੁਆਰਾ ਸ੍ਰੀ ਬਾਰਠ ਸਾਹਿਬ ਪਠਾਨਕੋਟ, ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਰਾਮਦਾਸ ਅੰਮ੍ਰਿਤਸਰ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਗੁਰਦਾਸਪੁਰ, ਗੁਰਦੁਆਰਾ ਚੋਹਲਾ ਸਾਹਿਬ ਪਾਤਸ਼ਾਹੀ ਪੰਜਵੀਂ ਤਰਨ ਤਾਰਨ, ਗੁਰਦੁਆਰਾ ਗੁਰੂਸਰ ਜਾਮਨੀ ਸਾਹਿਬ ਪਾਤਸ਼ਾਹੀ ਦਸਵੀਂ ਬਜ਼ੀਦਪੁਰ ਫਿਰੋਜ਼ਪੁਰ, ਗੁਰਦੁਆਰਾ ਪ੍ਰਕਾਸ਼ ਅਸਥਾਨ ਭਾਈ ਲਾਲੂ ਜੀ ਡੱਲਾ ਕਪੂਰਥਲਾ, ਗੁਰਦੁਆਰਾ ਭਾਈ ਤਾਰਾ ਸਿੰਘ ਜੀ ਸ਼ਹੀਦ ਪਿੰਡ ਵਾਂ ਤਰਨ ਤਾਰਨ, ਗੁਰਦੁਆਰਾ ਬਾਬਾ ਬੀਰ ਸਿੰਘ ਜੀ ਪਿੰਡ ਰੱਤੋਕੇ ਤਰਨ ਤਾਰਨ ਵਿਖੇ ਕੇਂਦਰ ਸਥਾਪਤ ਕੀਤੇ ਗਏ ਹਨ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਹੜ੍ਹ ਪ੍ਰਭਾਵਿਤ ਲੋਕ ਸਬੰਧਤ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨਾਲ ਸਹਾਇਤਾ ਲਈ ਸੰਪਰਕ ਕਰਨ।

# ਸ਼ਹੀਦ ਭਗਤ ਸਿੰਘ ਚੌਕ 'ਚ ਆਜ਼ਾਦੀ ਦਿਹਾੜਾ ਪੂਰੇ ਉਤਸ਼ਾਹ ਨਾਲ ਮਨਾਇਆ


ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸਮਾਜਸੇਵੀ ਸੰਸਥਾ ਵਾਈਸ ਆਫ ਧਾਰੀਵਾਲ ਵਲੋਂ ਸ਼ਹੀਦ ਭਗਤ ਸਿੰਘ ਚੌਕ ਧਾਰੀਵਾਲ ਵਿਖੇ ਦੇਸ਼ ਦੀ ਅਜ਼ਾਦੀ ਦਾ 79ਵਾਂ ਆਜ਼ਾਦੀ ਦਿਹਾੜਾ ਸੰਸਥਾ ਦੇ ਕਨਵੀਨਰ ਡਾਕਟਰ ਕਮਲਜੀਤ ਸਿੰਘ ਕੇਜੇ ਦੀ ਅਗਵਾਈ ਹੇਠ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਮੀਡੀਆ ਇੰਚਾਰਜ ਮੁੱਖਦੇਵ ਸਿੰਘ ਆਲੋਵਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸੰਸਥਾ ਵਾਈਸ ਆਫ ਧਾਰੀਵਾਲ ਦੇ ਕਨਵੀਨਰ ਡਾਕਟਰ ਕਮਲਜੀਤ ਸਿੰਘ ਕੇਜੇ ਵਲੋਂ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਕਨਵੀਨਰ ਡਾ. ਕਮਲਜੀਤ ਸਿੰਘ ਕੇ ਜੇ, ਮੀਡੀਆ ਇੰਚਾਰਜ ਮੁੱਖਦੇਵ ਸਿੰਘ ਆਲੋਵਾਲ, ਕਸਤੂਰੀ ਲਾਲ, ਇੰਜੀ ਜੇਪੀ ਸਿੰਘ ਆਦਿ ਆਗੂਆਂ ਨੇ 79ਵੇਂ ਅਜ਼ਾਦੀ ਦਿਹਾੜੇ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਆਜ਼ਾਦੀ ਘੁਲਾਟੀਆਂ ਵੱਲੋਂ ਚਲਾਏ ਸੰਘਰਸ਼ ਸਦਕਾ ਹੀ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਿਆ ਗਿਆ ਸੀ। ਉਨ੍ਹਾਂ ਸ਼ਹੀਦੀ ਪ੍ਰਵਾਨਿਆਂ ਨੂੰ ਯਾਦ ਕਰਦਿਆਂ ਕਿਹਾ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਸਰਦਾਰ ਕਰਤਾਰ ਸਿੰਘ ਸਰਾਭਾ, ਲਾਲਾ ਲਾਜਪਤ ਰਾਏ, ਸ਼ਹੀਦ ਮਦਨ ਲਾਲ ਢੀਂਗਰਾ ਆਦਿ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀ ਸਦਕਾ ਹੀ ਅੱਜ ਅਸੀਂ ਸਾਰੇ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਇਸ ਮੌਕੇ ਅਜਾਦੀ ਦੇ ਸ਼ਹੀਦੀ ਪ੍ਰਵਾਨਿਆਂ ਅਤੇ ਭਾਰਤ ਦੀਆਂ ਸਰਹੱਦਾਂ ਤੇ ਸ਼ਹੀਦ ਹੋਏ ਫੌਜੀ ਜਵਾਨਾਂ ਨੂੰ ਵੀ ਯਾਦ ਕੀਤਾ ਅਤੇ ਲੱਡੂ ਵੰਡੇ ਅਤੇ ਢੋਲ ਦੇ ਡੱਗੇ 'ਤੇ ਭੰਗੜੇ ਪਾ ਕੇ ਆਜ਼ਾਦੀ ਦਿਹਾੜੇ ਦੇ ਜ਼ਸਨ ਮਨਾਏ। ਇਸ ਮੌਕੇ ਰਿਟਾ.ਐਸ ਪੀ ਚਰਨ ਸਿੰਘ ਚਾਹਲ, ਐਡਵੋਕੇਟ ਸ਼ਿਵਚਰਨ ਸਿੰਘ ਮਾਨ, ਗੁਰਬਚਨ ਸਿੰਘ ਜ਼ਿਲ੍ਹੇਦਾਰ, ਐਸ ਡੀ ਓ ਚਮਨ ਸਿੰਘ ਸੋਹਲ, ਬੀਬੀ ਸੁਖਵਿੰਦਰ ਕੌਰ ਬਾਜਵਾ, ਸ਼ਮਸ਼ੇਰ ਸਿੰਘ ਲੇਹਲ ਆਦਿ ਸਮੇਤ ਹੋਰ ਵੀ ਸ਼ਹਿਰ ਵਾਸੀ ਅਤੇ ਇਲਾਕੇ ਦੇ ਲੋਕ ਹਾਜ਼ਰ ਸਨ।




## ਆਂਡਿਆਂ ਨਾਲ ਭਰੀ ਟਾਟਾ 407 ਪਲਟੀ

ਫਿਲੌਰ (ਨਿਰਮਲ)-ਫਿਲੌਰ ਭੱਟੀਆਂ ਵਿਚਕਾਰ ਸਿਕਸ ਲੇਨ ਤੇ ਆਂਡਿਆਂ ਨਾਲ ਭਰਿਆ ਟੈਂਪੂ ਨੰਬਰ ਪੀ.ਬੀ 08 2797 ਲੁਧਿਆਣੇ ਤੋਂ ਜਲੰਧਰ ਜਾ ਰਿਹਾ ਸੀ। ਡਰਾਈਵਰ ਨੇ ਦੱਸਿਆ ਕਿ ਅਚਾਨਕ ਮੇਰੀ ਬਾਂਹ ਤੇ ਜ਼ਹਿਰੀਲੀ ਭੂੰਡੀ ਲੜ ਗਈ ਜਿਸ ਨਾਲ ਟੈਂਪੂ ਬੇਕਾਬੂ ਹੋ ਕੇ ਸਿਕਸ ਲੇਨ ਤੇ ਪਲਟ ਗਿਆ ਤੇ ਆਂਡੇ ਟੁੱਟ ਗਏ । ਇਸ ਨਾਲ ਡੇਢ ਤੋਂ ਦੋ ਲੱਖ ਦੇ ਕਰੀਬ ਨੁਕਸਾਨ ਹੋਇਆ ਤੇ ਟਰੈਫਿਕ ਜਾਮ ਹੋ ਗਿਆ। ਸੜਕ ਸੁਰੱਖਿਆ ਫੋਰਸ ਦੇ ਥਾਣੇਦਾਰ ਸਰਬਜੀਤ ਸਿੰਘ ਤੇ ਉਹਨਾਂ ਦੀ ਟੀਮ ਸੂਚਨਾ ਮਿਲਦੇ ਸਾਰ ਹੀ ਮੌਕੇ ਤੇ ਪਹੁੰਚੀ ਤੇ ਟੈਂਪੂ ਨੂੰ ਕਿਨਾਰੇ ਕੀਤਾ। ਦੂਜੇ ਪਾਸੇ ਹਰਮਨਪ੍ਰੀਤ ਫੋਰਚੂਨਰ ਗੱਡੀ ਦੇ ਚਾਲਕ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਦੱਸਿਆ ਕਿ ਮੇਰੇ ਅੱਗੇ ਆਂਡਿਆਂ ਨਾਲ ਭਰੀ ਗੱਡੀ ਜਾ ਰਹੀ ਸੀ ਜੋ ਬੇਕਾਬੂ ਹੋ ਕੇ ਪਲਟ ਗਈ। ਉਸ ਨੂੰ ਬਚਾਉਂਦੇ ਹੋਏ ਮੇਰੀ ਗੱਡੀ ਵੀ ਬੇਕਾਬੂ ਹੋ ਕੇ ਪਲਟ ਗਈ। ਸੜਕ ਸੁਰੱਖਿਆ ਫੋਰਸ ਦੀ ਮਦਦ ਨਾਲ ਮੌਕੇ ਤੇ ਕ੍ਰੇਨਾ ਮੰਗਵਾ ਕੇ ਗੱਡੀਆਂ ਨੂੰ ਕਿਨਾਰੇ ਕੀਤਾ ਗਿਆ ਤੇ ਆਵਾਜਾਈ ਨੂੰ ਚਾਲੂ ਕਰਵਾਇਆ ਗਿਆ।

## ਸ਼ੋਕ ਸਮਾਚਾਰ



**ਜਲੰਧਰ (ਨ.ਜ.ਸ)**- ਅਰੁਣ ਮਹਿਤਾ ਦੇ ਪਿਤਾ ਸ੍ਰੀ ਰਜਨੀਸ਼ ਮਹਿਤਾ 14 ਅਗਸਤ ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾ ਦੀ ਰਸਮ ਕਿਰਿਆ 17 ਅਗਸਤ ਨੂੰ ਸ੍ਰੀ ਬਾਵਾ ਲਾਲ ਦਿਆਲ ਮੰਦਰ, ਦਿਲਬਾਗ ਨਗਰ, ਬਸਤੀ ਗੁਜਾਂ 'ਚ ਦੁਪਹਿਰ 1 ਤੋਂ 2 ਵਜੇ ਹੋਵੇਗੀ।


### ਦਫਤਰ ਨਗਰ ਪੰਚਾਇਤ, ਲੋਹੀਆਂ ਖਾਸ (ਪਬਲਿਕ ਨੋਟਿਸ)

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਹ ਪ੍ਰੋਪਰਟੀ (ਰਿਹਾਇਸ਼ੀ) ਦਫਤਰ ਨਗਰ ਕੌਂਸਲ ਲੋਹੀਆਂ ਖਾਸ ਦੇ ਪ੍ਰੋਪਰਟੀ ਟੈਕਸ ਰਿਕਾਰਡ ਵਿੱਚ ਸ੍ਰੀ ਡੀ ਪੀ ਅਲੈਗਜੈਂਡਰ ਪੁੱਤਰ ਧਰਮਪਾਲ ਚੰਦ ਪੁੱਤਰ ਸਾਧੂ ਰਾਮ ਲੋਹੀਆਂ ਖਾਸ 'ਤੇ ਦਰਜ ਹੈ, ਜਿਸ ਦਾ ਅੰਦਰੂਨ ਲਾਲ ਲਕੀਰ ਮੁੱਖ ਬਜ਼ਾਰ ਰਕਬਾ ਕਰੀਬ 00 ਕ 02 ਮ 04 ਸ ਮਰਲੇ (ਕਵਰਡ ਏਰੀਆ 300 ਫੁੱਟ) ਹੈ। ਇਹ ਪ੍ਰੋਪਰਟੀ, ਜਿਸ ਦੀਆਂ ਹੱਦਾਂ ਚੜ੍ਹਦੇ ਰਸਤਾ, ਲਹਿੰਦੇ ਪਿਆਰਾ ਸਿੰਘ, ਪਹਾੜ ਸ਼ਸ਼ੀ ਭੂਸ਼ਨ, ਦੱਖਣ ਜੋਗਿੰਦਰ ਰਾਮ, ਮਕਾਨ ਸਣੇ ਰਸਤਾ, ਇੱਕ ਕਮਰਾ, ਰਸੋਈ, ਫਲੱਸ਼, ਬਾਥਰੂਮ, ਮਲਬਾ ਹਰ ਕਿਸਮ ਲੋਹੀਆਂ ਖਾਸ ਹੈ। ਡੀ ਪੀ ਅਲੈਗਜੈਂਡਰ ਪੁੱਤਰ ਧਰਮਪਾਲ ਚੰਦ ਪੁੱਤਰ ਸਾਧੂ ਰਾਮ ਵਾਸੀ ਲੋਹੀਆਂ ਖਾਸ ਵੱਲੋਂ ਇਹ ਪ੍ਰੋਪਰਟੀ ਸ੍ਰੀਮਤੀ ਅੰਜੂ ਪਤਨੀ ਰਕੇਸ਼ ਕੁਮਾਰ ਪੁੱਤਰ ਸੰਸਾਰ ਚੰਦ ਵਾਸੀ ਵਾਰਡ ਨੰ. 07, ਲੋਹੀਆਂ ਖਾਸ ਦਸਤਾਵੇਜ਼ ਨੰਬਰ 407 ਮਿਤੀ 29.08.2016 ਰਜਿਸਟਰੀ ਕਰਵਾਈ ਗਈ ਹੈ। ਇਹ ਪ੍ਰੋਪਰਟੀ ਦਾ ਪ੍ਰੋਪਰਟੀ ਟੈਕਸ ਕਲੀਅਰ ਹੈ। ਸ੍ਰੀਮਤੀ ਅੰਜੂ ਪਤਨੀ ਰਕੇਸ਼ ਕੁਮਾਰ ਪੁੱਤਰ ਸੰਸਾਰ ਚੰਦ ਵਾਸੀ ਵਾਰਡ ਨੰ. 07 ਲੋਹੀਆਂ ਖਾਸ ਵੱਲੋਂ ਇਹ ਸਵੈ-ਘੋਸ਼ਣਾ ਪੱਤਰ ਦਿੱਤਾ ਗਿਆ ਹੈ ਕਿ ਇਸ ਪ੍ਰੋਪਰਟੀ ਦਾ ਕੋਈ ਪਰਵਾਰਕ ਝਗੜਾ ਨਹੀਂ ਹੈ ਅਤੇ ਨਾ ਹੀ ਕੋਈ ਅਦਾਲਤੀ ਕੇਸ ਚੱਲਦਾ ਹੈ। ਇਸ ਲਈ ਇਹ ਪ੍ਰੋਪਰਟੀ ਰਿਹਾਇਸ਼ੀ ਸਿਰਫ ਪ੍ਰੋਪਰਟੀ ਟੈਕਸ ਭਰਨ ਦੇ ਮੰਤਵ ਲਈ ਪ੍ਰੋਪਰਟੀ ਸ੍ਰੀਮਤੀ ਅੰਜੂ ਪਤਨੀ ਰਕੇਸ਼ ਕੁਮਾਰ ਪੁੱਤਰ ਸੰਸਾਰ ਚੰਦ ਵਾਸੀ ਵਾਰਡ ਨੰ. 07 ਲੋਹੀਆਂ ਖਾਸ ਦੇ ਨਾਂਅ ਤਬਦੀਲ ਕਰ ਦਿੱਤੀ ਜਾਵੇ। ਇਸ ਇਸ਼ਤਿਹਾਰ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ ਦਫਤਰ ਨਗਰ ਪੰਚਾਇਤ ਲੋਹੀਆਂ ਖਾਸ ਵਿਖੇ ਦਰਜ ਕਰਵਾ ਸਕਦਾ ਹੈ। 30 ਦਿਨ ਦਾ ਸਮਾਂ ਖਤਮ ਹੋਣ ਤੋਂ ਬਾਅਦ ਇਹ ਪ੍ਰੋਪਰਟੀ ਸ੍ਰੀਮਤੀ ਅੰਜੂ ਪਤਨੀ ਰਕੇਸ਼ ਕੁਮਾਰ ਪੁੱਤਰ ਸੰਸਾਰ ਚੰਦ ਵਾਸੀ ਵਾਰਡ ਨੰ. 07 ਲੋਹੀਆਂ ਖਾਸ, ਤਹਿਸੀਲ ਸ਼ਾਹਕੋਟ ਦੇ ਨਾਂਅ ਤਬਦੀਲ ਕਰ ਦਿੱਤੀ ਜਾਵੇਗੀ। ਸਮਾਂ ਖਤਮ ਤੋਂ ਬਾਅਦ ਵਿੱਚ ਕਿਸੇ ਦਾ ਕੋਈ ਉਜਰ ਜਾਂ ਸੁਝਾਅ ਨਹੀਂ ਸੁਣਿਆ ਜਾਵੇਗਾ।

ਸਹੀ/- ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਲੋਹੀਆਂ ਖਾਸ

ਨੰ. 741/ਮਿਤੀ 12/8/2025

### ਦੀ ਕੋਟਫੱਤਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ :

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਕੋਟਫੱਤਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਵਿੱਚ ਸੇਲਜ਼ਮੈਨ ਦੀ ਖਾਲੀ ਅਸਾਮੀ ਡੀ. ਸੀ. ਰੇਟ 'ਤੇ ਆਰਜ਼ੀ ਤੌਰ 'ਤੇ ਭਰਨ ਸੰਬੰਧੀ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਉਮੀਦਵਾਰ ਨੇ ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋਂ ਗ੍ਰੈਜੂਏਸ਼ਨ ਕੀਤੀ ਹੋਵੇ, ਭਾਰਤ ਸਰਕਾਰ ਦੇ ਇਲੈਕਟ੍ਰੌਨਿਕਸ ਵਿਭਾਗ ਤੋਂ ਓ ਲੈਵਲ ਦੇ ਸਰਟੀਫਿਕੇਟ ਦਾ ਕੋਰਸ ਕੀਤਾ ਹੋਵੇ ਜਾਂ ਸਰਕਾਰ ਵੱਲੋਂ ਪ੍ਰਵਾਨਿਤ ਕਿਸੇ ਸੰਸਥਾ ਜੋ ISO 9001, ਅਨੁਸਾਰ ਤਸਦੀਕਸ਼ੁਦਾ ਹੋਵੇ ਤੋਂ ਘੱਟੋ-ਘੱਟ 120 ਘੰਟੇ ਦਾ ਕੰਪਿਊਟਰ ਕੋਰਸ ਪਾਸ ਕੀਤਾ ਹੋਵੇ। ਦਸਵੀਂ ਪੱਧਰ ਤੱਕ ਪੰਜਾਬੀ ਪਾਸ ਕੀਤੀ ਹੋਵੇ। ਉਮੀਦਵਾਰ ਕੋਲ ਘੱਟੋ ਘੱਟ 3 ਸਾਲ ਦਾ ਕੰਪਿਊਟਰ ਆਪ੍ਰੇਟਰ ਦਾ ਕਿਸੇ ਬਹੁ-ਤਕਨੀਕੀ ਸੰਸਥਾ ਪਾਸੋਂ ਤਜਰਬਾ ਹੋਵੇ, ਉਮੀਦਵਾਰ ਆਪਣੀਆਂ ਅਰਜ਼ੀਆਂ 29-8-2025 ਤੱਕ ਸ਼ਾਮ 5 ਵਜੇ ਤੱਕ ਦਸਤੀ ਜਾਂ ਰਜਿਸਰਡ ਡਾਕ ਰਾਹੀਂ ਸਭਾ ਦੇ ਦਫਤਰ ਕੰਮ ਕਾਰ ਵਾਲੇ ਦਿਨ ਭੇਜ ਸਕਦੇ ਹਨ। ਮਿੱਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਨੂੰ ਵਿਚਾਰਿਆ ਨਹੀਂ ਜਾਵੇਗਾ। ਉਮੀਦਵਾਰ ਆਪਣੇ ਦਸਤਾਵੇਜ਼ਾਂ ਦੀ ਅਸਲ ਕਾਪੀ ਅਤੇ ਇੱਕ ਅਟੈਸਟਡ ਕਾਪੀ ਇੰਟਰਵਿਊ ਵਾਲੇ ਦਿਨ, ਜੋ ਕਿ ਮਿਤੀ 3-9-2025 ਨੂੰ ਸਵੇਰੇ 11 ਵਜੇ ਦੀ ਕੋਟਫੱਤਾ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਕੋਟ ਫੱਤਾ ਦੇ ਦਫਤਰ ਵਿਖੇ ਹਾਜ਼ਰ ਹੋਣ। ਭਰਤੀ ਸੰਬੰਧੀ ਸਿਲੈਕਸ਼ਨ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ।

ਨੋਟ : (1) ਉਮੀਦਵਾਰ ਦੀ ਉਮਰ 1.8.2025 ਨੂੰ 18 ਸਾਲ ਤੋਂ 37 ਸਾਲ ਵਿਚਕਾਰ ਹੋਵੇ। (2) ਉਮੀਦਵਾਰ ਸਭਾ ਦੇ ਦਾਇਰਾ ਕਾਰੋਬਾਰ ਦਾ ਨਿਵਾਸੀ ਹੋਵੇ। ਪ੍ਰਧਾਨ- 95090-10006, ਸਕੱਤਰ 94643 23006

### ਦਫਤਰ ਨਗਰ ਪੰਚਾਇਤ, ਲੋਹੀਆਂ ਖਾਸ (ਪਬਲਿਕ ਨੋਟਿਸ)

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਹ ਪ੍ਰੋਪਰਟੀ (ਰਿਹਾਇਸ਼ੀ) ਦਫਤਰ ਨਗਰ ਪੰਚਾਇਤ ਲੋਹੀਆਂ ਖਾਸ ਦੇ ਪ੍ਰੋਪਰਟੀ ਟੈਕਸ ਰਿਕਾਰਡ ਵਿੱਚ ਸ੍ਰੀਮਤੀ ਪਰਵੀਨ ਕਾਲੀਆ ਪਤਨੀ ਅਵਤਾਰ ਚੰਦ ਪੁੱਤਰ ਫਕੀਰ ਚੰਦ ਵਾਸੀ ਲੋਹੀਆਂ ਖਾਸ 'ਤੇ ਦਰਜ ਹੈ, ਜਿਸ ਦਾ ਪੀ.ਟੀ. ਨੰਬਰ PT-1007- 2072627 ਹੈ। ਜਿਸ ਦਾ ਰਕਬਾ ਕਰੀਬ 00 ਕਨਾਲ 02 ਮਰਲੇ 04 ਸਰਸਾਈ (ਕਵਰਡ ਏਰੀਆ 684 ਫੁੱਟ ) ਹੈ। ਇਹ ਪ੍ਰੋਪਰਟੀ ਵਾਰਡ ਨੰ. 10 (Old 07) ਨੇੜੇ ਰਾਜ ਚੱਕੀ ਹੈ, ਜਿਸ ਦੀਆਂ ਹੱਦਾਂ ਚੜ੍ਹਦੇ ਦੁਕਾਨ ਬਲਵੰਤ ਸਿੰਘ ਪੁੱਤਰ ਕਰਤਾਰ ਸਿੰਘ ਅਤੇ ਸੁਖਵਿੰਦਰ ਸਿੰਘ ਪੁੱਤਰ ਬਲਵੰਤ ਸਿੰਘ, ਲਹਿੰਦੇ ਮਕਾਨ ਬਲਜਿੰਦਰ ਕੌਰ ਪਤਨੀ ਨਛੱਤਰ ਸਿੰਘ, ਪਹਾੜ ਰਸਤਾ, ਦੱਖਣ ਸੰਸਾਰ ਚੰਦ ਪੁੱਤਰ ਸਾਧੂ ਰਾਮ ਹੈ। ਜਿਸ ਵਿੱਚ ਦੋ ਕਮਰੇ, ਬਾਥਰੂਮ, ਰਸੋਈ, ਫਲੱਸ਼, ਮੀਟਰ ਬਿਜਲੀ, ਖਾਤਾ ਨੰ. 3005807445, ਮੋਟਰ ਬੋਰ ਸਬਮਰਸੀਬਲ, ਮਲਬਾ ਹੈ। ਸ੍ਰੀਮਤੀ ਪਰਵੀਨ ਕਾਲੀਆ ਪਤਨੀ ਅਵਤਾਰ ਚੰਦ ਪੁੱਤਰ ਫਕੀਰ ਚੰਦ ਵਾਸੀ ਲੋਹੀਆਂ ਖਾਸ ਵੱਲੋਂ ਇਹ ਪ੍ਰੋਪਰਟੀ ਸ੍ਰੀ ਸੁਖਵਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਪੁੱਤਰ ਲਾਭ ਸਿੰਘ ਸਿੰਘ ਵਾਸੀ ਪਿੰਡ ਉਗਰੂਪੁਰ (ਡੱਲਾ) ਤਹਿ: ਸੁਲਤਾਨਪੁਰ ਹਾਲ ਲੋਹੀਆਂ ਖਾਸ ਦਸਤਾਵੇਜ਼ ਨੰਬਰ 117 ਮਿਤੀ 12.05.2025 ਰਜਿਸਟਰੀ ਕਰਵਾਈ ਗਈ ਹੈ।ਇਸ ਪ੍ਰੋਪਰਟੀ ਦਾ ਪ੍ਰੋਪਰਟੀ ਟੈਕਸ ਕਲੀਅਰ ਹੈ। ਸ੍ਰੀ ਸੁਖਵਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਪੁੱਤਰ ਲਾਭ ਸਿੰਘ ਵਾਸੀ ਪਿੰਡ ਉਗਰੂਪੁਰ (ਡੱਲਾ) ਤਹਿ: ਸੁਲਤਾਨਪੁਰ ਹਾਲ ਲੋਹੀਆਂ ਖਾਸ ਵੱਲੋਂ ਇਹ ਸਵੈ-ਘੋਸ਼ਣਾ ਪੱਤਰ ਦਿੱਤਾ ਗਿਆ ਹੈ ਕਿ ਇਸ ਪ੍ਰੋਪਰਟੀ ਦਾ ਕੋਈ ਪਰਿਵਾਰਕ ਝਗੜਾ ਨਹੀ ਹੈ ਅਤੇ ਨਾ ਹੀ ਕੋਈ ਅਦਾਲਤੀ ਕੇਸ ਚਲਦਾ ਹੈ।ਇਸ ਲਈ ਇਹ ਪ੍ਰੋਪਰਟੀ (ਰਿਹਾਇਸ਼ੀ) ਸਿਰਫ ਪ੍ਰੋਪਰਟੀ ਟੈਕਸ ਭਰਨ ਦੇ ਮੰਤਵ ਲਈ ਪ੍ਰੋਪਰਟੀ ਸ੍ਰੀ ਸੁਖਵਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਪੁੱਤਰ ਲਾਭ ਸਿੰਘ ਸਿੰਘ ਵਾਸੀ ਪਿੰਡ ਉਗਰੂਪੁਰ (ਡੱਲਾ) ਤਹਿ: ਸੁਲਤਾਨਪੁਰ ਹਾਲ ਲੋਹੀਆਂ ਖਾਸ ਦੇ ਨਾਂਅ ਤਬਦੀਲ ਕਰ ਦਿੱਤੀ ਜਾਵੇ।ਇਸ ਇਸ਼ਤਹਾਰ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਆਪਣਾ ਇਤਰਾਜ਼ ਦਫਤਰ ਨਗਰ ਪੰਚਾਇਤ ਲੋਹੀਆਂ ਖਾਸ ਵਿਖੇ ਦਰਜ ਕਰਵਾ ਸਕਦਾ ਹੈ। 30 ਦਿਨ ਦਾ ਸਮਾਂ ਖਤਮ ਹੋਣ ਤੋਂ ਬਾਅਦ ਇਹ ਪ੍ਰੋਪਰਟੀ ਸ੍ਰੀ ਸੁਖਵਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਪੁੱਤਰ ਲਾਭ ਸਿੰਘ ਵਾਸੀ ਪਿੰਡ ਉਗਰੂਪੁਰ (ਡੱਲਾ) ਤਹਿ: ਸੁਲਤਾਨਪੁਰ ਹਾਲ ਲੋਹੀਆਂ ਖਾਸ, ਤਹਿਸੀਲ ਸ਼ਾਹਕੋਟ ਦੇ ਨਾਂਅ ਤਬਦੀਲ ਕਰ ਦਿੱਤੀ ਜਾਵੇਗੀ। ਸਮਾਂ ਖਤਮ ਹੋਣ ਤੋਂ ਬਾਅਦ ਵਿੱਚ ਕਿਸੇ ਦਾ ਕੋਈ ਉਜਰ ਜਾਂ ਸੁਝਾਅ ਨਹੀ ਸੁਣਿਆ ਜਾਵੇਗਾ।

ਕਾਰਜਕਾਰੀ ਅਫਸਰ, ਨਗਰ ਪੰਚਾਇਤ, ਲੋਹੀਆਂ ਖਾਸ (ਜਲੰਧਰ)

ਨੰ. 738, ਮਿਤੀ : 12.08.2025

## ਕਲਾਸੀਫਾਈਡ ਇਸ਼ਤਿਹਾਰ

### ਬੇਦਖਲੀ ਨੋਟਿਸ

ਮੈਂ ਜਸਬੀਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮਕਾਨ ਨੰ. 71, ਗਲੀ ਨੰ.9, ਹਰਗੋਬਿੰਦ ਐਵੀਨਿਊ, ਸ਼ੇਰ ਸ਼ਾਹ ਸੂਰੀ ਰੋਡ, ਛੇਹਰਟਾ, ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰਮਾਨਦੀਪ ਸਿੰਘ, ਜੋ ਕੁਆਰਾ ਹੈ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ। ਮੈਂ ਉਸਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ, ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਾਲੁਕ ਵਾਸਤਾ ਨਹੀਂ।

ਮੈਂ ਜਸਵੰਤ ਸਿੰਘ ਅਧਾਰ ਨੰਬਰ 3954219875-88 ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਫੈਜ਼ੁੱਲਾ ਚੱਕ ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ ਅਤੇ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਹਰਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ।ਮੈਂ ਆਪਣੇ ਪੁੱਤਰ ਹਰਵਿੰਦਰ ਸਿੰਘ ਅਧਾਰ ਨੰਬਰ 727192370302 ਨੂੰ ਆਪਣੀ ਸਮੁੱਚੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਜਿਹੜਾ ਵੀ ਉਸ ਨਾਲ ਕੋਈ ਲੈਣ-ਦੇਣ ਕਰੇਗਾ, ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ।

ਅਸੀ ਪ੍ਰਿਤਪਾਲ ਸਿੰਘ ਪੁੱਤਰ ਤਰਲੋਚਨ ਸਿੰਘ ਅਤੇ ਸੁਰਿੰਦਰਜੀਤ ਕੌਰ ਪਤਨੀ ਪ੍ਰਿਤਪਾਲ ਸਿੰਘ ਵਾਸੀ ਮਕਾਨ ਨੰ. 24, ਗਲੀ ਨੰ.14, ਨਿਊ ਪਵਨ ਨਗਰ,ਬਟਾਲਾ ਰੋਡ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਅਮਨਦੀਪ ਸਿੰਘ ਜੋ ਸਾਡੇ ਕਹਿਣੇ ਸੁਨਣੇ ਤੋਂ ਬਾਹਰ ਹੈ, ਸਾਡੀ ਕੋਈ ਗੱਲ ਨਹੀਂ ਸੁਣਦਾ। ਅਸੀਂ ਉਸ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਅਸੀ ਅਤੇ ਸਾਡਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਸਾਡਾ ਅਤੇ ਸਾਡੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ,ਪ੍ਰਕਾਸ਼ ਕੌਰ ਪਤਨੀ ਸ੍ਰ.ਕਸ਼ਮੀਰ ਸਿੰਘ ਵਾਸੀ ਮਕਾਨ ਨੰ.4, ਗਲੀ ਨੰ.2 ,ਕਾਲੇ ਘਣੂਪੁਰ, ਛੇਹਰਟਾ, ਅੰਮ੍ਰਿਤਸਰ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜੋਬਨਪ੍ਰੀਤ ਸਿੰਘ ਅਤੇ ਉਸਦੀ ਪਤਨੀ ਨੇਹਾ ਦੋਵੇਂ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ, ਮੇਰੀ ਕੋਈ ਗੱਲ ਨਹੀਂ ਸੁਣਦੇ ਅਤੇ ਲੜਾਈ ਝਗੜਾ ਕਰਦੇ ਰਹਿੰਦੇ ਹਨ। ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਜਗਸੀਰ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਮਧੇਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਵਤਾਰ ਸਿੰਘ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕੁਲਵਿੰਦਰ ਕੌਰ ਪਤਨੀ ਬਲਦੇਵ ਸਿੰਘ ਵਾਸੀ ਪਿੰਡ ਵਰ੍ਹੇ, ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰੀ ਬੇਟੀ ਰਮਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਉੱਤਮ ਸਿੰਘ ਗਲਹੋਤਰਾ ਪੁੱਤਰ ਸ੍ਰੀ ਰਾਮ ਪਿਆਰਾ ਅਤੇ ਮੇਰੀ ਪਤਨੀ ਮੰਜੂ ਗਲਹੋਤਰਾ ਵਾਸੀ ਈ ਜੇ 341 ਚਹਾਰ ਬਾਗ, ਜਲੰਧਰ ਨੇ ਆਪਣੇ ਲੜਕੇ ਸ਼ੋਭਿਤ ਗਲਹੋਤਰਾ ਅਤੇ ਉਸ ਦੀ ਧਰਮ ਪਤਨੀ ਕੰਚਨ ਅਤੇ ਪੋਤਰੀ ਮਾਯਰਾ, ਜੋ ਕਿ ਸਾਡੇ ਕਹਿਣੇ ਵਿੱਚ ਨਹੀਂ ਹਨ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਜਾਂ ਮੇਰਾ ਪਰਵਾਰ ਨਹੀਂ।

ਮੈਂ, ਮਾਲਾ ਪਤਨੀ ਪਰਮਜੀਤ ਸਿੰਘ ਵਾਸੀ 759, ਗਲੀ ਨੰ: 7, ਨੇੜੇ ਜੌੜਾ ਫਾਟਕ, ਤੁੰਗ ਪਾਈ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਅਸ਼ਨਦੀਪ ਸਿੰਘ ਮੇਰੇ ਅਤੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕੁਲਜੀਤ ਸਿੰਘ ਪੁੱਤਰ ਮੇਜਾ ਸਿੰਘ ਵਾਸੀ 1942, ਸ਼ਰੀਫਪੁਰਾ, ਰਾਣੀ ਬਾਜ਼ਾਰ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਓਂਕਾਰ ਸਿੰਘ ਅਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਓਂਕਾਰ ਸਿੰਘ ਅਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

### ਬੇਦਖਲੀ ਨੋਟਿਸ

ਮੈਂ, ਜਸਬੀਰ ਕੌਰ ਪਤਨੀ ਲੇਟ ਸਵਿੰਦਰ ਸਿੰਘ ਵਾਸੀ 802, ਗਲੀ ਨੰਬਰ 2, ਡਾਇਮੰਡ ਐਵੀਨਿਊ, ਮਜੀਠਾ ਰੋਡ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਜਸਪਾਲ ਸਿੰਘ ਅਤੇ ਉਸ ਦੀ ਪਤਨੀ ਪੂਜਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਕਾਬਲ ਸਿੰਘ ਪੁੱਤਰ ਜਗੀਰ ਸਿੰਘ ਅਤੇ ਨਿਰਮਲ ਕੌਰ ਪਤਨੀ ਕਾਬਲ ਸਿੰਘ ਵਾਸੀਆਨ ਪੱਤੀ ਮਨਸੂਰ ਦੀ, ਸੁਲਤਾਨਵਿੰਡ ਪਿੰਡ, ਅੰਮ੍ਰਿਤਸਰ, ਪੰਜਾਬ-143001 ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਗੁਰਪ੍ਰੀਤ ਸਿੰਘ, ਉਸ ਦੀ ਪਤਨੀ ਗਗਨਦੀਪ ਕੌਰ ਤੇ ਉਹਨਾਂ ਦੀ ਬੇਟੀ ਸਿਮਰਪ੍ਰੀਤ ਕੌਰ, ਜੋ ਸਾਡੇ ਕਹਿਣੇ ਵਿਚ ਨਹੀਂ ਹਨ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਜ ਕੁਮਾਰ ਪੁੱਤਰ ਖਰੈਤੀ ਲਾਲ ਵਾਸੀ 463, ਗਲੀ ਨੰਬਰ 4, ਕੋਟ ਆਤਮਾ ਸਿੰਘ, ਰਾਮ ਬਾਗ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਬੇਟਾ ਸਾਜਨ, ਜੋ ਸ਼ਾਦੀਸ਼ੁਦਾ ਹੈ, ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਰੇਣੂ ਯਾਦਵ ਪਤਨੀ ਸ਼੍ਰੀ ਸੰਤ ਰਾਮ ਯਾਦਵ ਅਤੇ ਸੰਤ ਰਾਮ ਯਾਦਵ ਪੁੱਤਰ ਰਾਮ ਲਾਲ ਯਾਦਵ ਵਾਸੀਆਨ ਮਕਾਨ ਨੰਬਰ ਬੀ 1 992, ਮੁੱਹਲਾ ਰਾਮ ਨਗਰ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਅਭਿਸ਼ੇਕ ਕੁਮਾਰ ਯਾਦਵ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

### Change of Name

I Amarjeet Singh S/O Sucha Singh R/O Village Attalgarh Po Mode Distt Amritsar Have Changed My Name From Amarjeet Singh To Amarjit Singh. All Concerned May Please Note.

I, Sarbjit Singh S/o Gurbhej Singh R/o Village Ghasitpur PO. Kang Distt Tarn Taran have declare that Singh is my Surname Sarbjit is my given name

I Saggi Kuldeep Kishan Son Of Sohan Lal R/O Mohalla Saggian Vpo. Hariana Tehsil & Distt Hoshiarpur Declare As That I Have Changed My Name Saggi Kuldeep Kishan To Kuldeep Kishan.

I, Maninderjeet Singh and Manjinderjeet Singh S/o Shri Amarjeet Singh R/o Patti Gopi Ki, Bundala Tehsil and District Amritsar have declare that above both names are mine one and same person

I, Nitto D/o Swinder Singh W/o Balwinder Singh R/o Garden Enclave, Khan Kot Garden Colony Amritsar have changed my name from Nitto to Neetu

I, Parmjit Singh D/o Pal Singh W/o Arjan Singh R/o Patti Udia Purana Di, Varpal Amritsar have changed my name from Parmjit Singh to Parmjit Kaur

I, Anmol Singh S/o Gurvail Singh R/o Village Thathian PO Bundala Distt Amritsar have declare that Singh is my Surname Anmol is my given name

I, Gursimran Singh S/o Balwinder Singh R/o H.No.713, Pind Mode, Near Attari Wagha Border District Amritsar have declare that Gursimran is my Given name and Singh is my Surname

### ਨਾਂਅ ਦੀ ਬਦਲੀ

ਮੈਂ ਮਨਜੀਤ ਕੌਰ ਪਤਨੀ ਸ੍ਰੀ ਸੰਤੋਖ ਲਾਲ ਵਾਸੀ ਪਿੰਡ ਤੇ ਡਾਕਖਾਨਾ ਮਖਸੂਸਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰੇ (ਨਾਬਾਲਗ) ਸਪੁੱਤਰ ਨੇ ਆਪਣਾ ਨਾਂਅ ਹਰਮਨ ਤੋਂ ਬਦਲ ਕੇ ਹਰਮਨ ਬਾਗਲਾ ਰੱਖ ਲਿਆ ਹੈ।

ਮੈਂ ਸੁਰਜੀਤ ਕੌਰ ਪਤਨੀ ਭਗਵਾਨ ਸਿੰਘ ਵਾਸੀ ਭੈਣੀ ਗੁਰਮੁਖ ਸਿੰਘ ਜ਼ਿਲਾ ਤਰਨ ਤਾਰਨ ਸੂਚਿਤ ਕਰਦੀ ਹਾਂ ਕਿ ਮੈਂ ਆਪਣਾ ਨਾਂਅ ਸੁਰਜੀਤ ਕੌਰ ਤੋਂ ਬਦਲ ਕੇ ਮਨਪ੍ਰੀਤ ਕੌਰ ਰੱਖ ਲਿਆ ਹੈ।

### Change of Name

I, Raj Kumar S/o Late Dharam Pal Kochhar R/o H.No. 125/20, Gali Ashoka Chips Wali, Gita Bhawan Road, Gurdaspur, Tehsil/Distt. Gurdaspur, Punjab, India, have changed my name from Raj Kumar to Raj Kochhar.

I, Kuldeep Singh S/o Jagir Singh R/o H.No. 92, Ward No.15, New Chandan Nagar, Kartarpur, Jalandhar, have changed my name from Kuldip Singh to Kuldeep Singh. All concerned please note.

I, Rajbir Singh Juneja S/O Jaspal Singh Juneja R/O H.No. 393 L, Model Town Jalandhar, Punjab Have Changed My Name From Rajbir Singh Juneja To Rajbir Singh. All Concerned Please Note.

I,Tara Singh S/O Sawinder Singh R/O VPO Gaggo Mahal Distt. Amritsar,Punjab have changed my name from Tara Singh to Sitara Singh.

I,Ravdeep Kaur D/O Sitara Singh R/O VPO Gaggo Mahal, Distt. Amritsar, Punjab have changed my name from Ravdeep Kaur to Ravneet Kaur.Please correct my name Ravneet kaur in my LIC Policy No.471870991

I, Kulwinder Kaur W/o Jagsir Singh R/o VPO Badhni Kalan, Distt. Moga, Punjab-142037, have changed my name to Shinder Kaur.

I, Gurpreet Singh S/O Nachhatar Singh R/O Vill. Karamjitpur, Distt. Kapurthala, Punjab Have Changed My Name To Singh As Surname And Gurpreet As Givenname. All Concerned Please Note.

I, Nirmal Singh S/o Kulwant Singh R/o Village Bala Chak PO Chabba Tehsil and Dsitrict Tarn Taran have declare that Nirmal is my Given name and Singh is my Surname

I, Sukhpreet Singh S/o Amrik Singh R/o Village Thathian PO Bundala Distt Amritsar have declare that Singh is my Surname Sukhpreet is my given name

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਆਜ਼ਾਦੀ ਦਿਹਾੜੇ ਮੌਕੇ ਤਿਰੰਗਾ ਲਹਿਰਾਉਣਾ ਭੁੱਲਿਆ ਸਿਵਲ ਹਸਪਤਾਲ ਦਾ ਪ੍ਰਸ਼ਾਸਨ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-79ਵੇਂ ਆਜ਼ਾਦੀ ਦਿਹਾੜੇ ਮੌਕੇ ਸਿਵਲ ਹਸਪਤਾਲ ਹੁਸ਼ਿਆਰਪੁਰ ਦਾ ਪ੍ਰਸ਼ਾਸਕੀ ਅਮਲਾ ਹਸਪਤਾਲ ਮੁੱਖ ਦੁਆਰ ਸਾਹਮਣੇ ਲਗਾ ਹੋਇਆ ਤਿਰੰਗਾ ਝੰਡਾ ਲਹਿਰਾਉਣਾ ਹੀ ਭੁੱਲ ਗਿਆ।

ਭਾਵੇਂ ਆਕਸੀਜਨ ਪਲਾਂਟ ਦੀ ਰੱਖ ਰਖਾਓ ਦਾ ਮਾਮਲਾ ਹੋਵੇ, ਪੱਤਰਕਾਰਾਂ ਲਈ ਸਿਵਲ ਹਸਪਤਾਲ ਵਿੱਚ ਕਵਰੇਜ ਤੇ ਫੋਟੋਗ੍ਰਾਫੀ ਕਰਨ ਤੋਂ ਮਨਾਹੀ ਦੇ ਪੋਸਟਰ ਲਗਾਉਣ ਦਾ ਮਾਮਲਾ ਹੋਵੇ, ਐਮਰਜੈਂਸੀ ਵਿੱਚ ਬਿਨਾਂ ਬਿਜਲੀ ਤੋਂ ਮੋਬਾਈਲ ਦੀਆਂ ਲਾਈਟਾਂ ਨਾਲ ਮਰੀਜ਼ਾਂ ਦੇ ਟੀਕੇ ਲਾਉਣ ਦਾ ਮਾਮਲਾ ਹੋਵੇ, ਡਾਕਟਰੀ ਅਮਲੇ ਵੱਲੋਂ ਬਿਨਾਂ ਮਨਜ਼ੂਰੀ ਤੋਂ ਸਿਵਲ ਹਸਪਤਾਲ ਦੇ ਅੰਦਰ ਧਰਨੇ ਪ੍ਰਦਰਸ਼ਨ ਕਰਨ ਦਾ ਮਾਮਲਾ ਹੋਵੇ, ਸਿਵਲ ਹਸਪਤਾਲ ਹੁਸ਼ਿਆਰਪੁਰ ਦਾ ਪ੍ਰਸ਼ਾਸਨਿਕ ਅਮਲਾ ਹਮੇਸ਼ਾ ਹੀ ਅਖਬਾਰਾਂ ਦੀਆਂ ਸੁਰਖੀਆਂ ਬਣਦਾ ਰਿਹਾ।ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਵਿਭਾਗਾਂ ਨੂੰ ਆਪੋ ਆਪਣੇ ਅਦਾਰਿਆਂ ਵਿੱਚ ਤਿਰੰਗਾ ਝੰਡਾ ਲਹਿਰਾ ਕੇ ਮੁੱਖ ਸਮਾਗਮਾਂ ਵਿੱਚ ਹਾਜ਼ਰੀਆਂ ਭਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ। ਹੁਣ ਦੇਖਣਾ ਇਹ ਹੈ ਕਿ ਇਸ ਲਾਪਰਵਾਹੀ ਲਈ ਜ਼ਿੰਮੇਵਾਰ ਸਿਵਲ ਹਸਪਤਾਲ ਦੇ ਪ੍ਰਸ਼ਾਸਕੀ ਇੰਚਾਰਜ ਤੇ ਹੋਰ ਅਮਲੇ ਉੱਪਰ ਕੀ ਕਾਰਵਾਈ ਕੀਤੀ ਜਾਂਦੀ ਹੈ।

ਇਸ ਮਾਮਲੇ ਵਿੱਚ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਪ੍ਰਸ਼ਾਸ਼ਕੀ ਇੰਚਾਰਜ ਐੱਸ ਐੱਮ ਓ ਡਾ. ਸਵਾਤੀ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਨਾਲ ਸੰਪਰਕ ਨਹੀਂ ਹੋ ਸਕਿਆ। ਸੰਪਰਕ ਕਰਨ 'ਤੇ ਸਿਵਲ ਸਰਜਨ ਡਾਕਟਰ ਪਵਨ ਕੁਮਾਰ ਸ਼ਗੋਤਰਾ ਨੇ ਕਿਹਾ ਕਿ ਇਸ ਮਾਮਲੇ ਬਾਰੇ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਇੰਚਾਰਜ ਪ੍ਰਸਾਸ਼ਕ ਜਿਆਦਾ ਜਾਣਕਾਰੀ ਦੇ ਸਕਦੇ ਹਨ ਕਿਉਂਕਿ ਉਹ ਛੁੱਟੀ 'ਤੇ ਹਨ। ਦੂਜੇ ਇੰਚਾਰਜ ਡਾ. ਕੁਲਦੀਪ ਸਿੰਘ ਨੇ ਕਿਹਾ ਕਿ ਇਸ ਵਾਰ ਸਿਵਲ ਹਸਪਤਾਲ ਹੁਸ਼ਿਆਰਪੁਰ ਦੀ ਬੈਕ ਸਾਈਡ ਤੇ ਸਥਿਤ ਸਿਵਲ ਸਰਜਨ ਦਫਤਰ ਵਿੱਚ ਹੀ ਤਿਰੰਗਾ ਝੰਡਾ ਲਹਿਰਾਇਆ ਗਿਆ ਹੈ ਜਦਕਿ ਉਨ੍ਹਾਂ ਦੀ ਡਿਊਟੀ ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਪੁਲਸ ਲਾਈਨ ਵਿਖੇ ਲਗਾਈ ਹੋਣ ਕਾਰਣ ਉਹ ਬਿਜ਼ੀ ਰਹੇ ।


# ਬਜ਼ੁਰਗਾਂ ਦੇ ਵਿਹੜੇ ਧੂਮਧਾਮ ਨਾਲ ਮਨਾਇਆ 79ਵਾਂ ਆਜ਼ਾਦੀ ਦਿਹਾੜਾ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਬਜ਼ੁਰਗਾਂ ਦਾ ਵਿਹੜਾ ਆਦਰਸ਼ ਬ੍ਰਿਧ ਆਸ਼ਰਮ ਝਾਖੋਲਾੜੀ ਜੋ ਕਿ ਪਿਛਲੇ ਪੰਜ ਸਾਲ ਤੋਂ ਮਾਨਵਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਦਿੰਦਾ ਆ ਰਿਹਾ ਹੈ, 'ਚ ਅੱਜ ਸਾਰੇ ਹੀ ਮੈਨੇਜਮੈਂਟ ਅਤੇ ਬਜ਼ੁਰਗਾਂ ਨੇ ਮਿਲ ਕੇ 79 ਸਵਤੰਤਰ ਦਿਵਸ ਧੂਮਧਾਮ ਨਾਲ ਮਨਾਇਆ। ਇਸ ਮੌਕੇ ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੇ ਸਮੂਹ ਮੈਨੇਜਮੈਂਟ ਦੇ ਨਾਲ ਤਿਰੰਗਾ ਲਹਿਰਾਉਣ ਦੀ ਰਸਮ ਪੂਰੀ ਕੀਤੀ ਅਤੇ ਸਾਰੇ ਹੀ ਬਜ਼ੁਰਗਾਂ ਨੇ ਮਿਲ ਕੇ ਰਾਸ਼ਟਰ ਗਾਨ ਦੇ ਨਾਲ ਇਸ ਦਿਨ ਦੀ ਯਾਦ ਵਿੱਚ ਸ਼ਹੀਦ ਹੋਏ ਵੀਰਾਂ ਦੀ ਸ਼ਹੀਦੀ ਨੂੰ ਯਾਦ ਕਰਦੇ ਹੋਏ ਸ਼ਾਂਤੀਪੂਰਬਕ ਸ਼ਰਧਾਂਜਲੀ ਦਿੱਤੀ। ਇਸ ਮੌਕੇ ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਅਤੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ ਨੇ ਕਿਹਾ ਕਿ ਸਾਨੂੰ ਹਮੇਸ਼ਾ ਹੀ ਆਪਣੇ ਬੱਚਿਆਂ ਨੂੰ ਦੇਸ਼ ਦੇ ਪ੍ਰਤੀ ਵਫਾਦਾਰ ਹੋਣਾ ਸਿਖਾਉਣਾ ਚਾਹੀਦਾ ਹੈ ਅਤੇ ਹਮੇਸ਼ਾ ਹੀ ਦੇਸ਼ ਦੀ ਸੇਵਾ ਦੇ ਲਈ ਅੱਗੇ ਵਧ ਕੇ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਦਿਨ ਰਾਤ ਸਾਡੀ ਰਕਸ਼ਾ ਲਈ ਆਪਣੀ ਡਿਊਟੀ ਕਰਦੇ ਹਨ ਉਹਨਾਂ ਦੀਆਂ ਲੰਬੀਆਂ ਉਮਰਾਂ ਲਈ ਦੁਆਵਾਂ ਕਰਨੀਆਂ ਚਾਹੀਦੀਆਂ ਹਨ। ਇਸ ਦੇ ਨਾਲ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੇ ਕਿਹਾ ਕਿ ਭਾਵੇਂ ਸਾਡੇ ਦੇਸ਼ ਨੂੰ ਆਜ਼ਾਦ ਹੋਇਆ 79 ਸਾਲ ਹੋ ਗਏ ਹਨ ਪਰ ਬੜੇ ਦੁੱਖ ਦੀ ਗੱਲ ਹੈ ਕਿ ਅੱਜ ਵੀ ਸਾਡੇ ਦੇਸ਼ ਦੀਆਂ ਧੀਆਂ, ਔਰਤਾਂ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਨਹੀਂ ਕਰ ਪਾ ਰਹੀਆ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਹੀ ਮਿਲ ਕੇ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀਂ ਹਮੇਸ਼ਾ ਹੀ ਇੱਕ ਚੰਗੇ ਨਾਗਰਿਕ ਦੀ ਤਰ੍ਹਾਂ ਆਪਣੇ ਦੇਸ਼ ਦੀ ਰਕਸ਼ਾ ਕਰੀਏ ਅਤੇ ਇੱਕ ਦੂਜੇ ਦਾ ਸਾਥ ਦਈਏ।ਇਸ ਮੌਕੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ, ਚੇਅਰਪਰਸਨ ਰੀਨਾ ਸ਼ਰਮਾਲ, ਸੁਪਰਡੈਂਟ ਮਿਸ ਅੰਜਲੀ ਸ਼ਰਮਾ, ਕੋਆਰਡੀਨੇਟਰ ਮਿਸ ਇੰਦਰਜੀਤ ਕੌਰ ਤੇ ਆਸ਼ਰਮ ਸਮੂਹ ਸਟਾਫ਼ ਸਵਿਤਾ, ਵਿਜੈ ਕੁਮਾਰੀ, ਸੁਦੇਸ਼ ਕੁਮਾਰੀ, ਰਾਜ ਰਾਣੀ, ਰੂਪ ਰਾਣੀ, ਕਮਲੇਸ਼ ਕੁਮਾਰੀ,ਵਿਪਨ ਕੁਮਾਰ, ਰਮੇਸ਼ ਚੰਦਰ ਆਦਿ ਮੌਜੂਦ ਸਨ।



# ਆਜ਼ਾਦੀ ਲਈ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦਾਂ ਨੂੰ ਯਾਦ ਰੱਖਣਾ ਚਾਹੀਦਾ: ਪ੍ਰਗਟ ਸਿੰਘ

ਜਲੰਧਰ (ਰਾਜੇਸ਼ ਥਾਪਾ)-ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਤੇ ਵਿਧਾਇਕ ਪਦਮ ਸ੍ਰੀ ਪ੍ਰਗਟ ਸਿੰਘ ਨੇ ਆਜ਼ਾਦੀ ਦਿਵਸ ਦੇ ਮੌਕੇ 'ਤੇ ਕਾਂਗਰਸ ਭਵਨ ਵਿਖੇ ਤਿਰੰਗਾ ਲਹਿਰਾਇਆ। ਉਨ੍ਹਾਂ ਦੇਸ਼ ਵਾਸੀਆਂ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ। ਜ਼ਿਲ੍ਹਾ ਕਾਂਗਰਸ ਕਮੇਟੀ ਦੇ ਸ਼ਹਿਰੀ ਪ੍ਰਧਾਨ ਤੇ ਸਾਬਕਾ ਵਿਧਾਇਕ ਰਜਿੰਦਰ ਬੇਰੀ ਤੇ ਵਿਧਾਨ ਸਭਾ ਹਲਕਾ ਉੱਤਰੀ ਦੇ ਵਿਧਾਇਕ ਬਾਵਾ ਹੈਨਰੀ ਵੀ ਮੌਜੂਦ ਸਨ। ਪਦਮ ਸ੍ਰੀ ਪ੍ਰਗਟ ਸਿੰਘ ਨੇ ਕਿਹਾ ਕਿ ਸਾਨੂੰ ਬਹੁਤ ਸਾਰੀਆਂ ਮੁਸ਼ਕਲਾਂ ਤੋਂ ਬਾਅਦ ਆਜ਼ਾਦੀ ਮਿਲੀ ਹੈ। ਸਾਨੂੰ ਆਪਣੀ ਆਜ਼ਾਦੀ ਦੀ ਕੀਮਤ ਨੂੰ ਸਮਝਣਾ ਚਾਹੀਦਾ ਹੈ ਤੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਦੇਸ਼ ਭਗਤਾਂ ਅਤੇ ਸ਼ਹੀਦਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਤਿਰੰਗਾ ਝੰਡਾ ਲਹਿਰਾਉਣ ਤੋਂ ਬਾਅਦ, ਰਾਸ਼ਟਰੀ ਗੀਤ ਗਾਇਆ ਗਿਆ ਤੇ ਸਾਰਿਆਂ ਨੂੰ ਲੱਡੂ ਦੇ ਕੇ ਵਧਾਈ ਦਿੱਤੀ ਗਈ।ਇਸ ਮੌਕੇ ਸਾਬਕਾ ਜ਼ਿਲ੍ਹਾ ਕਾਂਗਰਸ ਕਮੇਟੀ ਮਹਿਲਾ ਪ੍ਰਧਾਨ ਡਾ: ਜਸਲੀਨ ਸੇਠੀ, ਸਾਬਕਾ ਸੀਨੀਅਰ ਡਿਪਟੀ ਮੇਅਰ ਸੁਰਿੰਦਰ ਕੌਰ ਤੋਂ ਇਲਾਵਾ ਕਾਂਗਰਸੀ ਆਗੂ ਮਨੋਜ ਮਨੂੰ ਵੈਡਿੰਗ, ਸਾਬਕਾ ਕੌਂਸਲਰ ਵਿਪਨ ਕੁਮਾਰ, ਜਗਜੀਤ ਕੰਬੋਜ, ਰਵੀ ਸਿੰਘ, ਗੁਰਪ੍ਰੀਤ ਸਿੰਘ ਸਹੋਤਾ, ਅਤੁਲ ਚੱਢਾ, ਐਡਵੋਕੇਟ ਹਰਨੀਤ ਸਿੰਘ ਲਾਲੀ, ਅਸ਼ੋਕ ਖੰਨਾ ਆਦਿ ਹਾਜ਼ਰ ਸਨ।



## ਸਮੂਹ ਬੱਚਿਆਂ ਨੂੰ ਮੁਫਤ ਸਟੇਸ਼ਨਰੀ ਵੰਡੀ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਬੀਤੇ ਦਿਨੀ ਸ਼੍ਰੀਮਤੀ ਜਸਵੰਤ ਕੌਰ ਰਿਟਾਇਰ ਮੁੱਖ ਅਧਿਆਪਕਾ ਨੇ ਪਿੰਡ ਲੁਹਾਰਾਂ ਮਾਣਕਰਾਈ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਸਮੂਹ ਬੱਚਿਆਂ ਨੂੰ



ਮੁਫਤ ਸਟੇਸ਼ਨਰੀ ਵੰਡੀ ਗਈ। ਮਾਸਟਰ ਬਲਜੀਤ ਸਿੰਘ ਉਚੇਚੇ ਤੌਰ 'ਤੇ ਹਾਜ਼ਰ ਹੋਏ। ਸਕੂਲ ਦੇ ਮੁਖੀ ਬਲਵਿੰਦਰ ਕੁਮਾਰ ਅਤੇ ਸੀਨੀਅਰ ਅਧਿਆਪਕ ਮਨਦੀਪ ਸਿੰਘ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਨੇ ਮੈਡਮ ਦੇ ਇਸ ਵਡਮੁੱਲੇ ਕਾਰਜ ਦੀ ਸ਼ਲਾਘਾ ਕੀਤੀ ਅਤੇ ਸਕੂਲ ਪ੍ਰਤੀ ਦਿੱਤੀਆਂ ਸੇਵਾਵਾਂ ਦੀ ਤਾਰੀਫ ਕੀਤੀ।ਇਸ ਮੌਕੇ ਸਕੂਲ ਦੇ ਮੁਖੀ ਬਲਵਿੰਦਰ ਕੁਮਾਰ ਨੇ ਦੱਸਿਆ ਕਿ ਮੈਡਮ ਜਸਵੰਤ ਕੌਰ ਹਰ ਵਕਤ ਨਿਸ਼ਕਾਮ ਭਾਵ ਨਾਲ ਲੋਕ ਭਲਾਈ ਦੇ ਕੰਮ ਨਿਰੰਤਰ ਕਰਦੇ ਰਹਿੰਦੇ ਹਨ। ਇਸ ਮੌਕੇ ਮੈਡਮ ਜਸਵੰਤ ਕੌਰ ਨੇ ਕਿਹਾ ਕਿ ਇਹ ਛੋਟੇ ਬੱਚੇ ਸਾਡੇ ਦੇਸ਼ ਦਾ ਆਉਣ ਵਾਲਾ ਭਵਿੱਖ ਹਨ। ਇਨ੍ਹਾਂ ਬੱਚਿਆਂ ਦੀ ਹਰ ਜ਼ਰੂਰਤ ਨੂੰ ਪੂਰਾ ਕਰਨਾ ਸਾਡਾ ਫਰਜ਼ ਹੈ, ਕਿਉਂਕਿ ਪੜ੍ਹਿਆ ਲਿਖਿਆ ਇਨਸਾਨ ਹੀ ਜਿੰਦਗੀ ਦੀ ਹਰ ਲੜਾਈ ਭਾਵ ਹਰ ਕਾਮਯਾਬੀ ਹਾਸਲ ਕਰਨ ਦੇ ਲਾਇਕ ਬਣਦਾ ਹੈ। ਇਸ ਲਈ ਸਾਨੂੰ ਇਨ੍ਹਾਂ ਨੂੰ ਵੱਧ ਤੋਂ ਵੱਧ ਪੜ੍ਹਾਈ ਲਈ ਪ੍ਰੇਰਿਤ ਕਰਨ ਦੇ ਉਪਰਾਲੇ ਕਰਨੇ ਅਤੇ ਇਨ੍ਹਾਂ ਅੰਦਰ ਪੜ੍ਹਾਈ ਪ੍ਰਤੀ ਰੁਚੀ ਪੈਦਾ ਕਰਨੀ ਚਾਹੀਦੀ ਹੈ।

## ਪਸ਼ੂ ਧਨ ਦੀ ਸੁਰੱਖਿਆ ਲਈ ਡਟਿਆ ਪ੍ਰਸ਼ਾਸਨ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਸੁਲਤਾਨਪੁਰ ਲੋਧੀ ਦੇ ਮੰਡ ਖੇਤਰ ਵਿੱਚ ਬਿਆਸ ਦਰਿਆ ਦੇ ਵਧੇ ਪਾਣੀ ਕਾਰਨ ਪੈਦਾ ਹੋਏ ਹਾਲਾਤਾਂ ਦੇ ਮੱਦੇਨਜ਼ਰ ਪਸ਼ੂ ਧਨ ਦੀ ਸੁਰੱਖਿਆ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੈਟਰਨਰੀ ਡਾਕਟਰਾਂ ਦੀਆਂ ਟੀਮਾਂ ਦੀ 24 ਘੰਟੇ ਤਾਇਨਾਤੀ ਦੇ ਨਾਲ ਨਾਲ ਸਾਈਲੇਜ ਤੇ ਹਰੇ ਚਾਰੇ ਦੀ ਸਪਲਾਈ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਵੈਟਰਨਰੀ ਡਾਕਟਰਾਂ ਤੇ ਫਾਰਮਾਸਿਸਟਾਂ ਦੀ ਸ਼ਿਫਟ ਅਨੁਸਾਰ 24 ਘੰਟੇ ਸੇਵਾਵਾਂ ਦੇਣ ਲਈ ਡਿਊਟੀ ਲਗਾਈ ਗਈ ਹੈ। ਪਸ਼ੂ ਧਨ ਨੂੰ ਕਿਸੇ ਕਿਸਮ ਦੀ ਸਮੱਸਿਆ ਦੇ ਇਲਾਜ ਲਈ ਸਮੁੱਚੇ ਪ੍ਰਬੰਧ ਦੀ ਨਿਗਰਾਨੀ ਡਾ ਲਖਵਿੰਦਰ ਸਿੰਘ ਸੀਨੀਅਰ ਵੈਟਰਨਰੀ ਅਫ਼ਸਰ 98725-14014 ਵੱਲੋਂ ਕੀਤੀ ਜਾ ਰਹੀ ਹੈ। ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ ਆਰ ਪੀ ਸਿੰਘ ਨੇ ਦੱਸਿਆ ਕਿ ਵੈਟਰਨਰੀ ਡਾਕਟਰਾਂ ਦੀਆਂ ਟੀਮਾਂ ਵੱਲੋਂ ਐਸ ਡੀ ਆਰ ਐਫ ਦੀਆਂ ਬੋਟਾਂ ਰਾਹੀਂ ਪ੍ਰਭਾਵਿਤ ਖੇਤਰਾਂ ਵਿੱਚ ਪਸ਼ੂਆਂ ਦੇ ਇਲਾਜ



ਲਈ ਪਹੁੰਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪਾਣੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਲੋੜ ਅਨੁਸਾਰ ਗਲ ਘੋਟੂ ਦੇ ਟੀਕੇ ਵੀ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ ਅਜੇ ਬਜਾਜ ਫਾਰਮਾਸਿਸਟ 98782-02696, ਡਾ. ਗੁਰਕਰਨਬੀਰ ਸਿੰਘ ਵੈਟਰਨਰੀ ਅਫਸਰ 98774-82386, ਵਿਸ਼ਾਲ ਵੈਟਰਨਰੀ ਫਾਰਮਾਸਿਸਟ, ਡਾ. ਰਮੇਸ਼ ਸ਼ਰਮਾ ਵੈਟਰਨਰੀ ਅਫਸਰ 98725-60137, ਸੰਜੇ ਕੁਮਾਰ ਵੈਟਰਨਰੀ ਫਾਰਮਾਸਿਸਟ 62833-37911, ਡਾ. ਅਲਕਾ ਵੈਟਰਨਰੀ ਅਫਸਰ 70876-07079 ਤੇ ਅਮਨਦੀਪ ਸਿੰਘ ਫਾਰਮਾਸਿਸਟ ਨੂੰ ਡਿਊਟੀ ਉਪੱਰ ਤਾਇਨਾਤ ਕੀਤਾ ਗਿਆ ਹੈ।

## ਡਿਪਟੀ ਸਪੀਕਰ ਵੱਲੋਂ ਕਾਲੀ ਮਾਤਾ ਮੰਦਿਰ ਨੂੰ ਦੋ ਲੱਖ ਰੁ. ਦਾ ਚੈੱਕ ਭੇਟ

ਮਾਹਿਲਪੁਰ (ਸ਼ਗਰੀ) ਬੀਤੇ ਦਿਨੀ ਕਾਲੀ ਮਾਤਾ ਮੰਦਿਰ ਪਿੰਡ ਰਾਮਪੁਰ ਬਿਲੜੋਂ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਗੜ੍ਹਸ਼ੰਕਰ ਤੋਂ ਵਿਧਾਨ ਸਭਾ ਪੰਜਾਬ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ ਮੰਦਰ ਦੇ ਮੇਨ ਗੇਟ ਤੇ ਚਾਰ ਦੀਵਾਰੀ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਤੇ ਮੰਦਰ ਵਾਸਤੇ ਦੋ ਲੱਖ ਰੁਪਏ ਦੀ ਰਾਸ਼ੀ ਦੇਣ



ਦਾ ਵਾਅਦਾ ਵੀ ਕੀਤਾ। ਡਿਪਟੀ ਸਪੀਕਰ ਵੱਲੋਂ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਸਮਾਜ ਭਲਾਈ ਕੰਮਾ ਲਈ ਦੋ ਲੱਖ ਰੁਪਏ ਚੈੱਕ ਭੇਂਟ ਕੀਤਾ ਗਿਆ। ਮੰਦਰ ਕਮੇਟੀ ਦੇ ਸੀਨੀਅਰ ਮੈਂਬਰ ਪੰਡਿਤ ਵੇਦ ਪ੍ਰਕਾਸ਼ ਨੇ ਦੱਸਿਆ ਡਿਪਟੀ ਸਪੀਕਰ ਵੱਲੋਂ ਸਾਡੇ ਇਸ ਮੰਦਿਰ ਨੂੰ ਕਾਫ਼ੀ ਵੱਡੀ ਦੇਣ ਹੈ ਜਦੋਂ ਵੀ ਅਸੀਂ ਇਨ੍ਹਾਂ ਨੂੰ ਮੰਦਿਰ ਦੇ ਕਿਸੇ ਵੀ ਪ੍ਰਕਾਰ ਦੇ ਕੰਮ ਬਾਰੇ ਬੇਨਤੀ ਕਰਦੇ ਹਾਂ ਤਾਂ ਇਹ ਵੱਧ ਚੜ੍ਹ ਕੇ ਮੰਦਰ ਵਾਸਤੇ ਰਾਸ਼ੀ ਭੇਂਟ ਕਰਦੇ ਹਨ। ਕਮੇਟੀ ਮੈਂਬਰਾਂ ਵੱਲੋਂ ਡਿਪਟੀ ਸਪੀਕਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰਧਾਨ ਰਵੀ ਰਾਜ ਧੰਨਾ, ਪੰਡਿਤ ਵੇਦ ਪ੍ਰਕਾਸ਼, ਵਿਕਾਸ਼ ਧੰਨਾ, ਬਿੰਦੂ ਚੌਧਰੀ, ਡਾਕਟਰ ਸ਼ੰਭੂ ਰਾਣਾ, ਦਵਿੰਦਰ ਦੱਤਾ, ਕੁਲਵਿੰਦਰ ਮਿਸਤਰੀ, ਰਾਜੀਵ ਧੰਨਾ, ਗੋਪਾਲ ਸਾਂਦਲ, ਛਿੰਦਾ ਪੇਂਟਰ ਆਦਿ ਇਸ ਮੌਕੇ ਸ਼ਾਮਲ ਸਨ।

## ਸ਼੍ਰੀ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ




**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਦ ਲੈਂਡਮਾਰਕ ਸਕੂਲ ਭੋਗਪੁਰ, ਜਲੰਧਰ ਵਿਖੇ ਪ੍ਰਿੰਸੀਪਲ ਸੋਨਮ ਸ਼ਰਮਾ ਦੀ ਦੇਖ-ਰੇਖ ਹੇਠ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ ਗਿਆ, ਜਿਸ ਵਿੱਚ ਸਕੂਲ ਪ੍ਰੈਜ਼ੀਡੈਂਟ ਮਨਜਿੰਦਰ ਕੌਰ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ।ਜਨਮ ਅਸ਼ਟਮੀ ਦੇ ਜਸ਼ਨ ਵਿੱਚ ਛੋਟੇ-ਛੋਟੇ ਬੱਚੇ ਸ਼ਰਾਰਤੀ ਨੰਦ ਗੋਪਾਲ ਦੀ ਭੂਮਿਕਾ ਵਿੱਚ ਨਜ਼ਰ ਆਏ।ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ।ਕੁਝ ਬੱਚੇ ਕਨ੍ਹਈਆ, ਕੁਝ ਰਾਧਾ, ਕੁਝ ਬੱਚੇ ਵਾਸੁਦੇਵ, ਦੇਵਕੀ, ਗਵਾਲੇ ਅਤੇ ਗੋਪੀਆਂ ਦੀ ਪੁਸ਼ਾਕ ਵਿੱਚ ਨਜ਼ਰ ਆਏ। ਇਸ ਦੌਰਾਨ ਇੱਕ ਝਾਂਕੀ ਵੀ ਲਗਾਈ ਗਈ। ਵਿਦਿਆਰਥੀਆਂ ਨੇ ਸ੍ਰੀ ਕ੍ਰਿਸ਼ਨ ਨੂੰ ਗੋਕੁਲ ਵਿੱਚ ਵਾਸੁਦੇਵ ਵੱਲੋਂ ਲੈ ਜਾਣ ਦਾ ਦ੍ਰਿਸ਼ ਪੇਸ਼ ਕੀਤਾ। ਛੇਵੀਂ ਤੋਂ ਅੱਠਵੀਂ ਜਮਾਤ ਦੇ ਮਟਕੀ ਮੁਕਾਬਲਾ ਕਰਵਾਇਆ ਗਿਆ।ਪ੍ਰਿੰਸੀਪਲ ਸੋਨਮ ਸ਼ਰਮਾ ਨੇ ਦੱਸਿਆ ਕਿ ਕਿਵੇਂ ਭਗਵਾਨ ਸ੍ਰੀ ਕ੍ਰਿਸ਼ਨ ਦਾ ਸਾਰਾ ਜਨਮ ਸੰਘਰਸ਼ੀ 'ਚੋਂ ਨਿਕਲਿਆ। ਇਸ ਮੌਕੇ ਐੱਚ ਓ ਡੀ ਹਰਪ੍ਰੀਤ ਕੌਰ, ਬਲਜੀਤ ਕੌਰ, ਰੀਮਾ ਤੇ ਸਮੂਹ ਸਟਾਫ਼ ਹਾਜ਼ਰ ਸੀ।

## ਏ ਜੀ ਆਈ ਗਲੋਬਲ ਸਕੂਲ ਨੇ ਆਜ਼ਾਦੀ ਦਿਵਸ ਮਨਾਇਆ

**ਜਲੰਧਰ (ਰਾਜੇਸ਼ ਥਾਪਾ)** ਏ ਜੀ ਆਈ ਗਲੋਬਲ ਸਕੂਲ ਨੇ ਸੁਤੰਤਰਤਾ ਦਿਹਾੜੇ ਨੂੰ ਬਹੁਤ ਹੀ ਰਾਸ਼ਟਰੀ ਭਾਵਨਾ ਨਾਲ ਮਨਾਇਆ ।ਸਕੂਲ ਨੂੰ ਤਿਰੰਗੇ ਦੇ ਰੰਗਾਂ ਨਾਲ ਸਜਾਇਆ ਗਿਆ। ਬੱਚਿਆਂ, ਅਧਿਆਪਕਾਂ ਤੇ ਮਾਪਿਆਂ ਸਭ ਨੇ ਮਿਲ ਕੇ ਉਤਸ਼ਾਹ ਨਾਲ ਹਿੱਸਾ ਲਿਆ। ਬੱਚਿਆਂ ਨੇ ਦੇਸ਼ ਭਗਤੀ ਦੇ ਗੀਤ, ਨਾਚ, ਨਾਟਕ ਅਤੇ ਭਾਸ਼ਣ ਪੇਸ਼ ਕੀਤੇ। ਇਨ੍ਹਾਂ ਰਾਹੀਂ ਸਾਰੇ ਨੂੰ ਆਜ਼ਾਦੀ ਦੇ



ਸੂਰਮਿਆਂ ਦੇ ਬਲੀਦਾਨ ਯਾਦ ਆਏ।ਮਾਪਿਆਂ ਤੇ ਮਹਿਮਾਨਾਂ ਨੇ ਬੱਚਿਆਂ ਦੀਆਂ ਪ੍ਰਸਤੁਤੀਆਂ ਦੀ ਬਹੁਤ ਪ੍ਰਸ਼ੰਸਾ ਕੀਤੀ। ਸਕੂਲ ਦੀ ਚੇਅਰਪਰਸਨ ਸ੍ਰੀਮਤੀ ਸਲਵਿੰਦਰਜੀਤ ਕੌਰ ਨੇ ਕਿਹਾ ਕਿ ਆਜ਼ਾਦੀ ਦਿਵਸ ਸਿਰਫ ਤਿਉਹਾਰ ਨਹੀਂ ਹੈ, ਇਹ ਉਹ ਦਿਨ ਹੈ ਜੋ ਸਾਨੂੰ ਆਪਣੇ ਵੀਰ ਸ਼ਹੀਦਾਂ ਦੀ ਯਾਦ ਦਿਵਾਉਂਦਾ ਹੈ।ਮੁੱਖ ਮਹਿਮਾਨ ਵਜੋਂ ਸੁਖਦੇਵ ਸਿੰਘ, ਮੈਨੇਜਿੰਗ ਡਾਇਰੈਕਟਰ ਏਜੀਆਈ ਇੰਫਰਾ ਲਿਮਿਟੇਡ ਨੇ ਕਿਹਾ ਕਿ ਬੱਚਿਆਂ ਨੂੰ ਏਕਤਾ, ਅਨੁਸ਼ਾਸਨ ਅਤੇ ਦੇਸ਼ ਪ੍ਰੇਮ ਸਿੱਖਣਾ ਚਾਹੀਦਾ ਹੈ।ਸਕੂਲ ਦੀ ਡਾਇਰੈਕਟਰ ਸ੍ਰੀਮਤੀ ਹਰਲੀਨ ਮੋਹੰਤੀ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਰਗਰਮ ਭਾਗੀਦਾਰੀ ਜਤੇ ਖੁਸ਼ੀ ਜਤਾਈ ਅਤੇ ਕਿਹਾ ਕਿ ਅਜਿਹੇ ਪ੍ਰੋਗਰਾਮ ਬੱਚਿਆਂ ਨੂੰ ਭਾਰਤ ਦੇ ਇਤਿਹਾਸ ਨਾਲ ਜੋੜਦੇ ਹਨ ਅਤੇ ਉਨ੍ਹਾਂ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਂਦੇ ਹਨ।ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਆਰਤੀ ਸ਼ਰਮਾ ਨੇ ਸਭ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਦੀਆਂ ਪ੍ਰਸਤੁਤੀਆਂ ਦੀ ਤਾਰੀਫ਼ ਕੀਤੀ।

## ਸੁੰਨੜ ਕਲਾਂ ਦਾ ਸਾਲਾਨਾ ਛਿੰਝ ਮੇਲਾ 21 ਨੂੰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਪਿੰਡ ਸੁੰਨੜ ਕਲਾਂ ਵਿਖੇ ਗੁੱਗਾ ਜਾਹਰ ਵੀਰ ਛਿੰਝ ਕਮੇਟੀ ਐਨ ਆਰ ਆਈ,ਵੀਰ ਪਿੰਡ ਵਾਸੀਆਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ 19 ਵਾਂ ਸਾਲਾਨਾ ਛਿੰਝ ਮੇਲਾ 21 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ। ਛਿੰਝ ਮੇਲਾ ਦੌਰਾਨ ਆਏ ਹੋਏ ਦਰਸ਼ਕਾਂ ਨੂੰ ਪੰਜ ਸਾਈਕਲ ਇਨਾਮ ਅਵਤਾਰ ਸਿੰਘ ਫਰੀਦ ਪਰਿਵਾਰ ਵੱਲੋਂ ਦਿੱਤੇ ਜਾਣਗੇ , 21 ਅਗਸਤ ਸਵੇਰੇ 11 ਵਜੇ ਇੰਟਰਨੈਸ਼ਨਲ ਆਵਾਜ਼ ਸਰਦੂ ਸਕੰਦ ਅਤੇ ਰਣਵੀਰ ਕੌਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ ਦੁਪਹਿਰ 1 ਵਜੇ ਇੰਟਰਨੈਸ਼ਨਲ ਗਾਇਕ ਜੋੜੀ ਅਮਰ ਅਰਸ਼ੀ ਬੀਬਾ ਨਰਿੰਦਰ ਜੋਤ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ ਸਟੇਜ ਦੀ ਭੂਮਿਕਾ ਐਂਕਰ ਮੱਖਣ ਸ਼ੇਰਪੁਰੀ ਅਤੇ ਕਮਦੀਨ ਨਿਭਾਉਣਗੇ। ਠੀਕ 3.30 ਵਜੇ ਵਿਸ਼ਾਲ ਛਿੰਝ ਮੇਲਾ ਹੋਵੇਗਾ, ਜਿਸ ਵਿਚ ਨਾਮੀ ਅਖਾੜਿਆਂ ਦੇ ਅੰਤਰਰਾਸ਼ਟਰੀ ਪਹਿਲਵਾਨ ਪਹੁੰਚ ਰਹੇ ਹਨ। ਵਿਸ਼ੇਸ਼ ਤੌਰ 'ਤੇ ਸਪੈਸ਼ਲ ਕੁਸ਼ਤੀ ਜੋਟੀ ਗੁੱਜਰ ਦਿੱਲੀ ਅਤੇ ਛਾਨਵੀਰ ਕੁਰਾਲੀ ਵਿਚਕਾਰ ਹੋਵੇਗੀ ਜਿਸ ਦਾ ਇਨਾਮ ਝੋਟੀ ਹੋਵੇਗਾ। ਇਹ ਇਨਾਮ ਸੁਲਿੰਦਰ ਸਿੰਘ



ਲੱਖੋ ਜਵਾਹਰਕੇ , ਹਰਵਿੰਦਰ ਸਿੰਘ ਜਵਾਹਰਕੇ ਪਰਵਾਰ ਵੱਲੋਂ ਦਿੱਤਾ ਜਾਵੇਗਾ। ਪਟਕੇ ਦੀ ਕੁਸ਼ਤੀ ਅਸ਼ੀਸ਼ ਹੁੱਡਾ, ਭੁਪਿੰਦਰ ਅਜਨਾਲਾ ਵਿਚਕਾਰ ਹੋਵੇਗੀ ਜੇਤੂ ਪਹਿਲਵਾਨ ਨੂੰ ਫ਼ੋਰਡ ਟਰੈਕਟਰ ਸਵ ਬਾਬਾ ਲਹਿੰਬਰ ਸਿੰਘ ਫਰੀਦ ਦੇ ਪਰਵਾਰ ਬਲਰਾਜ ਸਿੰਘ ਫਰੀਦ, ਸਰਬਜੀਤ ਸਿੰਘ ਫਰੀਦ, ਅਮ੍ਰਿਤ ਸਿੰਘ ਫਰੀਦ ਵਲੋਂ ਦਿੱਤਾ ਜਾਵੇਗਾ, ਦੂਸਰੀ ਕੁਸ਼ਤੀ ਪਰਮਿੰਦਰ ਪੱਟੀ ਅਤੇ ਨੂਰ ਆਲਮਗੀਰ ਵਿਚਕਾਰ ਹੋਵੇਗੀ ਜਿਸ ਦਾ ਇਨਾਮ 51 ਹਜ਼ਾਰ ਕੁੰਦਨ ਸਿੰਘ ਵਾਰੀਆ ਦੇ ਪਰਵਾਰ ਗੁਰਮੁੱਖ ਸਿੰਘ ਕੁਲਜੀਤ ਸਿੰਘ ਵਲੋਂ ਦਿੱਤਾ ਜਾਵੇਗਾ। ਤੀਸਰਾ ਇਨਾਮ 35 ਹਜ਼ਾਰ ਰੁਪਏ ਅਭਿਤਾਜ ਸਿੰਘ ਜਵਾਹਰਕੇ, ਸੁਖਰਾਜ ਸਿੰਘ ਜਵਾਹਰਕੇ ਦੇ ਪਰਵਾਰ ਵੱਲੋਂ ਦਿੱਤਾ ਜਾਵੇਗਾ। ਚੌਥਾ ਇਨਾਮ 21 ਹਜ਼ਾਰ ਰੁਪਏ ਹਰਜੀਤ ਸਿੰਘ ਗਹੀਰ ਦੇ ਬੇਟੇ ਅਮਨਦੀਪ ਸਿੰਘ ਗਹੀਰ ਕਨੇਡਾ ਵਲੋਂ ਦਿੱਤਾ ਜਾਵੇਗਾ । ਸਪੈਸ਼ਲ ਕੁਸ਼ਤੀ 25 ਹਜ਼ਾਰ ਰੁਪਏ ਦੀ ਗੁਰਚੇਤਨ ਸਿੰਘ ਯੂਕੇ ਵਲੋਂ ਕਰਵਾਈ ਜਾਵੇਗੀ।

# ਆਜ਼ਾਦੀ ਦਿਹਾੜਾ ਧੂਮ-ਧਾਮ ਨਾਲ ਮਨਾਇਆ



ਡੇਰਾ ਬੱਸੀ



ਟਾਂਡਾ ਉੜਮੁੜ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਸਾਬਕਾ ਵਿਧਾਇਕ ਐੱਨ ਕੇ ਸ਼ਰਮਾ ਨੇ ਕਿਹਾ ਕਿ ਆਜ਼ਾਦੀ ਦੇ 78 ਸਾਲਾਂ ਬਾਅਦ ਕਈ ਸਮਾਜਿਕ ਬੁਰਾਈਆਂ ਨੇ ਆਪਣੇ ਪੈਰ ਪਸਾਰੇ ਹਨ। ਇਨ੍ਹਾਂ ਸਮਾਜਿਕ ਬੁਰਾਈਆਂ ਵਿਰੁੱਧ ਸਾਰਿਆਂ ਨੂੰ ਇੱਕਜੁੱਟ ਹੋ ਕੇ ਲੜਾਈ ਲੜਨ ਦੀ ਲੋੜ ਹੈ। ਐੱਨ.ਕੇ. ਸ਼ਰਮਾ 79ਵੇਂ ਆਜ਼ਾਦੀ ਦਿਵਸ ਮੌਕੇ ਜ਼ੀਰਕਪੁਰ ਦੇ ਲੋਹਗੜ੍ਹ ਪਾਰਕ, ਮੋਤੀਆ ਸਿਟੀ, ਗੁਲਮੋਹਰ ਟ੍ਰੈਂਡਜ਼ ਅਤੇ ਹੋਟਲ ਹਾਲੀਡੇ ਇਨ ਵਿਖੇ ਆਯੋਜਿਤ ਪ੍ਰੋਗਰਾਮ ਦੌਰਾਨ ਝੰਡਾ ਲਹਿਰਾਉਣ ਤੋਂ ਬਾਅਦ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਆਜ਼ਾਦੀ ਦਿਵਸ ਮੌਕੇ ਭ੍ਰਿਸ਼ਟਾਚਾਰ ਤੇ ਨਸ਼ਾਖੋਰੀ ਇਨ੍ਹਾਂ ਦੋਵਾਂ ਸਮਾਜਿਕ ਬੁਰਾਈਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਸਾਨੂੰ ਸਹੁੰ ਚੁੱਕਣੀ ਚਾਹੀਦੀ ਹੈ।ਇਸ ਮੌਕੇ ਕਈ ਪਤਵੰਤੇ ਹਾਜ਼ਰ ਸਨ।

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਵਿਦਿਅਕ ਸੰਸਥਾ ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ ਰਜਿ ਟਾਂਡਾ ਵੱਲੋਂ ਚਲਾਏ ਜਾ ਰਹੇ ਵਿਦਿਅਕ ਅਦਾਰੇ ਜੀ ਆਰ ਡੀ ਇੰਟਰਨੈਸ਼ਨਲ ਇੰਸਟੀਚਿਊਟ ਆਫ ਨਰਸਿੰਗ ਅਤੇ ਜੀ ਆਰ ਡੀ ਇੰਟਰਨੈਸ਼ਨਲ ਸਕੂਲ ਵਿਖੇ ਆਜ਼ਾਦੀ ਦਾ ਦਿਹਾੜਾ ਸ਼ਰਧਾ ਪੂਰਵਕ ਉਤਸ਼ਾਹ ਨਾਲ ਮਨਾਇਆ ਗਿਆ। ਸੰਸਥਾ ਦੇ ਚੇਅਰਪਰਸਨ ਪ੍ਰਦੀਪ ਕੌਰ ਤੇ ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਰਸੂਲਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਜ਼ਾਦੀ ਦੇ ਦਿਹਾੜੇ ਤੇ ਸਕੂਲ ਤੇ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਵੱਲੋਂ ਆਜ਼ਾਦੀ ਸੰਘਰਸ਼ ਵਿੱਚ ਯੋਗਦਾਨ ਪਾਉਣ ਅਤੇ ਆਜ਼ਾਦੀ ਖਾਤਰ ਦੇਸ਼ ਤੇ ਜਾਨਾਂ ਵਾਰਨ ਵਾਲੇ ਸ਼ਹੀਦਾਂ ਨੂੰ ਦੀ ਯਾਦ ਨੂੰ ਦਰਸਾਉਂਦਾ ਪ੍ਰੋਗਰਾਮ ਪੇਸ਼ ਕੀਤਾ ਗਿਆ। ਪ੍ਰੋਗਰਾਮ ਵਿੱਚ ਜੀ ਆਰ ਡੀ ਵਿਦਿਅਕ ਸੰਸਥਾਵਾਂ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਐਡਮਿਨਸਟੇਟਰ ਦਲਜਿੰਦਰ ਕੌਰ, ਐਡਮਿਸ਼ਨ ਸੈਲ ਇੰਚਾਰਜ ਲਵਲੀ ਸੈਣੀ, ਵਾਈਸ ਪ੍ਰਿੰਸੀਪਲ ਰਾਜਪਿੰਦਰ ਕੌਰ ਆਦਿ ਤੋਂ ਇਲਾਵਾ ਨਰਸਿੰਗ ਕਾਲਜ ਤੇ ਸਕੂਲ ਸਟਾਫ ਹਾਜ਼ਰ ਸਨ ।

**ਐੱਸ.ਏ.ਐੱਸ. ਨਗਰ (ਗੁਰਜੀਤ ਬਿੱਲਾ)**- ਆਜ਼ਾਦੀ ਦਿਵਸ ਮੌਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਹੜੇ ਬਹੁਤ ਹੀ ਸਾਦੇ ਢੰਗ ਨਾਲ ਆਜ਼ਾਦੀ ਦਿਹਾੜੇ ਦਾ ਸਮਾਗਮ ਮਨਾਇਆ ਗਿਆ। ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਨੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਬੋਰਡ ਦੇ ਸਕੱਤਰ ਗੁਰਿੰਦਰ ਸਿੰਘ ਸੋਢੀ (ਪੀ.ਸੀ.ਐਸ) ਨੇ ਬੋਰਡ ਅਧਿਕਾਰੀਆ/ਕਰਮਚਾਰੀ ਅਤੇ ਜੱਥੇਬੰਦੀ ਦੇ ਨੁਮਾਇੰਦਿਆਂ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ । ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਨੇ ਬੋਰਡ ਦੀ ਸੁਰੱਖਿਆ ਗਾਰ੍ਹਡਾਂ ਅਤੇ ਮੋਹਾਲੀ ਫੇਜ਼ 8 ਤੋਂ ਆਈ ਪੁਲਸ ਬਲ ਦੀ ਇੱਕ ਟੁਕੜੀ ਨਾਲ ਕੌਮੀ ਝੰਡੇ ਨੂੰ ਸਲਾਮੀ ਮਗਰੋਂ ਹਾਜ਼ਰ ਬੋਰਡ ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਦੇਸ਼ ਲਈ ਆਜ਼ਾਦੀ ਪਰਵਾਨਿਆ ਦੀ ਸਖਤ ਘਾਲਣਾ ਨਾਲ ਦੇਸ਼ ਨੂੰ ਮਿਲੀ ਇਸ ਅਜ਼ਾਦੀ ਨੂੰ ਕਿਸੇ ਵੀ ਪੱਖੋਂ ਅਜਾਂਈ ਨਹੀਂ ਗਵਾਉਣਾ ਚਾਹੀਦਾ। ਇਸ ਮੌਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੱਤਰ ਸ੍ਰੀ ਗੁਰਿੰਦਰ ਸਿੰਘ ਸੋਢੀ (ਪੀ.ਸੀ.ਐੱਸ), ਸੰਯੁਕਤ ਸਕੱਤਰ, ਉੱਪ ਸਕੱਤਰ ਸਾਹਿਬਾਨ, ਹੋਰ ਅਧਿਕਾਰੀ/ਕਰਮਚਾਰੀ, ਜੱਥੇਬੰਦੀ ਦੇ ਨੁਮਾਇੰਦੇ ਵੀ ਹਾਜ਼ਰ ਸਨ।

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਦੇ ਖੇਤੀਬਾੜੀ ਅਤੇ ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ 79ਵੇਂ ਆਜ਼ਾਦੀ ਦਿਵਸ ਮੌਕੇ ਸ਼ਹੀਦ ਮੇਜਰ (ਸ਼ੌਰਿਆ ਚੱਕਰ) ਹਰਮਿੰਦਰਪਾਲ ਸਿੰਘ ਸਰਕਾਰੀ ਕਾਲਜ, ਮੋਹਾਲੀ ਵਿਖੇ ਤਿਰੰਗਾ ਲਹਿਰਾਇਆ। ਉਨ੍ਹਾਂ ਕਿਹਾ ਕਿ ਆਜ਼ਾਦੀ ਸੰਗਰਾਮ ਦੌਰਾਨ ਪੰਜਾਬੀਆਂ ਨੇ ਲਗਭਗ 80% ਕੁਰਬਾਨੀਆਂ ਦਾ ਯੋਗਦਾਨ ਪਾਇਆ। ਉਨ੍ਹਾਂ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਊਧਮ ਸਿੰਘ ਵਰਗੇ ਮਹਾਨ ਸ਼ਹੀਦਾਂ ਦੇ ਨਾਲ-ਨਾਲ ਹਜ਼ਾਰਾਂ ਅਣਗੌਲੇ ਆਜ਼ਾਦੀ ਸੰਘਰਸ਼ ਦੇ ਨਾਇਕਾਂ ਨੂੰ ਵੀ ਯਾਦ ਕੀਤਾ। ਉਨ੍ਹਾਂ ਨੇ ਪੰਜਾਬ ਵਿੱਚ ਪਹਿਲੀ ਬਾਇਓ ਫਰਟੀਲਾਈਜ਼ਰ ਲੈਬ, ਜਲਦੀ ਹੀ ਮੋਹਾਲੀ ਵਿੱਚ ਸ਼ੁਰੂ ਕਰਨ ਦਾ ਐਲਾਨ ਕੀਤਾ ਤੇ ਉਸ ਤੋਂ ਬਾਅਦ ਗੁਰਦਾਸਪੁਰ ਅਤੇ ਬਠਿੰਡਾ ਵਿੱਚ ਖੋਲ੍ਹੀਆਂ ਜਾਣਗੀਆਂ, ਜਿਸ ਨਾਲ ਖੇਤੀਬਾੜੀ 'ਚ ਮਿਆਰੀ ਬੀਜ, ਖਾਦ ਤੇ ਰਸਾਇਣਾਂ ਨੂੰ ਯਕੀਨੀ ਬਣਾਇਆ ਜਾ ਸਕੇਗਾ। ਉਨ੍ਹਾਂ ਨੇ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350ਵੀਂ ਸ਼ਹੀਦੀ ਵਰ੍ਹੇਗੰਢ ਤੇ 19-25 ਨਵੰਬਰ ਤੱਕ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਰਾਜ ਪੱਧਰੀ ਪ੍ਰੋਗਰਾਮਾਂ ਬਾਰੇ ਵੀ ਦੱਸਿਆ।ਮੰਤਰੀ ਖੁੱਡੀਆਂ ਨੇ ਆਜ਼ਾਦੀ ਦਿਵਸ ਪਰੇਡ ਦਾ ਨਿਰੀਖਣ ਵੀ ਕੀਤਾ।ਇਸ ਮੌਕੇ ਪੰਜ ਵੀਰ ਨਾਰੀਆਂ ਨੂੰ ਸਨਮਾਨਿਤ ਕੀਤਾ ਗਿਆ।

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼, ਮੋਹਾਲੀ ਨੇ 79ਵਾਂ ਆਜ਼ਾਦੀ ਦਿਵਸ ਦੇਸ਼ ਭਗਤੀ ਦੇ ਮਾਣ, ਸੱਭਿਆਚਾਰਕ ਜੀਵੰਤਤਾ ਅਤੇ ਜਨਤਕ ਸਿਹਤ ਜਾਗਰੂਕਤਾ ਪ੍ਰਤੀ ਆਪਣੀ ਦ੍ਰਿੜ ਵਚਨਬੱਧਤਾ ਨਾਲ ਮਨਾਇਆ।ਆਜ਼ਾਦੀ ਦਿਵਸ ਦੀ ਪੂਰਵ ਸੰਧਿਆ 'ਤੇ ਕਮਿਊਨਿਟੀ ਮੈਡੀਸਨ ਵਿਭਾਗ ਨੇ ਪ੍ਰਾਇਮਰੀ ਹੈਲਥ ਕੇਅਰ (ਪੀ ਐਚ ਸੀ) ਤੇ ਵਿਦਿਆਰਥੀ-ਅਧਾਰਿਤ ਸਿੰਪੋਜ਼ੀਅਮ ਦਾ ਆਯੋਜਨ ਕੀਤਾ। ਤੀਜੇ ਸਾਲ ਦੇ ਐੱਮ ਬੀ ਬੀ ਐੱਸ ਵਿਦਿਆਰਥੀਆਂ ਨੇ ਸਟੇਜ ਸੰਭਾਲੀ ਅਤੇ ਸਿਹਤ ਸੰਭਾਲ ਵਿੱਚ ਸਮਾਨ ਅਵਸਰ, ਰੋਕਥਾਮ, ਦੇਖਭਾਲ ਅਤੇ ਡਿਜੀਟਲ ਨਵੀਨਤਾਵਾਂ ਲਈ ਨਵੀਨਤਾਕਾਰੀ ਹੱਲ ਪੇਸ਼ ਕੀਤੇ। ਇਸ ਸਮਾਗਮ ਵਿੱਚ ਸ਼੍ਰੀ ਅਨੁਰਾਗ ਕੁੰਡੂ, ਮੈਂਬਰ, ਪੰਜਾਬ ਵਿਕਾਸ ਕਮਿਸ਼ਨ ਦੁਆਰਾ ਸ਼ਿਰਕਤ ਕੀਤੀ ਗਈ।ਰੋਟਰੀ ਕਲੱਬ ਚੰਡੀਗੜ੍ਹ ਵੱਲੋਂ ਸਪਾਂਸਰ, ਸਿਹਤਮੰਦ ਅਤੇ ਪੌਸ਼ਟਿਕ ਕਿੱਟਾਂ ਨੂੰ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਨੂੰ ਪਿਛਲੇ ਰੋਟਰੀ ਇੰਟਰਨੈਸ਼ਨਲ ਪ੍ਰਧਾਨ ਰਾਜਾ ਸਾਬੂ ਦੇ 91ਵੇਂ ਜਨਮਦਿਨ ਦੇ ਸਨਮਾਨ ਵਜੋਂ ਵੰਡਿਆ ਗਿਆ।ਆਜ਼ਾਦੀ ਦਿਵਸ ਦੇ ਜਸ਼ਨ ਝੰਡਾ ਲਹਿਰਾਉਣ ਦੀ ਰਸਮ ਨਾਲ ਸ਼ੁਰੂ ਹੋਏ, ਇਸ ਤੋਂ ਬਾਅਦ ਸੁਤੰਤਰ ਭਾਰਤ ਥੀਮ 'ਤੇ ਇੱਕ ਸੱਭਿਆਚਾਰਕ ਪ੍ਰੋਗਰਾਮ ਹੋਇਆ। ਡਾਇਰੈਕਟਰ ਪ੍ਰਿੰਸੀਪਲ ਨੇ ਸੰਸਥਾ ਦੇ ਸੁਰੱਖਿਆ, ਹਾਊਸਕੀਪਿੰਗ ਅਤੇ ਸਹਾਇਕ ਸਟਾਫ਼ ਦੇ ਅਨਮੁੱਲੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ, ਨਰਸਿੰਗ ਸੁਪਰਡੈਂਟ ਸਿਸਟਰ ਸੁਖਵਿੰਦਰ ਅਤੇ ਸਿਸਟਰ ਕਮਲ ਨੂੰ ਮਿਆਰੀ ਦੇਖਭਾਲ ਪ੍ਰਤੀ ਉਨ੍ਹਾਂ ਦੀ ਮਿਸਾਲੀ ਵਚਨਬੱਧਤਾ ਲਈ ਪ੍ਰਸ਼ੰਸਾ ਪੱਤਰ ਭੇਟ ਕੀਤੇ।



ਐੱਸ.ਏ.ਐੱਸ. ਨਗਰ



ਸਾਹਿਬਜ਼ਾਦਾ ਅਜੀਤ ਸਿੰਘ ਨਗਰ



ਸਾਹਿਬਜ਼ਾਦਾ ਅਜੀਤ ਸਿੰਘ ਨਗਰ

# ਲਾਇਲਪੁਰ ਖ਼ਾਲਸਾ ਕਾਲਜ ਵੱਲੋਂ ਨਸ਼ਾ ਮੁਕਤ ਭਾਰਤ ਮੁਹਿੰਮ ਸ਼ੁਰੂ

**ਜਲੰਧਰ (ਸ਼ੈਲੀ ਐਲਬਰਟ)** ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਸਮਾਜਿਕ ਕਾਰਜਾਂ ਵਿੱਚ ਯੋਗਦਾਨ ਪਾਉਣ ਲਈ ਵਚਨਬੱਧ ਹੈ। ਹਾਲ ਹੀ ਵਿੱਚ, ਭਾਰਤ ਸਰਕਾਰ ਦੇ ਬਾਲ ਭਲਾਈ ਅਤੇ ਮਹਿਲਾ ਸਸ਼ਕਤੀਕਰਨ ਵਿਭਾਗ ਦੇ ਨਿਰਦੇਸ਼ਾਂ ਹੇਠ ਅਤੇ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਤਹਿਤ ਕਾਲਜ ਦੀ ਅਰਸਤੂ ਸੋਸਾਇਟੀ ਆਫ਼ ਲਾਈਫ਼ ਸਾਇੰਸਿਜ਼, ਸਮਾਜਿਕ ਸੰਵੇਦਨਸ਼ੀਲਤਾ ਸੈੱਲ, ਸ਼ਿਕਾਇਤ ਨਿਵਾਰਣ ਕਮੇਟੀ, ਸਰੀਰਕ ਸਿੱਖਿਆ ਅਤੇ ਖੇਡਾਂ ਵਿਭਾਗ, ਇਤਿਹਾਸ ਕਲੱਬ ਅਤੇ ਐਨ.ਐਸ.ਐਸ ਯੂਨਿਟ ਨੇ ਅਜੀਤ ਸਿੰਘ ਫਾਊਂਡੇਸ਼ਨ ਸੁਸਾਇਟੀ ਦੇ ਸਹਿਯੋਗ ਨਾਲ ਨਸ਼ਾ ਮੁਕਤ ਭਾਰਤ ਅਭਿਆਨ ਨਾਲ ਸਬੰਧਤ ਸਮਾਗਮਾਂ ਦੀ ਇੱਕ ਲੜੀ ਸ਼ੁਰੂ ਕੀਤੀ, ਜਿਸ ਵਿੱਚ ਸਲੋਗਨ ਲੇਖਣ ਮੁਕਾਬਲਾ ਆਯੋਜਿਤ ਕੀਤਾ ਗਿਆ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਜਲੰਧਰ ਦੇ




ਡਿਪਟੀ ਮੇਅਰ ਮਲਕੀਤ ਸਿੰਘ ਸੁਭਾਨਾ ਨਾਲ ਇਸ ਸਮਾਗਮ ਦਾ ਉਦਘਾਟਨ ਕੀਤਾ। ਪ੍ਰਿੰਸੀਪਲ ਡਾ. ਚੋਪੜਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਨਾਂ ਸਮਾਗਮਾਂ ਦਾ ਵਿਸ਼ਾ ਸਮਾਜ ਦੀ ਲੋੜ ਅਨੁਸਾਰ ਹੈ। ਨਸ਼ੇ ਦੀਮਕ ਵਾਂਗ ਹਨ ਜੋ ਨੌਜਵਾਨਾਂ ਦੀ ਤਾਕਤ, ਰਚਨਾਤਮਕਤਾ ਅਤੇ ਆਸ਼ਾਵਾਦ ਨੂੰ ਚੁੱਪ-ਚਾਪ ਖਾ ਰਹੇ ਹਨ। ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਰਾਸ਼ਟਰ ਨਿਰਮਾਣ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਲਈ ਸਟਾਫ਼ ਦੇ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰੋਗਰਾਮ ਦੇ ਕਨਵੀਨਰ ਰਜਿਸਟਰਾਰ ਡਾ. ਗਗਨਦੀਪ ਕੌਰ ਨੇ ਦੱਸਿਆ ਕਿ ਇਸ ਵਿੱਚ 70 ਤੋਂ ਵੱਧ ਸਲੋਗਨ/ਪੋਸਟਰ ਪ੍ਰਾਪਤ ਹੋਏ।ਸਮਾਗਮ ਦੌਰਾਨ ਵਾਈਸ ਪ੍ਰਿੰਸੀਪਲ ਡਾ. ਨਵਦੀਪ ਕੌਰ, ਡੀਨ ਅਕਾਦਮਿਕ ਕੌਂਸਲ ਡਾ. ਰਸ਼ਪਾਲ ਸਿੰਘ ਸੰਧੂ, ਗਣਿਤ ਵਿਭਾਗ ਦੇ ਮੁਖੀ ਡਾ. ਹਰਜੀਤ ਸਿੰਘ, ਅਜੀਤ ਸਿੰਘ ਫਾਊਂਡੇਸ਼ਨ ਸੋਸਾਇਟੀ (ਰਜਿਸਟਰਡ) ਦੀ ਪ੍ਰਧਾਨ ਸ਼੍ਰੀਮਤੀ ਰਮਨਪ੍ਰੀਤ ਕੌਰ, ਇੰਚਾਰਜ ਹਿਸਟਰੀ ਕਲੱਬ ਡਾ. ਅਮਨਦੀਪ ਕੌਰ, ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਪ੍ਰੋ. ਸਤਪਾਲ ਸਿੰਘ, ਡਾ. ਸਰਬਜੀਤ ਸਿੰਘ, ਡਾ. ਹੇਮਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਸਟਾਫ਼ ਮੈਂਬਰ ਅਤੇ ਵਿਦਿਆਰਥੀ ਵੀ ਮੌਜੂਦ ਸਨ।

## ਕੁਲ ਹਿੰਦ ਕਿਸਾਨ ਸਭਾ ਜਥੇਬੰਦੀ ਨੂੰ ਮਜ਼ਬੂਤ ਕਰੇਗੀ : ਕ੍ਰਿਸ਼ਨਾ ਪ੍ਰਸਾਦ

**ਬੰਗਾ (ਅਵਤਾਰ ਕਲੇਰ)** ਕੁਲ ਹਿੰਦ ਕਿਸਾਨ ਸਭਾ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਸਾਥੀ ਦਰਸ਼ਨ ਸਿੰਘ ਮੱਟੂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਕੇਰਲਾ ਦੇ ਸਾਬਕਾ ਮੁੱਖ ਮੰਤਰੀ ਕਾਮਰੇਡ ਵੀ ਐਸ ਅਛੂਤਾ ਨੰਦਨ ਅਤੇ ਐਡਵੋਕੇਟ ਜੋਗਿੰਦਰ ਸਿੰਘ ਤੂਰ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਮੀਟਿੰਗ ਵਿੱਚ ਕੇਂਦਰ ਤੋਂ ਵਿਸ਼ੇਸ਼ ਤੌਰ 'ਤੇ ਸਭਾ ਦੇ ਕੌਮੀ ਖਜਾਨਚੀ ਕਾਮਰੇਡ ਕ੍ਰਿਸ਼ਨਾ ਪ੍ਰਸ਼ਾਦ ਸ਼ਾਮਲ ਹੋਏ। ਉਨ੍ਹਾਂ ਨੇ ਕਿਹਾ ਕਿ ਭਾਰਤ ਖੇਤੀ ਪ੍ਰਧਾਨ ਦੇਸ਼ ਹੈ ਸਰਕਾਰ ਨੂੰ ਚਾਹੀਦਾ ਹੈ ਕਿ ਉਸ਼ ਕਿਸਾਨਾਂ ਦੀ ਹਰ ਫ਼ਸਲ ਤੇ ਐਮ ਐਸ ਪੀ ਦੇਵੇ ਉਨ੍ਹਾਂ ਨੇ ਕਿਹਾ ਕਿ ਕੁਲ ਹਿੰਦ ਕਿਸਾਨ ਸਭਾ ਪਿੰਡ ਪਿੰਡ ਜਾ ਕੇ ਹਰ ਕਿਸਾਨ ਨੂੰ ਜਾਗਰੂਕ ਕਰੇਗੀ ਅਤੇ ਉਨ੍ਹਾਂ ਨੂੰ ਸੰਘਰਸ਼ ਦੇ ਰਾਹ ਤੇ ਲੈ ਕੇ ਜਾਵੇਗੀ। ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਸਭਾ ਦੇ ਸੂਬਾ ਜਨਰਲ ਸਕੱਤਰ ਸਾਥੀ ਬਲਜੀਤ ਸਿੰਘ ਗਰੇਵਾਲ ਨੇ ਕਿਹਾ ਕਿ 24 ਅਗਸਤ ਨੂੰ ਐਸ ਕੇ ਐਮ ਦੇ ਸੱਦੇ ਤੇ ਸਮਰਾਲਾ ਵਿਖੇ ਹੋ ਰਹੀ ਰੈਲੀ ਵਿਚ ਕਿਸਾਨ ਵੱਡੀ ਗਿਣਤੀ ਵਿਚ ਸ਼ਾਮਿਲ ਹੋਣਗੇ। ਹੁਣ ਕਿਸਾਨ ਸਭਾ ਦੇ ਤਹਿਸੀਲ ਅਤੇ ਜ਼ਿਲ੍ਹਾ ਅਜਲਾਸ ਹੋ ਰਹੇ ਹਨ।ਸੂਬਾ ਅਜਲਾਸ 15-16 ਨਵੰਬਰ ਨੂੰ ਮੁਲਾਂਪੁਰ (ਲੁਧਿਆਣਾ) ਵਿਖੇ ਹੋਵੇਗਾ।

## 79 ਕੰਮ, 79 ਸੰਦੇਸ਼ : ਸੀ ਟੀ ਗਰੁੱਪ ਨੇ ਆਜ਼ਾਦੀ ਦਿਹਾੜੇ 'ਤੇ ਮਿਸਾਲ ਕਾਇਮ ਕੀਤੀ

**ਜਲੰਧਰ (ਸ਼ੈਲੀ ਐਲਬਰਟ)** ਭਾਰਤ ਦੇ 79ਵੇਂ ਆਜ਼ਾਦੀ ਦਿਵਸ ਦੇ ਜਸ਼ਨ 'ਤੇ, ਸੀ.ਟੀ. ਗਰੁੱਪ ਨੇ 'ਆਜ਼ਾਦ ਭਾਰਤ ਤੋਂ ਦਿਆਲੂ ਭਾਰਤ ਤੱਕ' ਦੇ ਥੀਮ ਹੇਠ 79 ਦਿਆਲਤਾ ਦੇ ਕੰਮ ਕੀਤੇ। ਪੌਦੇ ਲਗਾਉਣ, ਸੈਨੇਟਰੀ ਪੈਡ ਵੰਡਣ, ਸਫ਼ਾਈ ਮੁਹਿੰਮਾਂ, ਕਿਤਾਬਾਂ ਦਾਨ, ਸਟੇਸ਼ਨਰੀ ਵੰਡਣ, ਸਿਹਤ ਜਾਂਚ ਕੈਂਪਾਂ ਅਤੇ ਹੋਰ ਕਈ ਪਹਿਲਕਦਮੀਆਂ ਰਾਹੀਂ ਇਹਨਾਂ ਛੋਟੇ-ਛੋਟੇ ਕੰਮਾਂ ਨੇ 79 ਕਾਰਜਾਂ ਦਾ ਇੱਕ ਵੱਡਾ ਯੋਗਦਾਨ ਦਿੱਤਾ, ਜੋ ਭਾਰਤ ਦੀ 79 ਸਾਲਾਂ ਦੀ ਆਜ਼ਾਦੀ ਦਾ ਪ੍ਰਤੀਕ ਹੈ। ਇਹਨਾਂ ਕੰਮਾਂ ਨੇ ਆਜ਼ਾਦੀ ਦੇ ਜਸ਼ਨ ਨੂੰ ਸਮਾਜ ਲਈ ਸਾਰਥਕ ਕਦਮਾਂ ਵਿੱਚ ਬਦਲ ਦਿੱਤਾ।ਇਹਨਾਂ ਮੁਹਿੰਮਾਂ ਦੀ ਸ਼ੁਰੂਆਤ ਸਤਿਕਾਰਤ ਪ੍ਰਬੰਧਨ ਟੀਮ ਨੇ ਕੀਤੀ, ਜਿਸ ਵਿੱਚ ਚੇਅਰਮੈਨ ਚਰਨਜੀਤ ਸਿੰਘ ਚੰਨੀ, ਕੋ-ਚੇਅਰਪਰਸਨ ਮੈਡਮ ਪਰਮਿੰਦਰ ਕੌਰ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਜਾਇੰਟ ਮੈਨੇਜਿੰਗ ਡਾਇਰੈਕਟਰ ਤਨਿਕਾ ਚੰਨੀ, ਵਾਈਸ-ਚੇਅਰਮੈਨ ਹਰਪ੍ਰੀਤ ਸਿੰਘ, ਐਕਜ਼ੀਕਿਊਟਿਵ ਡਾਇਰੈਕਟਰ ਡਾ. ਨਿਤਿਨ ਟੰਡਨ, ਡਾਇਰੈਕਟਰ ਕੈਂਪਸ ਸੰਗਰਾਮ ਸਿੰਘ, ਡਾਇਰੈਕਟਰ ਐਡਮਿਸ਼ਨ ਡਾ. ਵਨੀਤ ਠਾਕੁਰ ਅਤੇ ਡੀਨ ਸਟੂਡੈਂਟ ਵੈਲਫੇਅਰ ਡਾ.




ਅਰਜੁਨ ਸ਼ਾਮਲ ਸਨ। ਚੇਅਰਮੈਨ ਚੰਨੀ ਨੇ ਕਿਹਾ, 'ਅਸਲੀ ਆਜ਼ਾਦੀ ਤਾਂ ਹੁੰਦੀ ਹੈ ਜਦੋਂ ਅਸੀਂ ਆਪਣੀ ਆਜ਼ਾਦੀ ਨੂੰ ਦੂਜਿਆਂ ਦੀ ਸੇਵਾ, ਉਭਾਰ ਅਤੇ ਪ੍ਰੇਰਨਾ ਲਈ ਵਰਤਦੇ ਹਾਂ। ਇਹ 79 ਦਿਆਲਤਾ ਦੇ ਕੰਮ ਸਾਡੇ ਦੇਸ਼ ਦੀ ਦਿਆਲੂ, ਲਚਕਦਾਰ ਅਤੇ ਇਕਜੁੱਟ ਭਾਵਨਾ ਨੂੰ ਦਰਸਾਉਂਦੇ ਹਨ।'

# ਐੱਸ ਡੀ ਐੱਮ ਸ਼ੁਭੀ ਆਂਗਰਾ ਨੇ ਰਾਸ਼ਟਰੀ ਝੰਡਾ ਲਹਿਰਾਇਆ

**ਸ਼ਾਹਕੋਟ (ਗਿਆਨ ਸੈਦਪੁਰੀ)**- ਸ਼ਾਹਕੋਟ ਵਿਖੇ ਆਜ਼ਾਦੀ ਦਿਹਾੜੇ ਸਬੰਧੀ ਤਹਿਸੀਲ ਪੱਧਰੀ ਸਮਾਗਮ ਸਰਕਾਰੀ ਕਾਲਜ ਵਿਚ ਕਰਵਾਇਆ ਗਿਆ।ਮੁੱਖ ਮਹਿਮਾਨ ਵਜੋਂ ਪਹੁੰਚੇ ਐੱਸ.ਡੀ.ਐੱਮ. ਸ਼ਾਹਕੋਟ ਸ਼੍ਰੀਮਤੀ ਸ਼ੁਭੀ ਆਂਗਰਾ ਨੇ ਰਾਸ਼ਟਰੀ ਝੰਡਾ ਲਹਿਰਾਇਆ।ਸ਼ਾਹਕੋਟ ਦੇ ਉਪ ਪੁਲਸ ਕਪਤਾਨ ਓਂਕਾਰ ਸਿੰਘ ਬਰਾੜ, ਤਹਿਸੀਲਦਾਰ ਜਸਪਾਲ ਸਿੰਘ ਬਾਜਵਾ, ਨਾਇਬ ਤਹਿਸੀਲਦਾਰ ਲੋਹੀਆਂ ਬਲਵਿੰਦਰ ਸਿੰਘ ਅਤੇ ਥਾਣਾ ਮੁਖੀ ਬਲਵਿੰਦਰ ਸਿੰਘ ਭੁੱਲਰ ਵੀ ਉਨ੍ਹਾਂ ਦੇ ਨਾਲ ਸਨ। ਮੁੱਖ ਮਹਿਮਾਨ ਨੇ ਪੁਲਸ ਦੇ ਜਵਾਨਾਂ ਅਤੇ ਮਦਰਜ਼ ਪਰਾਈਡ ਸਕੂਲ ਮਲਸੀਆਂ ਦੀ ਐਨ.ਸੀ.ਸੀ. ਟੀਮ ਦੀ ਪਰੇਡ ਤੋਂ ਸਲਾਮੀ ਲਈ। ਆਂਗਰਾ ਨੇ ਕਿਹਾ ਕਿ ਅੱਜ ਅਸੀਂ ਆਜ਼ਾਦੀ ਦਾ ਜੋ ਨਿੱਘ ਮਾਣ ਰਹੇ ਹਾਂ ਇਹ ਸਾਡੇ ਦੇਸ਼ ਦੇ ਮਹਾਨ ਸੂਰਬੀਰ ਯੋਧਿਆਂ ਦੀ ਕੁਰਬਾਨੀ ਨਾਲ ਸੰਭਵ ਹੋ ਸਕਿਆ ਹੈ। ਉਨ੍ਹਾਂ ਇਸ ਮੌਕੇ ਦੇਸ਼ ਦੇ ਨਾਗਰਿਕਾਂ ਨੂੰ ਸੰਵਿਧਾਨਕ ਹੱਕਾਂ ਦੇ ਨਾਲ ਨਾਲ ਸੰਵਿਧਾਨਕ ਫਰਜ਼ਾਂ ਪ੍ਰਤੀ ਵੀ ਸਮਰਪਿਤ ਰਹਿਣ ਲਈ ਪ੍ਰੇਰਿਤ ਕੀਤਾ।ਸਮਾਗਮ ਵਿਚ ਆਪ ਦੇ ਹਲਕਾ ਇੰਚਾਰਜ ਪਰਮਿੰਦਰ ਸਿੰਘ ਪੰਡੋਰੀ, ਸੰਗਠਨ ਇੰਚਾਰਜ ਹਰਜਿੰਦਰ ਸਿੰਘ ਸੀਚੇਵਾਲ, ਨਗਰ ਪੰਚਾਇਤ ਸ਼ਾਹਕੋਟ ਦੇ ਪ੍ਰਧਾਨ ਗੁਲਜ਼ਾਰ ਸਿੰਘ ਥਿੰਦ, ਮਾਰਕੀਟ ਕਮੇਟੀ ਸ਼ਾਹਕੋਟ ਦੇ ਚੇਅਰਮੈਨ ਬਲਵੀਰ ਸਿੰਘ ਢੰਡੋਵਾਲ ਨੇ ਵਿਸ਼ੇਸ਼ ਮਹਿਮਾਨਾਂ ਵਜੋਂ



ਸ਼ਿਰਕਤ ਕੀਤੀ। ਸੱਭਿਆਚਾਰਕ ਸਮਾਗਮ ਦੀ ਸ਼ੁਰੂਆਤ ਪਬਲਿਕ ਸਕੂਲ ਸ਼ਾਹਕੋਟ ਦੇ ਵਿਦਿਆਰਥੀਆਂ ਵੱਲੋਂ ਗਾਇਨ ਕੀਤੇ ਗਏ ਰਾਸ਼ਟਰੀ ਗੀਤ ਨਾਲ ਹੋਈ। ਉਪਰੰਤ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਅਤੇ ਸੱਭਿਆਚਾਰ ਨਾਲ ਸਬੰਧਿਤ ਪੇਸ਼ਕਾਰੀਆਂ ਨਾਲ ਸਰੋਤਿਆਂ ਨੂੰ ਕੀਲਿਆ।ਮੰਚ ਦਾ ਸੰਚਾਲਨ ਸੁਰਿੰਦਰ ਕੁਮਾਰ ਵਿੱਗ ਸੈਂਟਰ ਹੈੱਡ ਟੀਚਰ ਸ਼ਾਹਕੋਟ ਅਤੇ ਮਾਸਟਰ ਰਵੀ ਸ਼ੰਕਰ ਲੋਹੀਆਂ ਨੇ ਸਾਂਝੇ ਰੂਪ 'ਚ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜੀਤ ਸਿੰਘ ਬੱਗਾ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਸ਼ਾਹਕੋਟ, ਤਜਿੰਦਰ ਕੁਮਾਰ ਸਕੱਤਰ ਮਾਰਕੀਟ ਕਮੇਟੀ ਸ਼ਾਹਕੋਟ, ਸਰਬਜੀਤ ਸਿੰਘ ਚਤਰੱਥ ਚੇਅਰਮੈਨ ਮਾਰਕੀਟ ਕਮੇਟੀ ਲੋਹੀਆਂ, ਸੁਨੀਲ ਕੁਮਾਰ ਕਾਰਜ ਸਾਧਕ ਅਫ਼ਸਰ ਸ਼ਾਹਕੋਟ, ਪ੍ਰਵੀਨ ਗਰੋਵਰ ਮੈਂਬਰ ਨਗਰ ਪੰਚਾਇਤ, ਸੁਰਜੀਤ ਸਿੰਘ ਸ਼ੰਟੀ ਸੀਚੇਵਾਲ, ਪਵਨ ਪੁਰੀ ਸਾਬਕਾ ਪ੍ਰਧਾਨ ਨਗਰ ਪੰਚਾਇਤ, ਜਸਵੀਰ ਸਿੰਘ ਜਲਾਲਪੁਰੀ, ਟਿੰਪੀ ਕੁਮਰਾ, ਰਾਜੇਸ਼ ਅਗਰਵਾਲ, ਮਨੋਜ ਅਰੋੜਾ ਸ਼ਹਿਰੀ ਪ੍ਰਧਾਨ, ਪ੍ਰਿੰਸੀਪਲ ਹਰਪ੍ਰੀਤ ਸਿੰਘ ਸੋਂਧੀ, ਨਿਰਮਲ ਸਿੰਘ ਬੀ.ਪੀ.ਈ.ਓ. ਸ਼ਾਹਕੋਟ-1, ਵਿਜੇ ਕੁਮਾਰ ਨਰੂਲਾ ਬੀ.ਪੀ.ਈ.ਓ. ਸ਼ਾਹਕੋਟ -2, ਰਮੇਸ਼ਵਰ ਚੰਦਰ ਬੀ.ਪੀ.ਈ.ਓ. ਲੋਹੀਆਂ, ਡਾ. ਅਮਨਦੀਪ ਸੀਨੀਅਰ ਵੈਟਰਨਰੀ ਅਫ਼ਸਰ ਸ਼ਾਹਕੋਟ, ਮੁਖਤਿਆਰ ਸਿੰਘ ਕਲਰਕ, ਅੰਕਿਤ ਗੁਪਤਾ ਸਟੈਨੋ, ਸੰਦੀਪ ਕੌਰ, ਕੁਲਦੀਪ ਸਿੰਘ ਮਿਗਲਾਨੀ, ਪਰਬਤ ਸਿੰਘ ਪੀ.ਏ., ਰਾਖੀ ਮੱਟੂ ਐੱਮ.ਸੀ., ਰੂਪ ਲਾਲ ਸ਼ਰਮਾ, ਜਰਨੈਲ ਸਿੰਘ ਧੰਜੂ, ਡਾ. ਬਲਕਾਰ ਸਿੰਘ ਆਦਿ ਹਾਜ਼ਰ ਸਨ।

## ਐਸ ਡੀ ਕਾਲਜ 'ਚ ਅੰਤਰਰਾਸ਼ਟਰੀ ਯੁਵਾ ਦਿਵਸ ਮਨਾਇਆ

**ਸੁਲਤਾਨਪੁਰ ਲੋਧੀ (ਹਨੀ)** ਨਿਰਦੇਸ਼ਕ, ਯੁਵਕ ਸੇਵਾਵਾਂ ਕਪੂਰਥਲਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਐਸ ਡੀ ਕਾਲਜ ਦੇ ਐਨ ਐਸ ਐਸ ਵਿਭਾਗ ਤੇ ਰੈੱਡ ਰਿਬਨ ਕਲੱਬ ਵੱਲੋਂ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿੱਚ ਅੰਤਰਰਾਸ਼ਟਰੀ ਯੁਵਾ ਦਿਵਸ ਮਨਾਇਆ। ਇਸ ਦੌਰਾਨ ਵਿਦਿਆਰਥਣਾਂ ਦਰਮਿਆਨ ਭਾਸ਼ਣ ਮੁਕਾਬਲਾ ਆਯੋਜਿਤ ਕੀਤਾ ਗਿਆ ਜਿਸ ਵਿੱਚ ਬੀ.ਏ. ਭਾਗ ਦੂਜਾ ਦੀਆਂ ਵਿਦਿਆਰਥਣਾਂ ਅਮਨਦੀਪ ਕੌਰ, ਨਵਜੋਤ ਕੌਰ ਮੱਟੂ ਅਤੇ ਸੰਦੀਪ ਕੌਰ ਨੇ ਥੀਮ ਦੇ ਅਨੁਸਾਰ ਆਪਣੇ ਵਿਚਾਰ ਸਾਂਝੇ ਕੀਤੇ।




ਅਮਨਦੀਪ ਕੌਰ ਨੇ ਇਸ ਬਾਰੇ ਗੱਲ ਕੀਤੀ ਕਿ ਕਿਵੇਂ ਨੌਜਵਾਨ ਦ੍ਰਿੜਤਾ ਅਤੇ ਕਾਰਵਾਈ ਰਾਹੀਂ ਦੇਸ਼ ਵਿੱਚੋਂ ਗਰੀਬੀ ਅਤੇ ਭੁੱਖਮਰੀ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦੇ ਹਨ। ਨਵਜੋਤ ਕੌਰ ਮੱਟੂ ਨੇ ਉਨ੍ਹਾਂ ਤਰੀਕਿਆਂ ਬਾਰੇ ਚਾਨਣਾ ਪਾਇਆ, ਜਿਨ੍ਹਾਂ ਨਾਲ ਨੌਜਵਾਨ ਰਾਸ਼ਟਰੀ ਤਰੱਕੀ ਵਿੱਚ ਯੋਗਦਾਨ ਪਾ ਸਕਦੇ ਹਨ।ਸੰਦੀਪ ਕੌਰ ਨੇ ਅੰਤਰਰਾਸ਼ਟਰੀ ਯੁਵਾ ਦਿਵਸ ਦੇ ਇਤਿਹਾਸ ਤੇ ਮਹੱਤਵ 'ਤੇ ਚਾਨਣਾ ਪਾਇਆ। ਆਪਣੇ ਸੰਬੋਧਨ ਵਿੱਚ ਪ੍ਰਿੰਸੀਪਲ ਡਾ ਸ਼ੁਕਲਾ ਨੇ ਜ਼ੋਰ ਦੇ ਕੇ ਕਿਹਾ ਕਿ ਅੰਤਰਰਾਸ਼ਟਰੀ ਯੁਵਾ ਦਿਵਸ ਨੌਜਵਾਨਾਂ ਨੂੰ ਆਪਣੀ ਸਮਰੱਥਾ ਨੂੰ ਪਛਾਣਨ ਅਤੇ ਦੇਸ਼ ਦੀ ਭਲਾਈ ਲਈ ਆਪਣੇ ਆਪ ਨੂੰ ਸਮਰਪਤ ਕਰਨ ਲਈ ਪ੍ਰੇਰਿਤ ਕਰਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸੱਚਾਈ, ਸਖ਼ਤ ਮਿਹਨਤ ਅਤੇ ਰਾਸ਼ਟਰੀ ਸੇਵਾ ਦੇ ਮਾਰਗ 'ਤੇ ਚੱਲਣ ਲਈ ਉਤਸ਼ਾਹਤ ਕੀਤਾ। ਇਹ ਸਾਰਾ ਪ੍ਰੋਗਰਾਮ ਮੈਡਮ ਸੁਨੀਤਾ ਕਲੇਰ ਦੀ ਦੇਖ ਰੇਖ ਵਿਚ ਆਯੋਜਿਤ ਕੀਤਾ ਗਿਆ ।

## ਸਰਕਾਰੀ ਆਈ ਟੀ ਆਈ ਵਿਖੇ ਸੁਤੰਤਰਤਾ ਦਿਵਸ ਮਨਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਰਕਾਰੀ ਆਈ.ਟੀ.ਆਈ. ਹੁਸ਼ਿਆਰਪੁਰ ਵਿਖੇ ਕਾਰਜਕਾਰੀ ਪ੍ਰਿੰਸੀਪਲ ਗੁਰਨਾਮ ਸਿੰਘ ਦੀ ਅਗਵਾਈ ਵਿੱਚ 79ਵਾਂ



ਸੁਤੰਤਰਤਾ ਦਿਵਸ ਮਨਾਇਆ ਗਿਆ। ਕਾਰਜਕਾਰੀ ਗੁਰਨਾਮ ਸਿੰਘ, ਟਰੇਨਿੰਗ ਅਫਸਰ ਗੁਰਦੇਵ ਸਿੰਘ ਨੇ ਤਿਰੰਗਾ ਝੰਡਾ ਲਹਿਰਾਇਆ ।ਅਸ਼ਵਨੀ ਕੁਮਾਰ, ਜਸਵਿੰਦਰ ਸਿੰਘ, ਹੰਸ ਰਾਜ ਨੇ ਕਿਹਾ ਕਿ ਅਜ਼ਾਦੀ ਦਾ ਦਿਹਾੜਾ ਹਰੇਕ ਭਾਰਤੀ ਦੇ ਦਿਲ ਵਿੱਚ ਬਹੁਤ ਹੀ ਖਾਸ ਸਥਾਨ ਰੱਖਦਾ ਹੈ, ਇਹ ਦਿਨ ਦੇਸ਼ ਦੀ ਅਜ਼ਾਦੀ ਲਈ ਆਪਣੀਆਂ ਕੁਰਬਾਨੀਆਂ ਦੇਣ ਵਾਲੇ ਨਾਇਕਾਂ ਦਾ ਸਨਮਾਨ ਕਰਨ ਦਾ ਦਿਨ ਹੈ, ਉਨ੍ਹਾਂ ਦੀਆਂ ਕੁਰਬਾਨੀਆਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਸਾਡੀ ਅਜ਼ਾਦੀ ਇੱਕ ਪਵਿੱਤਰ ਅਮਾਨਤ ਹੈ। ਦੇਸ਼ ਪ੍ਰਤੀ ਸਾਡਾ ਸਭ ਦਾ ਫਰਜ ਹੈ ਕਿ ਅਸੀਂ ਦੇਸ਼ ਦੇ ਸੰਵਿਧਾਨ ਵਿੱਚ ਦਰਜ ਕਦਰਾਂ-ਕੀਮਤਾਂ ਨਿਆਂ, ਅਜ਼ਾਦੀ, ਭਾਈਚਾਰਾ ਕਾਇਮ ਰੱਖੀਏ, ਇੱਕ ਦੂਜੇ ਪ੍ਰਤੀ ਦਿਆਲੂ ਰਹਿਏ, ਵਾਤਾਵਰਣ ਪ੍ਰਤੀ ਸੁਚੇਤ ਰਹਿਏ, ਹਮੇਸ਼ਾ ਸੱਚ ਬੋਲੀਏ, ਆਪਸੀ ਮਤਭੇਦ ਨੂੰ ਭੁਲਾ ਕੇ ਇਕੱਠੇ ਮਿਲ ਕੇ ਕੰਮ ਕਰੀਏ ਤਾਂ ਜੋ ਭਾਰਤ ਪੂਰੀ ਦੁਨੀਆਂ ਲਈ ਉਮੀਦ ਅਤੇ ਤਰੱਕੀ ਦਾ ਚਾਨਣ ਮੁਨਾਰਾ ਬਣ ਸਕੇ। ਇਸ ਮੌਕੇ ਰਾਸ਼ਟਰ ਗਾਨ ਜਨ ਗਣ ਮਨ ਦਾ ਉਚਾਰਨ ਕੀਤਾ ਗਿਆ। ਇਸ ਮੌਕੇ ਟ੍ਰੇਨਿੰਗ ਅਫਸਰ ਮਸਤ ਰਾਮ, ਸਤਪਾਲ, ਗੁਰਜਿੰਦਰ ਸਿੰਘ, ਇੰਦਰਜੀਤ ਕੌਰ, ਗੁਰਲਾਲ, ਵਿਜੇ ਕੁਮਾਰ,ਬਲਜਿੰਦਰ ਸਿੰਘ, ਅਨਿਲ ਕੁਮਾਰ, ਰਮਨ ਕੁਮਾਰ, ਲਖਵਿੰਦਰ ਸਿੰਘ, ਬਲਵਿੰਦਰ ਸਿੰਘ, ਮਹੀ ਪਾਲ ਸ੍ਰੀਮਤੀ ਸੰਗੀਤਾ, ਵਿਕਰਮਜੀਤ ਸਿੰਘ ਤੋਂ ਇਲਾਵਾ ਸੰਸਥਾ ਦੇ ਕਰਮਚਾਰੀ ਹਾਜਰ ਸਨ।

## ਆਜ਼ਾਦ ਮਾਰਚ ਦਾ ਮਕਸਦ ਲੋਕਾਂ ਨੂੰ ਸਾਮਰਾਜ ਵਿਰੁੱਧ ਜਾਗਰੂਕ ਕਰਨਾ : ਭੱਟਾਚਾਰੀਆ

**ਬੰਗਾ (ਅਵਤਾਰ ਕਲੇਰ)**- ਐੱਸ ਐੱਫ ਆਈ ਦੇ ਕੁੱਲ ਹਿੰਦ ਦੇ ਜਨਰਲ ਸਕੱਤਰ ਸ੍ਰੀਜਨ ਭੱਟਾਚਾਰੀਆ ਦੀ ਅਗਵਾਈ ਹੇਠ ਆਜ਼ਾਦ ਮਾਰਚ, ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਤੱਕ ਕੀਤਾ ਗਿਆ, ਜੋ 9 ਅਗਸਤ ਤੋਂ ਸ਼ੁਰੂ ਹੋ ਕੇ 15 ਅਗਸਤ ਨੂੰ ਇੱਥੇ ਸਮਾਪਤ ਕੀਤਾ ਗਿਆ।ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਭੱਟਾਚਾਰੀਆ ਨੇ ਕਿਹਾ ਕਿ ਇਸ ਸਾਮਰਾਜ ਵਿਰੋਧੀ ਹਫਤੇ ਦੇ ਆਜ਼ਾਦ ਮਾਰਚ ਦਾ ਮੁੱਖ ਨਿਸ਼ਾਨਾ ਸਾਮਰਾਜ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨਾ ਸੀ, ਤਾਂ ਜੋ ਲੋਕ ਇਸ




ਸਬੰਧੀ ਜਿਆਦਾ ਤੋਂ ਜਿਆਦਾ ਜਾਗਰੂਕ ਹੋ ਕੇ ਲਾਮਬੰਦ ਹੋਣ। ਉਹਨਾਂ ਨੇ ਕਿਹਾ ਇਸ ਮਾਰਚ ਪ੍ਰਤੀ ਦੇਸ਼ ਭਰ 'ਚ ਚੰਗਾ ਹੁੰਗਾਰਾ ਮਿਲਿਆ। ਡੀ ਵਾਈ ਐਫ ਆਈ ਪੰਜਾਬ ਦੇ ਸਾਬਕਾ ਪ੍ਰਧਾਨ ਸਾਥੀ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਪੰਜਾਬ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਲਈ ਚਾਨਣ ਮੁਨਾਰਾ ਹਨ। ਐੱਸ ਐੱਫ ਆਈ ਦੇ ਕੁੱਲ ਹਿੰਦ ਜੁਆਇੰਟ ਸਕੱਤਰ ਕੁਮਾਰੀ ਐੱਸ ਸ਼ਿਲਪਾ ਤੋਂ ਇਲਾਵਾ ਪੰਜਾਬ ਦੇ ਜਨਰਲ ਸਕੱਤਰ ਜੀਵਨ ਕੁਮਾਰ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਰਾਮ ਸਿੰਘ ਨੂਰਪੁਰੀ, ਡੀ ਵਾਈ ਐੱਫ ਆਈ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਨਾਗੀ ,ਸੂਬਾ ਜਨਰਲ ਸਕੱਤਰ ਸੁੱਖਦੀਪ ਸਿੰਘ ਗਰੇਵਾਲ ਸਮੇਤ ਵਿਦਿਆਰਥੀ ਤੇ ਨੌਜਵਾਨ ਹਾਜ਼ਰ ਸਨ।

## ਅਧਾਰ ਕਾਰਡ ਨੂੰ ਰਾਸ਼ਟਰੀ ਪਛਾਣ ਪੱਤਰ ਦੀ ਮਾਨਤਾ ਦਿਤੀ ਜਾਵੇ : ਧੀਮਾਨ

**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**- ਅਧਾਰ ਕਾਰਡ ਨੂੰ ਪਛਾਣ ਪਤੱਰ ਦਾ ਦਰਜਾ ਨਾ ਮਿਲਣ ਤੇ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਕੇਂਦਰ ਸਰਕਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਅਧਾਰ ਕਾਰਡ ਬਨਾਉਣ ਖ਼ਜ਼ਾਨੇ ਦਾ ਕਰੋੜਾਂ ਰੁਪਇਆ ਖਰਚਿਆ ਜਾ ਚੁੱਕਾ ਹੈ।ਜੇਕਰ ਸਰਕਾਰ ਨੇ ਅਧਾਰ ਕਾਰਡ ਉੱਤੇ ਲਿਖੀ ਜਨਮ ਮਿਤੀ, ਘਰ ਦਾ ਪਤਾ ਆਦਿ ਨੂੰ ਮਾਨਤਾ ਨਹੀਂ ਦੇਣੀ ਸੀ ਤਾਂ ਕਰੋੜਾਂ ਰੁਪਏ ਦਾ ਇਨਫਰਾ ਸਟਰਕਚਰ ਕਿਉਂ ਬਣਾਇਆ? ਹੁਣ ਸਰਕਾਰਾਂ ਕਹਿਣ ਲੱਗ ਪਈਆਂ ਕਿ ਅਧਾਰ ਕਾਰਡ ਉਤੇ ਲਿੱਖੀ ਜਨਮ ਮਿਤੀ ਤੇ ਪਤਾ ਕੋਈ ਸਬੂਤ ਇਨ੍ਹਾਂ ਦਾ ਸਬੂਤ ਨਹੀਂ ਹੈ ? ਉਨ੍ਹਾਂ ਕਿਹਾ ਕਿ ਅਧਾਰ ਕਾਰਡ ਨੂੰ ਅਪ ਡੇਟ ਕਰਵਾਉਣ ਦੇ ਨਾਂਅ ਉਤੇ ਨਾਜਾਇਜ਼ ਫੀਸਾਂ ਇਕਠੀਆਂ ਕੀਤੀਆਂ ਜਾ ਰਹੀਆਂ ਹਨ। ਫਿਰ ਅਧਾਰ ਕਾਰਡ ਦੀ ਅਲੱਗ ਅਥਾਰਟੀ ਬਣਾ ਕੇ ਪੈਸਾ ਕਿਉਂ ਬਰਬਾਦ ਕੀਤਾ? ਅੱਖਾਂ ਅਤੇ ਫਿੰਗਰ ਪ੍ਰਿੰਟ ਹੋਣ ਦੇ ਬਾਵਜੂਦ ਵੀ ਅਧਾਰ ਕਾਰਡ ਨੂੰ ਮਾਨਤਾ ਨਹੀਂ ,ਜਦੋਂ ਫਿੰਗਰ ਪ੍ਰਿੰਟ



ਪੂਰੀ ਦੁਨੀਆਂ ਵਿਚ ਕਿਸੇ ਦੇ ਵੀ ਇਕ ਦੂਸਰੇ ਨਾਲ ਮੇਲ ਨਹੀਂ ਖਾਂਦੇ। ।ਨਾਗਰਿਕਤਾ ਪਹਿਚਾਣ ਪੱਤਰ ਨਾ ਹੋਣ ਕਰਕੇ ਵਿਦੇਸ਼ੀ ਲੋਕਾਂ ਦੀ ਵੀ ਪਹਿਚਾਨ ਵੀ ਨਹੀਂ ਕੀਤੀ ਜਾ ਸਕਦੀ। ਧੀਮਾਨ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਅਧਾਰ ਕਾਰਡ ਨੂੰ ਰਾਸ਼ਟਰੀ ਪਛਾਣ ਪਤੱਰ ਦੀ ਮਾਨਤਾ ਦਿਤੀ ਜਾਵੇ।

## ਸ੍ਰੀ ਕ੍ਰਿਸ਼ਨ ਨੇ ਸੰਸਾਰ ਨੂੰ ਮਾਨਵਤਾ ਦੀ ਭਲਾਈ ਦਾ ਸੁਨੇਹਾ ਦਿੱਤਾ: ਬੈਂਸ

**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪਵਿੱਤਰ ਗ੍ਰੰਥਾਂ ਅਨੁਸਾਰ ਭਗਵਾਨ ਸ੍ਰੀ ਕ੍ਰਿਸ਼ਨ ਭਗਵਾਨ ਵਿਸ਼ਨੂ ਜੀ ਦੇ ਅਵਤਾਰ ਸਨ। ਉਨ੍ਹਾਂ ਨੇ ਸੰਸਾਰ ਨੂੰ ਮਾਨਵਤਾ ਦੀ ਭਲਾਈ ਦਾ ਸੁਨੇਹਾ ਦਿੱਤਾ ਹੈ। ਮਹਾਨ ਪਵਿੱਤਰ ਗ੍ਰੰਥ ਭਾਗਵਤ ਗੀਤਾ ਜੀ ਰਾਹੀ ਸਮੁੱਚੀ ਕਾਇਨਾਤ ਨੂੰ ਜੋ ਉਪਦੇਸ਼ ਦਿੱਤੇ ਹਨ ਉਸ ਨਾਲ ਦੇਸ਼ ਵਿਦੇਸ਼ ਤੱਕ ਉਨ੍ਹਾਂ ਦੇ



ਅਣਗਿਣਤ ਅਨੁਯਾਈ ਸੱਚਾਈ ਦੇ ਮਾਰਗ ਚੱਲਣ ਦੀ ਪ੍ਰੇਰਨਾ ਦੇ ਰਹੇ ਹਨ।ਉਨਾਂ ਕਿਹਾ ਕਿ ਸ਼੍ਰੀ ਅਨੰਦਪੁਰ ਸਾਹਿਬ ਦੀ ਮਹਾਨ ਪਵਿੱਤਰ ਨਗਰੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਮਹਿਲਾ ਮੰਡਲ ਬਾਸੋਵਾਲ ਕਲੋਨੀ ਮੰਜੂ ਰਾਣਾ, ਸੁਮਨ ਬਾਲਾ, ਜਸਪਾਲ ਕੌਰ, ਵੀਨਾ ਰਾਣੀ ਪੰਚ, ਸੀਮਾ ਦੇਵੀ, ਨੀਲਮ ਦੇਵੀ, ਮੰਜਨਾ ਦੇਵੀ ਪੰਚ, ਨਵਦੀਪ ਕੌਰ ਤੇ ਕਮੇਟੀ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਮੰਦਰ ਕਮੇਟੀ ਪ੍ਰਧਾਨ ਲੱਕੀ ਕਪਿਲਾ ਸਰਪੰਚ, ਪਵਨ ਕੁਮਾਰ ਸੈਕਟਰੀ, ਦਲੀਪ ਹੰਸ ਪੰਜਾਬ ਦਲਿਤ ਵਿਕਾਸ ਬੋਰਡ,ਰਾਕੇਸ਼ ਚੰਦਰ, ਪਵਨ ਕੁਮਾਰ, ਨਵਦੀਪ ਕੌਰ, ਸੁਨੀਤਾ, ਸੁਮਨ ਬਾਲਾ, ਰਾਜੇਸ਼, ਸੁਨੀਲ ਅਡਵਾਲ ਰੇਹੜੀ ਯੂਨੀਅਨ ਪ੍ਰਧਾਨ, ਰਘੁਕੁਲ ਭੂਸ਼ਣ ਨੰਬਰਦਾਰ, ਅੰਕੁਸ਼ ਪਾਠਕ, ਰਾਕੇਸ਼ ਪੰਡਿਤ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।

## ਸਾਲਾਨਾ ਜੋੜ ਮੇਲਾ ਧੂਮ-ਧਾਮ ਨਾਲ ਮਨਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਦਰਬਾਰ ਪੀਰ ਸਈਅਦ ਮਹਿਬੂਬ ਆਲਮ ਸ਼ਾਹ ਕਾਦਰੀ ਪਿੰਡ ਛੋਕਰਾ ਨੇੜੇ ਵਿਖੇ ਹਰ ਸਾਲ ਦੀ ਤਰ੍ਹਾਂ ਸਾਲਾਨਾ ਜੋੜ ਮੇਲਾ ਧੂਮ ਧਾਮ



ਨਾਲ ਮਨਾਇਆ ਗਿਆ। ਸੇਵਾਦਾਰ ਕੁਲਵਿੰਦਰ ਪਾਲ ਪੱਪੂ ਸ਼ਾਹ ਨੇ ਦੱਸਿਆ ਕਿ ਚਾਦਰ ਚੜ੍ਹਾਉਣ ਰਸਮ ਅਦਾ ਕੀਤੀ ਗਈ, ਚਿਰਾਗ ਰੋਸ਼ਨ ਕੀਤੇ ਗਏ। ਸਾਰੀਆਂ ਰਸਮਾਂ ਪੂਰੀਆਂ ਕਰਨ ਉਪਰੰਤ ਸ਼ੌਕੀਲ ਸਾਬਰੀ ਵਲੋਂ ਨਗਰ ਦੀ ਸੁੱਖ ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਫਰਿਆਦ ਕੀਤੀ ਗਈ। ਮਹਿਫਲੇ ਕਵਾਲ ਨਕਲਾਂ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ। ਸਟੇਜ ਸੰਚਾਲਕ ਲਾਲੀ ਗੰਗੜ ਪ੍ਰੋਗਰਾਮ ਕਵਾਲ ਬਹਿਰਾਮ ਵਾਲੇ, ਬੀਬੀ ਸ਼ੌਕੀਨਾ, ਸ਼ੌਕੀਲ ਸਾਬਰੀ ਫਿਲੌਰ ਵਾਲੇ ਕਵਾਲੀਆਂ ਪ੍ਰੋਗਰਾਮ ਪੇਸ਼ ਕੀਤਾ, ਵਿੱਕੀ ਨਕਾਲ ਨੇ ਪੋਗਰਾਮ ਪੇਸ਼ ਕੀਤਾ। ਬਾਬਾ ਮਹਿੰਦਰ ਸ਼ਾਹ ਨੇ ਕਿਹਾ ਕਿ ਅੱਲ੍ਹਾ ਦੀ ਬੰਦਗੀ ਕਰਨ ਵਾਲਾ ਮਨੁੱਖ ਲੱਖ ਮੁਸੀਬਤਾਂ ਵਿਚ ਘਿਰਿਆ ਹੋਇਆ ਵੀ ਕਦੇ ਨਹੀਂ ਡੋਲਦਾ। ਇਸ ਮੌਕੇ ਤਰਲੋਚਨ ਚੌਹਾਨ,, ਗੁਰਪ੍ਰੀਤ ਸਿੰਘ, ਅਮ੍ਰਿਤ, ਰਾਕੇਸ਼ ਕੁਮਾਰ, ਵਰਿੰਦਰ,ਦਰਬਾਰ ਮੁਰਕੀ ਸ਼ਾਹ, ਬਾਬਾ ਮਹਿੰਦਰ ਸ਼ਾਹ, ਰਿਟਾਇਰ ਏ ਐਨ ਐਮ ਊਸ਼ਾ ਰਾਣੀ ਤੇ ਵੱਡੀ ਗਿਣਤੀ ਸੰਗਤਾਂ ਹਾਜਰ ਸਨ।

## ਪਾਸ਼ ਯਾਦਗਾਰੀ ਸਾਹਿਤਕ ਸਮਾਗਮ 6 ਨੂੰ


**ਕਪੂਰਥਲਾ (ਨਵਾਂ ਜ਼ਮਾਨਾ)**- ਪਾਸ਼ ਯਾਦਗਾਰੀ ਕੌਮਾਂਤਰੀ ਟ੍ਰੱਸਟ ਵੱਲੋਂ ਚੋਟੀ ਦੇ ਕਵੀ ਪਾਸ਼ ਦੇ ਜਨਮ ਦਿਹਾੜੇ ਨੂੰ ਸਮਰਪਿਤ ਪਾਸ਼ ਯਾਦਗਾਰੀ ਸੂਬਾਈ ਸਾਹਿਤਕ ਸਮਾਗਮ ਇਸ ਵਾਰ 6 ਸਤੰਬਰ ਨੂੰ ਦਿਨੇ 11 ਵਜੇ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਦੇ ਸਹਿਯੋਗ ਨਾਲ ਰੇਲ ਕੋਚ ਫੈਕਟਰੀ ਕਪੂਰਥਲਾ ਵਿਖੇ ਹੋਏਗਾ। ਇਸ ਸਮਾਗਮ 'ਚ 'ਅਜੋਕੇ ਸਮੇਂ ਲੇਖਕ ਦੀ ਪ੍ਰਤੀਬੱਧਤਾ ਵਿਸ਼ੇ ਉੱਪਰ ਵਿਚਾਰ ਚਰਚਾ ਹੋਏਗੀ, ਜਿਸ ਦੇ ਮੁੱਖ ਵਕਤਾ ਵਿਦਵਾਨ ਲੇਖਕ ਹਰਵਿੰਦਰ ਭੰਡਾਲ ਹੋਣਗੇ। ਇਸ ਸਮਾਗਮ 'ਚ ਗ਼ਦਰੀ ਗੁਲਾਬ ਕੌਰ ਦੀ ਸ਼ਤਾਬਦੀ ਨੂੰ ਸਜਦਾ ਕਰਦਿਆਂ ਉਹਨਾਂ ਦੇ



ਸੰਗਰਾਮੀ ਜੀਵਨ ਬਾਰੇ ਨਾਟਕ ਹੋਏਗਾ 'ਤੂੰ ਚਰਖਾ ਘੁਕਦਾ ਰੱਖ ਜਿੰਦੇ'। ਪ੍ਰੋ. ਅਜਮੇਰ ਔਲਖ ਦਾ ਲਿਖਿਆ ਡਾ. ਅਜਮੀਤ ਕੌਰ ਔਲਖ ਦੁਆਰਾ ਨਿਰਦੇਸ਼ਤ ਇਹ ਨਾਟਕ ਲੋਕ ਕਲਾ ਮੰਚ ਮਾਨਸਾ ਦੀ ਟੀਮ( ਸਰਪ੍ਰਸਤ ਮਨਜੀਤ ਕੌਰ ਔਲਖ ) ਵੱਲੋਂ ਹੋਏਗਾ। ਸਮਾਗਮ ਦਾ ਆਗਾਜ਼ ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦੇ ਮੈਂਬਰ ਡਾਕਟਰ ਪਰਮਿੰਦਰ ਦੇ ਚੰਦ ਸ਼ਬਦਾਂ ਨਾਲ ਹੋਏਗਾ । ਪਾਸ਼ ਯਾਦਗਾਰੀ ਕੌਮਾਂਤਰੀ ਟ੍ਰੱਸਟ ਦੇ ਕਨਵੀਨਰ ਸੁਰਿੰਦਰ ਧੰਜਲ, ਕਵੀ ਜਗੀਰ ਜੋਸਣ, ਡਾ. ਪਰਮਿੰਦਰ, ਅਮੋਲਕ ਸਿੰਘ, ਕਹਾਣੀਕਾਰ ਅਤਰਜੀਤ, ਹਰਮੇਸ਼ ਮਾਲੜੀ, ਮੋਹਣ ਸਿੰਘ ਬੱਲ ਗੁਰਮੀਤ, ਇਕਬਾਲ ਉਦਾਸੀ ਜਸਬੀਰ ਸਮਰ, ਡਾ. ਅਰੀਤ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਆਰ ਸੀ ਐੱਫ ਕਪੂਰਥਲਾ ਤੋਂ ਧਰਮਪਾਲ ਅਤੇ ਚੰਦਰਭਾਨ ਨੇ ਦੱਸਿਆ ਕਿ ਇਹ ਯਾਦਗਾਰੀ ਸਮਾਗਮ ਮੁਲਕ ਦੇ ਸਿਰ ਤੇ ਕੂਕਦੇ ਮਹੱਤਵਪੂਰਨ ਸਵਾਲਾਂ ਨੂੰ ਸਾਹਿਤਕ ਸਭਿਆਚਾਰਕ ਮਾਧਿਅਮ ਰਾਹੀਂ ਸੰਬੋਧਿਤ ਹੋਏਗਾ।

## ਭੁਲੇਖਾ ਚੌਂਕ ਵਿਖੇ ਲਗਾਈਆਂ ਸੋਲਰ ਲਾਈਟਾਂ

**ਬਲਾਚੌਰ (ਜਸਵਿੰਦਰ ਬੈਂਸ )**- ਬਲਾਚੌਰ ਗੜ੍ਹੀ ਦੇ ਭੁਲੇਖਾ ਚੌਂਕ ਵਿਖੇ ਜਿੱਥੇ ਥੋੜਾ ਸਮਾਂ ਪਹਿਲਾਂ ਨੌਜਵਾਨਾਂ ਵੱਲੋਂ ਉੱਗੀ ਹੋਈ ਘਾਹ ਬੂਟੀ ਕੱਟ ਕੇ ਸਾਫ ਸਫਾਈ ਕਰਵਾਈ ਗਈ ਸੀ ਉੱਥੇ ਰਾਤ ਵੇਲੇ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਹਿੱਤ ਸਮਾਜ ਸੇਵੀ ਪੈਨੀ ਖਟਾਣਾ ਅਤੇ ਉਨ੍ਹਾਂ ਦੇ ਸਾਥੀ ਨੌਜਵਾਨਾਂ ਵੱਲੋਂ ਸੋਲਰ ਲਾਈਟਾਂ ਵੀ ਲਗਾਈਆਂ ਗਈਆਂ ਹਨ। ਮਨਦੀਪ ਕੌਲਗੜ੍ਹ ਨੇ ਦੱਸਿਆ ਕਿ ਇਨ੍ਹਾਂ ਸੋਲਰ ਲਾਈਟਾਂ ਦੀ ਸੇਵਾ ਐਚ ਆਰ ਢਾਬੇ ਦੇ ਮਾਲਕ ਪੈਨੀ ਖਟਾਣਾ ਵੱਲੋਂ ਕੀਤੀ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਪਹਿਲਾ ਵੀ ਸਫਾਈ ਦੇ ਕੰਮ ਵਿੱਚ ਪੈਨੀ ਖਟਾਣਾ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ ਸੀ ਅਤੇ ਹੁਣ ਚੌਂਕ ਦੇ ਰੰਗ ਰੋਗਨ ਦਾ ਕੰਮ ਵੀ ਉਨ੍ਹਾਂ ਵੱਲੋਂ ਕਰਵਾਇਆ ਜਾਵੇਗਾ।



ਢਾਬੇ ਦੇ ਮਾਲਕ ਪੈਨੀ ਖਟਾਣਾ ਨੇ ਕਿਹਾ ਕਿ ਰਾਤ ਦੇ ਸਮੇਂ ਇਸ ਚੌਂਕ ਵਿੱਚ ਹਨੇਰਾ ਹੋਣ ਦੇ ਕਾਰਨ ਜਦੋਂ ਗੜ੍ਹਸ਼ੰਕਰ ਦੀ ਸਾਈਡ ਤੋਂ ਵਾਹਨ ਆਉਂਦੇ ਸੀ ਤਾਂ ਰਾਤ ਵੇਲੇ ਚਾਲਕਾਂ ਨੂੰ ਦਿਖਾਈ ਨਹੀਂ ਸੀ ਦਿੰਦਾ। ਇਸ ਲਈ ਉਨ੍ਹਾਂ ਵੱਲੋਂ ਇਹ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ ਮਨਦੀਪ ਸਿੰਘ ਕੌਲਗੜ੍ਹ, ਦਿਲਵਰ ਸਿੰਘ ਗੁਰੂ ਰਵਿਦਾਸ ਸੈਨਾ, ਚੰਨੀ ਗੁੱਲਪੁਰ, ਪੈਨੀ ਖਟਾਣਾ ਐਚ.ਆਰ ਢਾਬਾ, ਗੁਰਵਿੰਦਰ ਸਿੰਘ, ਜਤਿੰਦਰ ਸਿੰਘ ਬਸਤੀ, ਰਾਜ ਕੁਮਾਰ ਰੁੜਕੀ ਕਲਾਂ ਚਰਨਜੀਤ ਰੁੜਕੀ ਕਲਾਂ ਆਦਿ ਹਾਜ਼ਰ ਸਨ।



ਆਜ਼ਾਦੀ ਦਿਵਸ ਦੇ ਮੌਕੇ 'ਤੇ ਵਿਧਾਇਕ ਫਿਲੌਰ ਸ. ਵਿਕਰਮਜੀਤ ਸਿੰਘ ਚੌਧਰੀ ਦੀ ਰਿਹਾਇਸ਼ 'ਤੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਡਾ. ਅਸ਼ਵਨੀ ਕੁਮਾਰ ਆਸ਼, ਮੱਖਣ ਮਲ੍ਹੀ, ਸੋਹਣ ਸਿੰਘ ਅੱਟੀ, ਜਤਿੰਦਰ ਫਿਲੌਰ, ਰਾਜੇਸ਼ ਕੁਮਾਰ, ਵਿਕਾਸ, ਗਗਨ (ਸਰਪੰਚ ਪੰਜ ਢੇਰਾ), ਰਵੀ (ਪੰਚ ਪੰਜ ਢੇਰਾ) ਅਤੇ ਸੱਨੀ ਤ੍ਰਿਖਾ (ਪੰਚ ਨੰਗਲ, ਸਕੱਤਰ ਬਲਾਕ ਕਾਂਗਰਸ ਕਮੇਟੀ ਫਿਲੌਰ), ਦਿਵਯਾਂਸ਼ੂ, ਅਕਾਸ਼ਦੀਪ, ਸੋਰਵ, ਸੋਨੂੰ, ਪ੍ਰਵੀਨ, ਰਿਤਕ, ਗੁਰਪੀਤ, ਰਸ਼ਨਦੀਵ ਅਟਵਾਲ ਪੀ.ਏ ਇਸ ਮੌਕੇ ਹਾਜ਼ਰ ਸਨ।
(ਫੋਟੋ ਤੇ ਵੇਰਵਾ ਨਿਰਮਲ ਫਿਲੌਰ)

# ਮੈਲਬੋਰਨ ਵਿਖੇ ਨਿਰਮਲ ਜੌੜਾ, ਮਨਪ੍ਰੀਤ ਟਿਵਾਣਾ ਤੇ ਲਾਭ ਸਿੰਘ ਉਗੋਕੇ ਦੀਆਂ ਪੁਸਤਕਾਂ ਲੋਕ ਅਰਪਣ

**ਮੈਲਬੋਰਨ**- ਪਿਛਲੇ ਦੋ ਸਾਲਾਂ ਤੋਂ ਪੰਜਾਬੀ ਸਾਹਿਤ ਨੂੰ ਆਸਟ੍ਰੇਲੀਆ 'ਚ ਪ੍ਰਫੁੱਲਿਤ ਕਰਨ ਲਈ ਯਤਨਸ਼ੀਲ ਪੰਜਾਬ ਕਿਤਾਬ ਘਰ, ਮੈਲਬੋਰਨ ਵਿਖੇ ਸੀ-ਸੈਵਨ ਆਸਟ੍ਰੇਲੀਆ ਦੇ ਸਹਿਯੋਗ ਨਾਲ ਪ੍ਰੀਤਮ ਪ੍ਰਕਾਸ਼ਨ ਮਹਿਲ ਕਲਾਂ ਦੇ ਬਾਨੀ ਸਵ: ਪ੍ਰੀਤਮ ਸਿੰਘ ਦਰਦੀ ਨੂੰ ਸਮਰਪਿਤ ਕਰਵਾਏ ਗਏ ਪੁਸਤਕ ਲੋਕ ਅਰਪਣ ਪ੍ਰੋਗਰਾਮ ਦੌਰਾਨ ਪ੍ਰਸਿੱਧ ਰੰਗਮੰਚ ਨਿਰਦੇਸ਼ਕ, ਰੰਗਕਰਮੀ ਨਿਰਮਲ ਜੌੜਾ, ਪ੍ਰਸਿੱਧ ਪੰਜਾਬੀ ਗੀਤਕਾਰ ਮਨਪ੍ਰੀਤ ਟਿਵਾਣਾ, ਵਿਧਾਇਕ ਲਾਭ ਸਿੰਘ ਉਗੋਕੇ ਦੀਆਂ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ। ਇਸ ਮੌਕੇ ਪੰਜਾਬੀ ਸਾਹਿਤਕਾਰ ਪ੍ਰੋ: ਬਲਵਿੰਦਰ ਸਿੰਘ ਚਹਿਲ ਨੇ ਨਿਰਮਲ ਜੌੜਾ, ਮਨਪ੍ਰੀਤ ਟਿਵਾਣਾ, ਲਾਭ ਸਿੰਘ ਉੱਗੋਕੇ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬੀ ਲੇਖਕਾਂ ਦੀਆਂ ਕਿਤਾਬਾਂ ਸੱਤ ਸਮੁੰਦਰੋਂ ਲੋਕ ਅਰਪਣ ਹੋਣੀਆਂ ਸ਼ੁਭ ਸ਼ਗਨ ਹੈ। ਅੱਜ ਪੰਜਾਬ ਕਿਤਾਬ ਘਰ ਅਤੇ ਸੀ ਸੈਵਨ ਆਸਟ੍ਰੇਲੀਆ ਦੀ ਟੀਮ ਵਲੋਂ ਕੀਤਾ ਗਿਆ ਕਿ ਇਹ ਪ੍ਰੋਗਰਾਮ ਸ਼ਲਾਘਾਯੋਗ ਉੱਦਮ ਹੈ। ਅਵਤਾਰ ਸਿੰਘ ਟਹਿਣਾ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਸਾਹਿਤ, ਸ਼ਾਨਾਮੱਤੇ ਇਤਿਹਾਸ ਨਾਲ ਜੋੜੀ ਰੱਖਣ ਲਈ ਅਜਿਹੇ ਉਪਰਾਲੇ ਹੋਣੇ ਬਹੁਤ ਜ਼ਰੂਰੀ ਹਨ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਅੱਜ ਆਸਟ੍ਰੇਲੀਆ 'ਚ ਰਿਲੀਜ਼ ਕੀਤੀਆਂ ਗਈਆਂ ਇਹ ਕਿਤਾਬਾਂ ਨੌਜਵਾਨ ਪੀੜ੍ਹੀ ਨੂੰ ਉਸਾਰੂ ਸੇਧ ਦੇਣਗੀਆਂ। ਮੀਡੀਆ ਵਿਸ਼ਲੇਸ਼ਕ ਤਰਨਦੀਪ ਸਿੰਘ ਬਿਲਾਸਪੁਰ ਨੇ ਕਿਹਾ ਕਿ ਡਾ. ਨਿਰਮਲ ਜੌੜਾ ਨੇ ਆਪਣੀ ਪੁਸਤਕ ਲੌਕਡਾਊਨ 'ਚ ਕੋਰੋਨਾ ਲਾਕਡਾਊਨ ਵਰਗੇ ਵਰਤਾਰੇ ਨੂੰ ਸਾਂਭਣ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰੀਤਮ ਪ੍ਰਕਾਸ਼ਨ ਦੇ ਬਾਨੀ ਪ੍ਰੀਤਮ ਸਿੰਘ ਦਰਦੀ ਵੱਲੋਂ ਮਹਿਲ ਕਲਾਂ ਤੋਂ ਲਗਾਇਆ ਗਿਆ ਬੂਟਾ ਅੱਜ ਇੱਥੇ ਪੰਜਾਬ ਕਿਤਾਬ ਘਰ ਦੇ ਰੂਪ 'ਚ ਵਧ-ਫੁੱਲ ਕੇ ਪੰਜਾਬੀ ਸਾਹਿਤ ਦਾ ਚਾਨਣ ਵੰਡ ਰਿਹਾ ਹੈ। ਗੁਰਪ੍ਰੀਤ ਸਿੰਘ ਅਣਖੀ ਨੇ ਟਿਵਾਣਾ ਦੀ ਕਿਤਾਬ 'ਕਾਫ਼ਲੇ ਵਾਲੇ' ਬਾਰੇ ਆਪਣੀ ਟਿੱਪਣੀ ਦਿੱਤੀ। ਵਿਧਾਇਕ ਲਾਭ ਸਿੰਘ ਉੱਗੋਕੇ ਨੇ 'ਤੂੰ ਇਕ ਦੀਵਾ ਬਣ' ਜ਼ਰੀਏ ਆਪਣੇ ਇਕ ਮਜ਼ਦੂਰ ਪਰਵਾਰ 'ਚੋਂ ਉੱਠ ਕੇ ਵਿਧਾਇਕ ਬਣਨ ਤੱਕ ਜ਼ਿੰਦਗੀ ਦੇ ਉਤਰਾਵਾਂ-ਚੜ੍ਹਾਵਾਂ, ਪੰਜਾਬ ਦੇ ਪਾਣੀਆਂ ਅਤੇ ਹੋਰ ਦਰਪੇਸ਼ ਮੁਸ਼ਕਲਾਂ ਸੰਬੰਧੀ ਆਪਣੇ ਫ਼ਿਕਰ ਨੂੰ ਬਿਆਨਣ ਦੀ ਕੋਸ਼ਿਸ਼ ਕੀਤੀ ਹੈ। ਪ੍ਰੀਤਮ ਪ੍ਰਕਾਸ਼ਨ ਦੇ ਸੰਚਾਲਕ ਤੇ ਪੰਜਾਬ ਕਿਤਾਬ ਘਰ ਦੇ ਪ੍ਰਬੰਧਕ ਜਗਦੀਪ ਸਿੰਘ ਅਣਖੀ ਨੇ ਕਿਤਾਬਾਂ ਤੇ ਸਮਾਗਮ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ।





# ਕਿਸਾਨਾਂ ਵੱਲੋਂ ਮੋਦੀ ਤੇ ਟਰੰਪ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਰਾਜਪੁਰ ਭਾਈਆਂ ਵਿਖੇ ਸੁਯੰਕਤ ਕਿਸਾਨ ਮੋਰਚਾ ਦੀ ਕਾਲ ਤੇ ਕਿਸਾਨਾਂ ਵੱਲੋਂ ਮੋਦੀ ਅਤੇ ਟਰੰਪ ਦਾ ਪੁਤਲਾ ਫੂਕੇ ਰੋਸ ਪ੍ਰਦਰਸਨ ਕੀਤਾ ਗਿਆ।ਕਿਸਾਨ ਆਗੂ ਹਰਬੰਸ ਸਿੰਘ ਸੰਘਾ, ਜਗਤਾਰ ਸਿੰਘ ਭਿੰਡਰ ਬੱਡਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਐੱਸ ਕੇ ਐਮ ਦੇ ਸੱਦੇ ਤਹਿਤ ਕਿਸਾਨ ਕਮੇਟੀ ਦੋਆਬਾ ਅਤੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਮੋਦੀ ਅਤੇ ਟਰੰਪ ਦਾ ਪੁਤਲਾ ਫੂਕਿਆ ਗਿਆ। ਉਨ੍ਹਾਂ ਕਿਹਾ ਟਰੰਪ ਵੱਲੋਂ ਭਾਰਤੀ ਨਿਰਯਾਤ ਵਸਤਾਂ ਤੇ ਟੈਰਿਫ ਵਧਾਉਣ ਤੇ ਮੋਦੀ ਸਰਕਾਰ ਵਲੋ ਟਰੰਪ ਅੱਗੇ ਗੋਡੇ ਟੇਕਨ ਦਾ ਵਿਰੋਧ ਕੀਤਾ ਗਿਆ। ਇਸ ਸਮੇਂ ਕਿਰਤੀ ਕਿਸਾਨ ਯੂਨੀਅਨ ਦੇ ਸਤਨਾਮ ਸਿੰਘ ਮੁੱਖਲਿਆਣਾ, ਹਰਨੇਕ ਸਿੰਘ ਪੰਡੋਰੀ ਬੀਬੀ, ਗੁਰਦੀਪ ਸਿੰਘ ਹਰਖੋਵਾਲ, ਬਲਜੀਤ ਕੁਮਾਰ ਬੱਡਲਾ, ਜਗਤਾਰ ਸਿੰਘ ਭਿੰਡਰ ਸਮੇਤ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।

# ਆਜ਼ਾਦੀ ਸਾਡਾ ਜਨਮ ਸਿੱਧ ਅਧਿਕਾਰ : ਡਾ. ਸਿੱਧਮ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਦੇਸ਼ ਭਗਤਾਂ, ਸੂਰਵੀਰ ਯੋਧਿਆਂ ਦੀਆਂ ਕੁਰਬਾਨੀਆਂ ਅਤੇ ਸੰਘਰਸ਼ਾਂ ਨਾਲ ਮਿਲੀ ਆਜ਼ਾਦੀ ਦਾ ਨਿੱਘ ਮਾਣ ਰਹੇ ਸਮੂਹ ਭਾਰਤ ਵਾਸੀਆਂ ਨੂੰ 79ਵੇਂ ਸੁਤੰਤਰਤਾ ਦਿਵਸ ਦੀਆਂ ਡਾਕਟਰ ਵਿਜੇ ਕੁਮਾਰ ਸਿੱਧਮ ਸੰਪਾਦਕ ਵਿਜੈ ਟਾਈਮਜ਼ ਨਿਊਜ਼ ਪੇਪਰ, ਸੰਚਾਲਕ ਸਿੱਧਮ ਦਵਾਖਾਨਾ ਤੇ ਆਸਟਰੋ ਰਿਸਰਚ ਸੈਂਟਰ ਨੇ ਬੇਅੰਤ ਬੇਅੰਤ ਮੁਬਾਰਕਾਂ ਤੇ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਆਜ਼ਾਦੀ ਸਾਡਾ ਜਨਮ ਸਿੱਧ ਅਧਿਕਾਰ ਹੈ ਅਤੇ ਅਸੀਂ ਉਨ੍ਹਾਂ ਲੋਕਾਂ ਦੀ ਹਿੰਮਤ ਦਾ ਜਸ਼ਨ ਮਨਾਉਂਦੇ ਹਾਂ ਜਿਨ੍ਹਾਂ ਨੇ ਇਸ ਲਈ ਲੜਾਈ ਲੜ ਸੀ। ਸਿੱਧਮ ਨੇ ਅੱਗੇ ਦੱਸਿਆ ਕਿਹਾ ਕਿ ਭਾਰਤ ਦੇ ਲੋਕਾਂ ਨੂੰ ਸੈਂਕੜੇ ਸਾਲ ਅੰਗਰੇਜ਼ਾਂ ਦਾ ਗੁਲਾਮ ਰਹਿਣਾ ਪਿਆ, 15 ਅਗਸਤ 1947 ਵਾਲੇ ਦਿਨ ਭਾਰਤ ਅਜ਼ਾਦ ਹੋ ਗਿਆ। 78ਵਰ੍ਹੇ ਗੁਜ਼ਰਨ ਪਿੱਛੋਂ ਵੀ ਸ਼ਹੀਦਾਂ ਦਾ ਸੁਪਨਾ ਸਾਕਾਰ ਨਹੀਂ ਹੋਇਆ।ਅਜ਼ਾਦੀ ਇੱਕ ਬਹੁਮੁੱਲੀ ਵਸਤੂ ਹੈ। ਸਾਡਾ ਫ਼ਰਜ਼ ਹੈ ਦੇਸ਼ ਦੇ ਵਿਕਾਸ ਲਈ,ਇਸ ਦੀ ਅਜ਼ਾਦੀ ਨੂੰ ਬਣਾਈ ਰੱਖਣ ਲਈ ਆਪਣਾ ਤਨ, ਮਨ, ਧਨ ਕੁਰਬਾਨ ਕਰਨ ਲਈ ਤਿਆਰ ਰਹੀਏ। ਆਓ ਇਸ ਸੁਤੰਤਰਤਾ ਦਿਵਸ਼ ਤੇ ਦੇਸ਼ ਦੀ ਤਰੱਕੀ, ਖੁਸ਼ਹਾਲੀ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਪ੍ਰਾਰਥਨਾ ਕਰੀਏ। ਦੇਸ਼ ਭ੍ਰਿਸ਼ਟਾਚਾਰੀ ਤੋਂ ਮੁਕਤ ਹੋਵੇ। ਕੋਈ ਵੀ ਦੇਸ਼ ਵਾਸੀ ਭੁੱਖਾਂ ਨਾ ਸੌਂਵੇ। ਸਰਕਾਰਾਂ ਸਿੱਖਿਆ, ਸਿਹਤ ਸਹੂਲਤਾਂ, ਸੜਕਾਂ, ਬੇਰੁਜ਼ਗਾਰੀ ਵੱਲ ਧਿਆਨ ਦੇਣ ਦੇ ਨਾਲ ਨਾਲ ਧਰਨਿਆਂ ਤੇ ਬੈਠੇ ਮੁਲਾਜ਼ਮਾਂ ਸਾਰ ਜ਼ਰੂਰ ਲਵੇ।



## ਆਜ਼ਾਦੀ ਘੁਲਾਟੀਆਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਦਾ ਸਾਨੂੰ ਪ੍ਰਣ ਲੈਣਾ ਚਾਹੀਦੈ : ਚਰਨਜੀਤ ਸਿੰਘ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਆਜ਼ਾਦੀ ਦਿਵਸ ਮਨਾਉਣ ਅਤੇ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾਂਜਲੀ ਦੇਣ ਸਬੰਧੀ ਹਰਸੀ ਪਿੰਡ ਵਿਖੇ ਇੱਕ ਸਮਾਰੋਹ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਹਲਕਾ ਟਾਂਡਾ ਉੜਮੜ ਦੇ ਦਿਹਾਤੀ ਬਲਾਕ ਪ੍ਰਧਾਨ ਚਰਨਜੀਤ ਸਿੰਘ ਸੈਣੀ ਨੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ 'ਤੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਚਰਨਜੀਤ ਸਿੰਘ ਸੈਣੀ ਨੇ ਕਿਹਾ ਕਿ ਆਜ਼ਾਦੀ ਦੇ ਇਸ ਪਵਿੱਤਰ ਦਿਹਾੜੇ ਦੇ ਮੌਕੇ 'ਤੇ ਆਜ਼ਾਦੀ ਘੁਲਾਟੀਆਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਸਾਨੂੰ ਸਾਰਿਆਂ ਨੂੰ ਪ੍ਰਣ ਲੈਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੇ ਦਰਸਾਏ ਮਾਰਗ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾ ਸਕੀਏ।ਇਸ ਮੌਕੇ 'ਤੇ ਅਜੇ ਸੈਣੀ, ਭਾਰਤ ਸੈਣੀ, ਵੀਨੂੰ ਪੰਡਿਤ, ਕੀਮਤੀ ਲਾਲ, ਸੁਰਜੀਤ ਰਾਜਾ, ਰਾਜੂ, ਤਲਵਿੰਦਰ ਸਿੰਘ, ਸੁਖਵਿੰਦਰ ਸਿੰਘ, ਜਰਨੈਲ ਸਿੰਘ, ਰੇਸ਼ਮ ਸਿੰਘ, ਬਲਜੀਤ ਸਿੰਘ, ਨਿਰਮਲ ਸਿੰਘ, ਹਰਜੀਤ ਸਿੰਘ, ਮਨਪ੍ਰੀਤ ਸਿੰਘ, ਜਸਪਾਲ ਸਿੰਘ, ਇੰਦਰ ਸਿੰਘ, ਹਰਬੰਸ ਸਿੰਘ ਅਤੇ ਹੋਰ ਹਾਜ਼ਰ ਸਨ।



## ਸੁਤੰਤਰਤਾ ਦਿਵਸ ਮੌਕੇ ਹਰਿਤ ਜੈਵਿਕ ਖਾਦ ਦਾ ਸਟਾਲ ਲਗਾਇਆ

**ਬਲਾਚੌਰ (ਜਸਵਿੰਦਰ ਬੈਂਸ)**— ਨਗਰ ਕੌਂਸਲ ਬਲਾਚੌਰ ਵਲੋਂ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰ ਘਰ ਤਿਰੰਗਾ ਹਰ ਘਰ ਸਵੱਛਤਾ ਮੁਹਿੰਮ ਤਹਿਤ 79ਵੇਂ ਸੁਤੰਤਰਤਾ ਦਿਵਸ ਮੌਕੇ ਹਰਿਤ ਜੈਵਿਕ ਖਾਦ ਦਾ ਸਟਾਲ ਲਗਾਇਆ ਗਿਆ। ਨਾਲ ਹੀ ਲੋਕਾਂ ਨੂੰ ਪਲਾਸਟਿਕ ਤੇ ਸਿੰਗਲ ਯੂਜ ਪਲਾਸਟਿਕ ਨਾ ਵਰਤਣ ਲਈ ਜਾਗਰੂਕ ਕੀਤਾ ਗਿਆ ਤੇ ਉਨ੍ਹਾਂ ਨੂੰ ਸਟੀਲ ਦੇ ਭਾਂਡਿਆਂ ਦੀ ਵਰਤੋਂ, ਪੇਪਰ ਪਲੇਟਾਂ, ਗਿਲਾਸ ਆਦਿ ਵਰਤੋਂ ਕਰਨ ਸਬੰਧੀ ਵੀ ਕਿਹਾ ਗਿਆ। ਨਗਰ ਕੌਂਸਲ ਬਲਾਚੌਰ ਦੇ ਪ੍ਰਧਾਨ ਸੁਨੀਲ ਕੌਸ਼ਲ ਤੇ ਕਾਰਜ ਸਾਧਕ ਅਫਸਰ ਸਿਮਰਨ ਢੀਂਡਸਾ ਵਲੋਂ ਲੋਕਾਂ ਨੂੰ ਮੁਫ਼ਤ ਖਾਦ ਵੰਡੀ ਗਈ। ਸੈਨੇਟਰੀ ਇੰਸਪੈਕਟਰ ਭਾਰਤ ਭੂਸ਼ਨ, ਵਿਜੇ ਕੁਮਾਰ ਸੇਨੈਟਰੀ ਇੰਚਾਰਜ ਦੀ ਅਗਵਾਈ ਹੇਠ ਹਰ ਘਰ ਤਰੰਗਾਂ ਹਰ ਘਰ ਸਵੱਛਤਾ ਮੁਹਿੰਮ ਸ਼ਹਿਰ ਦੇ 15 ਵਾਰਡਾਂ ਵਿਚ ਸਵੱਛ ਭਾਰਤ ਟੀਮ ਵੱਲੋਂ ਅਲੱਗ ਅਲੱਗ ਐਕਟੀਵਿਟੀਆਂ ਕਰਵਾਈਆਂ ਗਈਆਂ। ਸੋਲਿਡ ਵੇਸਟ ਸੰਬੰਧੀ ਡੂਰ ਟੂ ਡੋਰ ਡੇਮੋ ਦੇ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਕਲਰਕ ਬਲਜੀਤ ਰਾਮ, ਸਫਾਈ ਇੰਚਾਰਜ ਅਜੇ ਕੁਮਾਰ, ਸਮੂਹ ਸਫਾਈ ਸੇਵਕਾਂ, ਸੀ ਐਫ਼ ਮਨਿੰਦਰ ਕੌਰ, ਮੋਟੀਵੇਟਰ ਅਲਕਾ, ਨੇਹਾ ਮੌਜੂਦ ਸਨ।



## ਕੈਂਸਰ ਚੈੱਕਅੱਪ ਕੈਂਪ 31 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਮੁਖਲੀਆਣਾ ਵਿਖੇ ਵਰਲਡ ਕੈਂਸਰ ਕੇਅਰ ਵੱਲੋਂ ਕੈਂਸਰ ਚੈੱਕਅਪ ਕੈਂਪ 31 ਅਗਸਤ ਨੂੰ ਗੁਰਦੁਆਰਾ ਅੰਗੀਠਾ ਸਾਹਿਬ ਵਿਖੇ ਸਵੇਰੇ 9 ਵਜੇ ਤੋਂ 3 ਵਜੇ ਤੱਕ ਗ੍ਰਾਮ ਪੰਚਾਇਤ ਨਗਰ ਨਿਵਾਸੀ ਤੇ ਐੱਨ ਆਰ ਆਈ ਦੇ ਸਹਿਯੋਗ ਨਾਲ ਲਗਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਜਸਵੀਰ ਸਿੰਘ ਮੁਖਲੀਆਣਾ ਨੇ ਕਿਹਾ ਕਿ ਇਹ ਕੈਂਪ ਵਰਲਡ ਕੈਂਸਰ ਕੇਅਰ ਵੱਲੋਂ ਲਗਵਾਇਆ ਜਾ ਰਿਹਾ ਹੈ ਜਿਸ ਵਿੱਚ ਮਰੀਜ਼ਾ ਦਾ ਕੈਂਸਰ ਚੈੱਕ ਅਪ ਫਰੀ ਕੀਤਾ ਜਾਵੇਗਾ।



# ਭੋਗਲ ਪਰਵਾਰ ਨਾਲ ਧੱਕਾ ਨਹੀਂ ਹੋਣ ਦੇਵਾਂਗੇ : ਬਾਬਾ ਗੁਰਦੇਵ ਸਿੰਘ

**ਭੋਗਪੁਰ (ਗੁਰਪ੍ਰੀਤ ਸਿੰਘ ਰਸੀਆ)**- ਬੀਤੇ ਦਿਨੀਂ ਪਿੰਡ ਲੁਹਾਰਾਂ (ਮ) ਦੇ ਸਰਪੰਚ ਦੀ ਕਥਿਤ ਸ਼ਹਿ ਤੇ ਪਿੰਡ ਦੇ ਨੌਜਵਾਨਾਂ ਜਸਪ੍ਰੀਤ ਸਿੰਘ ਜੱਸੀ, ਅਤੇ ਭੁਪਿੰਦਰ ਸਿੰਘ, ਸਮੂਹ ਚਾਚੇ ਤਾਏ ਦੇ ਪਰਵਾਰ ਸਮੇਤ 7/8 ਵਿਅਕਤੀਆਂ ਵੱਲੋਂ ਪਿੰਡ ਦੇ ਅੱਡੇ ਤੇ ਗੁਰਪ੍ਰੀਤ ਸਿੰਘ ਭੋਗਲ ਸਮੇਤ ਉਸ ਦੇ ਪਰਵਾਰ ਤੇ 1 ਜੂਨ 2025 ਨੂੰ ਹਮਲਾ ਕੀਤਾ ਗਿਆ ਸੀ। ਸਿਆਸੀ ਦਬਾਅ ਹੇਠ ਗੁਰਪ੍ਰੀਤ ਸਿੰਘ ਭੋਗਲ ਦੇ ਪਰਵਾਰ ਨੂੰ ਝੂਠੇ ਕੇਸਾਂ ਵਿੱਚ ਫਸਾਇਆ ਗਿਆ, ਜਿਸ ਦੀ ਇਨਕੁਆਰੀ ਡੀ. ਆਈ. ਜੀ. ਅਤੇ ਐੱਸ ਐੱਸ ਪੀ ਜਲੰਧਰ ਵਿਖੇ ਲਗਾਈ ਹੋਈ ਸੀ, ਜਿਸ ਸਬੰਧ ਵਿੱਚ ਸਪੈਸ਼ਲ ਕਰਾਈਮ ਜਲੰਧਰ ਤੇ ਵੱਖ ਵੱਖ ਅਫ਼ਸਰਾਂ ਵੱਲੋਂ ਇਸ ਕੇਸ ਦੀ ਇਨਕੁਆਰੀ ਚੱਲ ਰਹੀ ਹੈ।ਮਿਸਲ ਸ਼੍ਰੋਮਣੀ ਭਗਤ ਧੰਨਾ ਜੀ ਦੇ ਜੱਥੇਦਾਰ ਬਾਬਾ ਗੁਰਦੇਵ ਸਿੰਘ ਨੇ ਕਿਹਾ ਕਿ ਗੁਰਸਿੱਖ ਪਰਿਵਾਰ ਨਾਲ ਧੱਕਾ ਬਿਲਕੁੱਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਹਨਾਂ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਹੈ ਕਿ ਜਲਦ ਤੋਂ ਜਲਦ ਇੰਨਕੁਆਰੀ ਕਰਕੇ ਪਰਚੇ ਕੈਂਸਲ ਕੀਤੇ ਜਾਣ ਤੇ ਦੋਸ਼ੀਆਂ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਭੋਗਲ ਪਰਿਵਾਰ ਨੇ ਵਿਰੋਧੀਆਂ ਵਲੋਂ ਆਪਣੇ ਆਪ ਮਾਰੀਆਂ ਝੂਠੀਆਂ ਸੱਟਾਂ ਦੀ ਜਾਂਚ ਕਰਾਉਣ ਲਈ ਡਾਕਟਰਾਂ ਦਾ ਬੋਰਡ ਬਿਠਾਉਣ ਲਈ ਤੇ ਸਰਪੰਚ ਦਾ ਡੋਪ ਟੈਸਟ ਕਰਾਉਣ ਸਬੰਧੀ ਦਰਖਾਸਤਾਂ ਦਿੱਤੀਆਂ ਹਨ। ਜੇਕਰ ਪ੍ਰਸ਼ਾਸਨ ਪਰਵਾਰ ਨੂੰ ਇਨਸਾਫ ਨਹੀਂ ਦਿੰਦਾ ਤਾਂ ਨਿਹੰਗ ਜਥੇਬੰਦੀਆਂ ਵੱਲੋਂ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ।



## ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਨੂੰ ਦਵਾਈਆਂ ਦਿੱਤੀਆਂ



**ਕਾਲਾ ਸੰਘਿਆਂ (ਮਨਜੀਤ ਮਾਨ)**- ਸਿਹਤ ਵਿਭਾਗ ਸੀ ਐਚ ਸੀ ਕਾਲਾ ਸੰਘਿਆਂ ਦੇ ਐਸ ਐਮ ਓ ਡਾਕਟਰ ਭੁਪਿੰਦਰਜੀਤ ਕੌਰ, ਸੰਤ ਬਲਬੀਰ ਸਿੰਘ ਸੀਚੇਵਾਲ ਮੈਂਬਰ ਪਾਰਲੀਮੈਂਟ, ਗੁਰਮੀਤ ਸਿੰਘ, ਬਲਰਾਜ ਸਿੰਘ ਐਸ ਆਈ, ਸੁਖਬੀਰ ਸਿੰਘ ਤੇ ਗੁਰਪ੍ਰੀਤ ਸਿੰਘ ਦੀ ਰਹਿਨੁਮਾਈ ਹੇਠੋਂ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਜਾਇਜ਼ਾ ਲਿਆ ਤੇ ਲੋਕਾਂ ਨੂੰ ਦਵਾਈਆਂ ਮੁਫ਼ਤ ਵੰਡੀਆਂ ਗਈਆਂ। ਇਸ ਮੌਕੇ ਉਕਤ ਆਗੂਆਂ ਤੇ ਅਫਸਰਾਂ ਨੇ ਕਿਹਾ ਕਿ ਉਹ ਲੋਕਾਂ ਦੀ ਸੇਵਾ ਵਿੱਚ ਹਮੇਸ਼ਾ ਹਾਜ਼ਰ ਰਹਿਣਗੇ।

## ਸਕੂਲ ਮੁਖੀਆਂ ਦਾ ਸੈਮੀਨਾਰ ਕਰਵਾਇਆ



**ਜਲੰਧਰ (ਰਾਜੇਸ਼ ਥਾਪਾ)**- ਪੰਜਾਬ ਸਕੂਲ ਸਿੱਖਿਆ ਵਿਭਾਗ ਦੁਆਰਾ ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਸ਼ੁਰੂ ਕੀਤੇ ਗਏ ਬਿਜਨਸ ਬਲਾਸਟਰ ਪ੍ਰੋਗਰਾਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਮਰਾਏ ਜੰਡਿਆਲਾ ਵਿਖੇ ਬਲਾਕ ਗੁਰਾਇਆ 1 ਦੇ ਸਮੂਹ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਦਾ ਦੋ-ਦਿਨਾਂ ਬਿਜਨਸ ਬਲਾਸਟਰ ਸੈਮੀਨਾਰ ਕਰਵਾਇਆ ਗਿਆ ਸੈਮੀਨਾਰ ਨੂੰ ਮਾਸਟਰ ਟਰੇਨਰ ਸੰਦੀਪ ਸਿੰਘ ਲੈਕਚਰਾਰ ਕਾੱਮਰਸ ਨੇ ਸੰਚਾਲਿਤ ਕੀਤਾ। ਉਨ੍ਹਾਂ ਨੇ ਸਾਰੇ ਅਧਿਆਪਕਾਂ ਨਾਲ ਬਿਜਨਸ ਬਲਾਸਟਰ ਦੇ ਅਹਿਮ ਨੁਕਤੇ ਸਾਂਝੇ ਕੀਤੇ। ਦੋਵਾਂ ਸਕੂਲਾਂ ਦੇ ਪ੍ਰਿੰਸੀਪਲਾਂ ਨੇ ਵੀ ਅਧਿਆਪਕਾਂ ਨਾਲ ਵਿਚਾਰ ਸਾਂਝੇ ਕੀਤੇ।

## ਆਜ਼ਾਦੀ ਦਿਹਾੜਾ ਮਨਾਇਆ

**ਫਿਲੌਰ (ਨਿਰਮਲ)**- ਆਜ਼ਾਦੀ ਦਿਹਾੜੇ ਦੇ ਮੌਕੇ 'ਤੇ ਫਿਲੌਰ ਨਗਰ ਕੌਂਸਲ ਦਫ਼ਤਰ ਵਿਖੇ ਸਮਾਰੋਹ ਧੂਮਧਾਮ ਨਾਲ ਮਨਾਇਆ ਗਿਆ। ਨਗਰ ਕੌਂਸਲ ਦੇ ਪ੍ਰਧਾਨ ਮਹਿੰਦਰ ਪਾਲ ਚੁੰਬਰ ਵੱਲੋਂ ਰਾਸ਼ਟਰੀ ਝੰਡਾ ਚੜ੍ਹਾ ਕੇ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਸਹੁੰ ਚੁਕਾਈ ਗਈ। ਝੰਡਾ ਲਹਿਰਾਉਣ ਤੋਂ ਬਾਅਦ ਰਾਸ਼ਟਰੀ ਗੀਤ ਗਾਇਆ ਗਿਆ ਅਤੇ ਸ਼ਹੀਦਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ। ਇਸ ਮੌਕੇ ਨਗਰ ਕੌਂਸਲ ਦੇ ਮੈਂਬਰਾਂ, ਅਧਿਕਾਰੀਆਂ ਤੇ ਸਥਾਨਕ ਨਿਵਾਸੀਆਂ ਨੇ ਹਾਜ਼ਰੀ ਭਰੀ।



## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਆਜ਼ਾਦੀ ਦਿਵਸ ਮਨਾਇਆ

**ਸੁਲਤਾਨਪੁਰ ਲੋਧੀ (ਹਨੀ)** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿੱਚ ਅਜ਼ਾਦੀ ਦਿਵਸ ਸਬੰਧੀ ਸਮਾਗਮ ਕੀਤਾ ਗਿਆ। ਜਿਸ ਦਾ ਆਰੰਭ ਸ਼ਬਦ ਗਾਇਨ ਨਾਲ ਕੀਤਾ ਗਿਆ, ਉਪਰੰਤ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤਾਂ, ਕਵਿਤਾਵਾਂ, ਭਾਸ਼ਣ, ਕੋਰੀਓਗ੍ਰਾਫੀ ਆਦਿ ਆਈਟਮਾਂ ਰਾਹੀਂ ਦੇਸ਼ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਕੀਤਾ । ਇਸ ਦੌਰਾਨ ਵਿਦਿਆਰਥੀਆਂ ਦਰਮਿਆਨ ਫਲੈਗ ਮੇਕਿੰਗ ਐਕਟੀਵਿਟੀ ਵੀ ਕਰਵਾਈ ਗਈ । ਇਸ ਤੋਂ ਇਲਾਵਾ ਕਿੰਡਰਗਾਰਡਨ ਦੇ ਵਿਦਿਆਰਥੀ ਤਿਰੰਗੇ ਝੰਡੇ ਦੇ ਰੰਗ ਵਿੱਚ ਰੰਗੇ ਹੋਏ ਬੜੇ ਹੀ ਮਨਮੋਹਕ ਲੱਗ ਰਹੇ ਸਨ । ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਅਤੇ ਸਕੂਲ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਸਮੂਹ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਅਜਾਦੀ ਦਿਵਸ ਦੀ ਵਧਾਈ ਦਿੱਤੀ ।





# ਲੌਂਗੋਵਾਲ ਕਾਲਜਿਜ਼ 'ਚ ਦੇਸ਼ ਭਗਤੀ ਦਾ ਜਜ਼ਬਾ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**— ਲੌਂਗੋਵਾਲ ਗਰੁੱਪ ਆਫ ਕਾਲਜਿਜ਼, ਡੇਰਾਬੱਸੀ ਨੇ 79ਵੇਂ ਆਜ਼ਾਦੀ ਦਿਵਸ ਨੂੰ ਬੇਹੱਦ ਉਤਸ਼ਾਹ, ਏਕਤਾ ਅਤੇ ਦੇਸ਼ ਭਗਤੀ ਦੇ ਜੋਸ਼ ਨਾਲ ਮਨਾਇਆ। ਸਮਾਗਮ ਦੀ ਸ਼ੁਰੂਆਤ ਸਵੇਰੇ 9:15 ਵਜੇ ਝੰਡਾ ਲਹਿਰਾਉਣ ਦੀ ਰਸਮ ਨਾਲ ਹੋਈ, ਜਿਸ ਦੀ ਅਗਵਾਈ ਵਾਈਸ-ਚੇਅਰਮੈਨ ਡਾ. ਕਪਿਲ ਕਤਿਆਲ ਨੇ ਡਾ. ਰੋਜ਼ੀ ਕਤਿਆਲ (ਪ੍ਰਿੰਸੀਪਲ, ਲੌਂਗੋਵਾਲ ਪੌਲੀਟੈਕਨਿਕ ਕਾਲਜ) ਦੀ ਸੁਚੱਜੀ ਮੌਜੂਦਗੀ ਵਿੱਚ ਕੀਤੀ।ਝੰਡਾ ਲਹਿਰਾਉਣ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਇੱਕ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਦੌਰਾਨ ਦੇਸ਼ ਭਗਤੀ ਭਰੇ ਗੀਤ, ਜੋਸ਼ ਨਾਲ ਭਰਪੂਰ ਨਾਚ, ਨਾਟਕੀ ਸਕਿੱਟਾਂ ਅਤੇ ਪ੍ਰੇਰਨਾਦਾਇਕ ਭਾਸ਼ਣ ਪੇਸ਼ ਕੀਤੇ ਗਏ। ਡਾ. ਵਿਨੋਦ ਕਤਿਆਲ (ਐਲਈਸੀ ਦੇ ਦਾਖਲਾ ਨਿਰਦੇਸ਼ਕ/ਪ੍ਰਿੰਸੀਪਲ) ਨੇ ਨੌਜਵਾਨ ਪੀੜ੍ਹੀ ਨੂੰ ਸਮਰਪਣ, ਅਨੁਸ਼ਾਸਨ ਅਤੇ ਦੇਸ਼ ਪ੍ਰਤੀ ਸੇਵਾ ਦੇ ਮੁੱਲਾਂ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ।

# ਵੱਖ-ਵੱਖ ਥਾਈਂ ਆਜ਼ਾਦੀ ਦਿਵਸ ਉਤਸ਼ਾਹ ਨਾਲ ਮਨਾਇਆ

**ਰੂਪਨਗਰ (ਰਾਜਿੰਦਰ ਸੈਣੀ)**- ਬਜ਼ੁਰਗਾ ਦੇ ਆਪਣਾ ਘਰ ਹਵੇਲੀ ਕਲਾਂ ਵਿਖੇ ਇਨਰਵੀਲ ਕਲੱਬ ਰੂਪਨਗਰ ਵਲੋਂ 79ਵਾਂ ਅਜ਼ਾਦੀ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ।ਕੌਮੀ ਝੰਡਾ ਲਹਿਰਾਉਣ ਦੀ ਰਸਮ ਭੁਪਿੰਦਰ ਸਿੰਘ ਨੇ ਅਦਾ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਬਜ਼ੁਰਗ ਅਤੇ ਇੰਨਰਵੀਲ ਕਲੱਬ ਦੇ ਮੈਂਬਰ ਹਾਜ਼ਰ ਸਨ। ਇਸ ਉਪਰੰਤ ਕਲੱਬ ਦੀਆਂ ਮੈਬਰਾਂ ਨੇ ਪ੍ਰਧਾਨ ਗੁਰਮੀਤ ਕੌਰ ਅਤੇ ਸਕੱਤਰ ਕੁਸਮ ਸ਼ਰਮਾ ਦੀ ਅਗਵਾਈ ਵਿੱਚ ਦੇਸ਼ ਭਗਤੀ ਤੇ ਅਧਾਰਿਤ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਅਤੇ ਆਪਣੇ ਘਰ ਦੇ ਵਸਨੀਕਾ ਦਾ ਸਨਮਾਨ ਵੀ ਕੀਤਾ। ਆਪਣਾ ਘਰ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਕਿਹਾ ਕਿ ਪਹਿਲੀ ਵਾਰ ਜਿਸ ਤਰਾਂ ਇਨਰਵੀਲ ਕਲੱਬ ਦੇ ਮੈਬਰਾਂ ਵਲੋਂ ਅਪਣਾ ਘਰ ਦੇ ਬਜੁਰਗਾਂ ਨਾਲ ਅਜ਼ਾਦੀ ਦਿਵਸ ਮਨਾਇਆ ਗਿਆ ਹੈ ਉਹ ਇਸ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹਨ। ਉਨ੍ਹਾ ਦੇਸ਼ ਦੀ ਅਜ਼ਾਦੀ ਲਈ ਸ਼ਹੀਦ ਹੋਏ ਦੇਸ਼ ਭਗਤਾ ਦੀ ਕੁਰਬਾਨੀ ਨੂੰ ਯਾਦ ਕੀਤਾ।ਇਸ ਮੌਕੇ ਸੰਸਥਾ ਦੇ ਟਰੱਸਟੀ ਐਡਵੋਕੇਟ ਰਾਵਿੰਦਰ ਸਿੰਘ ਮੁੰਡਰਾ, ਅਮਰਜੀਤ ਸਿੰਘ, ਜਗਦੇਵ ਸਿੰਘ, ਦਲਜੀਤ ਸਿੰਘ, ਇੰਨਰਵੀਲ੍ਹ ਕਲੱਬ ਦੀਆ ਅਹੁਦੇਦਾਰ ਆਸਿਮਾ ਅਗਰਵਾਲ, ਵਿਨੀਤਾ ਗੁਪਤਾ, ਕੁਲਵਿੰਦਰ ਕੌਰ ਆਦਿ ਹਾਜ਼ਰ ਸਨ।



## ਆਪੀ ਚੈਰੀਟੇਬਲ ਹਸਪਤਾਲ ਵਿਖੇ 79ਵਾਂ ਸੁਤੰਤਰਤਾ ਦਿਵਸ ਮਨਾਇਆ

**ਕਰਤਾਰਪੁਰ (ਹਰਮੇਸ਼ ਦੱਤ)** ਆਪੀ ਚੈਰੀਟੇਬਲ ਹਸਪਤਾਲ ਕਰਤਾਰਪੁਰ ਵਿਖੇ 79ਵਾਂ ਸਤਤੰਰਤਾ ਦਿਵਸ ਧੂਮ ਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਚੈਰੀਟੇਬਲ ਹਸਪਤਾਲ ਕਰਤਾਰਪੁਰ ਵਿਖੇ ਕੌਮੀ ਝੰਡਾ ਲਹਿਰਾਇਆ ਗਿਆ। ਇਹ ਰਸਮ ਸੰਸਥਾ ਦੇ ਪ੍ਰਧਾਨ ਬਿਮਲ ਜੈਨ ਵੱਲੋਂ ਅਦਾ ਕੀਤੀ ਗਈ ਅਤੇ ਵਿਦਿਆਰਥੀਆਂ ਵੱਲੋ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਪ੍ਰਧਾਨ ਬਿਮਲ ਜੈਨ, ਸੈਕਟਰੀ ਸੁਮਨ ਲਤਾ ਕਲਹਣ ਅਤੇ ਹਸਪਤਾਲ ਦੇ ਸਟਾਫ ਨੇ ਅਜ਼ਾਦੀ ਦਿਵਸ ਦੀ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ । ਇਸ ਮੌਕੇ ਲਵਲੀ ਜੈਨ,ਸਤੀਸ਼ ਗੁਪਤਾ,ਗਾਇਕ ਦਲਵਿੰਦਰ ਦਿਆਲਪੁਰੀ, ਗੁਰਦੀਪ ਸਿੰਘ ਮਿੰਟੂ, ਐਮ. ਸੀ. ਅਮਰਜੀਤ ਕੌਰ,ਐਮ. ਸੀ. ਬਲਵਿੰਦਰ ਕੌਰ,ਐਮ. ਸੀ. ਸੁਨੀਤਾ ਰਾਣੀ,ਜੱਸੀ ਚਾਹਲ,ਪ੍ਰਿੰਸੀਪਲ ਰਜਨੀ ਲਾਂਭਾ,ਮੈਡਮ ਸਰਬਜੀਤ ਕੌਰ,ਸੋਢੀ ਸਿੰਘ ਅਤੇ ਆਪੀ ਚੈਰੀਟੇਬਲ ਹਸਪਤਾਲ ਦਾ ਸਟਾਫ ਹਾਜ਼ਰ ਸੀ।



## ਫ੍ਰੀ ਆਯੂਸ਼ ਕੈਂਪ ਲਗਾਇਆ

**ਨੂਰਮਹਿਲ, ਬਿਲਗਾ (ਬਾਲੀ, ਵਿਜੇ ਕੁਮਾਰ)**— ਪਿੰਡ ਪ੍ਰਤਾਬਪੁਰਾ ਜ਼ਿਲ੍ਹਾ ਜਲੰਧਰ ਵਿਖੇ ਜ਼ਿਲ੍ਹਾ ਆਯੂਸ਼ ਸੁਸਾਇਟੀ ਜਲੰਧਰ ਵਲੋਂ ਫਰੀ ਆਯੂਸ਼ ਕੈਂਪ ਲਗਾਇਆ ਗਿਆ।ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਆਯੂਸ਼ ਸੁਸਾਇਟੀ ਵਲੋਂ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ ਡਾ, ਵੀਨੂੰ ਖੰਨਾ ਦੀ ਅਗਵਾਈ ਹੇਠ ਪਿੰਡ ਪ੍ਰਤਾਬਪੁਰਾ ਵਿਖੇ ਚਿਕਿਤਸਾ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ ਕਰੀਬ 885 ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ ਲੋੜਵੰਦ ਮਰੀਜ਼ਾਂ ਨੂੰ ਦਵਾਈ ਮੁਫ਼ਤ ਦਿੱਤੀ ਗਈ। ਇਸ ਕੈਂਪ ਵਿੱਚ 140 ਮਰੀਜ਼ਾਂ ਦੀ ਸ਼ੂਗਰ ਵੀ ਚੈੱਕ ਕੀਤੀ ਗਈ।ਇਸ ਮੌਕੇ ਪਿੰਡ ਦੇ ਸਰਪੰਚ ਦਿਲਪ੍ਰੀਤ ਸਿੰਘ ਅਤੇ ਪੰਚਾਇਤ ਮੌਜੂਦ ਸਨ ।ਕੈਂਪ ਦੌਰਾਨ ਡਾ. ਅਮਿਤਾ ਬਾਮ, ਡਾ. ਡਬਸੁਮ, ਉਪਵੈਦ ਹਰਮਿੰਦਰ ਪਾਲ ਸਿੰਘ, ਉਪਵੈਦ ਅਮਿਤ ਕੁਲਵੀਰ, ਡਾ. ਕਮਲਜੀਤ, ਡਾ. ਅਰਚਨਾ, ਜਨਕ ਰਾਜ, ਵਰਿੰਦਰ ਕੁਮਾਰ ਨੇ ਆਪਣੀਆਂ ਸੇਵਾਵਾਂ ਦਿੱਤੀਆਂ।



## ਲਾਇਨਜ਼ ਕਲੱਬ ਨੇ ਸੁਤੰਤਰਤਾ ਦਿਵਸ ਮਨਾਇਆ

**ਡੇਰਾਬਸੀ (ਵਿਨੈ ਕੁਮਾਰ ਜੈਨ)**— ਲਾਇਨਜ਼ ਕਲੱਬ ਡੇਰਾਬੱਸੀ ਅਤੇ ਲਾਇਨਜ਼ ਕਲੱਬ ਜ਼ੀਰਕਪੁਰ ਐਲੀਟ ਵੱਲੋਂ ਸਾਂਝੇ ਤੌਰ 'ਤੇ ਸੁਤੰਤਰਤਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਮੁਬਾਰਿਕਪੁਰ ਸਥਿਤ ਨਾਚੀਕੇਤਾ ਪੇਪਰ ਮਿੱਲ ਵਿਖੇ ਆਯੋਜਿਤ ਪ੍ਰੋਗਰਾਮ ਦੌਰਾਨ ਭਾਜਪਾ ਆਗੂ ਗੁਰਦਰਸ਼ਨ ਸਿੰਘ ਸੈਨੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਉਨ੍ਹਾਂ ਨੇ ਸੁਤੰਤਰਤਾ ਦਿਵਸ ਦੀ ਮੁਬਾਰਕਬਾਦ ਦਿੰਦਿਆਂ ਲਾਇਨਜ਼ ਕਲੱਬ ਵੱਲੋਂ ਇਲਾਕੇ ਅੰਦਰ ਕਰਵਾਏ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਗੁਰਦਰਸ਼ਨ ਸਿੰਘ ਸੈਨੀ ਨੇ ਵੀ ਕਲੱਬ ਦੀ ਮੈਂਬਰਸ਼ਿਪ ਹਾਸਿਲ ਕੀਤੀ।ਲਾਇਨਜ਼ ਕਲੱਬ ਡੇਰਾਬੱਸੀ ਦੇ ਪ੍ਰਧਾਨ ਬਲਕਾਰ ਸਿੰਘ ਅਤੇ ਜ਼ੀਰਕਪੁਰ ਕਲੱਬ ਦੇ ਪ੍ਰਧਾਨ ਪੁਸ਼ਪਿੰਦਰ ਮਹਿਤਾ ਦੀ ਅਗਵਾਈ ਹੇਠ ਆਯੋਜਿਤ ਇਸ ਪ੍ਰੋਗਰਾਮ ਵਿੱਚ ਸਰਵਹਿੱਤਕਾਰੀ ਵਿੱਦਿਆ ਮੰਦਰ ਅਤੇ ਸੰਸਕਾਰ ਵਿੱਦਿਆ ਮੰਦਰ ਸਕੂਲ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਐਮ.ਜੇ.ਐਫ. ਲਾਇਨ ਕੇ.ਪੀ. ਸ਼ਰਮਾ, ਕਲੱਬ ਦੇ ਸਰਪ੍ਰਸਤ ਵਿਜੇ ਮਿੱਤਲ, ਰੀਜਨ ਚੇਅਰਮੈਨ ਸਨੰਤ ਭਾਰਦਵਾਜ, ਡਾਕਟਰ ਪਾਰਸ ਸੂਰੀ, ਲਾਇਨ ਸੁਸ਼ੀਲ ਕੁਮਾਰ ਧੀਮਾਨ, ਲਾਇਨ ਕੇਵਲ ਗੋਇਲ, ਲਾਇਨ ਉਪੇਸ਼ ਬੰਸਲ, ਮਾਸਟਰ ਸ਼ਿਵਚਰਨ ਸਿੰਘ, ਜਸਮੇਰ ਸਿੰਘ, ਮੇਜਰ ਸਿੰਘ ਸਮੇਤ ਜ਼ੀਰਕਪੁਰ ਅਤੇ ਡੇਰਾਬੱਸੀ ਕਲੱਬ ਦੇ ਮੈਂਬਰ ਮੌਜੂਦ ਸਨ।



# ਕਿਤਾਬਾਂ 'ਤੇ ਪਾਬੰਦੀ ਲਗਾਉਣ ਦਾ ਵਿਰੋਧ

**ਬੰਗਾ (ਅਵਤਾਰ ਕਲੇਰ)**- ਅਦਾਰਾ ਪ੍ਰਵਾਜ਼ ਪੰਜਾਬ ਨੇ ਜੰਮੂ ਕਸ਼ਮੀਰ ਸਰਕਾਰ ਵਲੋਂ ਉੱਘੇ ਲੇਖਕਾਂ ਦੀਆਂ 25 ਕਿਤਾਬਾਂ ਉੱਤੇ ਪਾਬੰਦੀ ਲਾਉਣ ਦਾ ਸਖ਼ਤ ਵਿਰੋਧ ਕੀਤਾ ਹੈ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਅਦਾਰੇ ਦੇ ਸੂਬਾਈ ਆਗੂਆਂ ਸੁਖਵਿੰਦਰ ਪੱਪੀ , ਡਾ. ਅਰਵਿੰਦਰ ਕੌਰ ਕਾਕੜਾ,ਅਜਮੇਰ ਸਿੱਧੂ, ਜਸਬੀਰ ਦੀਪ,ਇਕਬਾਲ ਕੌਰ ਉਦਾਸੀ ਨੇ ਕਿਹਾ ਕਿ ਕਿਤਾਬਾਂ ਤੇ ਪਾਬੰਦੀ ਲਾਊਣਾ ਲੇਖਕਾਂ ਤੇ ਕਲਾਕਾਰਾਂ ਦੀ ਆਵਾਜ਼ ਨੂੰ ਦਬਾਉਣਾ ਹੈ। ਇਹ ਕਿਤਾਬਾਂ ਬੁੱਕਰ ਇਨਾਮ ਜੇਤੂ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ, ਤਾਰਿਕ ਅਲੀ, ਅਬਦੁਲ ਗਫ਼ੂਰ ਮਜੀਦ ਨੂਰਾਨੀ,ਅਨੁਰਾਧਾ ਭਸੀਨ, ਸੁਮੰਤਰਾ ਬੋਸ, ਕ੍ਰਿਸਟੋਫਰ ਸਨੇਡਨ, ਰਾਧਿਕਾ ਗੁਪਤਾ, ਸੀਮਾ ਕਾਜ਼ੀ, ਡਾ. ਅਬਦੁਲ ਜੱਬਰ ਗੋਕਖਾਨੀ ਵਰਗੇ ਉੱਘੇ ਲੇਖਕਾਂ ਦੀਆਂ ਲਿਖੀਆਂ ਹੋਈਆਂ ਹਨ। ਇਨ੍ਹਾਂ ਕਿਤਾਬਾਂ ਨੂੰ ਝੂਠੇ ਬਿਰਤਾਂਤ ਅਤੇ ਵੱਖਵਾਦ ਨੂੰ ਪ੍ਰਚਾਰਨ ਵਾਲਾ 'ਗੁੰਮਰਾਹਕੁਨ' ਸਾਹਿਤ ਕਰਾਰ ਦੇ ਕੇ ਪਾਬੰਦੀ ਲਾਉਣਾ ਸਰਕਾਰ ਦੀ ਫਾਸੀਵਾਦੀ ਮਾਨਸਿਕਤਾ ਦਾ ਮੂੰਹ ਬੋਲਦਾ ਸਬੂਤ ਹੈ ਜੋ ਕਸ਼ਮੀਰੀ ਲੋਕਾਂ ਦੇ ਜਮਹੂਰੀ ਹੱਕ ਨੂੰ ਫ਼ੌਜੀ ਤਾਕਤ ਦੇ ਜ਼ੋਰ ਨਾਲ ਕੁਚਲਣ ਦੀ ਨੀਤੀ ਹੈ। ਫਰੰਟ ਦੇ ਆਗੂਆਂ ਨੇ ਜੰਮੂ-ਕਸ਼ਮੀਰ ਪ੍ਰਸ਼ਾਸਨ ਨੂੰ ਇਹ ਪਾਬੰਦੀ ਵਾਪਸ ਲੈਣ ਦੀ ਮੰਗ ਕੀਤੀ ਹੈ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨੈਸ਼ਨਲ ਲੋਕ ਅਦਾਲਤ 13 ਨੂੰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**— ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਸੁਤੰਤਰਤਾ ਦਿਵਸ ਮੌਕੇ ਸ਼ਹੀਦ ਮੇਜਰ ਹਰਮਿੰਦਰ ਪਾਲ ਸਿੰਘ ਸਰਕਾਰੀ ਕਾਲਜ, ਮੋਹਾਲੀ ਵਿਖੇ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਦੌਰਾਨ ਪੇਸ਼ ਕੀਤੀ ਝਾਕੀ ਰਾਹੀਂ ਸਮਾਜ ਦੇ ਗਰੀਬ ਅਤੇ ਕਮਜ਼ੋਰ ਵਰਗ ਦੇ ਹੱਕਾਂ ਦੀ ਰਾਖੀ ਲਈ ਸਰਕਾਰ ਵੱਲੋਂ ਸੰਵਿਧਾਨ ਦੇ ਆਰਟੀਕਲ 39-ਏ ਤਹਿਤ ਲਾਗੂ ਕੀਤੀ ਗਈ ਮੁਫ਼ਤ ਕਾਨੂੰਨੀ ਸਹਾਇਤਾ ਸਕੀਮ ਦੀ ਜਾਣਕਾਰੀ ਸਾਂਝੀ ਕੀਤੀ ਗਈ। ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਅਤੁਲ ਕਸਾਨਾ ਦੀ ਪਹਿਲਕਦਮੀ ਤੇ ਕੱਢੀ ਗਈ ਝਾਕੀ ਰਾਹੀਂ ਇਸ ਸਕੀਮ ਅਧੀਨ, ਗਰੀਬ ਤੇ ਕਮਜ਼ੋਰ ਵਰਗ ਦੇ ਨਾਗਰਿਕਾਂ ਨੂੰ ਆਪਣੇ ਕਾਨੂੰਨੀ ਹੱਕਾਂ ਦੀ ਰਾਖੀ ਲਈ ਸਰਕਾਰ ਦੇ ਖ਼ਰਚੇ 'ਤੇ ਵਕੀਲਾਂ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਬਾਰੇ ਜਾਗਰੂਕਤਾ ਕੀਤੀ ਗਈ। ਦੱਸਿਆ ਗਿਆ ਕਿ ਸਬੰਧਤ ਐਡਵੋਕੇਟ ਨੂੰ ਨਿਯਮਾਂ ਅਨੁਸਾਰ ਬਣਦੀ ਕੌਂਸਲ ਫ਼ੀਸ ਅਤੇ ਕੇਸ ਵਿੱਚ ਹੋਣ ਵਾਲੇ ਹੋਰ ਖ਼ਰਚਿਆਂ ਦੀ ਅਦਾਇਗੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਾਹੀਂ ਸਰਕਾਰ ਵੱਲੋਂ ਕੀਤੀ ਜਾਂਦੀ ਹੈ।ਇਸ ਮੌਕੇ 'ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਕੱਤਰ, ਸੀ.ਜੇ.ਐਮ. ਸ੍ਰੀਮਤੀ ਸੁਰਭੀ ਪ੍ਰਾਸ਼ਰ ਵੀ ਮੌਜੂਦ ਰਹੇ।



## ਜਾਣੇ-ਅਣਜਾਣੇ ਅਸੀਂ ਤਿਰੰਗੇ ਦਾ ਅਪਮਾਨ ਕਰ ਰਹੇ ਹਾਂ : ਤਲਵਾੜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— 15 ਅਗਸਤ ਅਤੇ 26 ਜਨਵਰੀ ਨੂੰ, ਅਸੀਂ ਸਾਰੇ ਦੇਸ਼ ਭਗਤੀ ਦੀ ਭਾਵਨਾ ਨਾਲ ਗਲੀਆਂ ਅਤੇ ਮੁਹੱਲਿਆਂ ਵਿੱਚ ਤਿਰੰਗਾ ਲਹਿਰਾਉਂਦੇ ਹਾਂ ਅਤੇ ਇਹ ਹਰ ਭਾਰਤੀ ਲਈ ਮਾਣ ਵਾਲਾ ਪਲ ਹੁੰਦਾ ਹੈ ਪਰ ਅਕਸਰ ਦੇਖਿਆ ਗਿਆ ਹੈ ਕਿ ਸਾਡੀ ਸਮਝ ਦੀ ਘਾਟ ਕਾਰਨ, ਕਈ ਥਾਵਾਂ 'ਤੇ ਝੰਡੇ ਦਾ ਨਿਰਾਦਰ ਹੋ ਰਿਹਾ ਹੈ। ਉਪਰੋਕਤ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਉਪ ਪ੍ਰਧਾਨ ਸੰਜੀਵ ਤਲਵਾੜ ਨੇ ਨੀਤੀ ਤਲਵਾੜ ਦੀ ਪ੍ਰਧਾਨਗੀ ਹੇਠ ਆਯੋਜਿਤ ਸੈਮੀਨਾਰ 'ਦੇਸ਼ ਮੇਰਾ ਮੈਂ ਦੇਸ਼ ਕਾ' ਨੂੰ ਸੰਬੋਧਨ ਕਰਦਿਆਂ ਕਹੇ।ਤਲਵਾੜ ਨੇ ਕਿਹਾ ਕਿ ਸਵੇਰੇ ਤਿਰੰਗਾ ਲਹਿਰਾਉਂਦੇ ਸਮੇਂ, ਅਸੀਂ ਸਾਰੇ ਉਤਸ਼ਾਹ ਨਾਲ ਕੰਮ ਕਰਦੇ ਹਾਂ ਪਰ ਇਸ ਤੋਂ ਬਾਅਦ ਕਈ ਥਾਵਾਂ 'ਤੇ ਇਹ ਦੇਖਿਆ ਗਿਆ ਹੈ ਕਿ ਤਿਰੰਗਾ ਉਤਾਰਨ ਵਿੱਚ ਲਾਪਰਵਾਹੀ ਦਿਖਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕਈ ਥਾਵਾਂ 'ਤੇ ਸਵੇਰੇ 11 ਜਾਂ 12 ਵਜੇ ਤਿਰੰਗਾ ਉਤਾਰ ਦਿੱਤਾ ਜਾਂਦਾ ਹੈ ਅਤੇ ਇਹ ਹੋਰ ਵੀ ਦੁੱਖ ਦੀ ਗੱਲ ਹੈ ਕਿ ਕਈ ਥਾਵਾਂ 'ਤੇ ਤਿਰੰਗਾ ਲਹਿਰਾਉਣ ਲਈ ਟੈਂਟ ਹਾਊਸ ਦੀ ਪਾਈਪ ਲਗਾਈ ਜਾਂਦੀ ਹੈ ਅਤੇ ਦੁਪਹਿਰ ਤੋਂ ਬਾਅਦ ਟੈਂਟ ਹਾਊਸ ਦਾ ਆਦਮੀ ਆਪਣਾ ਰਿਕਸ਼ਾ ਲੈ ਕੇ ਬਿਨਾਂ ਸਤਿਕਾਰ ਦੇ ਤਿਰੰਗਾ ਉਤਾਰਦਾ ਹੈ ਅਤੇ ਪਾਈਪ ਨੂੰ ਸੁਰੱਖਿਅਤ ਰੱਖਦਾ ਹੈ ਅਤੇ ਤਿਰੰਗੇ ਨੂੰ ਮਹੱਤਵ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ 2022 ਵਿੱਚ ਤਿਰੰਗਾ ਲਹਿਰਾਉਣ ਅਤੇ ਉਤਾਰਨ ਵਿੱਚ ਕੁਝ ਸੋਧਾਂ ਕੀਤੀਆਂ ਗਈਆਂ ਸਨ, ਸਾਨੂੰ ਉਨ੍ਹਾਂ ਸਾਰੀਆਂ ਸੋਧਾਂ ਦਾ ਅਧਿਐਨ ਕਰਨਾ ਚਾਹੀਦਾ ਹੈ ਅਤੇ ਤਿਰੰਗੇ ਨੂੰ ਸਤਿਕਾਰ ਦੇਣਾ ਚਾਹੀਦਾ ਹੈ। ਇਸ ਮੌਕੇ 'ਤੇ ਸੱਭਿਆਚਾਰ ਸੰਭਾਲ ਸਮਿਤੀ ਦੇ ਮੁਖੀ ਕੁਲਵਿੰਦਰ ਜੰਡਾ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸੱਭਿਆਚਾਰ ਸੰਭਾਲ ਸਮਿਤੀ ਸਕੂਲਾਂ ਵਿੱਚ ਸੈਮੀਨਾਰ ਆਯੋਜਿਤ ਕਰੇਗੀ ਤਾਂ ਜੋ ਤਿਰੰਗਾ ਲਹਿਰਾਉਣ ਅਤੇ ਉਤਾਰਨ ਬਾਰੇ ਜਾਣਕਾਰੀ ਦਿੱਤੀ ਜਾ ਸਕੇ।



## ਡੀ ਸੀ ਨੇ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**— ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ 79ਵੇਂ ਆਜ਼ਾਦੀ ਦਿਵਸ ਮੌਕੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਬਾਹਰ ਸਥਿਤ ਨਿਸ਼ਾਨ-ਏ-ਇਨਕਲਾਬ ਪਲਾਜ਼ਾ ਵਿਖੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ 30 ਫੁੱਟ ਉੱਚੇ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ।ਉਨ੍ਹਾਂ ਕਿਹਾ ਕਿ ਸਰਦਾਰ ਭਗਤ ਸਿੰਘ ਵਰਗੇ ਮਹਾਨ ਆਜ਼ਾਦੀ ਘੁਲਾਟੀਆਂ ਨੇ ਭਾਰਤ ਦੇ ਆਜ਼ਾਦੀ ਸੰਘਰਸ਼ ਦੇ ਉੱਤਮ ਕਾਰਜ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਨ੍ਹਾਂ ਮਹਾਨ ਸ਼ਹੀਦਾਂ ਦੀਆਂ ਯਾਦਾਂ ਅਤੇ ਯੋਗਦਾਨ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਜ਼ਿੰਦਾ ਰੱਖਣ ਲਈ ਇਹ ਬੁੱਤ ਸਥਾਪਤ ਕੀਤਾ ਹੈ।ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਜਿਵੇਂ ਕਿ ਅਸੀਂ ਆਜ਼ਾਦੀ ਦੇ 78 ਸਾਲ ਮੁਕੰਮਲ ਹੋਣ ਦਾ ਜਸ਼ਨ ਮਨਾ ਰਹੇ ਹਾਂ ਤਾਂ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅੱਜ ਅਸੀਂ ਜੋ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ, ਉਹ ਸਾਡੇ ਮਹਾਨ ਆਜ਼ਾਦੀ ਘੁਲਾਟੀਆਂ ਦੁਆਰਾ ਕੀਤੀਆਂ ਗਈਆਂ ਲਾਮਿਸਾਲ ਕੁਰਬਾਨੀਆਂ ਦਾ ਨਤੀਜਾ ਹੈ।ਇਸ ਮੌਕੇ ਉਨ੍ਹਾਂ ਨਾਲ ਐਸ ਡੀ ਐਮ ਮੋਹਾਲੀ ਦਮਨਦੀਪ ਕੌਰ, ਨਾਇਬ ਤਹਿਸੀਲਦਾਰ ਹਰਸ਼ ਗਰਗ ਅਤੇ ਹਰਜੋਤ ਸਿੰਘ ਅਤੇ ਐਸ ਡੀ ਓ ਲੋਕ ਨਿਰਮਾਣ ਵਿਭਾਗ (ਇਲੈਕਟ੍ਰੀਕਲ) ਗੌਰਵ ਮਣੀ ਵੀ ਮੌਜੂਦ ਸਨ।



# ਰਿਆਤ ਬਾਹਰਾ 'ਵਰਸਿਟੀ ਵਿਖੇ ਅਜ਼ਾਦੀ ਦਿਵਸ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਅਜ਼ਾਦੀ ਦਿਵਸ ਦੀ 79ਵੀਂ ਵਰ੍ਹੇਗੰਢ ਨੂੰ ਦੇਸ਼-ਪ੍ਰੇਮ ਤੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ।ਸਮਾਗਮ ਮੌਕੇ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਰਾਸ਼ਟਰੀ ਝੰਡਾ ਲਹਿਰਾਇਆ ਅਤੇ ਵਿਦਿਆਰਥੀਆਂ ਨੂੰ ਦੇਸ਼ ਦੀ ਖੁਸ਼ਹਾਲੀ ਤੇ ਤਰੱਕੀ ਲਈ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਅਜ਼ਾਦੀ ਸਾਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਨਤੀਜੇ ਵਜੋਂ ਮਿਲੀ ਹੈ, ਇਸ ਲਈ ਇਸਨੂੰ ਸੰਭਾਲ ਕੇ ਰੱਖਣਾ ਸਾਡੇ ਹਰੇਕ ਦਾ ਫਰਜ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਆਪਣੀ ਜਵਾਨੀ ਨੂੰ ਸਹੀ ਰਸਤੇ 'ਤੇ ਲਗਾਉਣ ਲਈ ਵੀ ਪ੍ਰੇਰਿਤ ਕੀਤਾ। ਵਾਈਸ ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਨੇ ਵੀ ਅਜ਼ਾਦੀ ਸੰਗਰਾਮ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਲਾਮ ਕੀਤਾ। ਸੀਨੀਅਰ ਅਧਿਕਾਰੀਆਂ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਨਿਛਾਵਰ ਕਰਨ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ।ਇਸ ਦੌਰਾਨ ਬ੍ਰਿਟਿਸ਼ ਲੌਰੀਏਟ ਸਕੂਲ ਮੋਹਾਲੀ ਵਿੱਚ ਅਜ਼ਾਦੀ ਦਿਵਸ ਸਮਾਰੋਹ ਵੱਡੇ ਉਤਸ਼ਾਹ ਨਾਲ ਮਨਾਇਆ ਗਿਆ। ਨੰਨ੍ਹੇ ਵਿਦਿਆਰਥੀਆਂ ਨੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਕੇ ਦਰਸ਼ਕਾਂ ਦੇ ਦਿਲ ਜਿੱਤ ਲਏ। ਪ੍ਰਿੰਸੀਪਲ ਭਾਵਨਾ ਸ਼ਰਮਾ ਨੇ ਦੱਸਿਆ ਕਿ ਇਹ ਸਕੂਲ ਦਾ ਪਹਿਲਾ ਅਜ਼ਾਦੀ ਦਿਵਸ ਸਮਾਰੋਹ ਸੀ, ਜਿਸਨੂੰ ਵਿਦਿਆਰਥੀਆਂ ਨੇ ਯਾਦਗਾਰ ਬਣਾ ਦਿੱਤਾ।



# ਸਤਲੁਜ ਪ੍ਰੈੱਸ ਕਲੱਬ ਨੇ ਆਜ਼ਾਦੀ ਦਿਵਸ ਨੂੰ ਸਮਰਪਿਤ ਬੂਟੇ ਲਾਏ

**ਭਲਾਣ (ਹਰਭਜਨ ਢਿੱਲੋਂ)** ਪ੍ਰਦੂਸ਼ਣ ਦੀ ਰੋਕਥਾਮ ਅਤੇ ਪਸ਼ੂ, ਪੰਛੀਆਂ ਦੀਆਂ ਅਲੋਪ ਹੋ ਰਹੀਆਂ ਪ੍ਰਜਾਤੀਆਂ ਨੂੰ ਬਚਾਉਣ ਲਈ ਸਾਨੂੰ ਹਰੇਕ ਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ । ਇਸ ਲੜੀ ਤਹਿਤ ਆਜ਼ਾਦੀ ਦਿਵਸ ਨੂੰ ਸਮਰਪਿਤ ਸਤਲੁਜ ਪ੍ਰੈਸ ਕਲੱਬ ਸੁਖਸਾਲ (ਰਜਿ:) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਵੱਖ-ਵੱਖ ਥਾਵਾਂ 'ਤੇ ਔਸ਼ਧੀਯੁਕਤ ਬੂਟੇ ਲਗਾਏ ਗਏ ਅਤੇ ਵਾਤਾਵਰਣ ਪ੍ਰੇਮੀਆਂ ਨੂੰ ਪੌਦੇ ਵੰਡੇ ਵੀ ਗਏ। ਓਮ ਪ੍ਰਕਾਸ਼ ਕੌਸ਼ਲ ( ਰਿਟਾ: ਬੀਬੀਐਮਬੀ ) ਨੇ ਕਿਹਾ ਕਿ ਰੁੱਖਾਂ ਨਾਲ ਮਨੁੱਖਾਂ ਦਾ ਆਦਿ ਕਾਲ ਤੋਂ ਹੀ ਬੜਾ ਗੂੜਾ ਸੰਬੰਧ ਹੈ, ਜੋ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ ਸਹਾਈ ਹੁੰਦੇ ਹਨ।ਇਸ ਮੌਕੇ ਵਿਜੇ ਕੁਮਾਰ ਕੌਸ਼ਲ, ਪ੍ਰੈਸ ਕਲੱਬ ਦੇ ਜਨਰਲ ਸਕੱਤਰ ਧਰਮਪਾਲ, ਪ੍ਰਿੰਸੀਪਲ ਅਜੇ ਕੌਸ਼ਲ, ਵਾਇਸ ਪ੍ਰਧਾਨ ਜੁਝਾਰ ਸਿੰਘ, ਹਰਭਜਨ ਢਿੱਲੋ, ਅੰਜੂ ਕੌਸ਼ਲ, ਪੂਨਮ ਜੋਸ਼ੀ, ਅਸ਼ਵਨੀ ਸੈਣੀ, ਸੁਧੀਰ ਪ੍ਰਿੰਸ ਅਤੇ ਬੱਚੇ ਵੀ ਹਾਜ਼ਰ ਸਨ।



## ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ 'ਚ ਮਨਾਇਆ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ

**ਲੋਹੀਆਂ ਖਾਸ (ਯੋਗੇਸ਼ਵਰ)**- ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਵਾੜਾ ਜੋਧ ਸਿੰਘ (ਜਲੰਧਰ) ਵਿਖੇ ਸੁਦਾਮ ਖਾਨ ਐਮ.ਡੀ ਅਤੇ ਡਿਪਟੀ ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸਰਗਮ ਥਿੰਦ ਦੀ ਅਗਵਾਈ ਵਿੱਚ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਉਤਸਵ ਮਨਾਇਆ ਗਿਆ। ਜਿਸ ਵਿੱਚ ਸ੍ਰੀ ਕ੍ਰਿਸ਼ਨ ਆਰਤੀ ਬੰਦਨਾ ਕੀਤੀ ਗਈ ਅਤੇ ਬੱਚਿਆਂ ਵੱਲੋਂ ਸ੍ਰੀ ਕ੍ਰਿਸ਼ਨ ਜੀ ਦੀਆਂ ਬਾਲ ਲੀਲਾਵਾਂ ਦੀਆਂ ਝਾਕੀਆਂ ਪੇਸ਼ ਕੀਤੀਆਂ ਗਈਆਂ। ਇਸ ਤੋਂ ਇਲਾਵਾ ਸਕੂਲ ਵਿੱਚ ਫੈਂਸੀ ਡਰੈਸ ਮੁਕਾਬਲਾ ਵੀ ਕਰਵਾਇਆ ਗਿਆ। ਜਿਸ ਵਿੱਚ ਛੋਟੇ- ਛੋਟੇ ਬੱਚਿਆਂ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਇਸ ਮੌਕੇ ਐਮ.ਡੀ ਸੁਦਾਮ ਖਾਨ ਅਤੇ ਡਿਪਟੀ ਡਾਇਰੈਕਟਰ/ਪ੍ਰਿੰਸੀਪਲ ਸ੍ਰੀਮਤੀ ਸਰਗਮ ਥਿੰਦ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀ ਮਹੱਤਤਾ ਬਾਰੇ ਦੱਸਿਆ।



## ਕਾਲਜ ਵਿਖੇ 79ਵਾਂ ਅਜ਼ਾਦੀ ਦਿਵਸ ਮਨਾਇਆ



**ਕਰਤਾਰਪੁਰ (ਹਰਮੇਸ਼ ਦੱਤ)** ਓਮ ਪ੍ਰਕਾਸ਼ ਮੈਮੋਰੀਅਲ ਇੰਸਟੀਚਿਊਟ ਆਫ ਐਜੂਕੇਸ਼ਨ ਦਿਆਲਪੁਰ ਜਿਲਾ ਕਪੂਰਥਲਾ ਵਿਖੇ 79 ਵਾ ਅਜਾਦੀ ਦਿਵਸ ਧੂਮ ਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਅਜਾਦੀ ਦਿਵਸ ਦੇ ਮੌਕੇ ਵਿਦਿਆਰਥੀਆ ਨੇ ਨਾਟਕ, ਕਵਿਤਾ ਅਤੇ ਭਾਸ਼ਣ ਪੇਸ਼ ਕਰਕੇ ਅਜਾਦੀ ਦਿਹਾੜਾ ਮਨਾਇਆ ਇਸ ਮੋਕੇ ਕਾਲਜ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

# ਖਾਲਸਾ ਕਾਲਜ 'ਚ ਅੰਗ-ਦਾਨ ਜਾਗਰੂਕਤਾ ਮੁਹਿੰਮ ਸੰਬੰਧੀ ਸਮਾਗਮ

**ਸੁਲਤਾਨਪੁਰ ਲੋਧੀ (ਹਨੀ)** ਗੁਰੂ ਨਾਨਕ ਖਾਲਸਾ ਕਾਲਜ ਵਿਖੇ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ.ਜਸਬੀਰ ਕੌਰ ਦੀ ਅਗਵਾਈ ਅਤੇ ਐਨ ਐਸ ਐਸ ਵਿਭਾਗ ਦੇ ਮੁਖੀ ਪ੍ਰੋ. ਰਿਸ਼ੂ ਬਾਲਾ ਦੀ ਦੇਖ ਰੇਖ ਵਿਚ ਅੰਗ-ਦਾਨ ਜਾਗਰੂਕਤਾ ਮੁਹਿੰਮ ਦਾ ਆਯੋਜਨ ਕੀਤਾ ਗਿਆ। ਇਸ ਮੁਹਿੰਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅੰਗਦਾਨ ਦੀ ਮਹੱਤਤਾ ਬਾਰੇ ਜਾਣੂ ਕਰਵਾਉਣਾ ਸੀ ਅਤੇ ਲੋਕਾਂ ਨੂੰ ਇਸ ਪਰਉਪਕਾਰੀ ਕਾਰਜ ਲਈ ਪ੍ਰੇਰਿਤ ਕਰਨਾ ਸੀ। ਇਸ ਮੁਹਿੰਮ ਤਹਿਤ ਵਿਦਿਆਰਥੀਆਂ ਵੱਲੋਂ ਅੰਗ ਦਾਨ ਕਰਨ ਲਈ ਸਹੁੰ ਵੀ ਚੱਕੀ ਗਈ। ਇਸ ਮੌਕੇ ਪ੍ਰੋ.ਸੁਖਪਾਲ ਸਿੰਘ, ਪ੍ਰੋ.ਜੁਗਰਾਜ ਸਿੰਘ, ਪ੍ਰੋ.ਗੁਰਪ੍ਰੀਤ ਕੌਰ, ਪ੍ਰੋ. ਅਰਸ਼ਪ੍ਰੀਤ ਕੌਰ, ਪ੍ਰੋ. ਜਸਵੀਰ ਕੌਰ, ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਸੰਦੀਪ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸਨ ।



# ਸਕੂਲ 'ਚ ਜਨਮ ਅਸ਼ਟਮੀ ਮਨਾਈ

**ਕਰਤਾਰਪੁਰ (ਹਰਮੇਸ਼ ਦੱਤ)** ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਕਰਤਾਰਪੁਰ ਸਕੂਲ ਵਿੱਚ ਜਨਮ ਅਸ਼ਟਮੀ ਦੇ ਮੌਕੇ 'ਤੇ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਜਿਸ ਵਿੱਚ ਬੱਚਿਆਂ ਨੇ ਭਗਵਾਨ ਕ੍ਰਿਸ਼ਨ ਦੇ ਜਨਮ ਤੋਂ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ, ਗੀਤ ਗਾਇਨ ਅਤੇ ਪਿਆਰ ਨੂੰ ਦਰਸਾਉਂਦਾ ਇੱਕ ਨਾਟਕ (ਐਕਟ) ਵੀ ਪੇਸ਼ ਕੀਤਾ ਗਿਆ। ਰਾਧਾ-ਕ੍ਰਿਸ਼ਨ ਦੀਆਂ ਪ੍ਰੇਮ ਕਹਾਣੀਆਂ ਪੇਸ਼ ਕੀਤੀਆਂ ਗਈਆਂ। ਕ੍ਰਿਸ਼ਨ ਦੇ ਇਸ ਸ਼ੁੱਭ ਮੌਕੇ 'ਤੇ ਦਹੀਂ ਹਾਂਡੀ ਤੋੜ ਕੇ ਜਨਮ ਅਸ਼ਟਮੀ ਦਾ ਤਿਉਹਾਰ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਸਕੂਲ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਕੰਵਲਜੀਤ ਕੌਰ ਨੇ ਸ਼੍ਰੀ ਕ੍ਰਿਸ਼ਨ ਦੁਆਰਾ ਦਿਖਾਏ ਗਏ ਮਾਰਗ 'ਤੇ ਚੱਲਣ ਦਾ ਸੰਦੇਸ਼ ਦਿੱਤਾ। ਸਕੂਲ ਚੇਅਰਪਰਸਨ ਮੈਡਮ ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ. ਪਿਆਰਾ ਸਿੰਘ, ਮਨਦੀਪ ਕੌਰ, ਸਤਨਾਮ ਸਿੰਘ, ਪਲਵਿੰਦਰ ਕੌਰ ਨੇ ਬੱਚਿਆਂ ਨੂੰ ਵਧਾਈ ਦਿੱਤੀ।



## ਜੈਨ ਸਮਾਜ ਨੇ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

**ਡੇਰਾਬੱਸੀ (ਵਿਨੈ ਕੁਮਾਰ ਜੈਨ)**— ਜੈਨ ਸਮਾਜ ਵੱਲੋਂ ਸ਼੍ਰੀ ਕ੍ਰਿਸ਼ਨ ਜਨਮਾਸ਼ਟਮੀ ਦਾ ਪਾਵਨ ਤਿਉਹਾਰ ਬੜੀ ਧੂਮਧਾਮ ਅਤੇ ਆਸਥਾ ਨਾਲ ਮਨਾਇਆ ਗਿਆ। ਇਹ ਧਾਰਮਿਕ ਸਮਾਰੋਹ ਜੈਨ ਸਥਾਨਕ ਪ੍ਰਾਂਗਣ ਵਿੱਚ ਕੀਤਾ ਗਿਆ ਜਿਸ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਸੰਗਤ ਨੇ ਸ਼ਿਰਕਤ ਕੀਤੀ। ਪੂਰੇ ਸਥਾਨਕ ਨੂੰ ਰੰਗ-ਬਿਰੰਗੀਆਂ ਬੱਤੀਆਂ, ਫੁੱਲਾਂ ਅਤੇ ਰੌਸ਼ਨੀ ਨਾਲ ਸੁਸ਼ੋਭਿਤ ਕੀਤਾ ਗਿਆ।ਸਵੇਰੇ ਤੋਂ ਹੀ ਜੈਨ ਸਮਾਜ ਦੇ ਲੋਕ ਸਥਾਨਕ ਪਹੁੰਚਣ ਲੱਗ ਪਏ ਸਨ ਜਿੱਥੇ ਸ਼੍ਰੀ ਕ੍ਰਿਸ਼ਨ ਦੇ ਜਨਮ ਦਿਨ ਨੂੰ ਯਾਦ ਕਰਦੇ ਹੋਏ ਭਗਤੀ ਭਜਨ, ਕੀਰਤਨ ਅਤੇ ਧਾਰਮਿਕ ਪ੍ਰੋਗਰਾਮਾਂ ਦੀ ਸ਼ੁਰੂਆਤ ਹੋਈ।ਜੈਨ ਸਮਾਜ ਦੀਆਂ ਮਹਿਲਾਵਾਂ ਨੇ ਮਿਲਕੇ ਸੁੰਦਰ ਰੰਗੋਲੀ ਬਣਾਈ ਅਤੇ ਛੋਟੇ ਬੱਚਿਆਂ ਨੇ 'ਕਾਨ੍ਹਾ' ਅਤੇ 'ਰਾਧਾ' ਦਾ ਰੂਪ ਧਾਰ ਕੇ ਸਭ ਦਾ ਮਨ ਮੋਹ ਲਿਆ।ਸ਼ਾਮ ਦੇ ਸਮੇਂ ਵਿਸ਼ੇਸ਼ ਭਜਨ ਸੰਧਿਆ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਜੈਨ ਸਮਾਜ ਦੇ ਗੁਰ ਤੇ ਸਥਾਨਕ ਗਾਇਕਾਂ ਅਤੇ ਭਗਤਾਂ ਨੇ ਭਗਵਾਨ ਕ੍ਰਿਸ਼ਨ ਦੇ ਗੁਣ ਗਾਏ।ਛੋਟੇ ਬੱਚਿਆਂ ਲਈ ਵਿਸ਼ੇਸ਼ ਖੇਡਾਂ ਅਤੇ ਕੁਇਜ਼ ਮੁਕਾਬਲੇ ਵੀ ਕਰਵਾਏ ਗਏ।ਅੰਤ ਵਿੱਚ ਸਾਰੇ ਭਗਤਾਂ ਨੇ ਮਿਲਕੇ ਸ਼ਾਂਤੀ ਅਤੇ ਸਮਾਜਿਕ ਭਲਾਈ ਲਈ ਪ੍ਰਾਰਥਨਾ ਕੀਤੀ।



# ਖੂਨਦਾਨ ਭਵਨ ਵਿਖੇ ਤਿਰੰਗਾ ਲਹਿਰਾਇਆ

**ਨਵਾਂਸ਼ਹਿਰ (ਮਨੋਜ ਲਾਡੀ)** ਹਰ ਸਾਲ ਦੀ ਤਰ੍ਹਾਂ ਕੌਮੀ ਅਜ਼ਾਦੀ ਦਿਵਸ ਬੀ.ਡੀ.ਸੀ ਖੂਨਦਾਨ ਭਵਨ ਵਿਖੇ ਮਨਾਇਆ ਗਿਆ। ਜਿਸ ਵਿੱਚ ਐਸ.ਕੇ.ਸਰੀਨ (ਪ੍ਰਧਾਨ) ਨੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਉਪ੍ਰੰਤ ਰਾਸ਼ਟਰੀ ਗੀਤ ਦਾ ਗਾਇਨ ਕੀਤਾ ਗਿਆ । ਇਸ ਮੌਕੇ ਜੈ ਹਿੰਦ , ਬੰਦੇ ਮਾਤਰਮ ਦੇ ਜ਼ੋਸ਼ੀਲੇ ਨਾਹਰੇ ਬੁਲੰਦ ਕੀਤੇ ਗਏ । ਸੰਸਥਾ ਵਲੋਂ ਭੁਪਿੰਦਰਪਾਲ ਸਿੰਘ (ਪੁੱਤਰ ਸਵ: ਇਕਬਾਲ ਸਿੰਘ ਟਰਾਂਸਪੋਰਟਰ) ਅਤੇ ਸਿਮਰਨਜੀਤ ਕੌਰ ਤੱਖੀ (ਪੁੱਤਰੀ ਬੀਰਬਲ ਤੱਖੀ) ਨੂੰ ਉਹਨਾਂ ਦੀਆਂ ਸਮਾਜ ਸੇਵੀ ਸਰਗਰਮੀਆਂ ਲਈ ਸਨਮਾਨਿਤ ਕੀਤਾ ਗਿਆ। ਇਹਨਾਂ ਪਲਾਂ ਦੌਰਾਨ ਜੀ.ਐਸ.ਤੂਰ, ਜੇ.ਐਸ.ਗਿੱਦਾ,ਸ੍ਰੀ ਪ੍ਰਵੇਸ਼ ਕੁਮਾਰ, ਸ੍ਰੀਮਤੀ ਸੁਰਿੰਦਰ ਕੌਰ ਤੂਰ, ਸ੍ਰੀਮਤੀ ਅੰਜੂ ਸਰੀਨ, ਡਾ.ਅਜੇ ਬੱਗਾ, ਡਾ.ਦਿਆਲ ਸਰੂਪ, ਨਰਿੰਦਰ ਸਿੰਘ ਭਾਰਟਾ, ਯੁਵਰਾਜ ਕਾਲੀਆ, ਮੈਨੇਜਰ ਮਨਮੀਤ ਸਿੰਘ, ਸਾਬਕਾ ਮੈਨੇਜਰ ਓਮ ਪ੍ਰਕਾਸ਼ ਸ਼ਰਮਾ, ਦਿਲਬਾਗ ਸਿੰਘ ਰਿਟਾ: ਡੀ.ਈ.ਓ, ਨਰਿੰਦਰਪਾਲ ਤੂਰ, ਅਸ਼ਵਨੀ ਜੋਸ਼ੀ, ਡਾ. ਜੀ.ਐਸ.ਸੰਧੂ, ਸ੍ਰੀਮਤੀ ਸਰਬਜੀਤ ਕੌਰ, ਗੁਰਚਰਨ ਸਿੰਘ, ਮੋਹਣ ਲਾਲ, ਸੁਪ੍ਰੀਤ ਕੌਰ, ਭੁਪਿੰਦਰਪਾਲ ਸਿੰਘ ਸੈਣੀ, ਗੁਰਸਾਗਰ ਸਿੰਘ, ਇਮਰਾਜ਼ ਸਿੰਘ ਅਤੇ ਬੀ.ਡੀ.ਸੀ.ਸਟਾਫ ਹਾਜ਼ਰ ਸੀ।





ਆਜ਼ਾਦੀ ਦਿਵਸ ਤੇ ਰੇਲਵੇ ਸਟੇਸ਼ਨ 'ਤੇ ਝੰਡਾ ਲਹਿਰਾਉਣ ਸਮੇਂ ਸੁਬੋਧ ਚੌਧਰੀ ਸਟੇਸ਼ਨ ਮਾਸਟਰ, ਦਿਨੇਸ਼ ਕੁਮਾਰ ਸਟੇਸ਼ਨ ਮਾਸਟਰ, ਪੰਕਜ ਕੁਮਾਰ ਸਟੇਸ਼ਨ ਮਾਸਟਰ, ਏ ਐੱਸ ਆਈ ਪ੍ਰੇਮ ਨਾਥ ਆਰ ਪੀ ਚੌਂਕੀ ਇੰਚਾਰਜ ਫਿਲੌਰ , ਰੇਲਵੇ ਸਟਾਫ, ਜੀ ਆਰ ਪੀ ਪੁਲਸ ਆਦਿ ਹਾਜ਼ਰ ਸਨ। (ਫੋਟੋ ਤੇ ਵੇਰਵਾ ਨਿਰਮਲ ਫਿਲੌਰ)

17 Aug Page 10.qxd 8/16/2025 10:07 PM Page 1




# ਸਵ:ਸੱਤਿਆ ਦੇਵੀ ਦੇ ਸ਼ਰਧਾਂਜਲੀ ਸਮਾਰੋਹ ਮੌਕੇ ਰਾਜ ਸਿੰਗਲਾ ਵੱਲੋਂ ਵਿਸ਼ੇਸ਼ ਸਪਲੀਮੈਂਟ

ਰਾਧਾ ਸੁਆਮੀ ਜੀ

ਕਬੀਰਾ ਜਬ ਹਮ ਹਾਏ ਜਗਤ ਮੇ, ਜਗ ਹੱਸਾ ਹਮ ਰੋਏ,
ਐਸੀ ਕਰਨੀ ਕਰ ਚਲੇ, ਹਮ ਹੱਸੇ ਜਗ ਰੋਏ।।



ਸਵ: ਸ੍ਰੀਮਤੀ ਸੱਤਿਆ ਦੇਵੀ

ਆਪ ਜੀ ਨੂੰ ਦੁੱਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ

## ਸਵ: ਸ੍ਰੀਮਤੀ ਸੱਤਿਆ ਦੇਵੀ

(ਸੁਪਤਨੀ ਸ੍ਰੀ ਤਰਸੇਮ ਚੰਦ ਬਾਂਸਲ ਸਾਬਕਾ ਡਾਇਰੈਕਟਰ ਪੀ.ਆਰ.ਟੀ.ਸੀ.)

ਜੋ ਕਿ ਮਿਤੀ 05 ਅਗਸਤ 2025 ਨੂੰ ਸਦੀਵੀਂ ਵਿਛੋੜਾ ਦੇ ਗਏ ਹਨ।
ਉਹਨਾਂ ਨਮਿੱਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ
ਮਿਤੀ 17 ਅਗਸਤ 2025 ਦਿਨ ਐਤਵਾਰ ਨੂੰ ਦੁਪਹਿਰ 1.00 ਤੋਂ 2.00 ਵਜੇ ਤੱਕ
ਐਸ.ਡੀ.ਕੇ.ਐਸ. ਭਵਨ, ਰਾਜਪੁਰਾ ਰੋਡ, ਪਟਿਆਲਾ ਵਿਖੇ ਹੋਵੇਗੀ।

### ਸ਼ਰਧਾਂਜਲੀਆਂ

ਮਹਾਰਾਣੀ ਪ੍ਰਨੀਤ ਕੌਰ,ਸਾਬਕਾ ਕੇਂਦਰੀ ਮੰਤਰੀ ਭਾਰਤ ਸਰਕਾਰ

ਲਛਮਣ ਦਾਸ ਸਿੰਗਲਾ (ਕੁੱਕੂ) ਸਾਬਕਾ ਚੇਅਰਮੈਨ ਪੰਚਾਇਤ ਸੰਮਤੀ ਪਾਤੜਾਂ

ਸ਼ੇਰੇ ਪੰਜਾਬ ਗਰੁੱਪ, ਲੁਧਿਆਣਾ (ਪੰਜਾਬ)

ਕੀਮਤ ਰਾਏ ਸਿੰਗਲਾ,ਚੇਅਰਮੈਨ ਪਬਲਿਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਟਰੱਸਟ ਪਾਤੜਾਂ

ਮੋਹਨ ਸਿੰਘ ਸਿੱਧੂ, ਚੇਅਰਮੈਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਟਰੱਸਟ ਹਾਮਝੇੜੀ

ਗਊਸ਼ਾਲਾ ਪ੍ਰਬੰਧਕ ਕਮੇਟੀ ਪਾਤੜਾਂ ਸ੍ਰੀ ਦੁਰਗਾ ਦਲ ਚੈਰੀਟੇਬਲ ਹਸਪਤਾਲ ਪਾਤੜਾਂ

ਅਗਰਵਾਲ ਸਭਾ ਪਾਤੜਾਂ

ਗ੍ਰਾਮ ਪੰਚਾਇਤ ਦਿਆਲ ਨਗਰ, ਹਾਮਝੇੜੀ

ਆੜ੍ਹਤੀ ਐਸੋਸੀਏਸ਼ਨ ਪਾਤੜਾਂ

ਮੀਡੀਆ ਕਲੱਬ ਪਾਤੜਾਂ (ਪਟਿਆਲਾ)

ਟਰੱਕ ਉਪਰੇਟਰ ਯੂਨੀਅਨ, ਪਾਤੜਾਂ

ਲਾਇਨਜ ਕਲੱਬ ਅਤੇ ਆਈ ਹਸਪਤਾਲ ਪਾਤੜਾਂ

ਭਾਰਤ ਭੂਸ਼ਣ ਬਾਂਸਲ ਗੁਰੂ ਕਿਰਪਾ ਫਾਇਨਾਂਸ ਪਾਤੜਾਂ

ਗਰਗ ਬੱਸ ਸਰਵਿਸ ਪਾਤੜਾਂ

ਨਰਾਇਣ ਸਿੰਘ ਨਰਸੋਤ ਹਲਕਾ ਇੰਚਾਰਜ ਬੀਜੇਪੀ ਸ਼ੁਤਰਾਣਾ, ਰਮੇਸ਼ ਕੁਮਾਰ ਕੁੱਕੂ ਸੀਨੀਅਰ ਭਾਜਪਾ ਆਗੂ, ਬਗੀਚਾ ਸਿੰਘ ਦੁਤਾਲ, ਸੁਰਿੰਦਰ ਕੁਮਾਰ ਪੈਂਦ, ਸਤੀਸ਼ ਕੁਮਾਰ ਗਰਗ, ਲੱਕੀ ਪਾਤੜਾਂ, ਸਰਦੂਲ ਸਿੰਘ ਸੰਧੂ, ਗਿਆਨ ਸਿੰਘ ਧਾਲੀਵਾਲ, ਗੁਰਚਰਨ ਸਿੰਘ ਵਿਰਦੀ ਸਾਬਕਾ, ਜਗਦੀਸ਼ ਚੰਦ ਪੰਛੀ, ਭੀਮ ਕਰਿਆਨਾ ਸਟੋਰ, ਲਾਲ ਚੰਦ ਜੈ ਗੋਪਾਲ, ਰਾਜ ਕੁਮਾਰ ਖੇਤਲਾ, ਸ਼ਿਵ ਮੋਟਰਜ ਪਾਤੜਾਂ, ਸਿੰਗਲਾ ਮੈਂਟਲਜ ਇੰਡ. ਪਾਤੜਾਂ, ਗੁਰਦਾਸ ਸਿੰਗਲਾ ਜਨਤਾ ਖੱਦਰ ਭੰਡਾਰ ਪਾਤੜਾਂ, ਵਿਜੈ ਪਤਲੀ ਸਮਾਜ ਸੇਵਕ, ਹਰਮੇਸ਼ ਸਿੰਗਲਾ ਮੇਸ਼ੀ ਪ੍ਰਧਾਨ ਰੋਟਰੀ ਕਲੱਬ ਪਾਤੜਾਂ।




ਸਾਵਧਾਨ ! ਤੁਸੀਂ ਨਿਗਰਾਨੀ ਹੇਠ ਹੋ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

*ਢਹਿ ਰਹੀ ਦੀਵਾਰ 'ਤੇ ਫਟਿਆ ਕਲੰਡਰ*
*ਇਸ਼ਤਿਹਾਰਾਂ ਦੱਸਿਆ ਇਹ ਲੋਕ-ਤੰਤਰ ਹੈ*
*ਇਹ ਮੇਰਾ ਦੇਸ਼ ਇਸ ਦੁਨੀਆ 'ਚ ਸਭ*
*ਨਾਲੋਂ ਵਚਿੱਤਰ ਹੈ।*
*ਕਿ ਚੋਰੀ ਕਰਨ ਲਈ ਇੱਥੋਂ ਦਾ ਹਰ*
*ਹਾਕਮ ਸੁਤੰਤਰ ਹੈ।*
*- ਸੁਰਜੀਤ ਜੱਜ*

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 17 ਅਗਸਤ 2025 www.nawanzamana.in ਕੀਮਤ 5.00 ਰੁਪਏ





# ਪ੍ਰਗਤੀਸ਼ੀਲ ਕਮਿਊਨਿਸਟ ਨੇਤਾ : ਮੌਲਾਨਾ ਹਸਰਤ ਮੋਹਾਨੀ


ਅਨਿਲ ਰਾਜੀਮਵਾਲੇ

ਅਨੁਵਾਦ : ਐੱਮ ਐੱਸ ਭਾਟੀਆ


ਹਸਰਤ ਮੋਹਾਨੀ ਦਾ ਜਨਮ 4 ਅਕਤੂਬਰ, 1875 ਨੂੰ ਬ੍ਰਿਟਿਸ਼ ਭਾਰਤ ਦੇ ਸੰਯੁਕਤ ਪ੍ਰਾਂਤਾਂ (ਹੁਣ ਯੂਪੀ) ਦੇ ਉਨਾਓ ਜ਼ਿਲ੍ਹੇ ਦੇ ਕਸਬੇ ਮੋਹਾਨ ਵਿੱਚ ਸਈਅਦ ਫਜ਼ਲ-ਉਲ-ਹਸਨ ਦੇ ਰੂਪ ਵਿੱਚ ਹੋਇਆ ਸੀ। ਹਸਰਤ ਉਹਨਾਂ ਦਾ ਉਪਨਾਮ ਸੀ ਅਤੇ ਉਹਨਾਂ ਨੂੰ ਆਪਣੇ ਜੱਦੀ ਸ਼ਹਿਰ ਕਾਰਨ ਮੋਹਾਨੀ ਕਿਹਾ ਜਾਣ ਲੱਗਾ। ਉਹਨਾਂ ਦੇ ਪੁਰਖੇ ਈਰਾਨ, ਨਿਸ਼ਾਪੁਰ ਤੋਂ ਆਏ ਸਨ। ਉਹਨਾਂ ਦੀ ਮੁੱਢਲੀ ਸਿੱਖਿਆ ਪਿੰਡ ਵਿੱਚ ਹੀ ਹੋਈ। ਬਾਅਦ ਵਿੱਚ ਉਹਨਾਂ ਨੂੰ ਮੋਹਾਨ ਦੇ ਸਰਕਾਰੀ ਮਿਡਲ ਸਕੂਲ ਅਤੇ ਬਾਅਦ ਵਿੱਚ ਫਤਿਹਪੁਰ ਦੇ ਸਰਕਾਰੀ ਹਾਈ ਸਕੂਲ ਵਿੱਚ ਦਾਖਲਾ ਦਿੱਤਾ ਗਿਆ। ਉਹਨਾਂ ਨੂੰ ਉਰਦੂ ਕਵਿਤਾ ਵਿੱਚ ਦਿਲਚਸਪੀ ਪੈਦਾ ਹੋਈ ਅਤੇ ਉਹ 'ਹਸਰਤ ਮੋਹਾਨੀ' ਬਣ ਗਏ। ਮਸ਼ਹੂਰ ਗਜ਼ਲ 'ਚੁਪਕੇ ਚੁਪਕੇ ਰਾਤ ਦਿਨ' ਉਹਨਾਂ ਨੇ ਲਿਖੀ ਸੀ।

ਹਸਰਤ ਮੋਹਾਨੀ ਇੱਕ ਹੁਸ਼ਿਆਰ ਵਿਦਿਆਰਥੀ ਸਨ। ਉਹਨਾਂ ਨੇ ਦੋ ਪ੍ਰਵੇਸ਼ ਪ੍ਰੀਖਿਆਵਾਂ ਪਾਸ ਕੀਤੀਆਂ ਅਤੇ ਦੋਵਾਂ ਵਿੱਚ ਅੱਵਲ ਰਹੇ। ਇਸ ਇਲਾਕੇ ਨੂੰ ਇਸ ਦੇ ਅਕਾਦਮਿਕ ਅਤੇ ਵਿਦਵਤਾਪੂਰਨ ਮਾਹੌਲ ਕਾਰਨ ਯੂਪੀ ਦਾ 'ਯੂਨਾਨ' ਮੰਨਿਆ ਜਾਂਦਾ ਸੀ। ਮੌਲਾਨਾ ਦੇ ਪਰਵਾਰ ਦੀਆਂ ਔਰਤਾਂ ਵਿੱਚ ਵੀ ਉੱਚ ਅਕਾਦਮਿਕ ਅਤੇ ਸਾਹਿਤਕ ਰੁਚੀਆਂ ਸਨ। ਸਰ ਜ਼ਿਆਉਦੀਨ ਨੇ ਅਲੀਗੜ੍ਹ ਇੰਸਟੀਚਿਊਟ ਗਜ਼ਟ ਵਿੱਚ ਆਪਣੇ ਅਕਾਦਮਿਕ ਰਿਕਾਰਡ ਨੂੰ ਦੇਖਿਆ ਅਤੇ ਉਹਨਾਂ ਨੂੰ ਅਲੀਗੜ੍ਹ ਬੁਲਾਇਆ, ਜਿੱਥੇ ਉਹਨਾਂ ਨੇ ਐੱਮ ਏ ਓ ਕਾਲਜ, ਬਾਅਦ ਵਿੱਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਦਾਖਲਾ ਲਿਆ।

ਉਹ ਰਾਜਾ ਰਾਮ ਰਾਓ ਬਖਸ਼ ਦੀ ਸ਼ਹਾਦਤ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਵਿਦਿਆਰਥੀ ਜੀਵਨ ਵਿੱਚ ਹੀ ਰਾਸ਼ਟਰੀ ਅੰਦੋਲਨ ਵਿੱਚ ਕੁੱਦ ਪਏ।

ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਲਖਨਊ ਚਲੇ ਗਏ। ਉੱਥੇ ਉਨ੍ਹਾਂ ਨੇ ਉਰਦੂ-ਏ-ਮੂਆਲਾ ਨਾਮਕ ਇੱਕ ਸਾਹਿਤਕ-ਰਾਜਨੀਤਕ ਰਸਾਲਾ ਸ਼ੁਰੂ ਕੀਤਾ। ਉਨ੍ਹਾਂ ਕਾਨਪੁਰ ਤੋਂ ਮੁਸਤਕੀਲ ਨਾਮਕ ਇੱਕ ਹੋਰ ਰਸਾਲਾ ਸ਼ੁਰੂ ਕੀਤਾ।

ਉਹ ਜਲਦੀ ਹੀ ਇੰਡੀਅਨ ਨੈਸ਼ਨਲ ਕਾਂਗਰਸ ਵਿੱਚ ਸ਼ਾਮਲ ਹੋ ਗਏ ਅਤੇ ਬਾਲ ਗੰਗਾਧਰ ਤਿਲਕ ਨਾਲ ਆਪਣੇ-ਆਪ ਨੂੰ ਜੋੜ ਲਿਆ। ਹਸਰਤ ਤਿਲਕ ਨੂੰ ਆਪਣਾ 'ਗੁਰੂ' ਮੰਨਦੇ ਸਨ। ਦਰਅਸਲ ਤਿਲਕ ਦੀ ਸਲਾਹ 'ਤੇ ਹੀ ਹਸਰਤ ਮੋਹਾਨੀ 1904 ਵਿੱਚ ਕਾਂਗਰਸ ਵਿੱਚ ਸ਼ਾਮਲ ਹੋਏ। ਰਾਸ਼ਟਰਵਾਦੀ ਨਾਅਰੇ ਲਗਾਉਣ ਕਾਰਨ ਉਨ੍ਹਾਂ ਨੂੰ ਤਿੰਨ ਵਾਰ ਐੱਮ ਏ ਓ ਕਾਲਜ ਵਿੱਚੋਂ ਕੱਢ ਦਿੱਤਾ ਗਿਆ। ਉਹ ਕਿਸੇ ਤਰ੍ਹਾਂ 1903 ਵਿੱਚ ਬੀ ਏ ਪਾਸ ਕਰ ਸਕੇ। ਉਹ 1907 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਵਿਸ਼ੇਸ਼ ਸੂਰਤ ਸੈਸ਼ਨ ਵਿੱਚ ਸ਼ਾਮਲ ਹੋਏ। ਉਹ ਉਦਾਰਵਾਦੀ ਸਮੂਹ ਨਾਲ ਲੜਨ ਲਈ ਤਿਲਕ ਦੇ ਨਾਲ ਹੋ ਗਏ। ਮੋਹਾਨੀ ਉਦਾਰਵਾਦੀਆਂ ਤੋਂ ਨਾਰਾਜ਼ ਹੋ ਕੇ ਤਿਲਕ ਦੇ ਨਾਲ ਕਾਂਗਰਸ ਛੱਡ ਗਏ।

ਮੌਲਾਨਾ ਹਸਰਤ ਮੋਹਾਨੀ ਤਿਲਕ, ਲਾਲਾ ਲਾਜਪਤ ਰਾਏ ਅਤੇ ਅਰਬਿੰਦੋ ਘੋਸ਼ ਦੇ ਸਮੂਹ ਵਿੱਚ ਸਨ। ਉਹ ਸਵਦੇਸ਼ੀ ਅੰਦੋਲਨ ਦੇ ਨੇਤਾ ਬਣ ਗਏ। ਉਨ੍ਹਾਂ ਨੇ ਵਿਦੇਸ਼ੀ ਸਾਮਾਨ ਦਾ ਬਾਈਕਾਟ ਕਰਨ ਦਾ ਪ੍ਰਚਾਰ ਕੀਤਾ। ਉਹਨਾਂ ਨੇ ਅਲੀਗੜ੍ਹ ਵਿੱਚ ਇੱਕ ਸਵਦੇਸ਼ੀ ਸਟੋਰ ਵੀ ਸ਼ੁਰੂ ਕੀਤਾ। ਉਹਨਾਂ ਨੇ ਸਵਦੇਸ਼ੀ ਦਾ ਸਮਰਥਨ ਕਰਦੇ ਹੋਏ ਉਰਦੂ-ਏ-ਮੋਆਲੀਆ ਵਿੱਚ ਲੇਖ ਲਿਖਿਆ ਅਤੇ ਗੋਖਲੇ ਅਤੇ ਮੋਤੀ ਲਾਲ ਨਹਿਰੂ, ਉਦਾਰਵਾਦੀਆਂ ਦੀ ਆਲੋਚਨਾ ਕੀਤੀ। ਉਰਦੂ-ਏ-ਮੋਆਲੀਆ ਉਦੋਂ ਸ਼ੁਰੂ ਹੋਇਆ ਜਦੋਂ ਉਹਨਾਂ ਨੂੰ ਕਾਨੂੰਨ ਦੀ ਪ੍ਰੈਕਟਿਸ ਕਰਨ ਦੇ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਗਿਆ। ਉਹਨਾਂ ਨੇ ਆਪਣੀ ਪਤਨੀ ਬੇਗਮ ਨਿਸ਼ਾਤੁਨਿਸਾ ਨੂੰ ਮੋਹਾਨ ਤੋਂ ਅਲੀਗੜ੍ਹ ਬੁਲਾਇਆ। ਉਸ ਨੇ ਉਹਨਾਂ ਦੀ ਬਹੁਤ ਸਰਗਰਮੀ ਨਾਲ ਮਦਦ ਕੀਤੀ। ਉਸ ਨੇ ਬੁਰਕਾ ਅਤੇ ਪਰਦਾ ਛੱਡ ਦਿੱਤਾ ਅਤੇ ਰਾਸ਼ਟਰੀ ਅੰਦੋਲਨ ਵਿੱਚ ਸ਼ਾਮਲ ਹੋ ਗਈ। ਇਹ ਅਖ਼ਬਾਰ ਲੱਗਭੱਗ 5 ਸਾਲ ਚੱਲਿਆ।

ਉਸ ਨੇ ਉਹਨਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਬਹੁਤ ਮੁਸ਼ਕਲ ਸਮਾਂ ਬਿਤਾਇਆ।

1908 ਵਿੱਚ ਉਰਦੂ-ਏ-ਮੋਆਲੀਆ ਵਿੱਚ ਇੱਕ ਲੇਖ ਛਪਿਆ, ਜਿਸ ਵਿੱਚ 'ਮਿਸਰੀ ਦੇਸ਼ਭਗਤ ਮੁਸਤਫਾ ਕਮਾਲ ਦੀ ਮੌਤ 'ਤੇ' ਬ੍ਰਿਟਿਸ਼ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ ਗਈ ਸੀ। ਇਸ ਵਿੱਚ ਕਿਸੇ ਲੇਖਕ ਦਾ ਨਾਂਅ ਨਹੀਂ ਸੀ। ਅੰਗਰੇਜ਼ ਬਹੁਤ ਗੁੱਸੇ ਵਿੱਚ ਸਨ ਅਤੇ ਉਨ੍ਹਾਂ ਨੇ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਮੌਲਾਨਾ ਕੋਲ ਇਹ ਲੇਖ ਸੀ।ਹਾਲਾਂਕਿ ਇਹ ਲੇਖ ਆਜ਼ਮਗੜ੍ਹ ਦੇ ਇੱਕ ਮਸ਼ਹੂਰ ਵਕੀਲ ਅਤੇ ਰਾਸ਼ਟਰਵਾਦੀ ਨੇਤਾ ਇਕਬਾਲ ਸੁਹੈਲ ਵੱਲੋਂ ਲਿਖਿਆ ਗਿਆ ਸੀ। ਮੌਲਾਨਾ 'ਤੇ ਦੇਸ਼ਧ੍ਰੋਹ ਦਾ ਦੋਸ਼ ਲਗਾਇਆ ਗਿਆ ਅਤੇ 4 ਅਗਸਤ, 1908 ਨੂੰ ਉਹਨਾਂ ਨੂੰ ਦੋ ਸਾਲ ਦੀ ਕੈਦ ਅਤੇ 500/- ਰੁਪਏ ਦਾ ਜੁਰਮਾਨਾ ਲਗਾਇਆ ਗਿਆ। ਮੋਹਾਨੀ ਨੇ ਲਿਖਿਆ ਕਿ ਅਧਿਕਾਰੀਆਂ ਨੇ ਫੈਸਲੇ ਤੋਂ ਪਹਿਲਾਂ ਹੀ ਆਪਣੀ ਰਾਏ ਬਣਾ ਲਈ ਸੀ ਅਤੇ ਦੋਸ਼ੀ ਨੂੰ ਉਸ ਦੇ ਕੇਸ ਦੀ ਵਿਆਖਿਆ ਕਰਨ ਦਾ ਮੌਕਾ ਨਹੀਂ ਦਿੱਤਾ। ਦੋਸ਼, ਦਲੀਲਾਂ ਅਤੇ ਫੈਸਲਾ ਉਹਨਾਂ ਵਿਅਕਤੀਆਂ ਦੁਆਰਾ ਕੀਤਾ ਗਿਆ ਸੀ।

ਉਹਨਾਂ ਨੇ ਕਾਇਦੇ-ਏ-ਫਿਰੰਗ (ਵਿਦੇਸ਼ੀ ਜੇਲ੍ਹ) ਵਿੱਚ ਆਪਣੇ ਜੇਲ੍ਹ ਦੇ ਤਜਰਬੇ ਬਾਰੇ ਲਿਖਿਆ। ਆਪਣੇ ਲੇਖ 'ਗ੍ਰਿਫ਼ਤਾਰੀ' ਵਿੱਚ ਉਹਨਾਂ ਨੇ ਕਿਹਾ ਕਿ ਗ੍ਰਿਫਤਾਰੀ ਦੇ ਸਮੇਂ ਉਹਨਾਂ ਦੀ ਛੋਟੀ ਧੀ ਨੀਮਾ ਬਹੁਤ ਬਿਮਾਰ ਸੀ, ਪਰ ਬੇਗਮ ਹਸਰਤ ਨੇ ਉਹਨਾਂ ਨੂੰ ਲਿਖਿਆ ਕਮਜ਼ੋਰੀ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ ਅਤੇ ਇੱਕ ਮਰਦ ਵਾਂਗ ਸਥਿਤੀ ਦਾ ਸਾਹਮਣਾ ਕਰਨਾ ਚਾਹੀਦਾ ਹੈ।

ਉਹਨਾਂ ਦੱਸਿਆ ਕਿ ਕਿਵੇਂ ਬਹੁਤ ਘੱਟ ਆਮ ਕੱਪੜੇ ਅਤੇ ਦੋ ਲੋਹੇ ਦੇ ਭਾਂਡੇ ਦਿੱਤੇ ਗਏ ਸਨ। ਉਹਨਾਂ ਦੀਆਂ ਐਨਕਾਂ ਖੋਹ ਲਈਆਂ ਗਈਆਂ ਸਨ ਅਤੇ ਉਹਨਾਂ ਨੂੰ ਕੋਈ ਸਾਹਿਤ ਜਾਂ ਅਖ਼ਬਾਰ ਨਹੀਂ ਦਿੱਤਾ ਗਿਆ ਸੀ। ਸਾਰੀਆਂ ਕਿਤਾਬਾਂ ਸਾੜ ਦਿੱਤੀਆਂ ਗਈਆਂ ਸਨ। ਉਹਨਾਂ ਦੇ ਪਿਤਾ ਨੂੰ ਇਲਾਹਾਬਾਦ ਜੇਲ੍ਹ ਵਿੱਚ ਉਹਨਾਂ ਨੂੰ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਉਹਨਾਂ ਦੇ ਪਿਤਾ ਪਹਿਲਾਂ ਹੀ ਬਿਮਾਰ ਸਨ ਅਤੇ ਸਦਮੇ ਕਾਰਨ ਪਿਤਾ ਦੀ ਮੌਤ ਹੋ ਗਈ ਸੀ। ਹਸਰਤ ਉਹਨਾਂ ਨੂੰ ਦੇਖ ਵੀ ਨਹੀਂ ਸਕੇ।



ਅਲੀਗੜ੍ਹ ਵਿਖੇ ਉਹਨਾਂ ਦੀ ਪੂਰੀ ਲਾਇਬ੍ਰੇਰੀ ਨੂੰ ਗੱਡੀਆਂ 'ਤੇ ਢੋਅ ਕੇ ਲਿਆਂਦਾ ਗਿਆ ਅਤੇ ਉਹਨਾਂ ਦੀ ਸਜ਼ਾ ਦੀ ਰਕਮ ਵਸੂਲਣ ਲਈ ਬੇਰਹਿਮੀ ਨਾਲ ਬਾਜ਼ਾਰ ਵਿੱਚ ਸੁੱਟ ਦਿੱਤਾ ਗਿਆ। ਹਸਰਤ ਨੂੰ ਆਪਣੀ ਜੇਲ੍ਹ ਦੀ ਸਜ਼ਾ ਦੌਰਾਨ ਪੀਸਣ ਦਾ ਸਖ਼ਤ ਕੰਮ ਕਰਨਾ ਪਿਆ-ਇੱਕ ਮਣ ਕਣਕ ਅਤੇ ਛੋਲੇ। ਉਹਨਾਂ ਨੂੰ ਖਾਣ ਲਈ ਬਹੁਤ ਮਾੜਾ ਭੋਜਨ ਦਿੱਤਾ ਗਿਆ। ਗੋਰੇ ਕੈਦੀਆਂ ਨੂੰ ਜੁੜੇ ਬਾਥਰੂਮਾਂ ਵਾਲੇ ਕਮਰੇ ਅਤੇ ਨਹਾਉਣ ਅਤੇ ਫਰਨੀਚਰ ਦੇ ਸਾਧਨ ਪ੍ਰਦਾਨ ਕੀਤੇ ਗਏ ਸਨ, ਜਦੋਂ ਕਿ ਭਾਰਤੀ ਕੈਦੀਆਂ ਨੂੰ ਉਨ੍ਹਾਂ ਲਈ ਨੌਕਰਾਂ ਵਜੋਂ ਵਰਤਿਆ ਜਾਂਦਾ ਸੀ।

ਤਿਲਕ ਦੀ ਸਜ਼ਾ ਦੀ ਖ਼ਬਰ ਮਿਲਣ 'ਤੇ ਉਹਨਾਂ ਨੇ ਇੱਕ ਮਸ਼ਹੂਰ 'ਰੁਬਾਈ' ਲਿਖੀ। ਉਹਨਾਂ ਨੂੰ 1910 ਵਿੱਚ ਰਿਹਾਅ ਕਰ ਦਿੱਤਾ ਗਿਆ। ਉਹਨਾਂ ਨੇ 1911 ਵਿੱਚ ਤ੍ਰਿਪੋਲੀ 'ਤੇ ਇਤਾਲਵੀ ਹਮਲੇ ਬਾਰੇ ਲਿਖਿਆ। ਉਹਨਾਂ ਨੇ ਰੈੱਡ ਕ੍ਰੀਸੈਂਟ ਅੰਦੋਲਨ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਪੂਰੇ ਦੇਸ਼ ਵਿੱਚ ਆਜ਼ਾਦੀ 'ਤੇ ਭਾਸ਼ਣ ਦਿੱਤੇ। ਉਹਨਾਂ ਦੀ ਪ੍ਰੈੱਸ ਨੂੰ 12 ਮਈ, 1913 ਨੂੰ 3000 ਰੁਪਏ ਦੀ ਜ਼ਮਾਨਤ ਜਮ੍ਹਾਂ ਕਰਨ ਦਾ ਨੋਟਿਸ ਮਿਲਿਆ, ਜਿਸ ਦਾ ਉਹ ਭੁਗਤਾਨ ਨਹੀਂ ਕਰ ਸਕੇ। ਇਸ ਲਈ ਪ੍ਰੈੱਸ ਜ਼ਬਤ ਕਰ ਲਈ ਗਈ। ਮੌਲਾਨਾ ਆਜ਼ਾਦ ਨੇ ਲਿਖਿਆ ਕਿ ਹਸਰਤ ਮੋਹਾਨੀ ਅਤੇ ਉਸ ਦੀ 'ਪੱਕੇ ਇਰਾਦੇ ਵਾਲੀ ਪਤਨੀ' ਇੱਕ ਬਹੁਤ ਹੀ ਛੋਟੇ ਕਮਰੇ ਵਿੱਚ ਇੱਕ ਛੋਟੀ ਜਿਹੀ ਝੌਂਪੜੀ ਵਿੱਚ ਰਹਿੰਦੇ ਸਨ। ਬਾਹਰੀ ਹਿੱਸੇ ਵਿੱਚ 'ਇਹ ਫਕੀਰ' ਲੱਕੜ ਦੇ ਹੱਥ ਪ੍ਰੈੱਸ ਅਤੇ ਲਿਥੋ ਸਲੈਬਾਂ ਦੀ ਵਰਤੋਂ ਕਰਦਾ ਸੀ, ਅਕਸਰ ਖੁਦ ਪ੍ਰੈੱਸ ਚਲਾਉਂਦਾ ਸੀ। ਉਹ ਮੁਸ਼ਕਲ ਨਾਲ ਦੋ ਵਾਰ ਦਾ ਖਾਣਾ ਖਾਂਦੇ ਸਨ, ਪਰ ਉਹ 'ਆਜ਼ਾਦੀ ਦੀ ਦਾਰੂ ਨਾਲ ਖੁਸ਼ੀ ਨਾਲ ਮਸਤ ਰਿਹਾ, ਸੱਚ ਦੇ ਸਦੀਵੀ ਸੰਗੀਤ ਵਿੱਚ ਗੁਆਚਿਆ ਰਿਹਾ...'

ਮਜਲਿਸ-ਏ-ਅਹਿਰਾਰ 1913 ਦੌਰਾਨ ਸਥਾਪਤ ਕੀਤਾ ਗਿਆ ਸੀ ਅਤੇ ਹਸਰਤ ਮੋਹਾਨੀ ਇੱਕ ਮੋਹਰੀ ਹਸਤੀ ਬਣ ਗਏ ਸਨ। 1914 ਵਿੱਚ ਵਿਸ਼ਵ ਯੁੱਧ ਸ਼ੁਰੂ ਹੋਣ ਤੋਂ ਬਾਅਦ ਬ੍ਰਿਟਿਸ਼ ਸ਼ਾਸਕਾਂ ਨੇ ਰਾਸ਼ਟਰੀ ਨੇਤਾਵਾਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਹਸਰਤ ਮੋਹਾਨੀ ਭੱਜ ਨਿਕਲੇ, ਪਰ ਬਾਅਦ ਵਿੱਚ ਉਹਨਾਂ ਨੂੰ ਲਲਿਤਪੁਰ ਵਿੱਚ ਵਿਦੇਸ਼ੀ ਦੇਸ਼ਾਂ ਨਾਲ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਉਹਨਾਂ ਨੂੰ ਝਾਂਸੀ, ਪ੍ਰਤਾਪਗੜ੍ਹ, ਲਖਨਊ, ਫੈਜ਼ਾਬਾਦ ਅਤੇ ਮੇਰਠ ਜੇਲ੍ਹਾਂ ਵਿੱਚ ਤਬਦੀਲ ਕਰ ਦਿੱਤਾ ਗਿਆ। ਇਨ੍ਹਾਂ ਦਿਨਾਂ ਦੌਰਾਨ ਹਸਰਤ ਮੋਹਾਨੀ ਨੇ ਮਾਰਕਸ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਅਧਿਐਨ ਕੀਤਾ। ਰਿਹਾਈ ਤੋਂ ਬਾਅਦ ਉਹਨਾਂ ਨੇ ਆਪਣੀਆਂ ਗਤੀਵਿਧੀਆਂ ਜਾਰੀ ਰੱਖੀਆਂ। ਏ ਆਈ ਸੀ ਸੀ ਦਾ ਸੈਸ਼ਨ ਅੰਮ੍ਰਿਤਸਰ ਵਿੱਚ ਹੋਇਆ। ਮੁਸਲਿਮ ਲੀਗ ਦਾ ਸੈਸ਼ਨ ਵੀ ਉਸੇ ਜਗ੍ਹਾ 'ਤੇ ਹੋਇਆ। ਮੌਲਾਨਾ ਹਸਰਤ ਨੇ ਲੀਗ ਸੈਸ਼ਨ ਵਿੱਚ ਹਿੱਸਾ ਲਿਆ ਅਤੇ ਡੈਲੀਗੇਟਾਂ ਨੂੰ ਅੰਗਰੇਜ਼ਾਂ ਵਿਰੁੱਧ ਹੋਰ ਲੜਨ ਲਈ ਮਨਾ ਲਿਆ। ਖਿਲਾਫ਼ਤ ਕਾਂਗਰਸ, ਜਮਾਇਤੇ ਉਲੇਮਾ ਅਤੇ ਕਾਂਗਰਸ ਦੀ ਇੱਕ ਸਾਂਝੀ ਮੀਟਿੰਗ ਵੀ ਹੋਈ। ਮੁਸਲਿਮ ਨੇਤਾਵਾਂ ਦਾ ਇੱਕ ਵਫ਼ਦ ਜਨਵਰੀ 1920 ਵਿੱਚ ਵਾਇਸਰਾਏ ਨੂੰ ਮਿਲਿਆ। ਹਸਰਤ ਵੀ ਗਏ, ਪਰ ਜਦੋਂ ਵਾਇਸਰਾਏ ਨਾਲ ਹੱਥ ਮਿਲਾਉਣ ਦਾ ਸਮਾਂ ਆਇਆ ਤਾਂ ਉਹ ਟਾਲ ਗਏ ਅਤੇ ਚੁੱਪਚਾਪ ਉੱਥੋਂ ਚਲੇ ਗਏ।

ਮੌਲਾਨਾ ਅਤੇ ਬੇਗਮ ਨਿਸ਼ਾਤੁਲਨਿਸਾ ਮੋਹਾਨੀ ਦੋਵੇਂ ਕਾਂਗਰਸ ਦੇ ਨਾਗਪੁਰ ਸੈਸ਼ਨ ਵਿੱਚ ਸ਼ਾਮਲ ਹੋਏ, ਜਿਸ ਵਿੱਚ ਅਸਹਿਯੋਗ ਮਤਾ ਪਾਸ ਕੀਤਾ ਗਿਆ। ਬੇਗਮ ਇੱਕ ਅਸਾਧਾਰਨ ਆਜ਼ਾਦੀ ਘੁਲਾਟੀਏ ਸਨ। ਉਨ੍ਹਾਂ ਦਿਨਾਂ ਦੌਰਾਨ ਉਨ੍ਹਾਂ ਨੇ ਪਰਦਾ ਛੱਡ ਦਿੱਤਾ ਸੀ। ਮੌਲਾਨਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਹ ਸਵਦੇਸ਼ੀ ਕੇਂਦਰ ਦੀ ਦੇਖਭਾਲ ਕਰਦੇ ਸਨ। ਦੋਵੇਂ 1920 ਤੋਂ ਕਾਨਪੁਰ ਵਿੱਚ ਰਹਿਣ ਲੱਗ ਪਏ। ਬੇਗਮ ਕਾਂਗਰਸ ਦੀ ਕਾਰਜਕਾਰਨੀ ਦੀ ਮੈਂਬਰ ਸੀ।

ਪ੍ਰਸਿੱਧ ਉਰਦੂ ਲੇਖਕ ਅਤੇ ਸ਼ਾਇਰ ਪੰਡਿਤ ਕਿਸ਼ਨ ਪ੍ਰਸਾਦ ਕੌਲ ਹਸਰਤ ਮੋਹਾਨੀ ਦੇ ਬਹੁਤ ਨੇੜੇ ਸਨ। ਕਿਸ਼ਨ ਪ੍ਰਸਾਦ ਨੇ ਬੇਗਮ ਦੀ ਵਿੱਤੀ ਮਦਦ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹਨਾਂ ਨੇ ਜ਼ੋਰਦਾਰ ਢੰਗ ਨਾਲ ਠੁਕਰਾ ਦਿੱਤੀ।

**ਪੂਰਨ ਆਜ਼ਾਦੀ ਦਾ ਮਤਾ**

ਇਹ ਮੌਲਾਨਾ ਹਸਰਤ ਹੀ ਸਨ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਦਿੱਤਾ ਸੀ, ਜੋ ਕਿ ਕਾਰਲ ਮਾਰਕਸ ਦੁਆਰਾ ਮਸ਼ਹੂਰ ਕਮਿਊਨਿਸਟ ਮੈਨੀਫੈਸਟੋ ਵਿੱਚ ਦਿੱਤੇ ਗਏ 'ਲੌਂਗ ਲਿਵ ਰੈਵੋਲਿਊਸ਼ਨ' ਦਾ ਭਾਰਤੀ ਸੰਸਕਰਣ ਸੀ। ਭਗਤ ਸਿੰਘ ਨੇ ਇਸ ਨਾਅਰੇ ਨੂੰ ਪੂਰੇ ਦੇਸ਼ ਵਿੱਚ ਪ੍ਰਸਿੱਧ ਕੀਤਾ।

ਇਹ ਇੰਡੀਅਨ ਨੈਸ਼ਨਲ ਕਾਂਗਰਸ (1921) ਦੇ ਅਹਿਮਦਾਬਾਦ ਸੈਸ਼ਨ ਵਿੱਚ ਸੀ, ਜਿੱਥੇ ਪਹਿਲੀ ਵਾਰ ਪੂਰਨ ਆਜ਼ਾਦੀ ਦਾ ਮਤਾ ਪੇਸ਼ ਕੀਤਾ ਗਿਆ। ਇਹ ਕਿਸੇ ਹੋਰ ਨੇ ਨਹੀਂ, ਬਲਕਿ ਇੱਕ ਹੋਰ ਭਵਿੱਖੀ ਕਮਿਊਨਿਸਟ ਸਵਾਮੀ ਕੁਮਾਰਾਨੰਦ ਦੇ ਨਾਲ ਮਿਲ ਕੇ ਮੌਲਾਨਾ ਹਸਰਤ ਮੋਹਾਨੀ ਨੇ ਪੇਸ਼ ਕੀਤਾ ਸੀ। ਇਸ ਸੈਸ਼ਨ ਵਿੱਚ ਰਾਮ ਪ੍ਰਸਾਦ ਬਿਸਮਿਲ ਅਤੇ ਅਸ਼ਫਾਕਉੱਲਾ ਵੀ ਸ਼ਾਮਲ ਹੋਏ ਸਨ। ਸੈਸ਼ਨ ਵਿੱਚ ਮੌਜੂਦ ਸਈਅਦ ਸੁਲੇਮਾਨ ਨਿਦਵੀ ਨੇ ਲਿਖਿਆ ਕਿ ਅਚਾਨਕ ਕਾਂਗਰਸ ਵਿਸ਼ਾ ਕਮੇਟੀ ਤੋਂ ਦੋ ਵਲੰਟੀਅਰ ਭੱਜਦੇ ਹੋਏ ਆਏ, ਗਾਂਧੀ ਜੀ ਨੂੰ ਆਉਣ ਦੀ ਬੇਨਤੀ ਕੀਤੀ। ਉਨ੍ਹਾਂ ਨੇ ਦੱਸਿਆ ਕਿ ਮੌਲਾਨਾ ਹਸਰਤ ਮੋਹਾਨੀ ਨੇ ਪੂਰਨ ਆਜ਼ਾਦੀ ਲਈ ਆਪਣਾ ਮਤਾ ਪੇਸ਼ ਕੀਤਾ ਹੈ। ਪੂਰਾ ਮਾਹੌਲ ਗਰਮਾ ਗਿਆ ਸੀ। ਹਸਰਤ ਕਾਫ਼ੀ ਅਡੋਲ ਸਨ। ਉਨ੍ਹਾਂ ਨੇ ਖੁੱਲ੍ਹੇ ਸੈਸ਼ਨ ਵਿੱਚ ਸੋਧ ਲਈ ਦਬਾਅ ਪਾਇਆ, ਪਰ ਕਾਮਯਾਬ ਨਾ ਹੋਏ। ਇਹ ਸਿਰਫ਼ 1928 ਅਤੇ 1929 ਵਿੱਚ ਹੀ ਸੀ, ਜਦੋਂ ਕਾਂਗਰਸ ਨੇ ਅਜਿਹੇ ਮਤੇ ਨੂੰ ਸਵੀਕਾਰ ਕੀਤਾ।



**ਸੀ ਪੀ ਆਈ ਦੀ ਫਾਊਂਡੇਸ਼ਨ ਕਾਨਫਰੰਸ, 1925**

1917 ਦੀ ਰੂਸੀ ਕ੍ਰਾਂਤੀ ਦਾ ਮੋਹਾਨੀ 'ਤੇ ਬਹੁਤ ਵੱਡਾ ਪ੍ਰਭਾਵ ਪਿਆ। ਉਹ ਕਮਿਊਨਿਸਟ ਰਾਜਨੀਤੀ ਵਿੱਚ ਸਰਗਰਮ ਹੋ ਗਏ ਅਤੇ ਬਾਅਦ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦਾ ਹਿੱਸਾ ਬਣ ਗਏ।

ਮੌਲਾਨਾ ਹਸਰਤ ਮੋਹਾਨੀ ਸੀ ਪੀ ਆਈ ਦੇ ਸਥਾਪਨਾ ਸੰਮੇਲਨ ਦੀਆਂ ਤਿਆਰੀਆਂ ਵਿੱਚ ਬਹੁਤ ਸਰਗਰਮ ਸਨ। ਹੁਣ ਤੱਕ ਉਹ ਕਾਨਪੁਰ ਵਿੱਚ ਰਹਿਣ ਲੱਗ ਪਏ ਅਤੇ ਉਨ੍ਹਾਂ ਦਾ ਘਰ ਗਤੀਵਿਧੀਆਂ ਦਾ ਕੇਂਦਰ ਬਣ ਗਿਆ ਸੀ। ਉਨ੍ਹਾਂ ਨੇ ਸੱਤਿਆਭਗਤ ਅਤੇ ਹੋਰਾਂ ਨਾਲ ਮਿਲ ਕੇ ਕਾਨਫਰੰਸ ਨੂੰ ਸਫਲ ਬਣਾਉਣ ਲਈ ਸਖ਼ਤ ਮਿਹਨਤ ਕੀਤੀ। ਹਸਰਤ ਮੋਹਾਨੀ ਨੂੰ ਕਾਨਫਰੰਸ ਦੀ ਸਵਾਗਤੀ ਕਮੇਟੀ ਦਾ ਚੇਅਰਮੈਨ ਚੁਣਿਆ ਗਿਆ। ਉਨ੍ਹਾਂ ਨੇ ਕਾਨਪੁਰ ਵਿੱਚ ਪਾਰਟੀ ਦੇ ਪਹਿਲੇ ਦਫ਼ਤਰ ਦਾ ਉਦਘਾਟਨ ਕੀਤਾ ਅਤੇ ਲਾਲ ਝੰਡਾ ਲਹਿਰਾਇਆ। ਬੇਗਮ ਨਿਸ਼ਾਤੁਨਨੀਸਾ ਮੋਹਾਨੀ ਵੀ ਮੌਜੂਦ ਸਨ।

ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਮਿਊਨਿਸਟ ਲਹਿਰ ਮਜ਼ਦੂਰਾਂ ਅਤੇ ਕਿਸਾਨਾਂ ਦੀ ਹੈ। ਕਮਿਊਨਿਸਟਾਂ ਨੇ ਜਾਇਦਾਦ ਨੂੰ ਨਿੱਜੀ ਅਤੇ ਪ੍ਰਾਈਵੇਟ ਵਿੱਚ ਵੰਡਿਆ। ਉਹ ਨਿੱਜੀ ਜਾਇਦਾਦ ਦੇ ਵਿਰੁੱਧ ਨਹੀਂ ਸਨ। ਕਮਿਊਨਿਸਟ ਸਿਧਾਂਤ ਸਿਰਫ਼ ਪ੍ਰਾਈਵੇਟ ਜਾਇਦਾਦ 'ਤੇ ਲਾਗੂ ਹੁੰਦੇ ਸਨ।

ਉਨ੍ਹਾਂ ਨੇ ਅੱਗੇ ਕਿਹਾ: ਪੂਰੀ ਆਜ਼ਾਦੀ ਜਾਂ ਸਵਰਾਜ ਨੂੰ ਸਾਰੇ ਵਾਜਬ ਤਰੀਕਿਆਂ ਨਾਲ ਪ੍ਰਾਪਤ ਕਰਨਾ ਹੈ...

ਸਵਰਾਜ ਤੋਂ ਪਹਿਲਾਂ ਵੀ ਕਿਸਾਨਾਂ ਅਤੇ ਮਜ਼ਦੂਰਾਂ ਦੀ ਆਜ਼ਾਦੀ ਅਤੇ ਖੁਸ਼ਹਾਲੀ ਲਈ ਕੰਮ ਕਰਨਾ ਹੈ।

ਉਨ੍ਹਾਂ ਸਾਰੀਆਂ ਪਾਰਟੀਆਂ ਨਾਲ ਸਹਿਯੋਗ ਕਰਨਾ ਹੈ ਜੋ ਸਾਡੇ ਉਪਰੋਕਤ ਨਿਸ਼ਾਨਿਆਂ ਅਤੇ ਉਦੇਸ਼ਾਂ ਵਿੱਚ ਸਾਡੀ ਸਹਾਇਤਾ ਕਰਦੀਆਂ ਹਨ।

ਕਮਿਊਨਿਸਟ ਸਿਧਾਂਤਾਂ ਦੇ ਹੱਕ ਵਿੱਚ ਜਨਤਕ ਰਾਏ ਬਣਾਉਣਾ ਤਾਂ ਜੋ ਸਵਰਾਜ ਪ੍ਰਾਪਤ ਕਰਨ ਤੋਂ ਤੁਰੰਤ ਬਾਅਦ ਇਨ੍ਹਾਂ ਨੂੰ ਅਮਲ ਵਿੱਚ ਲਿਆਂਦਾ ਜਾ ਸਕੇ।

'ਸਾਡਾ ਸੰਗਠਨ ਪੂਰੀ ਤਰ੍ਹਾਂ ਭਾਰਤੀ ਹੈ। ਇੱਥੇ ਇਹ ਸਪੱਸ਼ਟੀਕਰਨ ਜ਼ਰੂਰੀ ਹੈ ਕਿ ਸਾਡੀ ਪਾਰਟੀ ਦਾ ਖੇਤਰ ਸਿਰਫ਼ ਭਾਰਤ ਤੱਕ ਸੀਮਤ ਨਹੀਂ ਹੈ। ਸਾਡੇ ਸੰਬੰਧ ਆਮ ਤੌਰ 'ਤੇ ਦੇਸ਼ ਤੋਂ ਬਾਹਰਲੀਆਂ ਹੋਰ ਭਰਾਤਰੀ ਪਾਰਟੀਆਂ, ਖਾਸ ਕਰਕੇ 'ਤੀਜੀ ਅੰਤਰਰਾਸ਼ਟਰੀ' ਨਾਲ ਸਿਰਫ਼ ਹਮਦਰਦੀ ਅਤੇ ਵਿਚਾਰਧਾਰਕ ਸਦਭਾਵਨਾ ਤੱਕ ਸੀਮਤ ਹੋਣਗੇ। ਇਸ ਰਸਤੇ 'ਤੇ, ਅਸੀਂ ਉਨ੍ਹਾਂ ਦੇ ਸਾਥੀ ਹਮਰਾਹ ਹਾਂ, ਪਰ ਉਨ੍ਹਾਂ ਦੇ ਅਧੀਨ ਨਹੀਂ ਹਾਂ। ਨਾ ਤਾਂ ਅਸੀਂ ਉਨ੍ਹਾਂ ਨੂੰ ਵਿਹਾਰਕ ਮਦਦ ਦੇ ਸਕਦੇ ਹਾਂ, ਨਾ ਹੀ ਉਹ ਸਾਨੂੰ ਕੋਈ ਵਿੱਤੀ ਸਹਾਇਤਾ ਦਿੰਦੇ ਹਨ।' ਉਨ੍ਹਾਂ ਅੱਗੇ ਕਿਹਾ : 'ਅਸੀਂ ਧਰਮਾਂ ਦੀ ਅਤਿ ਸਹਿਣਸ਼ੀਲਤਾ ਵਿੱਚ ਵਿਸ਼ਵਾਸ ਰੱਖਦੇ ਹਾਂ।'

ਮੌਲਾਨਾ ਹਸਰਤ ਮੋਹਾਨੀ ਇਸ ਗੱਲ 'ਤੇ ਜ਼ੋਰ ਦਿੰਦੇ ਸਨ ਕਿ ਰੂਸੀ ਸ਼ਬਦ 'ਸੋਵੀਅਤ' ਅਸਲ ਵਿੱਚ ਅਰਬੀ ਸ਼ਬਦ 'ਸੋਵੀਅਤ' ਸੀ, ਜਿਸ ਦਾ ਅਰਥ ਹੈ ਸਮਾਨਤਾ।

ਉਹਨਾਂ ਨੇ ਸਪੱਸ਼ਟ ਕੀਤਾ: ਕੁਝ ਬੁਰੇ ਸੁਭਾਅ ਵਾਲੇ ਵਿਅਕਤੀ ਕਮਿਊਨਿਜ਼ਮ ਉੱਤੇ ਇੱਕ ਜ਼ਰੂਰੀ ਤੌਰ 'ਤੇ ਧਰਮ ਵਿਰੋਧੀ ਲਹਿਰ ਹੋਣ ਦਾ ਦੋਸ਼ ਲਗਾਉਂਦੇ ਹਨ। ਹਾਲਾਂਕਿ ਸੱਚਾਈ ਇਹ ਹੈ ਕਿ ਧਰਮ ਦੇ ਮਾਮਲੇ ਵਿੱਚ ਸਾਡਾ ਰਵੱਈਆ ਬਹੁਤ ਸਹਿਣਸ਼ੀਲ ਅਤੇ ਉਦਾਰ ਹੈ। ਹਰ ਵਿਅਕਤੀ ਜੋ ਸਾਡੇ ਸਿਧਾਂਤਾਂ ਨੂੰ ਸਵੀਕਾਰ ਕਰਦਾ ਹੈ ਉਹ ਸਾਡੀ ਪਾਰਟੀ ਵਿੱਚ ਸ਼ਾਮਲ ਹੋ ਸਕਦਾ ਹੈ, ਭਾਵੇਂ ਉਹ ਮੁਸਲਮਾਨ ਹੋਵੇ ਜਾਂ ਹਿੰਦੂ, ਈਸਾਈ ਹੋਵੇ ਜਾਂ ਬੋਧੀ, ਨਾਸਤਿਕ ਹੋਵੇ ਜਾਂ ਆਸਤਿਕ। ਦੂਜੇ ਸ਼ਬਦਾਂ ਵਿੱਚ ਅਸੀਂ ਸਾਰੇ ਧਰਮਾਂ ਨੂੰ ਸਵੀਕਾਰ ਕਰਦੇ ਹਾਂ ਅਤੇ ਅਵਿਸ਼ਵਾਸ ਨੂੰ ਵੀ ਇੱਕ ਧਰਮ ਮੰਨਦੇ ਹਾਂ। ਸਾਡੇ ਕੁਝ ਮੁਸਲਿਮ ਨੇਤਾ ਬੇਲੋੜੇ ਤੌਰ 'ਤੇ ਕਮਿਊਨਿਜ਼ਮ ਨੂੰ ਇਸਲਾਮ ਦੇ ਵਿਰੋਧੀ ਵਜੋਂ ਪੇਸ਼ ਕਰਦੇ ਹਨ, ਹਾਲਾਂਕਿ ਅਸਲੀਅਤ ਇਸ ਦੇ ਬਿਲਕੁਲ ਉਲਟ ਹੈ। ਉਹਨਾਂ ਦੇ ਵਿਚਾਰ ਵਿੱਚ, ਇਸਲਾਮ ਪੂੰਜੀਵਾਦ ਦਾ ਵੀ ਵਿਰੋਧ ਕਰਦਾ ਹੈ।

ਮੋਹਾਨੀ ਕਿਹਾ ਕਰਦੇ ਸਨ, ਮੈਂ ਸ਼ੁਰੂ ਵਿੱਚ ਇੱਕ ਰਾਸ਼ਟਰਵਾਦੀ ਸੀ। 1925 ਵਿੱਚ, ਮੈਂ...ਕਮਿਊਨਿਜ਼ਮ ਦੇ ਸਿਧਾਂਤਾਂ ਨੂੰ ਅਪਣਾਇਆ।

ਉਹਨਾਂ ਨੇ ਉਰਦੂ-ਏ-ਮੁਆਇਲਾ ਰਸਾਲੇ ਵਿੱਚ ਸਮਾਜਵਾਦ ਦੇ ਸਮਰਥਨ ਵਿੱਚ ਬਹੁਤ ਸਾਰੇ ਲੇਖ ਲਿਖੇ, ਜਿਨ੍ਹਾਂ ਵਿੱਚ 'ਸਮਾਜਵਾਦ ਕੀ ਚਾਹੁੰਦਾ ਹੈ?', 'ਰੂਸ ਦੀ ਨਵੀਂ ਪੀੜ੍ਹੀ ਦਾ ਵਿਕਾਸ', 'ਪੰਡਿਤ ਨਹਿਰੂ ਅਤੇ ਸਮਾਜਵਾਦ', 'ਸਮਾਜਵਾਦ ਅਤੇ ਮੌਲਾਨਾ ਆਜ਼ਾਦ' ਅਤੇ 'ਇਸਲਾਮ ਅਤੇ ਸਮਾਜਵਾਦ' ਸ਼ਾਮਲ ਹਨ।

ਪਾਕਿਸਤਾਨ ਦੀ ਕਮਿਊਨਿਸਟ ਪਾਰਟੀ ਦੇ ਸੰਸਥਾਪਕਾਂ ਵਿੱਚੋਂ ਇੱਕ ਸਈਦ ਸਿਬਤੇ ਹਸਨ ਨੇ 1970 ਵਿੱਚ ਕਿਹਾ ਸੀ ਕਿ ਜਦੋਂ ਕਿ ਕੁਝ ਪਾਦਰੀ ਅਤੇ ਮੌਲਵੀ ਸਮਾਜਵਾਦ ਦਾ ਨਾਂਅ ਸੁਣਨਾ ਅਤੇ ਸਮਾਜਵਾਦ 'ਤੇ ਬੇਵਫ਼ਾਈ ਦੇ ਫਤਵੇ ਦੇਣਾ ਵੀ ਬਰਦਾਸ਼ਤ ਕਰ ਸਕਦੇ ਸਨ, ਮੌਲਾਨਾ ਹਸਰਤ ਮੋਹਾਨੀ ਖੁੱਲ੍ਹ ਕੇ ਆਪਣੇ ਆਪ ਨੂੰ ਇੱਕ ਮੁਸਲਿਮ ਕਮਿਊਨਿਸਟ ਕਹਿੰਦੇ ਸਨ ਅਤੇ ਜਨਤਕ ਤੌਰ 'ਤੇ ਕਮਿਊਨਿਜ਼ਮ ਦੇ ਹੱਕ ਵਿੱਚ ਬੋਲਦੇ ਸਨ। ਉਲੇਮਾ ਦੇ ਹੋਰ ਮੈਂਬਰਾਂ ਨੇ ਉਹਨਾਂ ਨੂੰ ਬੇਵਫ਼ਾ ਨਹੀਂ ਕਿਹਾ।

ਇੱਕ ਬੇਚੈਨ ਰੂਹ ਦੇ ਮਾਲਕ, ਮੌਲਾਨਾ ਕਾਂਗਰਸ ਵਿੱਚ ਸ਼ਾਮਲ ਹੋ ਗਏ ਅਤੇ ਬਾਅਦ ਵਿੱਚ ਮੁਸਲਿਮ ਲੀਗ ਵਿੱਚ ਵੀ। ਉਹ ਪ੍ਰਗਤੀਸ਼ੀਲ ਲੇਖਕ ਸੰਘ ਦੇ ਇੱਕ ਮਹੱਤਵਪੂਰਨ ਮੈਂਬਰ ਵੀ ਸਨ।

ਮੌਲਾਨਾ ਹਸਰਤ ਮੋਹਾਨੀ ਲਈ, ਜਿਹਨਾਂ ਨੂੰ ਅੱਜ ਕੁਝ ਲੋਕ ਉਹਨਾਂ ਦੇ 'ਵਿਰੋਧੀ ਵਿਵਹਾਰ' ਵਜੋਂ ਦੇਖਦੇ ਹਨ, ਉਹ ਉਹਨਾਂ ਦੇ ਲਈ ਉਸ ਚੀਜ਼ ਦਾ ਸਾਰ ਸੀ, ਜੋ ਉਹ ਮੰਨਦੇ ਸਨ ਕਿ ਇੱਕ ਮੁਸਲਮਾਨ, ਇੱਕ ਕਮਿਊਨਿਸਟ, ਇੱਕ ਭਾਰਤੀ ਅਤੇ ਇੱਕ ਮਨੁੱਖ ਹੋਣਾ ਸਭ ਕੁਝ ਸੀ।

***ਗਾਂਧੀ ਕੀ ਤਰਹ ਬੈਠ ਕੇ ਕਾਟੇਂਗੇ ਕਿਓਂ ਚਰਖਾ,***
***ਲੈਨਿਨ ਕੀ ਤਰਾਹ ਦੇਂਗੇ ਦੁਨੀਆ ਕੋ ਹਿਲਾ ਹਮ।***

ਗਾਂਧੀ ਜੀ ਨੇ ਖੁਦ ਕਿਹਾ ਸੀ ਕਿ ਮੁਸਲਿਮ ਭਾਈਚਾਰੇ ਵਿੱਚ ਤਿੰਨ ਪ੍ਰਮੁੱਖ ਹੀਰੇ ਹਨ ਅਤੇ ਮੌਲਾਨਾ ਹਸਰਤ ਸਭ ਤੋਂ ਕੀਮਤੀ ਹਨ।

ਮੁਸਲਿਮ ਲੀਗ ਵਿੱਚ ਕੰਮ ਕਰਨ 'ਤੇ ਜ਼ੋਰ ਦੇਣ ਕਾਰਨ ਉਹਨਾਂ ਨੂੰ ਸੀ ਪੀ ਆਈ ਵਿੱਚੋਂ ਕੱਢ ਦਿੱਤਾ ਗਿਆ ਸੀ। ਮੋਹਾਨੀ ਨੇ 1931 ਵਿੱਚ 'ਆਜ਼ਾਦ ਪਾਰਟੀ' ਨਾਂਅ ਦੀ ਆਪਣੀ ਪਾਰਟੀ ਬਣਾਈ, ਜਿਸ ਦਾ ਮੁੱਖ ਉਦੇਸ਼ ਵਿਕੇਂਦਰੀਕਰਨ ਵਾਲੇ ਰੂਪ ਦੇ ਵਿਰੁੱਧ ਸੰਘੀ ਸਰਕਾਰ ਲਈ ਕੰਮ ਕਰਨਾ ਸੀ। ਹਾਲਾਂਕਿ ਮੁਸਲਿਮ ਲੀਗ ਵਿੱਚ ਉਹ ਜਿਨਾਹ ਦੇ 'ਦੋ ਰਾਸ਼ਟਰ ਸਿਧਾਂਤ' ਦੇ ਹੱਕ ਵਿੱਚ ਨਹੀਂ ਸੀ। ਉਹਨਾਂ ਨੂੰ 'ਮੌਲਾਨਾ ਜੋ ਕ੍ਰਿਸ਼ਨ ਨੂੰ ਪਿਆਰ ਕਰਦੇ ਸਨ' ਵਜੋਂ ਜਾਣਿਆ ਜਾਂਦਾ ਸੀ, ਕਿਉਂਕਿ ਉਹਨਾਂ ਨੇ ਕ੍ਰਿਸ਼ਨ ਦਾ ਜਸ਼ਨ ਮਨਾਉਣ ਵਾਲੀਆਂ ਕਵਿਤਾਵਾਂ ਲਿਖੀਆਂ ਸਨ। ਉਹ ਜਨਮ ਅਸ਼ਟਮੀ ਦੌਰਾਨ ਹੱਜ ਦੀ ਹਰ ਯਾਤਰਾ ਤੋਂ ਬਾਅਦ ਮਥੁਰਾ-ਵ੍ਰਿੰਦਾਵਨ ਦਾ ਨਿਯਮਤ ਦੌਰਾ ਕਰਦੇ ਸਨ।

**ਸੰਵਿਧਾਨ ਸਭਾ ਵਿੱਚ**

ਹਸਰਤ ਮੋਹਾਨੀ 1946 ਵਿੱਚ ਮੁਸਲਿਮ ਲੀਗ ਦੀ ਟਿਕਟ 'ਤੇ ਸੰਵਿਧਾਨ ਸਭਾ ਲਈ ਚੁਣੇ ਗਏ। ਉਹ ਡਾਕਟਰ ਅੰਬੇਦਕਰ ਦੇ ਨਾਲ ਭਾਰਤੀ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਦੇ ਮੈਂਬਰ ਸਨ, ਪਰ ਬਹੁਤ ਸਾਰੇ ਮੁੱਦਿਆਂ 'ਤੇ ਉਹ ਅੰਬੇਦਕਰ ਨਾਲ ਸਹਿਮਤ ਨਹੀਂ ਸਨ। ਉਹ ਦੇਸ਼ ਦੀ ਵੰਡ ਦੇ ਖਿਲਾਫ ਸਨ ਅਤੇ ਫਿਰਕੂ ਆਧਾਰ 'ਤੇ ਕਿਸੇ ਵੀ ਤਰ੍ਹਾਂ ਦੀ ਨੁਮਾਇੰਦਗੀ ਦੇ ਖਿਲਾਫ ਸਨ। ਉਹਨਾਂ ਦੇ ਡਾਕਟਰ ਅੰਬੇਦਕਰ ਨਾਲ ਬਹੁਤ ਸਾਰੇ ਮੁੱਦਿਆਂ 'ਤੇ ਮਤਭੇਦ ਸਨ। ਉਹਨਾਂ ਦਾ ਵਿਚਾਰ ਸੀ ਕਿ ਸੰਵਿਧਾਨ ਵਿੱਚ ਬਹੁਤ ਸਾਰੀਆਂ ਭਾਰਤੀ ਪਰੰਪਰਾਵਾਂ ਨਹੀਂ ਹਨ ਅਤੇ ਇਹ ਸਿਰਫ ਦੁਨੀਆ ਦੇ ਸੰਵਿਧਾਨਾਂ 'ਤੇ ਨਿਰਭਰ ਹੈ। ਉਹ ਸੰਘੀ ਢਾਂਚੇ 'ਤੇ ਅਧਾਰਤ ਸੋਵੀਅਤ ਯੂਨੀਅਨ ਵਰਗਾ ਸੰਵਿਧਾਨ ਚਾਹੁੰਦੇ ਸਨ। ਉਹਨਾਂ ਨੇ ਸੰਵਿਧਾਨ 'ਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ।

ਮੌਲਾਨਾ ਹਸਰਤ ਮੋਹਾਨੀ ਦਾ ਦੇਹਾਂਤ 13 ਮਈ 1951 ਨੂੰ ਹੋਇਆ। ਗਾਂਧੀ ਜੀ ਨੇ ਉਨ੍ਹਾਂ ਨੂੰ ਮੁਸਲਿਮ ਭਾਈਚਾਰੇ ਦਾ ਬਹੁਤ ਕੀਮਤੀ ਹੀਰਾ ਕਿਹਾ ਸੀ।

ਦੇਸ਼ ਵਿੱਚ ਉਹਨਾਂ ਦੀ ਯਾਦ ਵਿੱਚ ਬਹੁਤ ਸਾਰੀਆਂ ਯਾਦਗਾਰਾਂ, ਸਕੂਲ ਅਤੇ ਲਾਇਬ੍ਰੇਰੀਆਂ ਹਨ।

---

ਸ਼ਬਦ ਚਿੱਤਰ


ਸ਼ਮਸ਼ੇਰ ਬਹਾਦਰ ਸਿੰਘ


# ਗਜਾਨਨ ਮਾਧਵ ਮੁਕਤੀਬੋਧ

ਚਾਣਚੱਕ 1964 ਦੇ ਵਿਚਕਾਰ ਗਜਾਨਨ ਮਾਧਵ ਮੁਕਤੀਬੋਧ ਖ਼ਾਸ ਤੌਰ 'ਤੇ ਏਨਾ ਅਹਿਮ ਕਿਉਂ ਬਣ ਗਿਆ? ਕਿਉਂ ਹਿੰਦੀ ਦੀ ਹਰ ਅਖ਼ਬਾਰ ਤੇ ਰਸਾਲੇ ਵਿਚ ਉਸ ਬਾਰੇ ਲਿਖਿਆ ਜਾਣ ਲੱਗਾ, ਤੇ ਹਿੰਦੀ ਸੰਸਾਰ ਵਿੱਚ ਇੱਕ ਹਲਚਲੇ ਮਚ ਗਈ ?

ਇਸ ਲਈ ਕਿ ਮੁਕਤੀਬੋਧ ਇਕਵਾਰਗੀ ਹਿੰਦੀ-ਸੰਸਾਰ ਦੀ ਇਕ ਘਟਨਾ ਬਣ ਗਿਆ। ਕੁਝ ਇਸ ਕਿਸਮ ਦੀ ਘਟਨਾ ਕਿ ਉਸ ਵੱਲੋਂ ਅੱਖਾਂ ਮੀਟ ਲੈਣਾ ਅਸੰਭਵ ਸੀ।

ਉਸ ਦੀ ਤਪੱਸਿਆ ਤੇ ਸੰਘਰਸ਼, ਉਸ ਦੀ ਅਟੁੱਟ ਸੱਚਾਈ, ਉਸ ਦੀ ਪੂਰੀ ਜ਼ਿੰਦਗੀ-ਉਸ ਦੀ ਹਰ ਚੀਜ਼ ਸਾਡੀ ਭਾਵਨਾ ਦੇ ਮੰਚ 'ਤੇ ਆ ਗਈ, ਤੇ ਅਸੀਂ ਉਸ ਦੇ 'ਕਵੀ' ਤੇ 'ਵਿਚਾਰਕ' ਨੂੰ ਇਕ ਨਵੀਂ ਅਸਚਰਜਤਾ-ਭਰੀ ਨਜ਼ਰ ਨਾਲ ਵੇਖਿਆ।

ਇਸ ਸਾਲ ਫ਼ਰਵਰੀ ਮਹੀਨੇ ਵਿਚ ਮੁਕਤੀਬੋਧ 'ਤੇ ਅਧਰੰਗ ਦਾ ਹਮਲਾ ਹੋਇਆ ਸੀ। ਉਸ ਪਿੱਛੋਂ ਬੇਹੋਸ਼ੀ ਦੀ ਹਾਲਤ ਵਿਚ ਹੀ ਉਸ ਨੇ ਆਪਣੇ ਦਿਨ ਕੱਟੇ। ਅਖ਼ੀਰ ਪਿਛਲੇ ਮਹੀਨੇ ਉਹ ਪਰਲੋਕ ਸਿਧਾਰ ਗਿਆ।

ਮੁਕਤੀਬੋਧ ਦਾ ਜਨਮ 13 ਨਵੰਬਰ, 1917 ਨੂੰ ਸ਼ਿਵਪੁਰੀ (ਗਵਾਲੀਅਰ) ਵਿਚ ਹੋਇਆ ਸੀ। ਮੁੱਢਲੀ ਤਾਲੀਮ ਉਜੈਨ ਵਿਚ ਹਾਸਲ ਕੀਤੀ। ਉਸ ਦਾ ਇਕ ਸਾਥੀ ਸੀ ਸ਼ਾਂਤਾ ਰਾਮ, ਜੋ ਮਗਰੋਂ ਗਸ਼ਤ ਦੀ ਡਿਊਟੀ 'ਤੇ ਲੱਗ ਗਿਆ ਸੀ। ਮੁਕਤੀਬੋਧ ਉਸ ਦੇ ਨਾਲ ਰਾਤ ਵੇਲੇ ਨਿਕਲ ਜਾਂਦਾ। ਬੀੜੀ ਪੀਣ ਦਾ ਚਸਕਾ ਸ਼ਾਇਦ ਉਦੋਂ ਤੋਂ ਹੀ ਲੱਗਾ। ਰਾਤ ਦਾ ਸੰਨਾਟਾ, ਪੁਲਸ ਦੀਆਂ ਸੀਟੀਆਂ, ਰਹੱਸ ਭਰਿਆ ਵਾਯੂਮੰਡਲ ! ਜਗੀਰਦਾਰੀ ਨਿਜ਼ਾਮ ਤੇ ਉਸ ਦੀ ਓਟ ਵਿਚ ਬੰਦੂਕ ਸੰਭਾਲੀ ਕਿਤੇ ਲੁਕਿਆ ਹੋਇਆ ਗੋਰਾਸ਼ਾਹੀ ਜ਼ੁਲਮ ! ਜੁਰਮਾਂ, ਅੱਤਿਆਚਾਰਾਂ, ਅਤਿ-ਭੈੜੇ ਕੰਮਾਂ ਤੇ ਰਾਜਿਆਂ, ਜਾਗੀਰਦਾਰਾਂ ਦੀਆਂ ਕਹਾਣੀਆਂ ! ਇਸ ਸਭ ਕੁਝ ਵਿਚਕਾਰ ਮੁਕਤੀਬੋਧ ਆਪਣੀ ਜ਼ਿੰਦਗੀ ਜੀ ਰਿਹਾ ਸੀ। ਪਿਤਾ ਚਾਹੁੰਦਾ ਸੀ ਕਿ ਪੁੱਤਰ ਵਕੀਲ ਬਣੇ, ਚੰਗਾ ਚੋਖਾ ਕਮਾਏ ਤੇ ਇੱਜ਼ਤ ਵਾਲੀ ਜ਼ਿੰਦਗੀ ਜੀਵੇ।

ਪਰ ਮੁਕਤੀਬੋਧ ਨੇ ਵੱਖਰਾ ਰਾਹ ਅਪਣਾਇਆ। ਇਸ ਸਦੀ ਦੇ ਤੀਜੇ ਦਹਾਕੇ ਦੇ ਉਹ ਅੰਤਲੇ ਵਰ੍ਹੇ ਸਨ। ਕੌਮੀ ਬੇਚੈਨੀ ਤੇ ਉਤਰਾਅ ਚੜ੍ਹਾਅ ਦੇ ਦਿਨ। ਸੋ ਮੁਕਤੀਬੋਧ ਕਮਾਉਣਾ ਚਾਹੁੰਦਾ ਸੀ ਗਿਆਨ-ਦੌਲਤ ਨਹੀਂ। ਉਹ ਇੱਜ਼ਤ ਦੀ ਥਾਂ ਨਵੀਂ ਨਜ਼ਰ ਲੱਭ ਰਿਹਾ ਸੀ ਤੇ ਨਵੇਂ ਅਨੁਭਵ। ਨਵੇਂ ਯੁੱਗ ਦੇ ਅਨੁਭਵ ਤੇ ਕਵਿਤਾ ਦੀਆਂ ਵਿਲੱਖਣ ਪ੍ਰੇਰਣਾਵਾਂ।

ਉਸ ਵੇਲੇ ਮਾਖਨ ਲਾਲ ਚਤੁਰਵੇਦੀ ਤੇ ਮਹਾਦੇਵੀ ਵਰਮਾ ਦੀ ਰਹੱਸਾਤਮਕ ਸ਼ੈਲੀ ਉਥੋਂ ਦੇ ਨੌਜਵਾਨ ਲੇਖਕਾਂ ਨੂੰ ਆਪਣੀ ਵੱਲ ਖਿੱਚ ਰਹੀ ਸੀ, ਪਰ ਮੁਕਤੀਬੋਧ ਦੋਸਤੋਵਸਕੀ, ਫਲਾਬੇਅਰ ਤੇ ਗੋਰਕੀ ਦੇ ਅਸਰ ਥੱਲੇ ਵੀ ਜੀ ਰਿਹਾ ਸੀ। ਮਨੋਵਿਗਿਆਨ, ਦਰਸ਼ਨ ਸ਼ਾਸਤਰ ਤੇ ਤਰਕ ਸ਼ਾਸਤਰ ਦੀਆਂ ਸਮੱਸਿਆਵਾਂ ਵਿਚ ਉਸ ਨੂੰ ਸਵਾਦ ਆਉਣ ਲੱਗਾ ਸੀ। ਵੀਹਾਂ-ਇੱਕੀਆਂ ਵਰ੍ਹਿਆਂ ਦਾ ਉਹ ਸਿੱਧਾ-ਸਾਦਾ, ਭਾਵੁਕ ਤੇ ਜਗਿਆਸੂ ਨੌਜਵਾਨ ਇਕ ਢਹਿੰਦੀ ਹੋਈ ਪਰੰਪਰਾ ਤੇ ਆਉਣ ਵਾਲੇ ਯੁੱਗ ਦੇ ਵਿਚਕਾਰ ਖਲੋਤਾ ਆਪਣੇ ਚੁਫੇਰੇ ਦੀ ਦੁਨੀਆ ਨੂੰ ਵੇਖ ਰਿਹਾ ਸੀ।

ਦੁਖੀਆਂ, ਗ਼ਰੀਬਾਂ ਲਈ ਉਸ ਦੀ ਹਮਦਰਦੀ ਤੇਜ਼ੀ ਨਾਲ ਵਧ ਰਹੀ ਸੀ।ਉਹਨੀਂ ਦਿਨੀਂ ਹੀ ਉਸ ਦੀ ਜ਼ਿੰਦਗੀ ਵਿਚ ਪਿਆਰ ਨੇ ਜਨਮ ਲਿਆ ਤੇ ਉਹ ਇਕ ਵਾਰ ਤਾਂ ਪੂਰੀ ਤਰ੍ਹਾਂ ਹਲੂਣਿਆ ਗਿਆ। ਮੁਕਤੀਬੋਧ ਉਸ ਪਿਆਰ ਵਿਚ ਜਨੂੰਨ ਦੀ ਹੱਦ ਤੱਕ ਪੁੱਜ ਗਿਆ ਸੀ।ਫਿਰ ਉਹ ਸੰਭਲਿਆ ਤੇ ਉਸ ਨੇ ਬੜੇ ਠਰ੍ਹੰਮੇ ਤੇ ਹਿੰਮਤ ਨਾਲ ਅਗਲਾ ਕਦਮ ਚੁੱਕਿਆ।

ਪਰਵਾਰ ਤੇ ਸਮਾਜ ਦੀਆਂ ਹਰ ਤਰ੍ਹਾਂ ਦੀਆਂ ਰੁਕਾਵਟਾਂ ਲੰਘ ਕੇ ਉਸ ਨੇ ਉਸ ਕੁੜੀ ਨਾਲ ਪਿਆਰ-ਵਿਆਹ ਕਰ ਲਿਆ। ਇਸ ਤਰ੍ਹਾਂ ਉਹ ਆਪਣੇ ਪਰਵਾਰ ਨਾਲੋਂ ਟੁੱਟ ਗਿਆ, ਪਰ ਆਪਣੇ ਮਾਤਾ-ਪਿਤਾ ਲਈ ਉਸ ਦੇ ਦਿਲ ਵਿਚ ਜੋ ਪਿਆਰ ਸੀ, ਉਹ ਘਟਿਆ ਨਹੀਂ, ਤੇ ਉਹ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਦੀ ਸੇਵਾ ਕਰਦਾ ਰਿਹਾ। ਉਸ ਦਾ ਪਿਤਾ ਰਿਟਾਇਰ ਹੋ ਚੁੱਕਾ ਸੀ, ਤੇ ਘਰ ਦੀ ਮਾਲੀ ਹਾਲਤ ਚੰਗੀ ਨਹੀਂ ਸੀ। ਮੁਕਤੀਬੋਧ ਨੇ ਓਸੇ ਸਾਲ ਬੀ.ਏ. ਕੀਤੀ, ਤੇ ਸਕੂਲ ਵਿਚ ਅਧਿਆਪਕ ਬਣ ਗਿਆ। ਘਰ ਦਾ ਭਾਰ ਉਸ ਨੇ ਆਪਣੇ ਮੋਢਿਆਂ 'ਤੇ ਚੁੱਕ ਲਿਆ। 1940-42 ਦੇ ਦਿਨ ਗਾਂਧੀ ਜੀ ਦੇ ਅਸਰ ਹੇਠ ਨਵੀਂ ਜਾਗ੍ਰਤੀ। ਭਾਵੇਂ ਮੁਕਤੀਬੋਧ ਦੇ ਦਿਲ ਵਿਚ ਵੀ ਆਦਰਸ਼ਾਂ ਦੇ ਰੋਮਾਨ ਭਰੇ ਪਏ ਸਨ, ਪਰ ਉਸ ਦੇ ਵਿਚਾਰ ਭੌਤਿਕਵਾਦ ਵੱਲ ਤੇਜ਼ੀ ਨਾਲ ਵਧ ਰਹੇ ਸਨ। ਉਸ ਦੇ ਕੁਝ ਸਾਥੀ ਮਾਰਕਸਵਾਦੀ ਸਨ। ਬਹਿਸਾਂ ਹੁੰਦੀਆਂ, ਲੈਕਚਰ ਹੁੰਦੇ। ਮੁਕਤੀਬੋਧ ਆਪਣੇ ਸਾਥੀਆਂ ਨਾਲ ਬੌਧਿਕ ਵਾਯੂਮੰਡਲ ਵਿਚ ਜੀਣ ਲੱਗਾ। ਘੰਟਿਆਂਬੱਧੀ ਬਹਿਸਾਂ ਛਿੜਦੀਆਂ, ਤਾਂ ਮੁਕਤੀਬੋਧ ਉਨ੍ਹਾਂ ਬਹਿਸਾਂ ਵਿਚ ਆਪਣਾ ਸਭ ਕੁਝ ਭੁੱਲ ਜਾਂਦਾ।



ਮਾਰਕਸਵਾਦੀ ਵਿਚਾਰਾਂ ਨੂੰ ਕਵਿਤਾ ਵਿਚ ਲਿਆਉਣਾ ਉਸ ਵੇਲੇ ਭਾਵੇਂ ਬਹੁਤ ਔਖਾ ਸੀ, ਫੇਰ ਵੀ ਅੱਜ ਵੇਖਿਆ ਜਾ ਸਕਦਾ ਹੈ ਕਿ ਪ੍ਰਯੋਗਵਾਦੀ ਕਵੀਆਂ ਵਿਚ ਮੁਕਤੀਬੋਧ ਨੇ ਹੀ ਇਨ੍ਹਾਂ ਵਿਚਾਰਾਂ ਨਾਲ ਕਵਿਤਾ ਨੂੰ ਨਵਾਂ ਮੋੜ ਦੇਣ ਦਾ ਯਤਨ ਕੀਤਾ।ਇਸ ਵਿਚ ਉਸ ਨੂੰ ਅਸਚਰਜਤਾ ਭਰੀ ਸਫਲਤਾ ਵੀ ਮਿਲੀ।ਮੁਕਤੀਬੋਧ ਦੇ ਮਨ-ਪਸੰਦ ਲੇਖਕ ਵਧੇਰੇ ਕਰਕੇ ਯੂਰਪ ਦੇ ਮਹਾਨ ਨਾਵਲਕਾਰ ਹੀ ਸਨ-ਬਾਲਜ਼ਾਕ, ਫਲਾਬੇਅਰ, ਦੋਸਤੋਵਸਕੀ, ਗੋਰਕੀ। ਇਨ੍ਹਾਂ ਵਿਚ ਗੋਰਕੀ ਦੀ ਸਭ ਤੋਂ ਉੱਚੀ ਥਾਂ ਸੀ।ਉਨ੍ਹੀਂ ਦਿਨੀਂ ਮੁਕਤੀਬੋਧ ਜਿਸ ਕਿਸਮ ਦੀ ਨਵੀਂ ਕਵਿਤਾ ਲਿਖ ਰਿਹਾ ਸੀ, ਉਹ ਕਈ ਵਾਰ ਸਮਝ ਨਹੀਂ ਸੀ ਆਉਂਦੀ ਤੇ ਉਸ 'ਤੇ ਬਹਿਸਾਂ ਹੋਇਆ ਕਰਦੀਆਂ ਸਨ।

ਉਹ ਕਵਿਤਾਵਾਂ ਇਕ ਨਵੇਂ ਦੌਰ ਨੂੰ ਜਨਮ ਦੇ ਰਹੀਆਂ ਸਨ।

ਉਜੈਨ ਵਿਚ ਮੁਕਤੀਬੋਧ ਨੇ 'ਮੱਧ ਭਾਰਤ ਪ੍ਰਗਤੀਸ਼ੀਲ ਲੇਖਕ ਸੰਘ ਦੀ ਬੁਨਿਆਦ ਰੱਖੀ। ਉਸ ਦੀਆਂ ਖ਼ਾਸ ਮੀਟਿੰਗਾਂ ਵਿਚ ਬਾਹਰੋਂ ਡਾ: ਰਾਮਵਿਲਾਸ ਸ਼ਰਮਾ, ਅੰਮ੍ਰਿਤਰਾਏ ਆਦਿ ਸਾਹਿਤਕਾਰਾਂ ਨੂੰ ਬੁਲਾਇਆ ਜਾਂਦਾ ਸੀ।

1944 ਵਿਚ ਮੁਕਤੀਬੋਧ ਨੇ ਇੰਦੌਰ ਵਿਚ ਫਾਸ਼ਿਸਟ-ਵਿਰੋਧੀ ਲੇਖਕ ਕਾਨਫ਼ਰੰਸ ਬੁਲਾਈ ਸੀ, ਜਿਸ ਵਿਚ ਉਸ ਨੇ ਖ਼ੁਦ ਲੇਖਕਾਂ ਦੀ ਜ਼ਿੰਮੇਦਾਰੀ ਬਾਰੇ ਇਕ ਲੇਖ ਪੜ੍ਹਿਆ ਸੀ। ਰਾਹੁਲ ਸਾਂਕ੍ਰਿਤਿਆਇਨ ਉਸ ਕਾਨਫ਼ਰੰਸ ਦੇ ਪ੍ਰਧਾਨ ਸਨ।

ਮੁਕਤੀਬੋਧ ਨੇ ਪੜ੍ਹਾਉਣਾ ਛੱਡ ਕੇ ਕਈ ਪਰਚਿਆਂ ਦਾ ਸੰਪਾਦਨ ਵੀ ਕੀਤਾ ਤੇ ਕਈ ਸ਼ਹਿਰਾਂ ਵਿਚ ਰਿਹਾ, ਪਰ ਕਿਤੇ ਵੀ ਉਹ ਟਿਕ ਨਹੀਂ ਸਕਿਆ।1946-47 ਤੋਂ ਮਗਰੋਂ ਜਦ ਉਹ ਜਬਲਪੁਰ ਵਿਚ ਸੀ ਤਾਂ ਮੇਰੀ ਉਸ ਨਾਲ ਕਦੇ-ਕਦੇ ਮੁਲਾਕਾਤ ਹੋਇਆ ਕਰਦੀ ਸੀ, ਤੇ ਮੈਂ ਵੇਖਦਾ ਸਾਂ ਉਹ ਕਿੰਨੀ ਮਿਹਨਤ ਨਾਲ ਹਫ਼ਤਿਆਂ ਨਹੀਂ, ਸਗੋਂ ਮਹੀਨਿਆਂ-ਬੱਧੀ ਆਪਣੀਆਂ ਲੰਮੀਆਂ ਕਵਿਤਾਵਾਂ ਦੇ ਟੋਟਿਆਂ ਨੂੰ, ਹੌਲੀ-ਹੌਲੀ ਚਿੰਤਨ ਤੇ ਕਲਪਨਾ ਦੀ ਭਾਹ ਦੇ-ਦੇ ਕੇ ਘੜਦਾ ਤੇ ਤਰਾਸ਼ਦਾ ਰਹਿੰਦਾ ਸੀ, ਤੇ ਆਪਸ ਵਿਚ ਜੋੜ ਕੇ ਲੰਮੀਆਂ ਕਵਿਤਾਵਾਂ ਨੂੰ ਜਨਮ ਦਿਆ ਕਰਦਾ ਸੀ।ਉਸ ਦਾ ਹੁਨਰ ਇਕ ਉੱਚੀ ਇਮਾਰਤ ਬਣਾਉਣ ਵਾਲੇ ਕਾਰੀਗਰ ਦਾ ਹੁਨਰ ਸੀ। ਕਵਿਤਾ ਦੀ ਜਿਸ ਇਮਾਰਤ ਨੂੰ ਉਹ ਉਸਾਰਿਆ ਕਰਦਾ ਸੀ, ਉਹ ਇਕ ਛੋਟਾ-ਮੋਟਾ ਕਿਲ੍ਹਾ ਹੁੰਦੀ ਸੀ—ਮਹਿਲ ਜਾਂ ਮਕਬਰਾ ਜਾਂ ਮੰਦਰ ਨਹੀਂ। ਉਸ ਦੀਆਂ ਕਵਿਤਾਵਾਂ ਤੋਂ ਸਾਫ਼ ਦਿਸਦਾ ਸੀ ਕਿ ਮੁਕਤੀਬੋਧ ਹੋਰਨਾਂ ਨਾਲੋਂ ਕਿੰਨੀ ਵੱਖਰੀ, ਅਨੋਖੀ ਤੇ ਭਰਪੂਰ ਭਾਵਨਾ ਤੇ ਕਲਪਨਾ ਦਾ ਕਵੀ ਸੀ, ਭਾਵੇਂ ਉਸ ਦੀ ਕਾਰੀਗਰੀ ਕੁਝ ਖਰ੍ਹਵੀ ਕਿਸਮ ਦੀ ਸੀ।ਉਸ ਦਾ ਆਪਣੀ ਹੀ ਕਿਸਮ ਦਾ ਸੁਹੱਪਣ ਸੀ। ਕਵੀ ਦੇ ਤੌਰ 'ਤੇ ਮੁਕਤੀਬੋਧ ਸਾਰਿਆਂ ਨਾਲੋਂ ਵੱਖਰਾ ਤੇ ਇਕੱਲਾ ਲਗਦਾ ਸੀ, ਪਰ ਉਸ ਦੀ ਭਾਵਨਾ ਦੀਆਂ ਜੜ੍ਹਾਂ ਮੱਧ-ਵਰਗੀ ਸਮਾਜ ਦੀਆਂ ਸਮੱਸਿਆਵਾਂ ਵਿਚ ਉਲਝੀਆਂ ਹੋਈਆਂ ਸਨ।

ਜੱਬਲਪੁਰ ਤੋਂ ਮੁਕਤੀਬੋਧ ਨਾਗਪੁਰ ਗਿਆ, ਜਿੱਥੇ ਉਸ ਨੇ ਆਪਣੀਆਂ ਸਭ ਤੋਂ ਮਹਾਨ ਕਵਿਤਾਵਾਂ ਲਿਖੀਆਂ।ਉਥੇ ਉਸ ਨੇ ਗ਼ਰੀਬੀ ਤੇ ਦੁੱਖ ਵੀ ਸਭ ਤੋਂ ਵੱਧ ਝੱਲੇ। ਪਰਵਾਰ ਵੱਡਾ ਬਣਦਾ ਜਾ ਰਿਹਾ ਸੀ, ਬਜ਼ਾਰ ਵਿਚ ਮਹਿੰਗਾਈ ਸੀ, ਤੇ ਨੌਕਰੀ ਵਿਚ ਟੋਟਾ।ਨਾਗਪੁਰ ਰੇਡੀਓ ਵਿਚ ਉਹ ਕੁਝ ਚਿਰ ਸਮਾਚਾਰ-ਵਿਭਾਗ ਵਿਚ ਸੰਪਾਦਕ ਰਿਹਾ। ਫੇਰ ਉਸ ਦੀ ਤਬਦੀਲੀ ਹੋ ਗਈ, ਤੇ ਉਸ ਨੂੰ ਭੋਪਾਲ ਜਾਣਾ ਪਿਆ, ਪਰ ਉਥੇ ਉਹ ਗਿਆ ਨਹੀਂ। ਸੋ ਨੌਕਰੀ ਛੁਟ ਗਈ। ਫੇਰ ਇਕ ਸਪਤਾਹਕ ਵਿਚ ਕਾਲਮ ਲਿਖਣ ਲੱਗਾ। ਉਸ ਦੌਰਾਨ ਉਸ ਨੇ ਕਈ ਬੜੇ ਤਗੜੇ ਸਕੈੱਚ ਲਿਖੇ।

1949 ਵਿਚ ਮੁਕਤੀਬੋਧ ਇਲਾਹਾਬਾਦ ਗਿਆ। ਉੱਥੇ ਹੀ ਇਕ ਛੋਟਾ ਜਿਹਾ ਨਾਵਲ ਲਿਖਿਆ, ਜੋ ਪ੍ਰਕਾਸ਼ਕਾਂ ਦੇ ਚੱਕਰ ਵਿਚ ਘੁੰਮਦਾ ਹੋਇਆ ਅੰਤ ਗਵਾਚ ਗਿਆ।ਇਲਾਹਾਬਾਦ ਵਿਚ ਚੰਗਾ ਕੰਮ ਵੀ ਨਾ ਮਿਲਿਆ। ਸੋ ਇਲਾਹਾਬਾਦ ਛੱਡਣਾ ਪਿਆ।ਦੋਸਤਾਂ ਦੇ ਕਹਿਣ 'ਤੇ 1954 ਵਿਚ ਮੁਕਤੀਬੋਧ ਨੇ ਐੱਮ.ਏ. ਕੀਤਾ, ਤਾਂ ਜੋ ਕਿਸੇ ਕਾਲਜ ਵਿਚ ਨੌਕਰੀ ਮਿਲ ਸਕੇ, ਤੇ ਦਿਨ ਸੌਖ ਨਾਲ ਬੀਤਣ।ਉਸ ਕਾਲਜ ਵਿਚ ਨੌਕਰੀ ਮਿਲੀ ਤੇ ਹਾਲਾਤ ਕੁਝ ਚੰਗੇ ਬਣੇ। ਇਨ੍ਹਾਂ ਦਿਨਾਂ 'ਚ ਉਸ ਨੇ ਆਪਣੀਆਂ ਕੁਝ ਇਕ ਬੇਹੱਦ ਸਫਲ ਕਵਿਤਾਵਾਂ ਲਿਖੀਆਂ। ਦਸੰਬਰ ਵਿਚ ਮੁਕਤੀਬੋਧ ਇਲਾਹਾਬਾਦ ਦੇ ਲੇਖਕ ਸੰਮੇਲਨ ਵਿਚ ਆਇਆ ਸੀ।ਨਵੀਂ ਪੀੜ੍ਹੀ ਦੇ ਸਾਰੇ ਕਵੀਆਂ ਨੂੰ ਮੁਕਤੀਬੋਧ ਨੇ ਆਪਣੀ ਸਾਦਗੀ ਤੇ ਪਿਆਰ-ਭਰੀ ਸ਼ਖ਼ਸੀਅਤ ਤੇ ਤਗੜੀ ਕਵਿਤਾ ਨਾਲ ਮੋਹ ਲਿਆ ਸੀ।ਹਿੰਦੀ ਦੀ ਨਵੀਂ ਪੀੜ੍ਹੀ ਦਾ ਬਿਲਕੁਲ ਆਪਣਾ ਕਵੀ, ਸਭ ਨਾਲੋਂ ਪਿਆਰਾ ਕਵੀ ਤੇ ਵਿਚਾਰਕ ਮੁਕਤੀਬੋਧ ਹੀ ਹੈ—ਇਸ ਵਿਚ ਦੋ ਰਾਵਾਂ ਨਹੀਂ ਹਨ। ਉਸ ਦੇ ਮੁਕਾਬਲੇ ਵਿਚ ਹੋਰ ਕੋਈ ਕਵੀ ਕਿਸੇ ਤਰ੍ਹਾਂ ਵੀ ਠਹਿਰ ਨਹੀਂ ਸਕਦਾ। ਇਹ ਹੋਰ ਗੱਲ ਹੈ ਕਿ ਸਾਧਾਰਨ ਕਿਸਮ ਦੇ ਪਾਠਕ ਅੱਜ ਤੱਕ ਉਸ ਤੋਂ ਬਹੁਤਾ ਕਰਕੇ ਅਨਜਾਣ ਹੀ ਰਹੇ ਹਨ। ਇਸ ਵਿਚ ਪ੍ਰਕਾਸ਼ਕਾਂ, ਸੰਪਾਦਕਾਂ, ਆਲੋਚਕਾਂ ਤੇ ਸਾਹਿਤਕ ਸੰਸਥਾਵਾਂ ਦਾ ਵੱਡਾ ਹੱਥ ਹੈ। ਉਨ੍ਹਾਂ ਨੇ ਉਸ ਵੱਲੋਂ ਮੂੰਹ ਮੋੜੀ ਰੱਖਿਆ ਹੈ। ਇਕ ਕਾਰਨ ਇਹ ਵੀ ਹੈ ਕਿ ਬਿਲਕੁਲ ਨਵੀਂ, ਸੱਚੀ ਤੇ ਮੌਲਿਕ ਪ੍ਰਤਿਭਾ ਨੂੰ ਪਰਖਣ ਵਾਲੇ ਬਹੁਤ ਘੱਟ ਲੋਕ ਹੋਇਆ ਕਰਦੇ ਹਨ-ਕਿਸੇ ਵੀ ਯੁੱਗ ਵਿਚ।

ਮੁਕਤੀਬੋਧ ਮੈਨੂੰ ਖ਼ਾਸ ਤੌਰ 'ਤੇ ਸ਼ਾਇਦ ਇਸ ਲਈ ਵਧੇਰੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਪੰਜਾਬ ਦੇ ਅਗਲੇ ਪੈਂਡੇ ਬਾਰੇ ਕਿਹੋ ਜਿਹੇ ਅਗੇਤੇ ਸੰਕੇਤ ਦੇਈ ਜਾਂਦਾ ਹੈ ਭਵਿੱਖ ਦਾ ਵਹਿਣ

ਇਹ ਗੱਲ ਬਹੁਤ ਸਾਰੇ ਲੋਕ ਕਹਿੰਦੇ ਸੁਣੇ ਹਨ ਕਿ ਪੰਜਾਬ ਦੀ ਸਰਕਾਰ ਚਲਾਉਂਦੇ ਸਮੇਂ ਆਮ ਆਦਮੀ ਪਾਰਟੀ ਦੇ ਆਪਣੇ ਅੰਦਰ ਉਹੋ ਜਿਹੇ ਬਥੇਰੇ ਐਬ ਆਣ ਵੜੇ ਹਨ, ਜਿਨ੍ਹਾਂ ਵਿਰੁੱਧ ਲੜਨ ਦਾ ਨਾਅਰਾ ਲਾਉਣ ਤੇ ਵਾਅਦਾ ਕਰਨ ਪਿੱਛੋਂ ਇਸ ਨੂੰ ਰਾਜ ਦੀ ਸੱਤਾ ਨਸੀਬ ਹੋਈ ਸੀ। ਜਦੋਂ ਜਨਤਾ ਜਨਾਰਧਨ ਵਿੱਚੋਂ ਇਹੋ ਜਿਹੀ ਕੋਈ ਆਵਾਜ਼ ਆਉਂਦੀ ਹੈ ਤਾਂ ਇਸ ਨੂੰ ਸੁਣਨਾ ਅਤੇ ਆਪਣੇ ਆਪ ਨੂੰ ਸਿੱਧੇ ਰਾਹ ਲਿਆਉਣਾ ਜਾਂ ਫਿਰ ਇਸ ਦੇ ਸਿੱਟੇ ਭੁਗਤਣ ਲਈ ਤਿਆਰ ਹੋਣਾ ਸੰਬੰਧਤ ਧਿਰ ਦਾ ਕੰਮ ਹੁੰਦਾ ਹੈ। ਅਸੀਂ ਇਸ ਬਾਰੇ ਕਿਹਾ ਵੀ ਤਾਂ ਸਮਝਾਉਣ ਵਾਲੀ ਤੂਤੀ ਦੀ ਆਵਾਜ਼ ਨਗਾਰਖਾਨੇ ਵਿੱਚ ਕਿਸੇ ਨੇ ਸੁਣਨੀ ਨਹੀਂ ਅਤੇ ਰਹੀ ਆਮ ਲੋਕਾਂ ਦੀ ਗੱਲ, ਉਨ੍ਹਾਂ ਨੂੰ ਦੱਸਣ ਦੇ ਯਤਨ ਕਰਨ ਦੀ ਇਸ ਲਈ ਲੋੜ ਨਹੀਂ ਕਿ ਉਹ ਕਿਸੇ ਦੇ ਦੱਸਣ ਤੋਂ ਵੱਧ ਆਪਣੇ ਹੱਡੀਂ ਹੰਢਾਏ ਤਜਰਬੇ ਤੋਂ ਸਿੱਖ ਸਕਦੇ ਹਨ। ਪੰਜਾਬ ਦੀ ਸਰਕਾਰ ਜਿੱਦਾਂ ਚੱਲਦੀ ਹੈ, ਇਸ ਨੂੰ ਠੀਕ ਜਾਂ ਗਲਤ ਕਹਿਣ ਉੱਤੇ ਖਪਣ ਦੀ ਥਾਂ ਵੇਖਣ ਵਾਲੀ ਗੱਲ ਹੈ ਕਿ ਜਦੋਂ ਕਿਸੇ ਰਾਜ ਵਿੱਚ ਇਹ ਹਾਲਾਤ ਬਣ ਜਾਣ, ਓਦੋਂ ਆਮ ਲੋਕ ਓਥੇ ਸਰਕਾਰ ਚਲਾ ਰਹੀ ਧਿਰ ਵੱਲ ਵੇਖਣਾ ਛੱਡ ਕੇ ਵਿਰੋਧੀ ਧਿਰ ਵੱਲ ਵੇਖਣ ਲੱਗਦੇ ਹਨ, ਪਰ ਵਿਰੋਧ ਦੀ ਧਿਰ ਵੀ ਤਾਂ ਕੋਈ ਸਾਹਮਣੇ ਹੋਣੀ ਚਾਹੀਦੀ ਹੈ। ਏਥੇ ਉਹ ਵੀ ਕਿਤੇ ਰੜਕਦੀ ਨਹੀਂ।

ਪਿਛਲੇ ਦਿਨੀਂ ਜਦੋਂ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਹੋ ਰਹੀ ਸੀ ਤਾਂ ਇੱਕ ਵਿਦਵਾਨ ਬੰਦੇ ਨੇ ਸਾਨੂੰ ਦੱਸਿਆ ਕਿ ਲੋਕ ਓਥੇ ਆਮ ਕਰ ਕੇ ਸਰਕਾਰ ਦੇ ਖਿਲਾਫ ਹਨ ਅਤੇ ਇਹ ਸੀਟ ਆਮ ਆਦਮੀ ਪਾਰਟੀ ਦੇ ਪੱਲੇ ਨਮੋਸ਼ੀ ਪਾ ਸਕਦੀ ਹੈ। ਮੈਂ ਉਸ ਨੂੰ ਕਿਹਾ ਕਿ ਤੇਰੀ ਗੱਲ ਅੱਧੀ ਠੀਕ ਤੇ ਅੱਧੀ ਨਹੀਂ, ਨਤੀਜਾ ਸਰਕਾਰ ਦੇ ਖਿਲਾਫ ਨਹੀਂ ਜਾਣਾ, ਸੀਟ ਉਸ ਨੇ ਇਸ ਲਈ ਜਿੱਤ ਲੈਣੀ ਹੈ ਕਿ ਜਿਹੜੀ ਧਿਰ ਨਾਲ ਮੁਕਾਬਲਾ ਹੈ, ਉਨ੍ਹਾਂ ਦਾ ਘਰ ਪਾਟਾ ਹੋਇਆ ਹੈ ਤੇ ਇਕੱਠੇ ਹੋਣ ਬਿਨਾਂ ਜਿੱਤ ਨਹੀਂ ਸਕਦੇ। ਉਸ ਦੀ ਰਾਏ ਸੀ ਕਿ ਭਾਰਤੀ ਜਨਤਾ ਪਾਰਟੀ ਆਪਣਾ ਵੋਟ ਆਧਾਰ ਆਖਰੀ ਦਿਨਾਂ ਵਿੱਚ ਕਾਂਗਰਸ ਦੇ ਪੱਖ ਵਿੱਚ ਭੁਗਤਾ ਦੇਵੇਗੀ ਤਾਂ ਕਿ ਰਾਜ ਸਭਾ ਸੀਟ ਖਾਲੀ ਨਾ ਹੋ ਜਾਵੇ ਅਤੇ ਇਸ ਖਾਲੀ ਥਾਂ ਤੋਂ ਅਰਵਿੰਦ ਕੇਜਰੀਵਾਲ ਰਾਜ ਸਭਾ ਮੈਂਬਰ ਨਾ ਬਣ ਸਕੇ। ਵੋਟਾਂ ਪੈਣ ਤੋਂ ਇੱਕ ਦਿਨ ਪਹਿਲਾਂ ਮੈ ਉਹਨੂੰ ਕਿਹਾ ਕਿ ਭਾਜਪਾ ਆਪਣੀ ਨੀਤੀ ਬਦਲ ਚੁੱਕੀ ਹੈ, ਕਿਉਂਕਿ ਉਸ ਨੂੰ ਸਮਝ ਪੈ ਗਈ ਹੈ ਕਿ ਕਾਂਗਰਸ ਜਿੱਤਣ ਦੇ ਮੂਡ ਵਿੱਚ ਜਦੋਂ ਨਹੀਂ ਤਾਂ ਆਪਣੀਆਂ ਵੋਟਾਂ ਆਪਣੇ ਬੰਦੇ ਨੂੰ ਇਸ ਲਈ ਪਾਈਆਂ ਜਾਣ ਕਿ ਅਗਲੀ ਚੋਣ ਦਾ ਪੜੁੱਲ ਬੰਨ੍ਹਣ ਵਿੱਚ ਕੁਝ ਮਦਦ ਮਿਲ ਸਕੇਗੀ। ਜਿਹੜੀ ਗੱਲ ਮੈਂ ਉਸ ਵਕਤ ਉਸ ਲੇਖਕ ਨੂੰ ਆਖੀ ਸੀ, ਉਹੋ ਅੱਜ ਆਪਣੇ ਪਾਠਕਾਂ ਨੂੰ ਕਹਿਣ ਲੱਗਾ ਹਾਂ।

ਕਿਸੇ ਵੀ ਲੋਕਤੰਤਰ ਲਈ ਬਹੁਤ ਜ਼ਰੂਰੀ ਸਮਝਿਆ ਜਾਂਦਾ ਹੈ ਕਿ ਓਥੇ ਵਿਰੋਧੀ ਧਿਰ ਮਜ਼ਬੂਤ ਤੇ ਪ੍ਰਭਾਵ ਪਾਉਣ ਜੋਗੀ ਅਕਲ ਦੀ ਮਾਲਕ ਹੋਵੇ ਤੇ ਇਹੋ ਗੱਲ ਇਸ ਵੇਲੇ ਪੰਜਾਬ ਵਿੱਚ ਦਿੱਸਦੀ ਨਹੀਂ। ਅੱਜ ਦੀ ਘੜੀ ਪੰਜਾਬ ਵਿੱਚ ਮੁੱਖ ਵਿਰੋਧੀ ਧਿਰ ਵਿਧਾਨ ਸਭਾ ਵਿੱਚ ਵੀ ਅਤੇ ਜਨਤਕ ਮੈਦਾਨ ਵਿੱਚ ਵੀ ਕਾਂਗਰਸ ਪਾਰਟੀ ਹੈ, ਪਰ ਇਸ ਪਾਰਟੀ ਦੀ ਪੰਜਾਬ ਦੀ ਲੀਡਰਸ਼ਿਪ ਵੀ ਹਰਿਆਣੇ ਵਾਲਿਆਂ ਤੋਂ ਵੱਖਰੀ ਨਹੀਂ ਨਿਕਲਦੀ ਜਾਪਦੀ। ਹਰਿਆਣੇ ਵਿੱਚ ਜਿੱਤਣ ਦੀ ਹਾਲਤ ਬਣਨ ਦੇ ਬਾਅਦ ਪਿਛਲੇ ਸਾਲ ਇਹ ਇਸ ਲਈ ਹਾਰ ਗਏ ਸਨ ਕਿ ਆਪੋ ਆਪਣੀ ਸੀਟ ਜਿੱਤਣ ਦੀ ਬਜਾਏ ਹਰ ਉਸ ਲੀਡਰ ਦੀ ਸੀਟ ਹਰਾਉਣ ਦੇ ਕੰਮ ਲੱਗ ਗਏ ਸਨ, ਜਿਹੜਾ ਸਰਕਾਰ ਬਣਾਉਣ ਜਾਂ ਬਣ ਗਈ ਤਾਂ ਚਲਾਉਣ ਦੇ ਵਕਤ ਰਾਹ ਦਾ ਰੋੜਾ ਬਣ ਸਕਦਾ ਸੀ। ਪੰਜਾਬ ਵਿੱਚ ਏਸੇ ਚੁਸਤੀ ਨੇ 2007 ਅਤੇ ਫਿਰ 2012 ਵਿੱਚ ਕਾਂਗਰਸ ਨੂੰ ਜਿੱਤਣ ਨੇੜੇ ਪੁੱਜ ਕੇ ਵੀ ਜਿੱਤਣ ਨਹੀਂ ਸੀ ਦਿੱਤਾ। ਜਿਹੜਾ ਕੁਝ ਪੰਜਾਬ ਦੇ ਕਾਂਗਰਸੀਆਂ ਨੇ ਬੀਤੇ ਦਿਨੀਂ ਲੁਧਿਆਣੇ ਦੇ ਇੱਕ ਹਲਕੇ ਦੀ ਉਪ ਚੋਣ ਵਿੱਚ ਕੀਤਾ ਹੈ, ਉਨ੍ਹਾਂ ਦਾ ਉਮੀਦਵਾਰ ਆਪਣੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਲੁਧਿਆਣਾ ਦੇ ਜਿੱਤੇ ਹੋਏ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਬਹਿਣ ਨੂੰ ਤਿਆਰ ਨਹੀਂ ਸੀ ਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨਾਲ ਵੀ। ਚੋਣ ਹਾਰ ਜਾਣ ਪਿੱਛੋਂ ਵੀ ਨਾ ਕਾਂਗਰਸ ਦੀ ਹਾਈ ਕਮਾਨ ਇਨ੍ਹਾਂ ਨੂੰ ਇਕੱਠੇ ਕਰ ਸਕਣ ਵਿੱਚ ਸਫਲ ਹੋਈ ਤੇ ਨਾ ਇੱਕ ਸਾਲ ਲੰਘਣ ਮਗਰੋਂ ਵੀ ਹਰਿਆਣਾ ਵਿਧਾਨ ਸਭਾ ਵਿੱਚ ਆਪਣੀ ਪਾਰਟੀ ਵੱਲੋਂ ਵਿਰੋਧੀ ਧਿਰ ਦੇ ਆਗੂ ਦੀ ਚੋਣ ਕਰਨ ਜੋਗੀ ਹੋਈ ਹੈ। ਰਾਜ ਕਰਦੀ ਭਾਰਤੀ ਜਨਤਾ ਪਾਰਟੀ ਹਰਿਆਣਾ ਵਿੱਚ ਇਨ੍ਹਾਂ ਦਾ ਮਜ਼ਾਕ ਉਡਾਉਂਦੀ ਤੇ ਕਹਿੰਦੀ ਹੈ ਕਿ ਜਿਹੜੇ ਲੋਕ ਵਿਰੋਧੀ ਧਿਰ ਦਾ ਆਗੂ ਚੁਣਨ ਦੀ ਸਹਿਮਤੀ ਨਹੀਂ ਕਰ ਸਕਦੇ, ਰਾਜ ਦੀ ਕੀ ਸੇਵਾ ਕਰਨਗੇ, ਏਸੇ ਲਈ ਇਸ ਰਾਜ ਦੇ ਲੋਕ ਇਨ੍ਹਾਂ ਨੂੰ ਮੂੰਹ ਨਹੀਂ ਲਾਉਂਦੇ। ਪੰਜਾਬ ਦੇ ਕਾਂਗਰਸੀਆਂ ਬਾਰੇ ਵੀ ਭਵਿੱਖ ਵਿੱਚ ਆਮ ਲੋਕ ਜਦੋਂ ਇਹੋ ਕਹਿਣ ਲੱਗ ਪਏ ਤਾਂ ਅਗਲੀ ਚੋਣ ਕਾਮਯਾਬੀ ਨਾਲ ਇਹ ਕਿੱਦਾਂ ਲੜ ਲੈਣਗੇ?

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਜਿਹੜਾ ਅਕਾਲੀ ਦਲ ਵਿਰੋਧ ਦੀ ਦੂਸਰੀ ਧਿਰ ਹੁੰਦਾ ਸੀ, ਆਪਣੇ ਨਵੇਂ ਪ੍ਰਧਾਨ ਦੀ ਅਗਵਾਈ ਹੇਠ ਪਛੜਾ ਗਿਆ ਤੇ ਅਜੇ ਹੋਰ ਗੋਤੇ ਖਾਣ ਵਾਲੇ ਰਾਹ ਪਿਆ ਫਿਰਦਾ ਹੈ। ਪ੍ਰਧਾਨ ਤੋਂ ਅਵਾਜ਼ਾਰ ਹੋਏ ਆਗੂਆਂ ਦੀ ਢਾਣੀ ਇਕੱਠੇ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਬੇਨਤੀ ਕਰਨ ਪਹੁੰਚ ਗਈ ਤਾਂ ਲੋਕ ਸਮਝਦੇ ਸਨ ਕਿ ਹਾਲਾਤ ਮੋੜਾ ਕੱਟ ਲੈਣਗੇ, ਪਰ ਇਸ ਦਾ ਅਸਰ ਸਿਰਫ ਏਨਾ ਹੋਇਆ ਕਿ ਓਥੋਂ ਫੈਸਲਾ ਕਰਨ ਵਾਲੇ ਸਿੰਘ ਸਾਹਿਬਾਨ ਵਿੱਚੋਂ ਇੱਕ ਜਣਾ ਉਹ ਰੁਤਬਾ ਗੁਆ ਬੈਠਾ ਤੇ ਇਨ੍ਹਾਂ ਦੇ ਇੱਕ ਧੜੇ ਦੀ ਪ੍ਰਧਾਨਗੀ ਕਰਨ ਆ ਗਿਆ, ਹੋਰ ਕੋਈ ਖਾਸ ਗੱਲ ਹੋਈ ਹੀ ਨਹੀਂ। ਅਕਾਲੀਆਂ ਦਾ ਇਤਿਹਾਸ ਦੱਸਦਾ ਹੈ ਕਿ ਜਦੋਂ ਇਹ ਇਕੱਠੇ ਹੋਏ, ਓਦੋਂ ਵੀ ਇਕੱਲੇ ਜਿੱਤਣ ਜੋਗੇ ਇਹ ਕਦੇ ਨਹੀਂ ਸਨ ਹੋਏ, ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਦੇ ਬਾਅਦ ਦੀ ਸਥਿਤੀ ਨੇ ਇੱਕ ਵਾਰ ਜ਼ਰੂਰ ਜਿਤਾ ਦਿੱਤਾ ਸੀ ਅਤੇ ਅੱਗੋਂ ਵੀ ਅਕਾਲੀ ਆਗੂਆਂ ਦੀ ਇਹੋ ਜਿਹੀ ਕੋਸ਼ਿਸ਼ ਨਹੀਂ ਜਾਪਦੀ ਕਿ ਇਕੱਠੇ ਹੋਣਾ ਹੈ। ਇੱਕ ਧੜਾ ਆਪਣਾ ਆਧਾਰ ਗੁਆ ਚੁੱਕਾ ਹੈ, ਪਰ ਇਸ ਪਾਰਟੀ ਦੀਆਂ ਸਾਰੀਆਂ ਜਾਇਦਾਦਾਂ ਦਾ ਕਬਜ਼ਾ ਉਸ ਧੜੇ ਕੋਲ ਹੋਣ ਕਰ ਕੇ ਬਾਕੀ ਸਾਰਿਆਂ ਨੂੰ ਮਾਇਕ ਕਮਜ਼ੋਰੀ ਕਾਰਨ ਟੁੱਟੇ ਦਿਲ ਨਾਲ ਪਿੱਛੇ ਪਰਤਦੇ ਵੇਖਣ ਦੇ ਸੁਫਨੇ ਲੈਂਦਾ ਹੈ। ਦੂਸਰਾ ਧੜਾ ਜਨਤਕ ਵਹੀਰ ਆਪਣੇ ਨਾਲ ਜੁੜਦੀ ਹੋਣ ਦੇ ਸੁਫਨੇ ਲੈਂਦਾ ਹੋਇਆ ਮਾਇਆਧਾਰੀ ਧੜੇ ਨੂੰ ਆਪਣੇ ਵਿਹੜੇ ਵੜਦਾ ਵੇਖਣ ਦੀ ਉਡੀਕ ਵਿੱਚ ਹੈ। ਇਹ ਉਡੀਕ ਅਕਾਲੀਆਂ ਦੇ ਜਿਸ ਵੀ ਧੜੇ ਜਾਂ ਜਿਸ ਵੀ ਆਗੂ ਦੀ ਹੋਵੇ, ਲੋਕਾਂ ਨੂੰ ਇਸ ਨਾਲ ਮਤਲਬ ਨਹੀਂ, ਉਹ ਅਕਾਲੀ ਏਕੇ ਦੀ ਉਡੀਕ ਕਰਨ ਦੀ ਥਾਂ ਜਿਹੜੀ ਵੀ ਕੋਈ ਧਿਰ ਬਦਲ ਬਣ ਸਕਦੀ ਹੋਈ, ਉਸ ਦੇ ਨਾਲ ਜੁੜਨਾ ਸ਼ੁਰੂ ਕਰ ਦੇਣਗੇ ਤੇ ਇਹ ਗੱਲਾਂ ਚੱਲਣ ਲੱਗ ਪਈਆਂ ਹਨ ਕਿ ਇਨ੍ਹਾਂ ਦੋਵਾਂ ਧੜਿਆਂ ਦਾ ਕਾਡਰ ਹੌਲੀ-ਹੌਲੀ ਨਵੇਂ ਰਾਹ ਲੱਭਣ ਲੱਗ ਪਿਆ ਹੈ।

ਮੌਜੂਦਾ ਸਥਿਤੀ ਵਿੱਚ ਜੇ ਕੋਈ ਧਿਰ ਹੌਲੀ-ਹੌਲੀ ਆਪਣੇ ਪੈਰ ਅੱਗੇ ਵਧਣ ਦਾ ਦਾਅਵਾ ਜ਼ੋਰ ਨਾਲ ਕਰਦੀ ਹੈ ਤਾਂ ਉਹ ਭਾਜਪਾ ਹੈ। ਜਨਤਕ ਆਧਾਰ ਵਾਲੇ ਕਈ ਆਗੂ ਉਸ ਪਾਸੇ ਜਾਣ ਦੀਆਂ ਖਬਰਾਂ ਆ ਰਹੀਆਂ ਹਨ ਜਾਂ ਅਚਾਨਕ ਏਦਾਂ ਹੋਣ ਦਾ ਪ੍ਰਭਾਵ ਬਣਾਇਆ ਗਿਆ ਹੋਵੇ, ਪਰ ਇੱਕ ਖੇਤਰ ਤੋਂ ਇਹ ਹੁੰਦਾ ਸਾਫ ਦਿੱਸ ਰਿਹਾ ਹੈ। ਇੱਕ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਵੀਡੀਉ ਪਿਛਲੇ ਦਿਨੀਂ ਪੰਜਾਬ ਦੇ ਲੋਕਾਂ ਵਿੱਚ ਵਾਇਰਲ ਹੋਈ ਹੈ, ਜਿਸ ਵਿੱਚ ਉਹ ਆਰ ਐੱਸ ਐੱਸ ਦੇ ਮੁਖੀ ਸਾਹਮਣੇ ਇਸ ਤਰ੍ਹਾਂ ਬੋਲ ਰਿਹਾ ਹੈ, ਜਿਵੇਂ ਕਿਸੇ ਵਿਭਾਗ ਦੇ ਵੱਡੇ ਅਫਸਰ ਮੂਹਰੇ ਕੋਈ ਛੋਟਾ ਅਧਿਕਾਰੀ ਆਪਣੇ ਜ਼ਿੰਮੇ ਲੱਗੇ ਕੰਮਾਂ ਬਾਰੇ ਕੀਤੇ-ਅਣਕੀਤੇ ਦੀ ਰਿਪੋਰਟ ਪੇਸ਼ ਕਰਦਾ ਹੈ। ਬੜੇ ਲੋਕ ਹੈਰਾਨ ਹੋਏ ਸਨ ਕਿ ਇਹ ਕੀ ਹੋ ਰਿਹਾ ਹੈ, ਪਰ ਅਸੀਂ ਹੈਰਾਨ ਨਹੀਂ ਹੋਏ, ਕਿਉਂਕਿ ਇਹ ਵੀਡੀਉ ਬਾਹਰ ਜਦੋਂ ਹਾਲੇ ਨਹੀਂ ਆਈ ਸੀ, ਓਦੋਂ ਵੀ ਸਾਨੂੰ ਪਤਾ ਸੀ ਅਤੇ ਇਸ ਨਾਲੋਂ ਬੜਾ ਕੁਝ ਵੱਧ ਪਤਾ ਸੀ। ਇਹ ਬੁੱਧੀਜੀਵੀ ਲੋਕ ਜਿਸ ਪਾਰਟੀ ਦਾ ਪ੍ਰਭਾਵ ਵਧਦਾ ਵੇਖਦੇ ਹਨ, ਬਹੁਤਾ ਕਰ ਕੇ ਓਸੇ ਨਾਲ ਜੁੜਨ ਲੱਗਦੇ ਹਨ ਅਤੇ ਇਹੋ ਜਿਹਾ ਤਜਰਬਾ ਸਾਡੇ ਪੰਜਾਬ ਦੇ ਲੋਕਾਂ ਨੂੰ ਕਈ ਵਾਰ ਹੋ ਚੁੱਕਾ ਹੈ। ਅੱਜ ਤੋਂ ਪੰਜਾਹ ਕੁ ਸਾਲ ਪਹਿਲਾਂ ਤੱਕ ਜਦੋਂ ਖੱਬੇ ਪੱਖੀ ਧਿਰਾਂ ਤਾਕਤ ਵਾਲੀ ਹੈਸੀਅਤ ਹੁੰਦੀਆਂ ਸਨ, ਓਦੋਂ ਏਧਰ ਵੀ ਬੁੱਧੀਮਾਨ ਲੋਕ ਏਦਾਂ ਹੀ ਜੁੜਿਆ ਕਰਦੇ ਸਨ। ਬਹੁਤ ਸਾਰੇ ਵਿਦਵਾਨ ਕਹੇ ਜਾਂਦੇ ਜਾਂ ਸੱਚਮੁੱਚ ਦੇ ਵਿਦਵਾਨ, ਪਰ ਮੌਕਾਪ੍ਰਸਤੀ ਦੀ ਯੋਗਤਾ ਵਾਲੇ ਲੋਕ ਉੱਭਰਦੀ ਜਾਂ ਉੱਭਰ ਸਕਦੀ ਹਰ ਕਿਸੇ ਧਿਰ ਨਾਲ ਜੁੜ ਸਕਦੇ ਹਨ ਤੇ ਅੱਜਕੱਲ੍ਹ ਏਦਾਂ ਦੇ ਲੋਕ ਭਾਜਪਾ ਨਾਲ ਜੁੜ ਜਾਣ ਵਿੱਚ ਚਮਕਦਾ ਭਵਿੱਖ ਵੇਖਦੇ ਹਨ। ਵਾਈਸ ਚਾਂਸਲਰ ਦੀ ਵੀਡੀਓ ਆਉਣ ਪਿੱਛੋਂ ਬਹੁਤ ਸਾਰੇ ਜਾਣਕਾਰਾਂ ਨੇ ਸਾਨੂੰ ਕਈ ਹੋਰਨਾਂ ਬਾਰੇ ਵੀ ਏਦਾਂ ਦੀ ਜਾਣਕਾਰੀ ਭੇਜਣ ਦੀ ਖੇਚਲ ਕੀਤੀ ਅਤੇ ਕਹਿੰਦੇ ਹਨ ਕਿ ਇਸ ਪੱਖੋਂ ਬਾਕਾਇਦਾ ਗਿਣੀ-ਮਿਥੀ ਸਰਗਰਮੀ ਚੱਲ ਰਹੀ ਹੈ ਕਿ ਵਿਦਿਅਕ ਅਦਾਰਿਆਂ ਵਿੱਚ ਏਦਾਂ ਦੀ ਹਾਲਤ ਬਣ ਜਾਵੇ ਕਿ ਓਥੋਂ ਨਿਕਲਦੇ ਮੈਰਿਟ ਵਾਲੇ ਲੋਕ ਇਸ ਪਾਸੇ ਤੁਰੇ ਜਾਣ ਅਤੇ ਹੋਰਨਾਂ ਦੀ ਬਾਂਹ ਵੀ ਫੜੀ ਲਿਆਉਣ।

ਸਾਨੂੰ ਉਹ ਦੌਰ ਯਾਦ ਹੈ, ਜਦੋਂ ਪੰਜਾਬ ਵਿੱਚ ਵੀ ਅਤੇ ਇਸ ਦੇਸ਼ ਵਿੱਚ ਵੀ ਖੱਬੇ ਪੱਖੀਆਂ ਦੇ ਪ੍ਰਭਾਵ ਹੇਠ ਬਹੁਤ ਸਾਰੇ ਦੂਸਰੇ ਲੋਕ ਸਮਾਜਵਾਦੀ ਸੋਚ ਅਤੇ ਪ੍ਰਚਾਰ ਵਾਲੇ ਅਦਾਰੇ ਅਤੇ ਸੰਸਥਾਵਾਂ ਬਣਾ ਲੈਂਦੇ ਸਨ ਅਤੇ ਖੱਬੇ ਪੱਖੀ ਆਗੂ ਬੜੇ ਖੁਸ਼ ਹੋਇਆ ਕਰਦੇ ਸਨ। ਇਸ ਸਥਿਤੀ ਨੂੰ ਸੰਭਾਲਣ ਦੀ ਥਾਂ ਉਸ ਵੇਲੇ ਦੋ ਵੱਡੀਆਂ ਖੱਬੀਆਂ ਪਾਰਟੀਆਂ ਦੇ ਆਗੂ ਇੱਕ-ਦੂਸਰੇ ਨੂੰ ਨੀਵਾਂ ਵਿਖਾਉਣ ਅਤੇ ਇਹ ਸਾਬਤ ਕਰਨ ਰੁੱਝੇ ਰਹੇ ਕਿ ਅਸਲੀ ਖੱਬੀ ਧਿਰ ਉਹੋ ਹਨ, ਦੂਸਰੀ ਪਾਰਟੀ ਕੋਲ ਠੋਸ ਪ੍ਰੋਗਰਾਮ ਕੋਈ ਨਹੀਂ ਤੇ ਨੀਤੀਆਂ ਵੀ ਡੰਗ-ਟਪਾਊ ਹਨ। ਪੰਜਾਬ ਦੇ ਮੁਲਾਜ਼ਮਾਂ ਵਿੱਚ ਜਦੋਂ ਵੀ ਕਿਸੇ ਮਸਲੇ ਲਈ ਜਨਤਕ ਪ੍ਰੋਗਰਾਮ ਦਾ ਵਕਤ ਹੁੰਦਾ ਜਾਂ ਕਿਸੇ ਅਦਾਰੇ ਦੀ ਜਨਤਕ ਚੋਣ ਹੁੰਦੀ ਤਾਂ ਸਭ ਤਾਕਤ ਇੱਕ-ਦੂਸਰੇ ਵਿਰੁੱਧ ਝੋਕ ਦਿੱਤੀ ਜਾਂਦੀ ਅਤੇ ਨਤੀਜਾ ਇਹ ਨਿਕਲਦਾ ਕਿ ਦੋਵਾਂ ਧਿਰਾਂ ਦਾ ਕਾਡਰ ਭਵਿੱਖ ਵਿੱਚ ਵੀ ਕਦੇ ਇਕੱਠੇ ਹੋਣ ਦੀ ਆਸ ਰੱਖਣ ਦੀ ਥਾਂ ਇੱਕ-ਦੂਸਰੇ ਦੇ ਪੱਕੇ ਸ਼ਰੀਕ ਦਾ ਵਿਹਾਰ ਕਰਨ ਲੱਗ ਪੈਂਦਾ ਸੀ। ਇਨ੍ਹਾਂ ਧਿਰਾਂ ਦੀ ਇਸ ਖਹਿਬੜ ਦੌਰਾਨ ਇਨ੍ਹਾਂ ਦੇ ਉਲਟ ਪਹੁੰਚਦੀਆਂ ਸਾਰੀਆਂ ਧਿਰਾਂ ਵਕਤੀ ਤੌਰ ਉੱਤੇ ਇਕੱਠੀਆਂ ਹੋ ਜਾਂਦੀਆਂ ਸਨ ਤੇ ਫਿਰ ਉਨ੍ਹਾਂ ਦੀ ਇਸ ਵਕਤੀ ਏਕਤਾ ਵਿੱਚੋਂ ਹੌਲੀ-ਹੌਲੀ ਇੱਕ ਧਿਰ ਜਿਹੜੀ ਮਜ਼ਬੂਤ ਹੁੰਦੀ ਗਈ, ਅੱਜ ਉਹ ਇਸ ਸੋਚ ਤੱਕ ਪਹੁੰਚ ਗਈ ਹੈ ਕਿ ਪੰਜਾਬ ਵਿੱਚ ਅਗਲੀ ਵਾਰ ਨਹੀਂ ਤਾਂ ਅਗਲੇਰੀ ਵਾਰ ਸੱਤਾ ਹਾਸਲ ਕਰਨੀ ਹੀ ਕਰਨੀ ਹੈ। ਏਹੋ ਜਿਹੀ ਸੋਚ ਲਈ ਉਹ ਹਰ ਦਾਅ ਵਰਤਣ ਲੱਗੇ ਹਨ ਤਾਂ ਕੋਈ ਇਸ ਨੂੰ ਗਲਤ ਨਹੀਂ ਕਹਿ ਸਕਦਾ, ਕਿਉਂਕਿ ਇਹੋ ਤਾਂ ਰਾਜਨੀਤੀ ਹੈ।

ਇਹੋ ਤਾਂ ਰਾਜਨੀਤੀ ਹੈ, ਭਵਿੱਖ ਦੀ ਉਹ ਰਾਜਨੀਤੀ, ਜਿਸ ਬਾਰੇ ਪੰਜਾਬ ਵਿੱਚ ਇਸ ਵੇਲੇ ਰਾਜ ਕਰਦੀ ਧਿਰ ਵੀ ਸੋਚਣ ਯੋਗ ਨਹੀਂ ਤੇ ਜਿਹੜੀ ਪਾਰਟੀ ਅੱਜ ਦੇ ਦਿਨ ਤੱਕ ਜਨਤਕ ਆਧਾਰ ਪੱਖੋਂ ਤੇ ਵਿਧਾਨ ਸਭਾ ਦੀ ਵਿਰੋਧੀ ਧਿਰ ਵਜੋਂ ਇਹ ਕੁਝ ਕਰ ਸਕਦੀ ਹੈ, ਉਸ ਦੇ ਆਗੂ ਵੀ ਇਹ ਸੋਚਣਾ ਨਹੀਂ ਚਾਹੁੰਦੇ। ਭਵਿੱਖ ਅਚਾਨਕ ਸੱਟ ਮਾਰਨ ਦੀ ਥਾਂ ਅਗੇਤੇ ਸੰਕੇਤ ਦੇਂਦਾ ਹੁੰਦਾ ਹੈ ਅਤੇ ਇਸ ਵਕਤ ਵੀ ਉਹ ਸੰਕੇਤ ਦੇਈ ਜਾਂਦਾ ਹੈ, ਜੇ ਕੋਈ ਸਮਝਣਾ ਚਾਹੇ ਤਾਂ।

# ਅਦੀਨਾ ਬੇਗ ਦਾ ਦੀਨਾਨਗਰ

**ਪਿੰਡ ਵਸਿਆ-41**

**ਵਿਜੈ ਬੰਬੇਲੀ**

ਢੇਰ ਸਮਾਂ ਪਹਿਲਾਂ ਵੱਸਦੀ ਰਹੀ ਇਸ ਨਗਰੀ, ਜਿਸ ਨੂੰ ਪਾਣੀਆਂ ਨੇ ਬੁਰਦ ਕਰ ਦਿੱਤਾ ਸੀ, ਨੂੰ ਨਵਾਬ ਅਦੀਨਾ ਬੇਗ ਨੇ ਮੁੜ ਵਸਾਇਆ ਅਤੇ ਪੱਕੇ ਪੈਰੀਂ ਕੀਤਾ ਸੀ। ਇਹ ਪ੍ਰਾਚੀਨ ਖੇੜਾ ਕਦੋਂ ਉਗਮਿਆ, ਦੀ ਪੂਰਬ ਗਾਥਾ ਤਵਾਰੀਖ ਦੀ ਜਮੀਂ ਵਿੱਚ ਦਫਨ ਹੈ। ਅਦੀਨਾ ਬੇਗ (1710-1758) ਨੇ ਇਸ ਨੂੰ 1730 'ਚ ਮੁੜ ਆਬਾਦ ਕਰਨ ਦੀਆਂ ਕੋਸ਼ਿਸ਼ਾਂ ਆਰੰਭੀਆਂ, ਜਦੋਂ ਉਹ ਸਰਹਿੰਦ ਦਾ ਨਹੀਂ ਪੰਜਾਬ ਸੂਬੇ ਦਾ ਉੱਘਾ ਸਿਪਾਹਸਿਲਾਰ ਸੀ। ਮੁਗਲਾਂ ਦੇ ਇਸ ਯੋਧੇ ਨੂੰ ਵੇਲੇ ਦੀਆਂ ਤਰਥੱਲੀ ਭਰੀਆਂ ਹਾਲਤਾਂ ਵਿੱਚ ਪੰਜਾਬ ਦਾ ਨਵਾਬ ਘੋਸ਼ਿਤ ਕੀਤਾ ਗਿਆ ਸੀ। ਹੈਰਾਨੀ ਦੀ ਗੱਲ ਇਹ, ਉਸ ਨੂੰ ਮੁਗਲਾਂ ਨਾਲ ਪੰਜਾਬ/ਸਰਹਿੰਦ ਖਿੱਤੇ 'ਚ ਝਪਟਾਮਾਰੀ ਕਰ ਰਹੇ ਮਰਹੱਟਿਆਂ ਦੀ ਵੀ ਮੂਕ ਸਹਿਮਤੀ ਪ੍ਰਾਪਤ ਸੀ। ਇਹੀ ਨਹੀਂ; ਅਪ੍ਰੈਲ 1758 ਤੋਂ ਸਤੰਬਰ 1758 ਤਾਈਂ, ਮਹਿਜ਼ 39 ਕੁ ਵਰ੍ਹਿਆਂ ਦੀ ਜੀਵਕਾ ਉਪਰੰਤ ਆਪਣੀ 15 ਸਤੰਬਰ ਨੂੰ ਹੋਈ ਮੌਤ ਤੱਕ, ਇਸ ਦੀ ਸਿੱਖ ਅਹਿਲਕਾਰਾਂ ਨਾਲ ਵੀ ਸੁਰ ਸਾਂਝੀ ਰਹੀ। ਅਦੀਨਾ ਬੇਗ, ਜਿਹੜਾ ਜਾਤ ਦਾ ਅਰਾਂਈ, ਮੁਸਲਮਾਂ ਦੀ ਨਿਮਨ ਕਿਸਾਨੀ ਧਿਰ ਸੀ, ਸਮਰਾਟ ਅਕਬਰ ਵਾਂਗ ਉਦਾਰਵਾਦੀ ਸੀ। ਦਰ-ਹਕੀਕਤ, ਜਿਹੜੇ ਵੀ ਹਾਕਮ ਕਿਸੇ ਵਿਸ਼ੇਸ਼ ਧਰਮ ਦੇ ਸਰਪ੍ਰਸਤ ਜਾਂ ਕੱਟੜ ਧਰਮੀ ਨਹੀਂ ਹੁੰਦੇ, ਉਹ ਸਾਂਝੇ-ਮੀਂਝੇ ਹੀ ਹੁੰਦੇ ਹਨ। ਹਾਕਮਾਂ ਉੱਤੇ ਹੀ ਨਹੀਂ ਇਹ ਗੱਲ ਹਰ ਵਿਅਕਤੀ ਸੰਦਰਭ ਹੈ ਕਿ, "ਆਪਣੇ ਮੱਥੇ 'ਤੇ ਵਿਸ਼ੇਸ਼ ਜਾਤ-ਧਰਮ ਦਾ ਗੂੜ੍ਹਾ ਫੱਟਾ ਲਮਕਾਈ ਫਿਰਦੇ ਲੋਕ ਸਹਿਹੋਂਦੀ ਨਹੀਂ ਹੁੰਦੇ।" ਹਾਂ; ਪੁਨਰ ਸਿਰਜਣਾ ਸਮੇਂ ਉਸ ਬਦੌਲਤ ਇਸ ਖੇੜੇ ਨੂੰ 'ਅਦੀਨਾ ਨਗਰ' ਲਕਬ ਮਿਲਿਆ ਸੀ, ਪਰ ਤਵਾਰੀਖੀ ਸਥਾਨ ਹੋਣ ਦੇ ਬਾਵਜੂਦ ਅਦੀਨਾ ਬੇਗ ਨੇ ਆਪਣਾ ਰਾਜ-ਭਾਗ ਇਥੋਂ ਨਹੀਂ, ਇੱਥੋਂ ਢਾਈ ਕੋਹ ਦੂਰ ਪੈਂਦੇ ਜਲ ਤੇ ਕੁਦਰਤ ਲਬਰੇਜ਼, ਇੱਕ ਕਦੀਮੀ ਕਸਬੇ (ਪ੍ਰਾਚੀਨ ਪਿੰਡ) 'ਬਹਿਰਾਮਪੁਰ' ਤੋਂ ਚਲਾਇਆ ਸੀ।

ਪਹਿਲਾਂ ਮਿਸਲਾਂ, ਮਗਰੋਂ ਮਹਾਰਾਜਾ ਰਣਜੀਤ ਸਿੰਘ, ਜਿਸ ਨੇ ਇਸ ਦੀ ਨਮ-ਠੰਡਾਈ ਅਤੇ ਕੁਦਰਤ ਤੇ ਅੰਬਾਂ ਦੀ ਬਰਕਤ ਕਾਰਨ, ਹੁੰਮਸ ਭਰੇ ਦਿਨਾਂ ਦਾ ਆਪਣਾ ਆਰਜੀ ਸਦਰ-ਮੁਕਾਮ ਬਣਾਈ ਰੱਖਿਆ, ਤੋਂ ਬਾਅਦ, ਜਦ 1849 'ਚ ਪੰਜਾਬ ਬ੍ਰਿਟਿਸ਼ ਸਾਮਰਾਜ ਅਧੀਨ ਆ ਗਿਆ ਤਾਂ ਉਹਨਾਂ ਇਸ ਪਰਗਨੇ ਦੀ ਉੱਤਮਤਾ ਅਤੇ ਤਰੱਕੀ ਜਾਚ ਇਸ ਨੂੰ 'ਦੀਨਾ ਨਗਰ' ਨਾਂਅ ਦੇ ਕੇ ਜ਼ਿਲ੍ਹਾ ਘੋਸ਼ਿਤ ਕਰ ਦਿੱਤਾ, ਪਰ ਗੋਰਿਆਂ ਨੇ ਆਪਣੇ ਦਫਤਰਾਂ, ਰਿਹਾਇਸ਼ਾਂ ਹਿੱਤ, ਖਾਸ ਕਰਕੇ ਆਪਣੀਆਂ ਯੁੱਧਨੀਤਕ ਗਿਣਤੀਆਂ-ਮਿਣਤੀਆਂ ਤਹਿਤ ਇਸ ਨਵ ਜ਼ਿਲ੍ਹੇ ਦਾ ਸਦਰ ਮੁਕਾਮ ਇੱਥੇ ਨਹੀਂ, ਨੇੜਲੇ ਗੁਰਦਾਸਪੁਰ ਨੂੰ ਬਣਾ ਕੇ ਉਸ ਦੀ, ਗੁਰਦਾਸ ਪਿੰਡ ਦੀ, ਤਰੱਕੀ ਦਾ ਵਹਿਣ ਖੋਲ੍ਹ ਦਿੱਤਾ। ਉਦੋਂ 'ਦੀਨਾ ਨਗਰ' ਨਾਂਅ ਵਾਲੇ ਇਸ ਜ਼ਿਲ੍ਹੇ ਨਾਲ ਮੁਕੰਮਲ ਬਟਾਲਾ ਪਰਗਨਾ ਅਤੇ ਪਠਾਨਕੋਟ ਪਰਗਨੇ ਦੇ 181 ਪਿੰਡ ਜੋੜੇ ਗਏ ਸਨ। ਸਮਾਂ ਵੱਸ, ਕਈ ਕਾਰਨੀਂ ਦੀਨਾ ਨਗਰ ਹੱਥੋਂ ਜ਼ਿਲ੍ਹੇ ਦੀ ਕਲਗੀ ਵੀ ਖਿਸਕਾ ਕੇ ਗੁਰਦਾਸਪੁਰ ਦੇ ਮੱਥੇ 'ਤੇ ਸਜ਼ਾ ਦਿੱਤੀ ਗਈ।

ਇਸ ਪ੍ਰਾਚੀਨ ਨਗਰ ਦੀਆਂ ਢੇਰ ਸ਼ਾਨਾਮੱਤਾ ਬਾਤਾਂ ਹਨ। ਤੁਸੀਂ ਮੈਨੂੰ ਪੁਸਤਕ 'ਪੰਜਾਬ ਦੀ ਜੋਗਰਾਫਯਾਈ ਤਵਾਰੀਖ', ਲਿਖਤ ਮੁਹੀਉਲਦੀਨ ਉਰਫ ਬੂਟੇ ਸ਼ਾਹ ਜਿਸ ਅੰਗਰੇਜ਼ ਅਹਿਲਕਾਰਾਂ ਦੇ ਕਹਿਣ 'ਤੇ ਇਸ ਨੂੰ 1850 ਤੱਕ 'ਤਾਰੀਖ ਪੰਜਾਬ' ਦੇ ਨਾਂਅ ਸਮਬੱਧ ਕੀਤਾ ਸੀ, ਵਿੱਚ ਇਸ ਖੇੜੇ ਦੀ ਦਾਸਤਾਨ, ਉਸ ਦੇ ਹਰਫਾਂ ਵਿੱਚ ਹੀ ਦਰਜ ਕਰਕੇ ਇਹ ਲੇਖ ਨਿਰਧਾਰਤ ਚੌਖਟੇ ਵਿੱਚ ਮੁਕਾਉਣ ਦੀ ਆਗਿਆ ਦਿਓ:

"ਅਦੀਨਾ ਨਗਰ ਪਹਾੜ ਦੀ ਕੰਢੀ ਨੇੜੇ, ਅਦੀਨਾਬੇਗਖਾਂ ਦਾ ਆਬਾਦ ਕੀਤਾ ਹੋਇਆ ਹੈ, ਜੋ ਉਸ ਸਮੇਂ ਵਿਖੇ, ਦੁਆਬੇ ਬਾਰੀ ਅਤੇ ਦੁਆਬੇ ਬਿਸਤ ਜਲੰਧਰ ਅਤੇ ਲਹੌਰ ਦਾ ਹਾਕਮ ਸਾ; ਉਸ ਵੇਲੇ ਇਹ ਸਹਿਰ ਬਹੁਤ ਆਬਾਦ ਸੀ, ਅਤੇ ਹਰ ਪਰਕਾਰ ਦੇ ਹੁਨਰੀ ਅਤੇ ਕਾਰਖਾਨੇਦਾਰ ਲੋਕ ਉਥੇ ਆਣ ਵਸੇ; ਅਤੇ ਸਹਿਰੋਂ ਚੜ੍ਹਦੇ ਹੱਥ ਇਕ ਬਾਗ ਬਣਾਇਆ ਗਿਆ ਸੀ, ਕਿ ਉਹ ਸਾਹ ਨਹਿਰ ਜੋ ਲਹੌਰ ਨੂੰ ਜਾਂਦੀ ਸੀ, ਇਸ ਬਾਗ ਵਿਚ ਦੀ ਹੋ ਕੇ ਲੰਘਦੀ ਹੈ ਅਤੇ ਇਸ ਬਾਗ ਵਿਚ ਕਈ ਬੈਠਕਾਂ ਅਰ ਹੌਦ ਬਣੇ ਹੋਏ ਹਨ। ਅਤੇ ਇਸ ਸਹਿਰ ਦੇ ਦੁਆਲੇ ਦੀ ਧਰਤੀ ਵਡੀ ਤਰ ਅਤੇ ਤਾਜੀ ਹੈ, ਅਤੇ ਪਹਾੜ ਦੀ ਨੇੜ ਕਰਕੇ ਹਰਿਆਈ ਅਤੇ ਪਾਣੀ ਦੀਆਂ ਢਾਬਾਂ ਬਹੁਤ ਹਨ, ਅਤੇ ਹਰ ਪਰਕਾਰ ਦਾ ਜੰਗਲੀ ਅਤੇ ਆਬੀ ਸਕਾਰ (ਸ਼ਿਕਾਰ) ਉਸ ਗਿਰਦੇ ਵਿਚ ਹਦੋਂ ਬਾਹਰ ਹੈ॥

ਅਤੇ ਬਹਾਰ ਦੀ ਰੁੱਤੇ ਉਹ ਧਰਤੀ ਵਡੇ ਸੈਲ ਦੀ ਜਾਗਾ ਹੈ; ਅਤੇ ਤੂਤ, ਅਲੂਚੇ, ਸੰਗਤਰੇ, ਅਤੇ ਹੋਰ ਕਈ ਭਾਂਤ ਦੇ ਮੇਵੇ ਉਸ ਜਿਲੇ ਵਿਚ ਹੁੰਦੇ ਹਨ, ਅਤੇ ਉਥੇ ਦੀ ਹੋਰ ਵਡਿਆਈ ਇਹ ਹੈ, ਜੋ ਸਸਤੇ ਲਭਦੇ ਹਨ। ਅਤੇ ਸਹਿਰ ਅਰ ਪਿੰਡਾਂ ਦੁਆਲੇ ਹਰ ਭਾਂਤ ਦੇ ਬਹੁਤ ਰੁੱਖ ਹਨ, ਸਭ ਤੇ ਵਧੇਰੇ ਬੇਰੀਆਂ ਦੇ ਬੂਟੇ ਹਨ; ਅਤੇ ਉਨਾਂ ਦੇ ਬੇਰ ਅਜਿਹੇ ਮਿੱਠੇ ਹੁੰਦੇ ਹਨ ਜੋ ਬਟਾਲੇ ਤੀਕੁ ਲੈ ਜਾਕੇ ਬੇਚਦੇ ਹਨ॥

ਸਹਿਰੋਂ ਉਤਰ ਦੇ ਰੁਕ ਇਕ ਨਹਿਰ ਹੈ, ਜੋ ਪਹਾੜੋਂ ਉਤਰਕੇ ਸਦਾ ਵਗਦੀ ਰਹਿੰਦੀ ਹੈ, ਅਤੇ ਉਸ ਨਹਿਰ ਪੁਰ ਪੁਲ ਬੰਨਕੇ ਸਾਹ ਨਹਿਰ ਉਥੇ ਲੰਘਾਈ ਹੋਈ ਸੀ॥

ਜਾਂ ਅਦੀਨਾਬੇਗਖਾਂ ਮਰ ਗਿਆ, ਅਤੇ ਸਿੱਖਾਂ ਨੈ ਪੰਜਾਬ ਦਾ ਮੁਲਖ ਲੁੱਟ ਲੀਤਾ, ਤਾਂ ਇਹ ਸਹਿਰ ਬੀ ਉਜੜ ਹੋ ਗਿਆ। ਫੇਰ ਝੰਡਾ ਸਿੰਘ ਖੇੜੀਵਾਲੇ ਦੇ ਰਾਜ ਵਿਚ ਕੁਛ ਥੁਹੁੜੀ ਜਿਹੀ ਰੌਣਕ ਹੋ ਗਈ ਸੀ; ਅਤੇ ਉਸ ਨੇ ਉਸ ਜਾਗਾ ਤੀਹ ਵਰਿਹਾਂ ਰਾਜ ਕੀਤਾ। ਜਾਂ ਉਹ ਮਰ ਗਿਆ, ਤਾਂ ਉਸ ਦੇ ਪੁੱਤ ਗੁਲਾਬਸਿੰਘੁ ਨੈ ਉਸ ਤੇ ਪਿਛੇ ਉਸ ਜਾਗਾ ਦਾ ਬੀਹ ਬਰਸਾਂ ਰਾਜ ਕੀਤਾ, ਪਰ ਸਦਾ ਕਨਈਆਂ (ਘਨੇਈਆਂ ਮਿਸਲ) ਦਾ ਹੀ ਮਲੀਹਦੜ (ਪਿੱਛਲੱਗ/ਦੱਬੂ) ਰਿਹਾ; ਉਸ ਵੇਲੇ ਤੀਕੁਰ ਕਿ ਜਾਂ ਮਹਾਰਾਜੇ ਰਣਜੀਤਸਿੰਘੁ ਨੈ ਗੁਲਾਬਸਿੰਘੁ ਨੂੰ ਫੜਕੇ ਉਸ ਕੋਲੋਂ ਮੁਲਖ ਖੁਹ ਲਿਆ, ਤਦ ਇਹ ਸਹਿਰ ਬੀ ਮਹਾਰਾਜੇ ਦੇ ਹੱਥ ਆ ਗਿਆ, ਅਤੇ ਗੁਲਾਬਸਿੰਘੁ ਨੂੰ ਇਕ ਛੋਟਾ ਜਿਹਾ ਪਿੰਡੋਰਾ ਜਗੀਰ ਵਿਚ ਦੇ ਦਿੱਤਾ।

ਅਤੇ ਸਨ 1227 ਹਿਜਰੀ (1814 ਈ.) ਵਿਖੇ ਜਾਂ ਮਹਾਰਾਜੇ ਰਣਜੀਤਸਿੰਘੁ ਦੇ ਮਨ ਵਿਚ ਆਈ, ਕਿ ਇਸ ਸਹਿਰ ਨੂੰ ਅਬਾਦ ਕਰਯੇ, ਤਾਂ ਉਸ ਨੈ ਕਾਰਮਕੇ ਹਰ ਬਰਸਾਤ ਨੂੰ ਫੋਜ ਸਣੇ ਉਥੇ ਜਾਕੇ ਰਹਿਣਾ ਸੁਰੂ ਕੀਤਾ, ਅਤੇ ਨਹਿਰ ਦੇ ਕੰਢੇ ਵਡਾ ਅਨੂਪ ਬਾਗ ਲਵਾਕੇ, ਉਸ ਵਿਚ ਅੱਤ ਸੁੰਦਰ ਅੰਬਾਰਤਾਂ ਅਤੇ ਹੌਦ ਅਰ ਫੁਆਰੇ ਬਣਵਾਏ; ਅਤੇ ਤਿਹੇ ਹੀ ਉਸ ਦੇ ਅੰਬੀਰਾਂ (ਅਮੀਰ ਲੋਕਾਂ) ਨੈ ਆਪੋ ਆਪਣੇ ਲਈ ਬਾਗ ਅਰ ਅੰਬਾਰਤਾਂ ਬਣਵਾਈਆਂ; ਇਸ ਕਰਕੇ ਸਹਿਰ ਵਿਚ ਬਹੁਤ ਰੌਣਕ ਹੋ ਗਈ, ਅਤੇ ਹਰ ਭਾਂਤ ਦੇ ਕਾਰਖਾਨੇਦਾਰ ਅਰ ਸੁਦਾਗਰ ਫੇਰ ਉਥੇ ਜਾ ਰਹੇ, ਅਤੇ ਬਜਾਰ ਚੌਂਪੜ ਦੀ ਕਤਾ (ਚੌਰਾਹਾਂ) ਦਾ ਪੈ ਗਿਆ, ਅਰਥਾਤ ਗਭੇ ਚੌਂਕ, ਅਤੇ ਚੋਹੀਂ ਪਾਸੀਂ ਚਾਰ ਬਜਾਰ, ਪਰ ਹੱਟਾਂ ਤਿੰਨ ਕੁ ਸੈ ਥੀਂ ਵਧੀਕ (300 ਕੁ ਤੋਂ ਵੱਧ) ਨਾ ਹੋਈਆਂ। ਉਥੋਂ ਬਿਆਹ ਨਦੀ (ਦਰਿਆ ਬਿਆਸ) ਛੇ ਕੋਹ, ਅਤੇ ਦਰਿਆਉ ਰਾਵੀ ਪੁੰਜ ਕੋਹ (12 ਕਿਲੋਮੀਟਰ) ਹੈ॥"

**ਸੰਪਰਕ : 94634-39075**

# ਕੋਈ ਨਾ ਏਥੇ ਦਰਦ ਵੰਡਾਵੇ, ਕੋਈ ਨਾ ਮੰਗਦਾ ਖ਼ੈਰ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-28**

**ਸੁਰਜੀਤ ਸੁਮਨ**

ਸਾਰੀ ਰਾਤ ਮੋਹਲ਼ੇਧਾਰ ਵਰਖਾ ਹੁੰਦੀ ਰਹੀ। ਇਸੇ ਦੌਰਾਨ ਮੇਰੀ ਨੀਂਦ ਖੰਭ ਲਾ ਕੇ ਉੱਡ ਗਈ। ਫਿਰ ਰਾਤ ਭਰ ਹਿਮਾਚਲ ਵਿੱਚ ਪਹਾੜਾਂ ਦੇ ਖਿਸਕਣ ਦੀਆਂ ਹੌਲਨਾਕ ਵੀਡੀਓਜ਼ ਤੇ ਉੱਤਰਕਾਸ਼ੀ ਦੇ ਧਰਾਲ਼ੀ ਪਿੰਡ ਦੀਆਂ ਖੌਫ਼ਨਾਕ ਤਸਵੀਰਾਂ ਨੇ ਮੇਰੀਆਂ ਸੋਚਾਂ ਦਾ ਜਹਾਨ ਮੱਲੀ ਰੱਖਿਆ। ਖੀਰ ਗੰਗਾ ਦੇ ਪ੍ਰਾਚੀਨ ਵਹਿਣ ਵਿੱਚ ਘੁੱਗ ਵਸਦਾ ਇਹ ਪਹਾੜੀ ਪਿੰਡ ਅੱਖ ਦੇ ਫੋਰ ਵਿੱਚ ਮਲਬੇ ਹੇਠ ਕਿਧਰੇ ਦਫਨ ਹੋ ਗਿਆ। 'ਸਿਆਣੇ ਕਹਿੰਦੇ ਨੇ ਭਾਈ ਅੱਗ ਦੀਆਂ ਲਪਟਾਂ ਤੋਂ ਤਾਂ ਕਿਵੇਂ ਨਾ ਕਿਵੇਂ ਬਚਾਅ ਹੋਜੂ, ਪਰ ਪਾਣੀ ਦੀ ਮਾਰ ਤੋਂ ਬਚਣਾ ਬਹੁਤ ਔਖਾ।' ਮੈਨੂੰ ਤਾਇਆ ਆਤਮਾ ਸਿੰਘ ਦਾ ਕਥਨ ਚੇਤੇ ਆਇਆ। ਸੋਚਦਾ ਹਾਂ ਇਨ੍ਹਾਂ ਦੋਹਾਂ ਦੀ ਹੀ ਮਾਰ ਬੁਰੀ। ਜਦੋਂ ਇਹ ਦੋਵੇਂ ਆਪਣੀ ਆਈ 'ਤੇ ਆਉਂਦੇ ਨੇ, ਉੱਤਲੀ ਥੱਲੇ ਅਤੇ ਥੱਲੜੀ ਉੱਤੇ ਕਰ ਛੱਡਦੇ ਹਨ। ਪੰਜਾਬ ਦੀ ਫਿਜ਼ਾ ਵਿੱਚ ਪਹਿਲਾਂ ਹੀ ਜਿੱਥੇ ਪ੍ਰਾਈਵੇਟ ਬਿਲਡਰਾਂ ਵੱਲੋਂ ਵਾਹੀਯੋਗ ਜ਼ਮੀਨਾਂ, ਰਿਹਾਇਸ਼ੀ ਤੇ ਵਪਾਰਕ ਪਲਾਟਾਂ ਦੇ ਕਾਰੋਬਾਰ ਵਿੱਚ ਹੜ੍ਹ ਲਿਆਂਦਾ ਪਿਆ ਹੈ, ਉੱਥੇ ਹੀ ਹੁਣ ਸਰਕਾਰ ਵੱਲੋਂ ਨਵੀਂ ਲੈਂਡ ਪੂਲਿੰਗ ਨੀਤੀ ਦੇ ਬਾਲ਼ੇ ਭਾਂਬੜ ਨੂੰ ਮਾਣਯੋਗ ਹਾਈਕੋਰਟ ਅਤੇ ਲੋਕ ਰੋਹ ਨੇ ਕੁਝ ਮੱਠਾ ਕਰਨ ਦਾ ਉਪਰਾਲਾ ਜ਼ਰੂਰ ਕੀਤਾ ਹੈ। ਮੈਨੂੰ ਚੇਤੇ ਆਉਂਦੀ ਹੈ, ਤਤਕਾਲੀਨ ਸਰਕਾਰ ਵੱਲੋਂ ਚੰਡੀਗੜ੍ਹ ਨੇੜੇ ਅਨੰਦਗੜ੍ਹ ਵਸਾਉਣ ਦੀ ਸਕੀਮ। ਉਨ੍ਹਾਂ ਸਮਿਆਂ ਵਿੱਚ ਇਸ ਸਕੀਮ ਦਾ ਇਵੇਂ ਹੀ ਬੇਹੱਦ ਵਿਰੋਧ ਹੋਇਆ ਸੀ, ਪਰ ਸਮੇਂ ਨੇ ਕਰਵਟ ਬਦਲੀ ਤੇ ਫਿਰ ਨਵੀਂ ਸਕੀਮ ਤਹਿਤ ਨਿਊ ਚੰਡੀਗੜ੍ਹ ਵਸਣ ਜੋਗਾ ਕਰ ਲਿਆ ਗਿਆ। ਨਿਊ ਚੰਡੀਗੜ੍ਹ ਦੀ ਜ਼ੱਦ ਵਿੱਚ ਆਏ ਪਿੰਡ ਹੁਸ਼ਿਆਰਪੁਰ ਦੇ ਵਾਸੀ ਤੇ ਸਮਾਜ ਸ਼ਾਸਤਰੀ ਪ੍ਰਿੰਸੀਪਲ ਸਤਨਾਮ ਸਿੰਘ ਸ਼ੋਕਰ ਇਸ ਨੀਤੀ ਤੋਂ ਡਾਢੇ ਉਦਾਸ ਹਨ। ਉਹ ਸੋਸ਼ਲ ਮੀਡੀਆ 'ਤੇ ਅਕਸਰ ਸਰਗਰਮ ਰਹਿੰਦੇ ਹਨ। ਇਰਦ-ਗਿਰਦ ਘਟ ਰਹੀਆਂ ਘਟਨਾਵਾਂ, ਚਾਹੇ ਉਹ ਧਾਰਮਿਕ, ਸਿਆਸੀ ਜਾਂ ਸਮਾਜਿਕ ਹੋਣ, ਸਭ 'ਤੇ ਉਹ ਤਿਰਛੀ ਨਜ਼ਰ ਰੱਖਦੇ ਹਨ। ਗੱਲਾਂ ਕਰਦਿਆਂ ਉਹ ਦੱਸ ਰਹੇ ਸਨ, 'ਏਅਰਪੋਰਟ ਰੋਡ 'ਤੇ ਨਿਊ ਚੰਡੀਗੜ੍ਹ ਵਸਾਉਣ ਲਈ ਸਰਕਾਰ ਨੇ ਸਾਲ 2013 ਵਿੱਚ ਲੈਂਡ ਪੂਲਿੰਗ ਨੀਤੀ ਲਿਆਂਦੀ ਸੀ। ਇਸ ਨੀਤੀ ਤਹਿਤ ਹੀ ਸਾਡੇ ਪਿੰਡ ਦੇ ਜ਼ਿਮੀਂਦਾਰਾਂ ਨੂੰ ਰਿਹਾਇਸ਼ੀ ਪਲਾਟ ਤਾਂ ਮਿਲ਼ ਗਏ, ਪਰ ਵਪਾਰਕ ਪਲਾਟਾਂ ਦੀ ਹਾਲੇ ਤੱਕ ਕੋਈ ਉੱਘ-ਸੁੱਘ ਨਈਂ। ਇਹ ਸਕੀਮ ਲਾਗੂ ਹੋਣ ਦੇ ਤਿੰਨ ਕੁ ਸਾਲ ਬਾਅਦ ਤੱਕ ਤਾਂ ਸਰਕਾਰ ਕਿਸਾਨਾਂ ਨੂੰ ਪ੍ਰਤੀ ਕਿੱਲਾ ਪੱਚੀ-ਤੀਹ ਹਜ਼ਾਰ ਰੁਪਏ ਠੇਕੇ ਦੀ ਅਦਾਇਗੀ ਕਰਕੇ ਵਰਾਉਂਦੀ ਰਹੀ, ਮੁੜ ਸੁਸਰੀ ਵਾਂਗ ਸੌਂ ਗਈ। ਫਿਰ ਕਿਸੇ ਨੇ ਪਿੰਡ ਵਾਸੀਆਂ ਦੀ ਬਾਤ ਨਈਂ ਪੁੱਛੀ। ਹੁਣ ਲੋਕਾਂ ਨੂੰ ਕੋਈ ਪਤਾ ਨਹੀਂ ਉਨ੍ਹਾਂ ਨੂੰ ਮਿਲ਼ਣ ਵਾਲੇ ਵਪਾਰਕ ਪਲਾਟ ਕਿੱਥੇ ਹਨ? ਕਦੋਂ ਮਿਲ਼ਣਗੇ? ਜੇ ਮਿਲ਼ ਵੀ ਗਏ ਤਾਂ ਉਹ ਕਦੋਂ ਵਿਕਸਿਤ ਹੋਣਗੇ? ਕਦੋਂ ਉੱਥੇ ਬਾਜ਼ਾਰ ਬਣਨਗੇ? ਇਹ ਸਭ ਭਵਿੱਖ ਦੇ ਗਰਭ ਵਿੱਚ ਹੈ। ਸਾਡੇ ਆਲ਼ੇ-ਦੁਆਲ਼ੇ ਨਜ਼ਰ ਮਾਰ ਕੇ ਦੇਖ ਲਓ, ਹਜ਼ਾਰਾਂ ਏਕੜ ਜ਼ਮੀਨ ਖਾਲੀ ਪਈ ਹੈ। ਇਸ ਨੇ ਕਦੋਂ ਵਿਕਸਿਤ ਹੋਣੈਂ? ਕਦੋਂ ਲੋਕਾਂ ਨੇ ਇੱਥੇ ਆ ਕੇ ਵਸਣਾ, ਕੋਈ ਨਹੀਂ ਜਾਣਦਾ। ਸਮਝ ਨਈਂ ਆਉਂਦੀ ਨਵੀਂ ਲੈਂਡ ਪੂਲਿੰਗ ਨੀਤੀ ਲਿਆਉਣ ਵਿੱਚ ਆਮ ਲੋਕਾਂ ਦਾ ਭਲਾ ਕਿਵੇਂ ਸੀ? ਊਂ ਇੱਕ ਗੱਲ ਜ਼ਰੂਰ ਐ, ਮੌਜੂਦਾ ਨੀਤੀਆਂ ਅਨੁਸਾਰ ਪ੍ਰਾਈਵੇਟ ਡਿਵੈਲਪਰਾਂ ਨੇ ਆਮ ਲੋਕਾਂ ਦਾ ਕਚੂਮਰ ਕੱਢਿਆ ਹੋਇਆ ਹੈ। ਦੇਖਿਆ ਜਾਵੇ ਤਾਂ ਉਹ ਸਰਕਾਰ ਦੀ ਕਿਸੇ ਵੀ ਸ਼ਰਤ ਨੂੰ ਮੰਨਣ ਲਈ ਰਾਜ਼ੀ ਨਹੀਂ। ਇੱਕ ਸ਼ਰਤ ਅਨੁਸਾਰ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਲਈ ਇਨ੍ਹਾਂ ਪ੍ਰਾਜੈਕਟਾਂ ਵਿੱਚ ਪੰਜ ਫੀਸਦੀ ਜ਼ਮੀਨ ਰਾਖਵੀਂ ਰੱਖੀ ਜਾਣੀ ਬਣਦੀ ਹੈ। ਪ੍ਰਾਈਵੇਟ ਬਿਲਡਰ ਆਜ਼ਾਦ ਪੰਛੀ ਹਨ। ਉਹ ਸਮਝਦੇ ਹਨ ਕਿ ਸਰਕਾਰੀ ਨਿਯਮਾਂ ਨੂੰ ਮੰਨਣ ਜਾਂ ਨਾ ਮੰਨਣ, ਉਨ੍ਹਾਂ ਨੂੰ ਪੁੱਛਣ ਵਾਲ਼ਾ ਕੋਈ ਨਹੀਂ। ਇਹੋ ਵਜ੍ਹਾ ਹੈ ਕਿ ਇੱਥੇ ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੁੰਦਾ ਤੁਰਿਆ ਜਾ ਰਿਹਾ ਹੈ। ਮੈਨੰ ਖਦਸ਼ਾ ਹੈ ਕਿ ਲੋਕ ਰੋਹ ਦੇ ਡਰੋਂ ਬੇਸ਼ੱਕ ਹਾਲ ਦੀ ਘੜੀ ਨਵੀਂ ਲੈਂਡ ਪੂਲਿੰਗ ਨੀਤੀ ਟਲ਼ ਗਈ, ਪਰ ਕੀ ਪਤਾ ਭਵਿੱਖ ਵਿੱਚ ਇਹ ਕਿਸੇ ਹੋਰ ਰੂਪ ਵਿੱਚ ਲਿਆਂਦੀ ਜਾਵੇ। ਕੌਣ ਜਾਣਦੈ? ਸੱਤਾ ਸੁੱਖ ਭੋਗ ਰਹੇ ਤੇ ਰੀਅਲ ਅਸਟੇਟ ਦੇ ਕਿੱਤੇ ਵਿੱਚ ਕੰਮ ਕਰ ਰਹੇ ਲੋਕਾਂ ਨੇ ਸਰਕਾਰਾਂ ਅੱਗੇ ਨਵੀਆਂ ਨਵੀਆਂ ਸਕੀਮਾਂ ਦਾ ਪਟਾਰਾ ਖੋਲ੍ਹਣਾ ਈ ਹੁੰਦੈ। ਚੰਗਾ ਯਾਰ ਮੈਂ ਤਾਂ ਗੱਲਾਂ-ਗੱਲਾਂ 'ਚ ਭੁੱਲ ਈ ਗਿਆ। ਮਹਿਰਾ ਸਾਬ੍ਹ ਦੀ ਖ਼ਬਰ ਲੈਣ ਜਾਣਾ। ਉਹ ਪੀਜੀਆਈ ਦਾਖ਼ਲ ਐ। ਕਹਿੰਦੇ ਘਰੋਂ ਸੈਰ ਕਰਨ ਨਿਕਲ਼ਿਆ। ਅੱਗੋਂ ਆਉਂਦੇ ਅਵਾਰਾ ਸਾਨ੍ਹ ਨੇ ਉਸ 'ਤੇ ਐਸਾ ਹਮਲਾ ਕੀਤਾ, ਬਈ ਪੁੱਛੋ ਕੁਸ਼ ਨਾ। ਖੋਪੜੀ ਦੇ ਪਿਛਲੇ ਪਾਸੇ ਗਿੱਚੀ ਤੇ ਜਬਾੜੇ ਦੀ ਹੱਡੀ 'ਚ ਹਲਕਾ ਜਿਹਾ ਫਰੈਕਚਰ ਆ ਗਿਆ, ਨਾਲ਼ੇ ਕਹਿੰਦੇ ਰੀੜ ਦੀ ਹੱਡੀ ਦੇ ਮਣਕੇ ਵੀ ਹਿੱਲ ਗਏ। ਪ੍ਰੇਮੀ ਜੀ ਦੱਸਦੇ ਸੀ ਬਈ ਸ਼ਾਇਦ ਛੁੱਟੀ ਤਾਂ ਮਿਲ਼ ਗਈ। ਚੱਲੋ 'ਕੱਠੇ ਈ ਚਲੇ ਚਲਦੇ ਆਂ।' ਸ਼ੋਕਰ ਸਾਬ੍ਹ ਦੇ ਦਿਲ ਦੀਆਂ ਗੱਲਾਂ ਮੈਂ ਦੇਰ ਤੱਕ ਸੁਣਦਾ ਰਿਹਾ। ਮਹਿਰਾ ਸਾਬ੍ਹ ਦੀ ਚਿੰਤਾ ਹੋਣ ਲੱਗੀ। ਅਵਾਰਾ ਕਹਿ ਲਓ ਜਾਂ ਬੇਸਹਾਰਾ, ਕੁਸ਼ ਕਹੋ ਪਰ ਇਨ੍ਹਾਂ ਅਵਾਰਾ ਪਸ਼ੂਆਂ ਤੇ ਕੁੱਤਿਆਂ ਨੇ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੋਇਐ। ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਲੋਕਾਂ ਦੇ ਨਾਲ਼ ਨਾਲ਼ ਸਮੇਂ ਦੀਆਂ ਸਰਕਾਰਾਂ ਨੂੰ ਵੀ ਇਸ ਪਾਸੇ ਧਿਆਨ ਦੇਣਾ ਚਾਹੀਦੈ। ਇਨ੍ਹੀਂ-ਦਿਨੀਂ ਇਸ ਮੁੱਦੇ ਨੇ ਵੀ ਲੋਕਾਂ ਦਾ ਧਿਆਨ ਖਿੱਚਿਆ ਹੋਇਐ। ਕੁੱਤਿਆਂ ਨੇ ਦੇਸ਼ ਭਰ ਵਿੱਚ ਬੱਚਿਆਂ, ਬੁੱਢਿਆਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ। ਸੱਚ ਦੱਸਾਂ ਵੀਰ ਦਲੇਰ ਸਿੰਘ ਮੇਰੇ ਨਾਲ਼ ਕਈ ਦਿਨਾਂ ਤੋਂ ਖ਼ਫਾ ਨੇ। ਪੰਜਾਬ ਦੀ ਸਿੱਖ ਸਿਆਸਤ ਦੀ ਉਲਝੀ ਤਾਣੀ, ਹੋਰਾਂ ਦੇ ਨਾਲ਼ ਨਾਲ਼ ਉਹਨੂੰ ਵੀ ਦੁਖੀ ਕਰੀ ਰੱਖਦੀ ਹੈ। ਉਹ ਆਪਣੇ ਮਨ ਦੀ ਵਿਥਿਆ ਦੱਸ ਰਿਹਾ ਸੀ, 'ਛੋਟੇ ਭਾਈ ਨਵੀਂ ਪਾਰਟੀ ਤਾਂ ਬਣ ਗਈ, ਪਰ ਇਹਦਾ ਪੈਂਡਾ ਐਨਾ ਸੁਖਾਲ਼ਾ ਨਈਂ। ਜਦੋਂ ਕੁੰਢੀਆਂ ਦੇ ਸਿੰਗ ਫਸ ਜਾਣ ਨਾ, ਫਿਰ ਇਹ ਪਤਾ ਈ ਨਈਂ ਲਗਦਾ ਕਿ ਕਿਹੜਾ, ਕਿਹੜੇ ਪਾਸੇ ਦਾ? ਦੇਖਿਆ ਜਾਵੇ ਇਹ ਸ਼ੰਕਾ ਨਵਿਰਤੀ ਤਾਂ ਸਮੇਂ ਨੇ ਹੀ ਕਰਨੀ ਹੈ ਕਿ ਨਵ-ਨਿਯੁਕਤ ਪ੍ਰਧਾਨ ਨੂੰ ਅੱਗੇ ਵਧਣ ਦਿੱਤਾ ਜਾਂਦਾ ਹੈ ਜਾਂ ਫਿਰ 'ਕਰਣ' ਵਾਂਗ ਉਸ ਦਾ ਵੀ ਰਾਹ ਰੋਕ ਲਿਆ ਜਾਵੇਗਾ। ਹੋਰਾਂ ਦੇ ਨਾਲ਼ ਨਾਲ਼ ਇਸ ਵੇਲ਼ੇ ਮੈਨੂੰ ਗਿਆਨੀ ਦਿੱਤ ਸਿੰਘ ਦੀ ਸਿੱਖੀ ਪ੍ਰਤੀ ਸਮਰਪਣ ਤੇ ਸੇਵਾ ਭਾਵਨਾ ਚੇਤੇ ਆ ਰਹੀ ਹੈ। ਅੱਜ ਕਿੰਨੇ ਕੁ ਲੋਕ ਹਨ, ਜਿਹੜੇ ਉਨ੍ਹਾਂ ਨੂੰ ਸੱਚੇ ਦਿਲੋਂ ਯਾਦ ਕਰਦੇ ਹਨ? ਉਹ ਗੁਰਬਾਣੀ ਦੇ ਉਪਾਸ਼ਕ, ਸਿੱਖ ਸਿਧਾਂਤਾਂ 'ਤੇ ਪਹਿਰਾ ਦੇਣ ਵਾਲ਼ੇ ਅਤੇ ਵਹਿਮਾਂ-ਭਰਮਾਂ ਆਦਿ ਦੇ ਸਖਤ ਵਿਰੋਧੀ ਸਨ। ਉਂਝ ਸਮਾਂ ਬੜਾ ਬਲਵਾਨ ਹੁੰਦੈ। ਇਹੀ ਹਰ ਜ਼ਖ਼ਮ ਦਾ ਇਲਾਜ ਹੁੰਦੈ। ਇਹ ਸਮਾਂ ਹੀ ਹੈ ਜੋ ਹਮੇਸ਼ਾ ਨਵਾਂਪਣ ਲੈ ਕੇ ਆਉਂਦੈ। ਨਵੀਂ ਸਵੇਰ। ਅੱਗੇ ਦੇਖੋ ਕੀ ਬਣਦੈ?' ਆਖ ਉਹ ਚੁੱਪ ਜਿਹਾ ਕਰ ਗਿਆ। ਇਨ੍ਹਾਂ ਸਾਰੇ ਹੋਏ ਬੀਤੇ ਵਰਤਾਰਿਆਂ ਨੂੰ ਚੇਤੇ ਕਰ ਮੇਰੀ ਸੋਚ ਦੇ ਗਲੋਟੇ ਫਿਰ ਉੱਧੜਨ ਲਗਦੇ ਹਨ। ਆਉਂਦੇ ਦਿਨਾਂ ਵਿੱਚ ਪੰਜਾਬ ਪੱਧਰ 'ਤੇ ਹੀ ਨਹੀਂ ਵਿਸ਼ਵ ਪੱਧਰੀ ਵਰਤਾਰਿਆਂ ਵਿੱਚ ਵੀ ਬਹੁਤ ਕੁਝ ਨਵਾਂ ਵਾਪਰਨ ਵਾਲ਼ਾ ਹੈ। ਅੱਜ ਸਾਡੇ ਸ਼ਹਿਰ, ਪਿੰਡਾਂ ਨੂੰ ਖਾ ਰਹੇ ਹਨ। ਪਿੰਡ ਅੱਗੇ ਗਰੀਬ ਮਜ਼ਦੂਰਾਂ, ਕਾਰੀਗਰਾਂ ਨੂੰ ਖਾ ਰਹੇ ਹਨ। ਪੁਰਾਣੇ ਪਿੰਡਾਂ ਦਾ ਰੂਪ-ਸਰੂਪ, ਰਹੁ-ਰੀਤਾਂ, ਚਾਲ-ਢਾਲ, ਇੱਥੋਂ ਤੱਕ ਲਹਿਜ਼ਾ ਵੀ ਤੇਜ਼ੀ ਨਾਲ਼ ਬਦਲ ਰਿਹਾ ਹੈ। ਪਿੰਡਾਂ ਦੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ। ਪਿੰਡਾਂ ਨੂੰ ਜਾਣ ਵਾਲ਼ੇ ਰਾਹ, ਡੂੰਘੇ-ਡੈਘੇ ਟੋਇਆ ਵਿੱਚ ਗੁਆਚਦੇ ਜਾ ਰਹੇ ਹਨ। ਕਿਸੇ ਵੀ ਪਿੰਡ ਦੇ ਉਜਾੜੇ ਦਾ ਮਤਲਬ ਬਹੁਤ ਗਹਿਰਾ ਹੈ, ਸਦਮੇ ਵਾਲ਼ਾ ਹੈ। ਇਹ ਪੂਰੇ ਪਿੰਡ ਦੇ ਸਮਾਜਿਕ ਤੇ ਸਭਿਆਚਾਰਕ ਤਾਣੇ-ਬਾਣੇ ਨਾਲ਼ ਜੁੜਿਆ ਹੁੰਦੈ। ਜ਼ਮੀਨਾਂ ਵਾਲਿਆਂ ਨੂੰ ਤਾਂ ਕੋਈ ਨਾ ਕੋਈ ਨਵੀਂ ਸਕੀਮ ਪਾਰ ਲਗਾ ਹੀ ਦੇਵੇਗੀ, ਪਰ ਪਿੰਡਾਂ ਵਿੱਚਲੇ ਬੇਜ਼ਮੀਨੇ ਲੋਕ ਕਿੱਧਰ ਜਾਣਗੇ? ਸ਼ਹਿਰਾਂ/ ਪਿੰਡਾਂ ਬਾਰੇ ਮੇਰੇ ਗੀਤ ਦਾ ਅੰਤਰਾ ਚੇਤੇ 'ਚ ਉੱਭਰਿਆ ਹੈ, 'ਇਹ ਜਿਹੜੇ ਪਿੰਡਾਂ 'ਤੇ ਵਸਿਆ/ ਉਹ ਪਿੰਡ ਰੋਇਆ ਮੁੜ ਨਾ ਹੱਸਿਆ/ ਰੀਝਾਂ 'ਤੇ ਬੁਲਡੋਜ਼ਰ ਚੱਲ ਗਏ/ ਆਪਣੇ ਗ਼ੈਰਾਂ ਵਾਂਗੂੰ ਛਲ਼ ਗਏ/ ਜਿਵੇਂ ਕਿਸੇ ਨੇ ਅੱਲੜ ਦੀ ਪੱਤ ਲੁੱਟ ਲਈ ਸਿਖਰ ਦੁਪਹਿਰ/ ਇੱਥੇ ਕੋਈ ਨਾ ਮੰਗਦਾ ਖ਼ੈਰ, ਕਿਸੇ ਦੀ ਕੋਈ ਨਾ ਮੰਗਦਾ/ ਕੋਈ ਨਾ ਏਥੇ ਦਰਦ ਵੰਡਾਵੇ?'

**ਸੰਪਰਕ : 98144-30874**

# ਦੇਸ਼ ਭਗਤ ਤੇ ਕੁਰਬਾਨੀ ਦੇ ਪੁੰਜ : ਮਦਨ ਲਾਲ ਢੀਂਗਰਾ

**ਦਲਜੀਤ ਰਾਏ ਕਾਲੀਆ**

ਮਦਨ ਲਾਲ ਢੀਂਗਰਾ ਨੇ ਕਰਜ਼ਨ ਵਾਇਲੀ ਨੂੰ ਇੰਗਲੈਂਡ ਦੀ ਧਰਤੀ 'ਤੇ ਪਾਰ ਬੁਲਾ ਕੇ ਕ੍ਰਾਂਤੀਕਾਰੀ ਲਹਿਰ ਦੀ ਸ਼ੁਰੂਆਤ ਕੀਤੀ ਸੀ।ਇਹ ਉਹ ਕਾਰਨਾਮਾ ਸੀ, ਜੋ ਉਸ ਨੇ ਦੇਸ਼ ਤੇ ਹਕੂਮਤ ਕਰ ਰਹੇ ਅੰਗਰੇਜ਼ਾਂ ਦੇ ਘਰ ਸਰਅੰਜਾਮ ਦਿੱਤਾ। ਮਦਨ ਲਾਲ ਢੀਂਗਰਾ ਵੱਲੋਂ ਪੁੱਟੇ ਗਏ ਇਸ ਕ੍ਰਾਂਤੀਕਾਰੀ ਕਦਮ ਦੀ ਖਬਰ ਸਾਰੇ ਸੰਸਾਰ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਮਹਾਨ ਦੇਸ਼ ਭਗਤ, ਕੁਰਬਾਨੀ ਦੇ ਪੁੰਜ ਢੀਂਗਰਾ ਦਾ ਜਨਮ 18 ਫਰਵਰੀ, 1883 ਦਿਨ ਐਤਵਾਰ ਨੂੰ ਡਾ. ਸਾਹਿਬ ਦਿੱਤਾ ਮੱਲ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ। ਡਾ. ਸਾਹਿਬ ਦਿੱਤਾ ਮੱਲ ਕਾਫੀ ਅਸਰ-ਰਸੂਖ ਵਾਲੇ ਅਮੀਰ ਅਤੇ ਪ੍ਰਭਾਵਸ਼ਾਲੀ ਵਿਅਕਤੀ ਸਨ। ਉਹਨਾਂ ਦੀ ਅੰਗਰੇਜ਼ੀ ਰਾਜ ਪ੍ਰਤੀ ਵਫ਼ਾਦਾਰੀ ਸਦਕਾ ਉਹਨਾਂ ਨੂੰ ਰਾਏ ਸਾਹਿਬ ਦਾ ਖਿਤਾਬ ਮਿਲਿਆ ਹੋਇਆ ਸੀ। ਮਦਨ ਲਾਲ ਆਪਣੇ ਚਾਰ ਭਰਾਵਾਂ ਤੇ ਇੱਕ ਭੈਣ ਤੋਂ ਛੋਟਾ ਸੀ ।ਉਹ ਆਪਣੇ ਭਰਾ ਭਜਨ ਲਾਲ ਤੋਂ ਵੱਡਾ ਸੀ।ਮਦਨ ਲਾਲ ਢੀਂਗਰਾ ਦਾ ਬਚਪਨ ਬੜੇ ਸ਼ਾਹੀ ਠਾਠ ਨਾਲ ਬੀਤਿਆ। ਉਸ ਨੇ ਮੁੱਢਲੀ ਸਿੱਖਿਆ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਬਾਅਦ ਵਿੱਚ ਉਸ ਨੇ ਗੌਰਮਿੰਟ ਕਾਲਜ ਲਾਹੌਰ ਤੋਂ ਐੱਫ.ਐੱਸ.ਸੀ. ਦਾ ਇਮਤਿਹਾਨ ਪਾਸ ਕੀਤਾ। ਲਾਹੌਰ ਉਸ ਸਮੇਂ ਵਿੱਦਿਅਕ ਅਤੇ ਰਾਜਸੀ ਜਾਗ੍ਰਤੀ ਦਾ ਪ੍ਰਮੁੱਖ ਕੇਂਦਰ ਸੀ। ਲਾਹੌਰ ਵਿੱਚ ਰਹਿਣ ਸਮੇਂ ਮਦਨ ਲਾਲ ਨੂੰ ਅੰਗਰੇਜ਼ਾਂ ਦੀਆਂ ਨੀਤੀਆਂ ਅਤੇ ਵਧੀਕੀਆਂ ਬਾਰੇ ਬਹੁਤ ਅਨੁਭਵ ਹੋਇਆ।

ਮਦਨ ਲਾਲ ਉਚੇਰੀ ਪੜ੍ਹਾਈ ਕਰਨ ਲਈ ਮਈ 1906 ਦੇ ਆਖੀਰ ਇੰਗਲੈਂਡ ਲਈ ਰਵਾਨਾ ਹੋ ਗਿਆ। ਇੰਗਲੈਂਡ ਪਹੁੰਚ ਕੇ ਮਦਨ ਲਾਲ ਨੇ 19 ਅਕਤੂਬਰ, 1906 ਨੂੰ ਮਕੈਨੀਕਲ ਇੰਜੀਨੀਅਰਿੰਗ ਕਰਨ ਲਈ ਲੰਡਨ ਦੇ ਯੂਨੀਵਰਸਿਟੀ ਕਾਲਜ ਵਿੱਚ ਦਾਖਲਾ ਲੈ ਲਿਆ। ਲੰਡਨ ਵਿੱਚ ਰਹਿਣ ਸਮੇਂ ਉਸ ਦਾ ਸੰਪਰਕ ਸ੍ਰੀ ਸ਼ਿਆਮ ਜੀ ਕ੍ਰਿਸ਼ਨਾ ਵਰਮਾ ਅਤੇ ਵੀਰ ਸਾਵਰਕਰ ਨਾਲ ਹੋਇਆ। ਉਹ ਕ੍ਰਾਂਤੀਕਾਰੀ ਲੀਡਰ ਵੀਰ ਸਾਵਰਕਰ ਦੇ ਪ੍ਰਭਾਵ ਸਦਕਾ ਅਭਿਨਵ ਭਾਰਤ ਸੰਸਥਾ ਦਾ ਸਰਗਰਮ ਮੈਂਬਰ ਬਣ ਗਿਆ, ਪਰ ਇਸ ਤੋਂ ਪਹਿਲਾਂ ਉਸ ਨੂੰ ਵੀਰ ਸਾਵਰਕਰ ਦੀ ਪ੍ਰੀਖਿਆ ਵਿੱਚੋਂ ਪਾਸ ਹੋਣਾ ਪਿਆ ਸੀ। ਵੀਰ ਸਾਵਰਕਰ ਨੇ ਮਦਨ ਲਾਲ ਦੀ ਪਰਖ ਕਰਨ ਵਾਸਤੇ ਉਸ ਦਾ ਹੱਥ ਜ਼ਮੀਨ 'ਤੇ ਰਖਾ ਕੇ ਜ਼ੋਰ ਦੀ ਸੂਆ ਉਸ ਵਿੱਚ ਖੋਭ ਦਿੱਤਾ ਸੀ, ਪਰ ਬਹਾਦਰ ਮਦਨ ਲਾਲ ਨੇ ਸੀਅ ਤੱਕ ਨਾ ਕੀਤੀ। ਇਸ 'ਤੇ ਸਾਵਰਕਰ ਨੂੰ ਦ੍ਰਿੜ੍ਹ ਨਿਸ਼ਚਾ ਹੋ ਗਿਆ ਕਿ ਮਦਨ ਲਾਲ ਢੀਂਗਰਾ ਦੇਸ਼ ਲਈ ਕੁਰਬਾਨੀ ਕਰ ਸਕਦਾ ਹੈ। ਸ਼ਿਆਮ ਜੀ ਕ੍ਰਿਸ਼ਨਾ ਵਰਮਾ ਨੇ ਪੈਰਿਸ ਤੋਂ ਇੰਡੀਅਨ ਸੋਸ਼ਿਆਲੋਜਿਸਟ ਨਾਂਅ ਦਾ ਕ੍ਰਾਂਤੀਕਾਰੀ ਪਰਚਾ ਜਾਰੀ ਕੀਤਾ ਹੋਇਆ ਸੀ। ਮਦਨ ਲਾਲ ਸ਼ਿਆਮਾ ਜੀ ਕ੍ਰਿਸ਼ਨਾ ਵਰਮਾ ਦੇ ਕ੍ਰਾਂਤੀਕਾਰੀ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਏ। 1908-09 ਦੌਰਾਨ ਇੰਡੀਆ ਹਾਊਸ ਵਿੱਚ ਕ੍ਰਾਂਤੀਕਾਰੀ ਸਰਗਰਮੀਆਂ ਬੜੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਸਨ।

ਅੰਗਰੇਜ਼ਾਂ ਵੱਲੋਂ ਇੰਡੀਆ ਹਾਊਸ ਅਤੇ ਅਭਿਨਵ ਭਾਰਤ ਸੰਸਥਾ ਦੇ ਮੁਕਾਬਲੇ ਵਿੱਚ ਇੰਡੀਅਨ ਐਸੋਸੀਏਸ਼ਨ ਬਣਾਈ ਹੋਈ ਸੀ। ਇਹ ਐਸੋਸੀਏਸ਼ਨ ਭਾਰਤ ਵਿੱਚ ਰਹਿ ਚੁੱਕੇ ਵੱਡੇ-ਵੱਡੇ ਅੰਗਰੇਜ਼ ਅਧਿਕਾਰੀਆਂ ਵੱਲੋਂ ਬਣਾਈ ਗਈ ਸੀ।ਇਸ ਦਾ ਬਾਹਰੀ ਉਦੇਸ਼ ਹਿੰਦੁਸਤਾਨੀ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਸਹੂਲਤਾਂ ਦੇਣਾ ਸੀ, ਪਰ ਅੰਦਰੂਨੀ ਤੌਰ 'ਤੇ ਇਸ ਦਾ ਉਦੇਸ਼ ਭਾਰਤੀਆਂ ਵਿੱਚ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਪੱਕਿਆ ਕਰਨਾ ਸੀ। ਅੰਗਰੇਜ਼ ਅਧਿਕਾਰੀ ਕਰਜ਼ਨ ਵਾਇਲੀ ਇਸ ਵਿੱਚ ਬਹੁਤ ਸਰਗਰਮ ਸੀ। ਮਦਨ ਲਾਲ ਢੀਂਗਰਾ ਵੀਰ ਸਾਵਰਕਰ ਨਾਲ ਸਲਾਹ ਮਸ਼ਵਰਾ ਕਰਕੇ ਇਸ ਸੰਸਥਾ ਵਿੱਚ ਘੁਸਪੈਠ ਕਰਨ ਲਈ ਅਪ੍ਰੈਲ 1909 ਵਿੱਚ ਇਸ ਦਾ ਮੈਂਬਰ ਬਣ ਗਿਆ। ਦੇਸ਼ ਵਿੱਚ 1908 ਵਿੱਚ ਅਲੀਪੁਰ ਦੀ ਸਾਜ਼ਿਸ਼ ਦਾ ਮੁਕੱਦਮਾ ਖੜਾ ਹੋ ਚੁੱਕਿਆ ਸੀ। ਸ੍ਰੀ ਕਨਹਾਈ ਅਤੇ ਸਤਿੰਦਰ ਨਾਥ ਨੂੰ ਫਾਂਸੀ ਹੋ ਗਈ ਸੀ। ਇਸ ਤਰ੍ਹਾਂ ਦੀਆਂ ਭੜਕਾਊ ਖਬਰਾਂ ਇੰਗਲੈਂਡ ਵੀ ਪੁੱਜ ਚੁੱਕੀਆਂ ਸਨ।ਇਹ ਖਬਰਾਂ ਸੁਣ ਕੇ ਅਭਿਨਵ ਭਾਰਤ ਸੰਸਥਾ ਦੇ ਮੈਂਬਰਾਂ ਨੂੰ ਅੱਗ ਲੱਗੀ ਹੋਈ ਸੀ। 8 ਜੂਨ, 1909 ਨੂੰ ਵੀਰ ਸਾਵਰਕਰ ਦੇ ਵੱਡੇ ਭਰਾ ਗਣੇਸ਼ ਦਮੋਦਰ ਸਾਵਰਕਰ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। ਮਦਨ ਲਾਲ ਢੀਂਗਰਾ ਨੇ ਕਰਜ਼ਨ ਵਾਇਲੀ ਨੂੰ ਕਤਲ ਕਰਨ ਦੀ ਉਸੇ ਦਿਨ ਯੋਜਨਾ ਬਣਾਈ, ਪਰ ਕਾਮਯਾਬ ਨਾ ਹੋ ਸਕਿਆ।

1 ਜੁਲਾਈ, 1909 ਲੰਡਨ ਦੇ ਇੰਮਪੀਰੀਅਲ ਇੰਸਟੀਚਿਊਟ ਦੇ ਜਹਾਂਗੀਰ ਹਾਲ ਵਿੱਚ ਅੰਗਰੇਜ਼ਾਂ ਦੇ ਪਿੱਠੂਆਂ ਅਤੇ ਅਮੀਰ ਵਪਾਰੀਆਂ ਵੱਲੋਂ ਇਕ ਸ਼ਾਨਦਾਰ ਸਮਾਗਮ ਕੀਤਾ ਜਾ ਰਿਹਾ ਸੀ।ਇਸ ਵਿੱਚ ਭਾਰਤ ਵਿੱਚੋਂ ਰਿਟਾਇਰ ਹੋ ਕੇ ਗਏ ਅੰਗਰੇਜ਼ ਅਫਸਰ ਅਤੇ ਉਹਨਾਂ ਦੇ ਝੋਲੀ-ਚੁੱਕ ਸ਼ਾਮਲ ਸਨ। ਮਦਨ ਲਾਲ ਢੀਂਗਰਾ ਵੀ ਨਿਸ਼ਾਨੇਬਾਜ਼ੀ ਵਿਚ ਪੱਕੀ ਮੁਹਾਰਤ ਹਾਸਲ ਕਰਕੇ ਇਸ ਸਮਾਗਮ ਵਿੱਚ ਸ਼ਾਮਲ ਹੋਇਆ ਸੀ। ਮਦਨ ਲਾਲ ਕੋਲ ਦੋ ਭਰੇ ਹੋਏ ਪਿਸਤੌਲ ਸਨ। ਸਰ ਚਾਰਲਸ ਲਾਇਲ ਚੀਫ਼ ਕਮਿਸ਼ਨਰ ਅਤੇ ਸ੍ਰੀਮਤੀ ਲਾਇਲ ਮਹਿਮਾਨਾਂ ਦਾ ਸਵਾਗਤ ਕਰ ਰਹੇ ਸਨ। ਕਰਜ਼ਨ ਵਾਇਲੀ ਅਤੇ ਉਸ ਦੀ ਪਤਨੀ ਵੀ ਇਸ ਸਮਾਗਮ ਵਿੱਚ ਪਹੁੰਚੇ ਹੋਏ ਸਨ। ਮਦਨ ਲਾਲ ਢੀਂਗਰਾ ਮੌਕੇ ਦੀ ਤਾੜ ਵਿਚ ਸੀ। ਮਦਨ ਲਾਲ ਨੇ ਆਪਣੀ ਜੇਬ ਵਿੱਚੋਂ ਰਿਵਾਲਵਰ ਕੱਢਿਆ ਅਤੇ ਕਰਜ਼ਨ ਵਾਇਲੀ 'ਤੇ ਗੋਲੀਆਂ ਦਾਗ ਦਿੱਤੀਆਂ। ਕਰਜ਼ਨ ਵਾਇਲੀ ਥਾਂ 'ਤੇ ਹੀ ਢੇਰੀ ਹੋ ਗਿਆ। ਸ਼ੰਘਾਈ ਦਾ ਪ੍ਰਸਿੱਧ ਡਾ. ਕਵਾਸ ਜੀ ਲਾਲ ਕਾਕਾ ਉਸ ਨੂੰ ਬਚਾਉਣ ਲਈ ਅੱਗੇ ਵਧਿਆ ਤਾਂ ਉਹ ਵੀ ਮਦਨ ਲਾਲ ਦੁਆਰਾ ਚਲਾਈਆਂ ਗੋਲੀਆਂ ਨਾਲ ਜ਼ਖਮੀ ਹੋ ਗਿਆ। ਸੇਂਟ ਜਾਰਜ ਹਸਪਤਾਲ ਜਾ ਕੇ ਉਸ ਦੀ ਮੌਤ ਹੋ ਗਈ। ਸਾਰੇ ਹਾਲ ਵਿੱਚ ਭਗਦੜ ਮਚ ਗਈ। ਮਦਨ ਲਾਲ ਬਿਲਕੁਲ ਸ਼ਾਂਤ ਆਪਣੀ ਥਾਂ 'ਤੇ ਖੜ੍ਹਾ ਰਿਹਾ। ਉਸ ਨੇ ਭੱਜਣ ਦੀ ਕੋਈ ਕੋਸ਼ਿਸ਼ ਨਾ ਕੀਤੀ । ਗ੍ਰਿਫ਼ਤਾਰ ਕਰਕੇ ਉਸ ਨੂੰ ਬ੍ਰਿਕਸਟਨ ਜੇਲ੍ਹ ਦੀ ਹਵਾਲਾਤ ਵਿੱਚ ਬੰਦ ਕਰ ਦਿੱਤਾ ਗਿਆ। ਲੰਦਨ ਵਿੱਚ ਹੋਏ ਪਹਿਲੇ ਸਿਆਸੀ ਕਤਲ ਕਰਕੇ ਸਾਰੇ ਇੰਗਲੈਂਡ ਵਿੱਚ ਕਾਂਬਾ ਛਿੜਿਆ ਹੋਇਆ ਸੀ। ਮਦਨ ਲਾਲ ਨੂੰ 9 ਜੁਲਾਈ ਤੱਕ ਪੁਲਸ ਹਿਰਾਸਤ ਵਿੱਚ ਰੱਖਿਆ ਗਿਆ।ਉਸ ਉੱਪਰ ਓਲਡ ਬੈਲੇ ਦੀ ਅਦਾਲਤ ਵਿੱਚ ਮੁਕੱਦਮਾ ਚਲਾਇਆ ਗਿਆ।10 ਜੁਲਾਈ ਨੂੰ ਮਦਨ ਲਾਲ ਨੇ ਓਲਡ ਬੈਲੇ ਦੀ ਅਦਾਲਤ ਵਿਚ ਮੈਜਿਸਟਰੇਟ ਦੀ ਅਦਾਲਤ ਵਿੱਚ ਆਪਣੇ ਜੁਰਮ ਦਾ ਇਕਬਾਲ ਬੜੇ ਫ਼ਖਰ ਨਾਲ ਕੀਤਾ। ਉਸ ਨੇ ਆਪਣੇ ਬਚਾਓ ਪੱਖ ਲਈ ਕੋਈ ਵੀ ਵਕੀਲ ਨਾ ਕੀਤਾ। ਮਦਨ ਲਾਲ ਢੀਂਗਰਾ ਨੇ ਅਦਾਲਤ ਵਿਚ ਬੜਾ ਬਹਾਦਰੀ, ਦਲੇਰੀ ਭਰਪੂਰ ਬਿਆਨ ਪੇਸ਼ ਕੀਤਾ। ਅਦਾਲਤ ਵੱਲੋਂ ਉਸ ਨੂੰ 23 ਜੁਲਾਈ ਨੂੰ ਸਰ ਕਰਜ਼ਨ ਵਾਇਲੀ ਦੇ ਕਤਲ ਦੇ ਦੋਸ਼ ਵਿੱਚ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ।



ਭਾਰਤ ਮਾਤਾ ਦੇ ਇਸ ਬਹਾਦਰ ਸਪੂਤ ਨੇ 17 ਅਗਸਤ, 1909 ਨੂੰ ਲੰਡਨ ਦੀ ਪੈਂਟਨਵਿਲੇ ਜੇਲ੍ਹ ਵਿੱਚ ਭਾਰਤ ਮਾਤਾ ਦੀ ਜੈ ਅਤੇ ਬੰਦੇ ਮਾਤਰਮ ਦੇ ਨਾਅਰੇ ਲਾਉਂਦੇ ਹੋਏ ਫਾਂਸੀ ਦੇ ਰੱਸੇ ਨੂੰ ਚੁੰਮ ਲਿਆ। ਸ੍ਰੀਮਤੀ ਏਮਸਨਸ ਮੈਡਲਾ ਇਸ ਘਟਨਾ ਦਾ ਜ਼ਿਕਰ ਕਰਦਿਆਂ ਲਿਖਦੀ ਹੈ, ਉਹ ਫਾਂਸੀ ਦੇ ਤਖਤੇ 'ਤੇ ਉੱਚੀ ਗਰਦਨ ਕਰਕੇ ਗਿਆ ਅਤੇ ਜਿਹੜੇ ਉਸ ਨੂੰ ਸਹਾਰਾ ਦੇ ਰਹੇ ਸਨ, ਉਹਨਾਂ ਤੋਂ ਆਪਣੇ ਹੱਥ ਛੁਡਾਅ ਲਏ ਅਤੇ ਕਿਹਾ ਮੈਂ ਮੌਤ ਤੋਂ ਉੱਕਾ ਨਹੀਂ ਡਰਦਾ। ਮਦਨ ਲਾਲ ਦੀ ਸ਼ਹੀਦੀ ਉਪਰੰਤ ਜਰਮਨੀ ਦੀ ਰਾਜਧਾਨੀ ਬਰਲਿਨ ਤੋਂ ਬਿਰੇਂਦਰਾ ਨਾਥ ਚਟੋਪਾਧਿਆਏ ਨੇ ਮਦਨ ਤਲਵਾਰ ਨਾਂਅ ਦਾ ਕ੍ਰਾਂਤੀਕਾਰੀ ਮੈਗਜ਼ੀਨ ਉਸ ਦੀ ਯਾਦ ਵਿੱਚ ਸ਼ੁਰੂ ਕੀਤਾ ਸੀ। ਇਸ ਮੈਗਜ਼ੀਨ ਦੀ ਸਾਰੀ ਸਹਾਇਤਾ ਮੈਡਮ ਕਾਮਾ ਕਰਿਆ ਕਰਦੀ ਸੀ।

ਸ਼ਹੀਦ ਮਦਨ ਲਾਲ ਢੀਂਗਰਾ ਦੇਸ਼ ਦੇ ਸੁਤੰਤਰਤਾ ਸੰਗਰਾਮ ਲਈ ਚੱਲੀ ਲਹਿਰ ਦਾ ਨਾਇਕ ਸੀ। ਉਸ ਦੀ ਸ਼ਹਾਦਤ ਅਤੇ ਵਿਚਾਰ ਕਰਤਾਰ ਸਿੰਘ ਸਰਾਭਾ, ਕਿਸ਼ਨ ਸਿੰਘ ਗੜਗੱਜ, ਚੰਦਰ ਸ਼ੇਖਰ ਆਜ਼ਾਦ, ਭਗਤ ਸਿੰਘ, ਊਧਮ ਸਿੰਘ, ਸੁਭਾਸ਼ ਚੰਦਰ ਬੋਸ ਜਿਹੇ ਅਨੇਕਾਂ ਦੇਸ਼ ਭਗਤਾਂ ਦੇ ਪ੍ਰੇਰਨਾ-ਸਰੋਤ ਬਣੇ।13 ਦਸੰਬਰ, 1976 ਨੂੰ ਪੰਜਾਬ ਦੀ ਗਿਆਨੀ ਜ਼ੈਲ ਸਿੰਘ ਸਰਕਾਰ ਵੇਲੇ ਸ਼ਹੀਦ ਮਦਨ ਲਾਲ ਢੀਂਗਰਾ ਦੀਆਂ ਅਸਥੀਆਂ ਇੰਗਲੈਂਡ ਤੋਂ ਬੜੇ ਮਾਣ-ਸਨਮਾਨ ਨਾਲ ਦੇਸ਼ ਲਿਆਂਦੀਆਂ ਗਈਆਂ ਸਨ । 20 ਦਸੰਬਰ, 1976 ਨੂੰ ਅੰਮ੍ਰਿਤਸਰ ਦੇ ਇਲਾਕਾ ਮਾਲ ਮੰਡੀ ਵਿੱਚ ਇਹਨਾਂ ਅਸਥੀਆਂ ਦਾ ਸੰਸਕਾਰ ਬੜੇ ਸਨਮਾਨਾਂ ਨਾਲ ਸਨਾਤਨੀ ਰਹੁ-ਰੀਤਾਂ ਅਨੁਸਾਰ ਕੀਤਾ ਗਿਆ ਸੀ। ਸ਼ਹੀਦ ਦੀ ਅੰਤਿਮ ਇੱਛਾ ਅਨੁਸਾਰ ਉਸ ਦੇ ਫੁੱਲ 25 ਦਸੰਬਰ, 1976 ਨੂੰ ਗੰਗਾ ਦੇ ਪਵਿੱਤਰ ਪਾਣੀਆਂ ਵਿੱਚ ਜਲ ਪ੍ਰਵਾਹ ਕੀਤੇ ਗਏ ਸਨ। ਇਸੇ ਦੌਰਾਨ ਸੰਸਕਾਰ ਵਾਲੇ ਸਥਾਨ 'ਤੇ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਵੱਲੋਂ ਸ਼ਹੀਦ ਢੀਂਗਰਾ ਦੀ ਸਮਾਧ ਅਤੇ ਸਮਾਰਕ ਬਣਾਉਣ ਦਾ ਨੀਂਹ ਪੱਥਰ ਰੱਖਿਆ ਗਿਆ ਸੀ, ਪਰ 49 ਵਰ੍ਹੇ ਬੀਤਣ ਤੋਂ ਬਾਅਦ ਵੀ ਸਮਾਧ ਅਤੇ ਸਮਾਰਕ ਮੁਕੰਮਲ ਨਹੀਂ ਹੋ ਸਕਿਆ ।ਕੇਵਲ ਇਸ ਜਗ੍ਹਾ 'ਤੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਬੁੱਤ ਜ਼ਰੂਰ ਲੱਗਾ ਹੋਇਆ ਹੈ। ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਅੰਮ੍ਰਿਤਸਰ ਦੀ ਆਬਾਦੀ ਕਟੜਾ ਸ਼ੇਰ ਸਿੰਘ ਦੇ ਨਾਲ ਲੱਗਦੀ ਗਾਗਰ ਮੱਲ ਰੋਡ ਦੇ ਜਿਸ ਘਰ ਵਿੱਚ ਡਾਕਟਰ ਮਦਨ ਲਾਲ ਢੀਂਗਰਾ ਦਾ ਜਨਮ ਹੋਇਆ ਸੀ, ਉਸ ਘਰ ਨੂੰ ਸ਼ਹੀਦ ਦੀ ਜੱਦੀ ਵਿਰਾਸਤ ਵਜੋਂ ਸਾਂਭਣ ਲਈ ਸਰਕਾਰ ਨੇ ਕੋਈ ਯਤਨ ਨਹੀਂ ਕੀਤੇ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੇ ਜੱਦੀ ਘਰ ਦਾ ਹੁਣ ਨਾਮੋ-ਨਿਸ਼ਾਨ ਵੀ ਨਹੀਂ ਬਚਿਆ।

**ਮੋਬਾ. 97812-00168**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਹੀਣ ਬੋਧ ਤੋਂ ਸਵੈਮਾਣ ਤੇ ਸੰਘਰਸ਼ ਦੀ ਜੀਵਨ ਯਾਤਰਾ ਦਾ ਬਿਰਤਾਂਤ

## ਟਾਕੀਆਂ ਵਾਲਾ ਪਜਾਮਾ

(ਨਾਵਲ)
**ਬਲਵਿੰਦਰ ਸਿੰਘ ਗਰੇਵਾਲ**
**ਮੁੱਲ : 450 ਰੁਪਏ, ਸਫੇ : 296**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**





**ਫੋਕਸ**

**ਚਰਚਾ ਇਕ ਪੁਸਤਕ ਦੀ**

**ਡਾ. ਜੇ ਬੀ ਸੇਖੋਂ**

ਬਲਵਿੰਦਰ ਗਰੇਵਾਲ ਸਮਕਾਲ ਦੀ ਪੰਜਾਬੀ ਕਹਾਣੀ ਦੇ ਸਿਰਜਣਾਤਮਿਕ ਖੇਤਰ ਦਾ ਚਰਚਿਤ ਨਾਂਅ ਹੈ। ਉਸ ਦੀ ਕਹਾਣੀ ਨੇ ਰਾਜਨੀਤੀ, ਧਰਮ, ਸਮਾਜ, ਸੰਸਕ੍ਰਿਤੀ ਦੀਆਂ ਸਥਾਪਤ ਬਣਤਰਾਂ ਨਾਲ ਤਣਾਅ, ਦਵੰਦ ਅਤੇ ਵਿਰੋਧ ਭੋਗਦੀ ਮਾਨਸਿਕਤਾ ਨੂੰ ਭਾਸ਼ਾ ਦੇ ਬੇਨਜ਼ੀਰ ਮੜੰਗੇ ਵਿੱਚ ਪ੍ਰਗਟਾਉਣ ਦਾ ਉੱਦਮ ਕੀਤਾ ਹੈ। ਬਲਵਿੰਦਰ ਗਰੇਵਾਲ ਦੀ ਕਹਾਣੀ ਖੋਟ ਭਰੀ ਵਿਵਸਥਾ ਨੂੰ ਚੀਰ ਕੇ ਉੱਦਾਤ ਕਦਰਾਂ -ਕੀਮਤਾਂ ਤੇ ਰਵਾਂਦਾਰ ਜੀਵਨ ਮੁੱਲਾਂ ਦੀ ਪੈਰਵਾਈ ਕਰਨ ਪੱਖੋਂ ਚੋਖੀ ਮਹੱਤਤਾ ਵਾਲੀ ਹੈ। ਗਰੇਵਾਲ ਚੌਥੇ ਪੜਾਅ ਦੇ ਉਨ੍ਹਾਂ ਕਥਾਕਾਰਾਂ ਵਿੱਚੋਂ ਵੀ ਮੋਹਰੀ ਹੈ, ਜਿਨ੍ਹਾਂ ਨੇ ਨਿੱਕੀ ਕਹਾਣੀ ਦੇ ਵਿਧਾਗਤ ਸਰੂਪ ਨੂੰ ਬਿਰਤਾਂਤ ਦੇ ਲੰਮੇ ਹੀ ਨਹੀਂ, ਸਗੋਂ ਡੂੰਘੇ ਰੁਖ ਵਿੱਚ ਪੇਸ਼ ਕਰਨ ਦੀ ਵੀ ਪਿਰਤ ਪਾਈ ਹੈ।

ਲੇਖਕ ਹੁਣ 'ਟਾਕੀਆਂ ਵਾਲਾ ਪਜਾਮਾ' ਪੁਸਤਕ ਦੁਆਰਾ ਨਾਵਲੀ ਬਿਰਤਾਂਤ ਦੇ 'ਖੁੱਲ੍ਹੇ' ਰੂਪਾਕਾਰ ਵੱਲ ਆਇਆ ਹੈ। ਇਹ ਜੀਵਨੀਮੂਲਕ ਨਾਵਲ ਹੈ। ਜੀਵਨੀਮੂਲਕ ਬਿਰਤਾਂਤ ਅਕਸਰ ਚਰਿੱਤਰ ਨਾਇਕ ਨੂੰ ਦਿਗਵਿਜੈ ਪਾਤਰ ਵਜੋਂ ਪੇਸ਼ ਕਰਨ ਵਾਲੀ ਕਥਾ ਰੂੜੀ ਵਾਲਾ ਹੁੰਦਾ ਹੈ, ਜਿੱਥੇ ਉਸ ਦਾ ਨਾਇਕਤਵ ਚੁਫੇਰੇ ਦੀਆਂ ਵਿਸੰਗਤੀਆਂ ਨਾਲ ਭਿੜਦਾ ਸੂਰਮੇ ਦੀ ਸਿਰਜਣਾ ਵਾਲਾ ਕਥਾ ਬੋਧ ਪੈਦਾ ਕਰਦਾ ਹੈ। ਕਮਿਊਨਿਸਟ ਪਾਤਰ ਹੋਵੇ ਤਾਂ ਅਸਤ ਹੋਣ ਦੀ ਸੰਭਾਵਨਾ ਹੋਰ ਮੱਧਮ ਹੋ ਜਾਂਦੀ ਹੈ ਪਰ ਇਸ ਨਾਵਲ ਵਿੱਚ ਲੇਖਕ ਨੇ ਕਮਿਊਨਿਸਟ ਪਾਤਰ ਗੁਰਮੇਲ ਸਿੰਘ ਦੇ ਜੀਵਨ ਸੰਘਰਸ਼ ਨੂੰ ਪੇਸ਼ ਕਰਦਿਆਂ ਸਧਾਰਨ ਮਨੁੱਖ ਦੀ ਹਿੰਮਤ ਤੇ ਪਹਿਲਕਦਮੀ ਦੇ ਕ੍ਰਿਸ਼ਮੇ ਦੁਆਰਾ ਚੁਫੇਰੇ ਫੈਲੀਆਂ ਬੇਤਰਤੀਬੀਆਂ ਵਿਰੁੱਧ ਜੂਝਣ ਦਾ ਮਾਦਾ ਵੀ ਦਰਸਾਇਆ ਹੈ ਅਤੇ ਮਨੁੱਖ ਦੀ ਸੀਮਾ, ਸੂਝ ਅਤੇ ਸਮਰੱਥਾ ਦਾ ਘੇਰਾ ਵੀ ਨਿਸ਼ਚਿਤ ਕੀਤਾ ਹੈ, ਜਿਸ ਕਰਕੇ ਇਹ ਨਾਵਲ ਪਾਠਕ ਨੂੰ ਨਿਮਾਣੀ, ਨਿਤਾਣੀ ਅਤੇ ਸੱਤਬਚਨੀ ਹੋਂਦ ਵਿੱਚ ਸਮਝ ਕੇ ਕਿਸੇ ਪੈਗੰਬਰੀ ਨਸੀਹਤ ਦੇਣ ਦੀ ਤੱਤਫੱਟ ਬਿਰਤਾਂਤਕਾਰੀ ਤੋਂ ਮੁਕਤ ਹੈ। ਇਸ ਦੀ ਥਾਂ ਲੇਖਕ ਸਧਾਰਨ ਮਨੁੱਖ ਦਾ ਆਪਣੇ ਚੌਗਿਰਦੇ ਦੀਆਂ ਵਾਸਤਵਿਕ ਅਤੇ ਕਰੂਰ ਸਥਿਤੀਆਂ ਨਾਲ ਭੇੜ ਦਰਸਾ ਕੇ ਲੋਕ ਹਿੱਤਾਂ ਨੂੰ ਪ੍ਰਣਾਈ ਰਵਾਂਦਾਰ ਨਾਵਲੀ ਦ੍ਰਿਸ਼ਟੀ ਨੂੰ ਉਸਾਰਦਾ ਹੈ। ਅਜਿਹਾ ਨਾਵਲੀ ਬਿਰਤਾਂਤ ਜਿੱਥੇ ਪਾਠਕੀ ਗ੍ਰਹਿਣਯੋਗਤਾ ਦੇ ਘੇਰੇ ਵਿੱਚ ਰਹਿ ਕੇ ਪ੍ਰਮਾਣਿਕ ਪਾਠ ਬਣਦਾ ਹੈ, ਉੱਥੇ ਹੀ ਗਤੀਸ਼ੀਲ ਜ਼ਿੰਦਗੀ ਦਾ ਗਲਪੀ ਰੂਪਾਂਤਰ ਕਰਕੇ ਪਾਠਕੀ ਹਿਰਦਿਆਂ 'ਤੇ ਵਿਚਾਰਾਂ ਨੂੰ ਥੋਪਣ ਦੀ ਥਾਂ ਵਿਚਾਰਾਂ ਪ੍ਰਤੀ ਸੰਵਾਦ ਦਾ ਮੰਚ ਕਾਇਮ ਕਰਦਾ ਹੈ।

ਬਲਵਿੰਦਰ ਗਰੇਵਾਲ ਦਾ ਇਹ ਜੀਵਨੀਮੂਲਕ ਨਾਵਲ ਗੁਰਮੇਲ ਸਿੰਘ ਦੀ ਸੰਘਰਸ਼ਸ਼ੀਲ ਜ਼ਿੰਦਗੀ ਦੇ ਸਮਾਨਅੰਤਰ ਛੇਵੇਂ-ਸੱਤਵੇਂ ਦਹਾਕੇ ਤੋਂ ਬਾਅਦ ਦੀ ਸਮਾਜਿਕ, ਆਰਥਿਕ ਤੇ ਰਾਜਸੀ ਬਦਲਾਅ ਦੀ ਝਾਕੀ ਪ੍ਰਸਤੁਤ ਕਰਦਾ ਹੈ। ਨਾਵਲ ਦਾ ਆਰੰਭ ਦੇਸ਼ ਦੀ ਤਕਸੀਮ ਨਾਲ ਹੁੰਦਾ ਹੈ। ਇਹ ਸਮਾਂ ਪੰਜਾਬ ਦੇ ਪ੍ਰਸੰਗ ਵਿੱਚ ਦੇਸ਼ ਦੀ ਆਜ਼ਾਦੀ ਦੇ ਜਸ਼ਨ ਬਨਾਮ ਸੰਤਾਲੀ ਦੇ ਉਜਾੜੇ ਦੀ ਕਸਕ ਵਾਲਾ ਹੈ। ਉਜਾੜਾ, ਤਬਾਹੀ ਅਤੇ ਵਿਸਥਾਪਨ ਦੇ ਸਦਮੇ ਪੰਜਾਬੀ ਜਨ ਜੀਵਨ ਲਈ ਵੰਗਾਰ ਬਣ ਕੇ ਆਉਂਦੇ ਹਨ। ਨਾਵਲ ਦੀ ਬਿਰਤਾਂਤਕ ਯਾਤਰਾ ਇਸ ਵਿਸਥਾਪਨ ਤੋਂ ਆਰੰਭ ਹੁੰਦੀ ਹੈ, ਜਿਹੜੀ ਨਾਵਲ ਦੇ ਚਰਿੱਤਰ ਨਾਇਕ ਗੁਰਮੇਲ ਦੀ ਸੰਘਰਸ਼ਸ਼ੀਲ ਹੋਂਦ ਦਾ ਕਿਸੇ ਨਾ ਕਿਸੇ ਤਰ੍ਹਾਂ ਤਾਉਮਰ ਹਿੱਸਾ ਬਣੀ ਰਹਿੰਦੀ ਹੈ। ਸਥਾਪਨ-ਵਿਸਥਾਪਨ ਦੀ ਇਹ ਬਿਰਤਾਂਤਕ ਰੂੜ੍ਹੀ ਗੁਰਮੇਲ ਸਿੰਘ ਦੇ ਵੱਡੇ ਸਾਂਝੇ ਪਰਵਾਰ ਵਿਚਲੇ ਬਚਪਨ ਦੀ ਗੁਰਬਤ ਤੋਂ ਸ਼ੁਰੂ ਹੋ ਕੇ ਵਿਦਿਆਰਥੀ ਜਥੇਬੰਦੀਆਂ, ਸੁਧਾਰਕ ਲਹਿਰਾਂ ਅਤੇ ਟਰੇਡ ਯੂਨੀਅਨਾਂ ਵਿੱਚ ਕੰਮ ਕਰਦਿਆਂ ਸੱਤਾ ਸਿਆਸਤ ਨਾਲ ਦਿਸਦੇ ਤੇ ਅਣਦਿਸਦੇ ਤਣਾਅ ਤੇ ਟਕਰਾਅ ਤੱਕ ਫੈਲੀ ਹੋਈ ਹੈ।

ਨਾਵਲ ਦੀ ਮੁੱਢਲੀ ਪ੍ਰਾਪਤੀ ਇਸ ਅੰਦਰ ਪੇਸ਼ ਛੇਵੇਂ-ਸੱਤਵੇਂ ਦਹਾਕੇ ਤੋਂ ਬਾਅਦ ਦੀ ਸਮਾਜਿਕ ਤੋਰ ਪ੍ਰਤੀ ਬਾਹਰਮੁਖੀ ਅਤੇ ਵਿਵੇਕੀ ਰਿਸ਼ਤਾ ਸਿਰਜਣ ਦੀ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੀ ਸਮਾਜਿਕ ਤੋਰ ਨੂੰ ਪਾਤਰਾਂ ਦੇ ਜੀਵਨ ਵਿਹਾਰ ਵਿੱਚੋਂ ਸਮਝਣ ਪੱਖੋਂ ਇਹ ਰਚਨਾ ਅਹਿਮ ਹੈ। ਇਹ ਨਾਵਲ ਗੁਰਮੇਲ ਸਿੰਘ ਦੇ ਮਾਧਿਅਮ ਨਾਲ ਹਰੇ ਇਨਕਲਾਬ ਤੋਂ ਪਹਿਲਾਂ ਅਤੇ ਬਾਅਦ ਦੇ ਸਮਾਜਿਕ ਤੇ ਰਾਜਸੀ ਯਥਾਰਥ ਨੂੰ ਪੇਸ਼ ਹੀ ਨਹੀਂ ਕਰਦਾ, ਸਗੋਂ ਇਸ ਪ੍ਰਤੀ ਇਕ ਕ੍ਰਿਟੀਕ ਵੀ ਰੱਖਦਾ ਹੈ। ਨਾਵਲ ਦੇ ਅਵਚੇਤਨ ਵਿੱਚ ਗੁਰਮੇਲ ਸਿੰਘ ਦੀ ਸਿਰਜਣਕਾਰੀ ਅਤੇ ਉਸ ਦਾ ਤਤਕਾਲੀ ਦੌਰ ਵੱਖਰੇ ਸੰਵਾਦ ਦਾ ਬਾਇਸ ਹੈ, ਜਿਸ ਨੂੰ ਲੇਖਕ ਸੁਭਾਵਿਕਤਾ, ਸਹਿਜ ਅਤੇ ਜੀਵੰਤ ਭਾਸ਼ਾਈ ਮੁਹਾਵਰੇ ਵਿੱਚ ਪੇਸ਼ ਕਰਦਾ ਹੈ। ਹਰੇ ਇਨਕਲਾਬ ਤੋਂ ਬਾਅਦ ਖੇਤੀ ਅਰਥਚਾਰੇ ਦਾ ਮਸ਼ੀਨੀਕਰਨ ਜਿਸ ਤਰ੍ਹਾਂ ਟਿਕੇ ਹੋਏ ਪੇਂਡੂ ਯਥਾਰਥ ਦੇ ਪਾਣੀਆਂ ਵਿੱਚ ਢੀਮ ਮਾਰਦਾ ਹੈ, ਇਸ ਸੰਬੰਧੀ ਅਨੇਕਾਂ ਵਸਤੂ ਵੇਰਵੇ ਨਾਵਲ ਦਾ ਹਾਸਲ ਹਨ। ਪਿੰਡਾਂ ਦਾ ਸ਼ਹਿਰੀਕਰਨ ਵੱਲ ਵਧਦਾ ਰੂਪ, ਸੜਕਾਂ, ਬਿਜਲੀ, ਆਵਾਜਾਈ ਦੇ ਸਾਧਨ, ਸਿੱਖਿਅਕ ਸੰਸਥਾਵਾਂ ਦੇ ਪ੍ਰਾਈਵੇਟੀਕਰਨ, ਗੁਰੂ ਘਰਾਂ ਦੀਆਂ ਬਣਦੀਆਂ ਉੱਚ ਇਮਾਰਤਾਂ, ਡੇਰਾ ਸੰਸਕ੍ਰਿਤੀ ਦਾ ਉਭਾਰ, ਨਿੱਕੀ ਤੇ ਸੀਮਾਂਤ ਕਿਸਾਨੀ ਦਾ ਪਛੜੇਵਾਂ, ਧਨੀ ਕਿਸਾਨੀ ਦਾ ਉਭਾਰ, ਕਮਿਊਨਿਸਟ ਸਫ਼ਾਂ ਦਾ ਉਭਾਰ ਤੇ ਨਿਘਾਰ, ਪਿੰਡ ਦੀ ਇਕਾਈ ਵਿਚਲੀ ਰਾਜਸੀ ਚੇਤਨਾ, ਨੌਜਵਾਨ ਸਭਾਵਾਂ ਦਾ ਉਭਾਰ, ਨਕਸਲਵਾੜੀ ਲਹਿਰ, ਪੰਜਾਬ ਸੰਕਟ, ਵਿਸ਼ਵੀਕਰਨ ਦੇ ਪ੍ਰਭਾਵ ਆਦਿ ਵਸਤੂ ਵੇਰਵੇ ਸੂਚਨਾਮੂਲਕ ਬਿਰਤਾਂਤ ਦੀ ਥਾਂ ਪਾਤਰਾਂ ਦੇ ਸੰਵਾਦ ਅਤੇ ਮਨੋ ਵਿਹਾਰ ਵਿੱਚੋਂ ਪੇਸ਼ ਹੋਏ ਹਨ। ਨਾਵਲ ਜਿਸ ਤਰ੍ਹਾਂ ਪੰਜ ਛੇ ਦਹਾਕਿਆਂ ਦੇ ਬਦਲਦੇ ਸਮਾਜਿਕ ਯਥਾਰਥ ਵਾਲੇ ਪਰਿਵੇਸ਼ ਨੂੰ ਫੜਦਾ ਹੈ, ਉਸ ਨਾਲ ਇਹ ਕ੍ਰਿਤ ਮਹਿਜ਼ ਗੁਰਮੇਲ ਸਿੰਘ ਦੀ ਜੀਵਨੀ ਤੱਕ ਸੀਮਤ ਨਹੀਂ ਰਹਿੰਦੀ, ਸਗੋਂ ਪੰਜਾਬੀ ਸਮਾਜ ਦਾ ਜੀਵਨਮੂਲਕ ਅਕਸ ਬਣ ਜਾਂਦੀ ਹੈ। ਨਾਵਲ ਦਾ ਦੂਜਾ ਪਾਸਾਰ ਆਜ਼ਾਦੀ ਉਪਰੰਤ ਖੱਬੇ ਪੱਖੀ ਲਹਿਰ ਨਾਲ ਜੁੜੇ ਉਤਰਾਅ-ਚੜ੍ਹਾਅ ਪ੍ਰਤੀ ਚਿੰਤਨੀ ਸਮਝ ਪੈਦਾ ਕਰਨਾ ਹੈ। ਨਾਵਲ ਵਿੱਚ ਗੁਰਮੇਲ ਦੀ ਸਰਗਰਮ ਵਿਦਿਆਰਥੀ ਰਾਜਨੀਤੀ ਵਿੱਚ ਭਾਗੀਦਾਰੀ, ਦਿਹਾਤੀ ਪੱਧਰ 'ਤੇ ਨੌਜਵਾਨ ਸਭਾ ਵਿੱਚ ਕਾਰਜਸ਼ੀਲਤਾ ਅਤੇ ਟਰੇਡ ਯੂਨੀਅਨ ਵਿੱਚ ਕੰਮ ਕਰਦਿਆਂ ਅਨੇਕਾਂ ਬਿਰਤਾਂਤਕੀ ਪ੍ਰਸੰਗ ਪਾਠਕਾਂ ਨੂੰ ਲਹਿਰਾਂ ਦੀ ਸਿਧਾਂਤਕਤਾ ਅਤੇ ਵਿਹਾਰ ਦੇ ਖੱਪੇ, ਸੱਤਾ ਸਿਆਸਤ ਦੇ ਕਰੂਰ ਚੱਕਰਵਿਊ, ਆਗੂਆਂ ਦੇ ਅਵਸਰਵਾਦੀ ਰੁਝਾਨ ਨਾਲ ਜੁੜੇ ਅਨੇਕਾਂ ਅੰਤਰ ਵਿਰੋਧਾਂ ਨੂੰ ਦਰਸਾਉਂਦੇ ਹਨ। ਇਸ ਨਾਲ ਖੱਬੇ ਪੱਖੀ ਧਿਰ ਦੀ ਹੋਣੀ ਦੇ ਉਭਾਰ, ਨਿਘਾਰ ਅਤੇ ਨਿਰੋਲ ਆਰਥਿਕ ਹਿੱਤਾਂ ਤੱਕ ਸਿਮਟ ਕੇ ਹਾਸ਼ੀਅਤ ਸਥਿਤੀ ਹੰਢਾਉਣ ਤੱਕ ਦਾ ਸਫ਼ਰ ਵੀ ਵੱਖਰੇ ਸੰਵਾਦ ਦਾ ਬਾਇਸ ਬਣਦਾ ਹੈ। ਇੰਝ ਇਸ ਨਾਵਲ ਦਾ ਕੈਨਵਸ ਆਪਣੇ ਵਿਚਾਰਕ ਨੁਕਤੇ ਤੋਂ ਬਹੁਪਾਸਾਰੀ ਹੈ, ਜਿਸ ਵਿੱਚ ਪੰਜਾਬ ਦੇ ਨਿਕਟਕਾਲੀਨ ਇਤਿਹਾਸ ਦੇ ਬਦਲਦੇ ਯੁੱਗ ਬੋਧ ਪ੍ਰਤੀ ਬਾਹਰਮੁਖੀ ਚਿੰਤਨ ਦਾ ਪ੍ਰਗਟਾਵਾ ਕੀਤਾ ਮਿਲਦਾ ਹੈ।

ਗੁਰਮੇਲ ਸਿੰਘ ਦਾ ਮਘਦਾ, ਭਖਦਾ ਜੀਵਨ ਸੀਮਤ ਸਾਧਨਾਂ ਵਾਲੇ ਰਵਾਇਤੀ ਖੇਤੀ ਅਰਥਚਾਰੇ ਵਿਚਲੇ ਪੰਜਾਬ ਦੇ ਜਗੀਰੂ ਮਾਹੌਲ ਵਿੱਚ ਪਲਦਾ-ਮੌਲਦਾ ਹੈ। ਇਹ ਜੀਵਨ ਸਾਧਨਾ ਸੰਪੰਨਤਾ ਦੀ ਅਣਹੋਂਦ ਵਿੱਚ ਆਤਮ ਗਿਲਾਨੀ ਤੇ ਹੀਣ ਬੋਧ ਨਾਲ ਭਰਿਆ ਹੁੰਦਾ ਹੈ, ਪਰ ਇਨ੍ਹਾਂ ਬੱਜਰ ਸਥਿਤੀਆਂ ਦੀ ਬਦੌਲਤ ਹੀ ਚਰਿੱਤਰ ਨਾਇਕ ਆਪਣੀ ਦੇਹ, ਦਲੇਰੀ ਅਤੇ ਦਿਮਾਗ ਦੀਆਂ ਬਰਕਤਾਂ ਸਦਕਾ ਸੰਘਰਸ਼ ਰੱਤੀ ਉੱਚ ਦੁਮਾਲੜੀ ਜ਼ਿੰਦਗੀ ਤੱਕ ਪੁੱਜਦਾ ਹੈ। ਇਸ ਨਜ਼ਰੀਏ ਤੋਂ ਗੁਰਮੇਲ ਸਿੰਘ ਦੀ ਇਹ ਜੀਵਨ ਦਾਸਤਾਨ ਹੀਣ ਬੋਧ ਤੋਂ ਸਵੈਮਾਣ ਅਤੇ ਸੂਹੇ ਸੰਘਰਸ਼ ਦੀ ਜੀਵਨ ਯਾਤਰਾ ਦੇ ਬਿਰਤਾਂਤ ਵਜੋਂ ਪੇਸ਼ ਹੁੰਦੀ ਹੈ। ਉਸ ਦੀ ਮਨੋਦਸ਼ਾ ਨੂੰ ਲੇਖਕ ਬਚਪਨ ਅਤੇ ਸਕੂਲੀ ਜੀਵਨ ਵਿੱਚ ਸੀਮਾਂਤ ਕਿਸਾਨੀ ਵਾਲੇ ਅੜੇ-ਥੁੜੇ ਅਵਚੇਤਨ ਤਹਿਤ 'ਟਾਕੀਆਂ ਵਾਲਾ ਪਜਾਮਾ' ਦੇ ਮੈਟਾਫਰ ਨਾਲ ਪੇਸ਼ ਕਰਦਾ ਹੈ। ਉਸ ਦਾ ਮੁੱਢਲਾ ਜੀਵਨ ਪਰੰਪਰਕ ਖੇਤੀ ਅਰਥਚਾਰੇ ਦੀਆਂ ਦੁਸ਼ਵਾਰੀਆਂ ਨਾਲ ਭਿੜਦਾ ਹੈ, ਜਿੱਥੇ ਸਾਧਨਹੀਣਤਾ ਤੋਂ ਪੈਦਾ ਅਨੇਕਾਂ ਸੰਕਟ ਹਨ। ਸ਼ਰੀਕਾ ਪ੍ਰਣਾਲੀ ਵਿੱਚ ਜ਼ਮੀਨ ਦੀ ਖੋਹਾ ਖਿੰਝੀ ਹੈ, ਗੁਰਬਤ ਕਾਰਨ ਮੰਦਹਾਲੀ ਹੈ, ਕਾਣਸੂਤੀ ਨਿਆਂਇਕ ਵਿਵਸਥਾ ਵਿੱਚ ਦਮਿਤ ਧਿਰਾਂ ਬੇਇਨਸਾਫੀ ਭੋਗਦੀ ਹੈ, ਪੁਰਸ਼ ਪ੍ਰਧਾਨ ਮਨੋ ਬਣਤਰਾਂ ਵਿੱਚ ਨਾਰੀ ਦਮਨ ਜ਼ਿੰਦਗੀ ਦਾ ਸੁਭਾਵਿਕ ਹਿੱਸਾ ਹੈ, ਅਨਪੜ੍ਹਤਾ ਹੈ । ਇਹ ਬਿਖਮ ਹਾਲਾਤ ਗੁਰਮੇਲ ਸਿੰਘ ਨੂੰ ਵਿਰਾਸਤ ਵਿੱਚ ਮਿਲਦੇ ਹਨ, ਪਰ ਇਸ ਦੇ ਨਾਲ ਵਿਰਾਸਤ ਵਿੱਚ ਹੀ ਸੰਘਰਸ਼, ਹਿੰਮਤ, ਸਿਦਕ ਅਤੇ ਦ੍ਰਿੜ੍ਹ ਇਰਾਦੇ ਦੀ ਗੁੜ੍ਹਤੀ ਵੀ ਮਿਲਦੀ ਹੈ, ਜਿਸ ਸਦਕਾ ਉਸ ਨੂੰ ਟਾਕੀਆਂ ਵਾਲਾ ਪਜਾਮਾ ਪਾ ਕੇ ਸਕੂਲੀ ਜੀਵਨ ਦੌਰਾਨ ਜਿਸ ਤਰ੍ਹਾਂ ਦੀਆਂ ਟਿੱਚਰਾਂ ਤੇ ਚੋਭਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ, ਉਹ ਹੀਣ ਬੋਧ ਦਾ ਕਾਰਨ ਬਣਦਾ ਹੈ, ਪਰ ਇਨ੍ਹਾਂ ਤਨਜ਼ਾਂ ਦੇ ਸਮਾਨਅੰਤਰ ਹੀ ਉਹ ਆਪਣੇ ਟੂਲ ਬਾਕਸ ਵਿੱਚ ਆਪਣੀ ਮਾਂ ਦਿਆਲ ਕੌਰ ਅਤੇ ਪਿਤਾ ਸੰਤ ਸਿੰਘ ਦੇ ਸੰਘਰਸ਼ਸ਼ੀਲ ਜੀਵਨ ਬੋਧ ਦਾ ਵਿਰਸਾ ਸਾਂਭੀ ਰੱਖਦਾ ਹੈ ਅਤੇ ਵਿਵੇਕਸ਼ੀਲਤਾ ਨਾਲ ਭਰੀ ਮਾਂ ਦਿਆਲ ਕੌਰ ਦੇ ਬੋਲ-"ਬਣਾਉਣ ਵਾਲੇ ਤਾਂ ਸੱਪ ਦੀ ਜ਼ਹਿਰ ਨੂੰ ਵੀ ਦੁਆਈ ਬਣਾ ਲੈਂਦੇ ਹਨ ਪੁੱਤ। (ਪੰਨਾ 41) ਉਸ ਦੇ ਲਈ ਹੌਸਲੇ ਦੇ ਸਬੱਬ ਬਣਦੇ ਹਨ। ਦਿਆਲ ਕੌਰ ਨਾਵਲ ਦੀ ਬਲਵਾਨ ਪਾਤਰ ਹੈ, ਜਿਸ ਦੀ ਦਿਆਲਤਾ, ਸਿਦਕ ਤੇ ਸੰਘਰਸ਼ ਦਾ ਅਸਰ ਪੁੱਤਰ ਗੁਰਮੇਲ ਦੀ ਜ਼ਿੰਦਗੀ 'ਤੇ ਚੰਦੋਏ ਵਾਂਗ ਤਣਿਆ ਰਹਿੰਦਾ ਹੈ। ਦਿਹਾਤੀ ਸਮਾਜ ਵਿੱਚ ਮਰਦਾਵੇਂ ਪਿੱਤਰ ਤੰਤਰ ਨੇ ਨਾਰੀ ਹੋਂਦ ਨੂੰ ਦਰੜ/ਨਰੜ ਕੇ ਰੱਖਿਆ ਹੈ ਅਤੇ ਸਮਾਜਿਕ ਵਿਕਾਸ ਵਿੱਚ ਉਸ ਦੀ ਬਰਾਬਰ ਭੂਮਿਕਾ ਨੂੰ ਵੀ ਸਬਰ/ਜਬਰ ਨਾਲ ਮਧੋਲ ਦਿੱਤਾ ਜਾਂਦਾ ਰਿਹਾ ਹੈ, ਪਰ ਇਹ ਨਾਵਲ ਦਿਆਲ ਕੌਰ ਦੇ ਮਾਧਿਅਮ ਨਾਲ ਸਮਾਜ ਦੀ ਮਰਦਾਵੀਂ ਮੁੱਖ ਧਾਰਾ ਪ੍ਰਤੀ ਨਾਰੀ ਤੱਕਣੀ ਦਾ ਵੱਖਰਾ ਮਾਡਲ ਪ੍ਰਸਤੁਤ ਕਰਨ ਪੱਖੋਂ ਵੀ ਅਹਿਮ ਹੈ। ਦਿਆਲ ਕੌਰ ਪੁੱਤਰ ਗੁਰਮੇਲ ਦੇ ਸਕੂਲ ਦੀ ਕਿਸੇ ਜਮਾਤ ਵਿੱਚੋਂ ਫੇਲ੍ਹ ਹੋਣ 'ਤੇ "ਐਤਕੀਂ ਫੇਲ੍ਹ ਹੋ ਗਿਆ ਤਾਂ ਅਗਲੇ ਸਾਲ ਪਾਸ ਹੋ ਜੇਂਗਾ। ਤੂੰ ਆਪਣੀ ਵਾਹ ਲਾ ।ਐਂ ਢੇਰੀ ਥੋੜ੍ਹੋ ਢਾਹੀ ਦੀ ਐ। ਜ਼ਿੰਦਗੀ ਤਾਂ ਊਚ ਨੀਚ ਦੀ ਖੇਡ ਐ ਪੁੱਤ ਆਪੋ ਆਪਣੀ ਦਾਈ ਪੂਰੀ ਦਵੋ।" (ਪੰਨਾ 68) "ਆਹ ਤੀਲ੍ਹਾਂ ਬਾਂਸ ਦੀਆਂ ਹੁੰਦੀਆਂ ਨੇ ਮਿੱਟੀ ਨੇ ਘਸਾ ਦਿੱਤੀਆਂ।" (ਪੰਨਾ-69) ਵਰਗੇ ਉਤਸ਼ਾਹੀ ਬੋਲ ਦੇ ਕੇ ਉਸ ਦਾ ਹੌਸਲਾ ਕਾਇਮ ਰੱਖਦੀ ਹੈ। ਦਿਆਲ ਕੌਰ ਦਾ ਨਾਰੀ ਜ਼ਿੰਦਗੀ ਦੀ ਬਹੁਪਾਸਾਰੇ ਭੇੜ ਵਿੱਚੋਂ ਨਿਕਲਿਆਂ ਜੀਵਨ ਦਰਸ਼ਨ ਉਸ ਦੇ ਪੁੱਤਰ ਗੁਰਮੇਲ ਨੂੰ ਹਰ ਮੁਸ਼ਕਲ ਵਿੱਚ ਊਰਜਾਵਾਨ ਰੱਖਦਾ ਹੈ। ਚਾਹੇ ਕਮਿਊਨਿਸਟ ਲਹਿਰ ਦੀ ਕਾਠੀ 'ਤੇ ਸਵਾਰੀ ਕਰਨ ਵਾਲੇ ਆਗੂਆਂ ਦੇ ਦੋਗਲੇ ਕਿਰਦਾਰ ਅਤੇ ਵੱਡੇ ਅਹੁਦਿਆਂ 'ਤੇ ਬੈਠੇ ਲੋਕਾਂ ਦੀ ਸੌੜੀ ਸੋਚ ਦੀ ਗੱਲ ਹੋਵੇ, ਦਿਆਲ ਕੌਰ ਦੇ ਬੋਲ "ਵੱਡੇ ਬੰਦੇ ਦਿਲ ਦੇ ਖੋਰੀ ਹੁੰਦੇ ਨੇ। ਖਿਆਲ ਰੱਖੀਂ।" (ਪੰਨਾ 163) ਗੁਰਮੇਲ ਦੇ ਮਾਰਗ ਦਰਸ਼ਨ ਬਣਦੇ ਹਨ। ਸੀਮਤ ਸਾਧਨਾਂ ਵਾਲੇ ਗੁਰਬਤ ਭਰੇ ਅਤੇ ਸਾਮੰਤਵਾਦੀ ਸੋਚ ਵਾਲੇ ਸਮਾਜਿਕ ਮਾਹੌਲ ਵਿੱਚ ਦਿਆਲ ਕੌਰ ਦਾ ਆਪਣੀ ਧੀ ਇੰਦਰਜੀਤ ਨੂੰ ਪੜ੍ਹਾਉਣ, ਨੂੰਹ ਤੋਂ ਘੁੰਡ ਨਾ ਕਢਵਾਉਣ, ਹਮੇਸ਼ਾ ਸੰਘਰਸ਼ਸ਼ੀਲ ਰਹਿਣ ਅਤੇ ਇਖਲਾਕੀ ਸੂਹਜ ਦੀ ਬੁਲੰਦੀ ਕਾਇਮ ਰੱਖਣ ਨਾਲ ਜੁੜੇ ਬਿਰਤਾਂਤਕੀ ਵੇਰਵੇ ਨਾਵਲ ਦਾ ਮਹੱਤਵਪੂਰਨ ਹਿੱਸਾ ਹਨ। ਦਿਆਲ ਕੌਰ ਵਾਂਗ ਹੀ ਨਾਵਲ ਦਾ ਕਾਮਰੇਡ ਪਾਤਰ ਰਚਨਾ ਸੀਰੀ ਹੈ, ਜੋ ਕਿ ਗੁਰਮੇਲ ਦੇ ਕਿਸਾਨੀ ਪਰਵਾਰ ਦਾ ਸੰਗੀ ਰਹਿੰਦਾ ਹੈ। ਸੀਰੀ ਪਾਤਰ ਕਮਿਊਨਿਸਟ ਲਹਿਰ ਦੇ ਅਸਰ ਹੇਠਾਂ ਹੈ, ਜਿਸ ਦਾ ਤਖੱਲਸ "ਹੁਣ ਨੀ ਮਾਰ ਖਾਂਦੇ। ਜਮਾਤ ਬੜੀ ਕਰਾਮਾਤ ਹੁੰਦੀ ਐ।' (ਪੰਨਾ- 33) ਗੁਰਮੇਲ ਨੂੰ ਨਿੱਜ ਤੋਂ ਕੱਢ ਕੇ ਪਰ ਦੇ ਹਿੱਤਾਂ ਲਈ ਜੂਝਣ ਦਾ ਦਰਸ਼ਨ ਦਿੰਦਾ ਹੈ। ਦਿਆਲ ਕੌਰ ਅਤੇ ਰਚਨਾ ਸੀਰੀ ਵਰਗੇ ਪਾਤਰ ਨਾਵਲ ਦੇ ਗੌਣ ਪਾਤਰ ਹੋ ਕੇ ਵੀ ਮੋਹਰੀ ਰਹਿੰਦੇ ਹਨ।

ਨਾਵਲ ਦੀ ਮੁੱਖ ਬਿਰਤਾਂਤਕ ਧਾਰਾ ਵਿੱਚ ਗੁਰਮੇਲ ਸਿੰਘ ਪੇਂਡੂ ਪੰਜਾਬੀ ਰਹਿਤਲ ਵਾਲੇ ਸੰਗਾਊ ਤੇ ਹੀਣ ਭਾਵ ਬੋਧ ਨਾਲ ਭਰੇ ਵਿਦਿਆਰਥੀ ਵਜੋਂ ਕਾਲਜ ਵਿੱਚ ਦਾਖਲ ਹੁੰਦਾ ਹੈ, ਜਿੱਥੇ ਉਹ ਪੀ ਐੱਸ ਯੂ ਵਿੱਚ ਕੰਮ ਕਰਦਿਆਂ 'ਅਸਲ ਆਜ਼ਾਦੀ', 'ਵਰਗ ਸੰਘਰਸ਼', 'ਦੇਸੀ ਸਰਮਾਏਦਾਰੀ', 'ਕਾਲੇ ਹਾਕਮ', 'ਲਾਲ ਫੀਤਾਸ਼ਾਹੀ' ਜਿਹੇ ਸ਼ਬਦ ਜੁੱਟਾਂ ਦੇ ਮਰਮ ਪਛਾਣਦਾ ਤਮਾਮ ਕਿਸਮ ਦੇ ਊਣੇ ਤੇ ਹੀਣੇ ਜੀਵਨ ਦੀ ਕੁੰਜ ਲਾਹ ਦਿੰਦਾ ਹੈ। ਕਮਿਊਨਿਸਟ ਧਿਰਾਂ ਦੇ ਅਸਰ ਹੇਠਾਂ ਵਿਦਿਆਰਥੀ ਜਥੇਬੰਦੀਆਂ ਵੱਲੋਂ ਕਾਲਜਾਂ, ਯੂਨੀਵਰਸਿਟੀਆਂ ਵਿੱਚ ਕੀਤੇ ਜਾਂਦੇ ਰੋਸ ਮੁਜ਼ਾਹਰੇ, ਧਰਨੇ, ਪੁਲਸ ਤੰਤਰ ਨਾਲ ਟਕਰਾਅ ਨਾਲ ਜੁੜੇ ਬਿਰਤਾਂਤਕ ਵੇਰਵੇ ਜਿੱਥੇ ਸਾਇੰਸ ਦੀ ਪੜ੍ਹਾਈ ਕਰਨ ਵਾਲੇ ਗੁਰਮੇਲ ਦੇ ਵਿਦਿਆਰਥੀ ਕੈਰੀਅਰ ਲਈ ਸੰਕਟ ਬਣਦੇ ਹਨ, ਉੱਥੇ ਹੀ ਉਸ ਅੰਦਰ ਸਥਾਪਤ ਸਮਾਜਿਕ ਰਾਜਸੀ ਬਣਤਰਾਂ ਪ੍ਰਤੀ ਚਿੰਤਨੀ ਨੀਝ ਵੀ ਪੈਦਾ ਕਰਦੇ ਹਨ। ਲੇਖਕ ਗੁਰਮੇਲ ਦੀ ਖੱਬੇ ਪੱਖੀ ਧਿਰ ਪ੍ਰਤੀ ਸਮਰਪਣ ਭਾਵਨਾ ਅਤੇ ਹਰ ਤਰ੍ਹਾਂ ਦੇ ਕੇਂਦਰਵਾਦ ਪ੍ਰਤੀ ਰੋਹੀਲੀ ਸੁਰ ਨੂੰ ਉਸ ਦੀ ਫੁੱਟਬਾਲ ਦੀ ਖੇਡ ਦੌਰਾਨ ਉਸ ਦੇ ਸਾਥੀ ਖਿਡਾਰੀਆਂ ਵੱਲੋਂ ਕੀਤੀ ਟਿੱਪਣੀ "ਸੈਂਟਰ ਨਾਲ ਅਣਬਣ ਐ ਤੇਰੀ ? ਤੂੰ ਬਾਲ 'ਸੈਂਟਰ' ਨੀ ਕਰਦਾ। ਲੈਫਟ ਵਿੰਗ 'ਤੇ ਪਾਸ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਮਾਨਵੀ ਸੰਵੇਦਨਾ ਦੀ ਸਹਿਜ ਪੇਸ਼ਕਾਰੀ

## ਫਿਰ ਸਿ.ਫਰ ਤੋਂ

(ਨਾਵਲ)
**ਰਣਜੀਤ ਸਿੰਘ**
**ਸਫੇ : 147, ਮੁੱਲ : 495 ਰੁਪਏ**
**ਮਨਪ੍ਰੀਤ ਪ੍ਰਕਾਸ਼ਨ, ਦਿੱਲੀ**

**ਸਾਹਿਤ ਚਿੰਤਨ**

**ਜਸਵਿੰਦਰ ਕੌਰ ਬਿੰਦਰਾ**

ਪ੍ਰੋਫੈਸਰ ਰਣਜੀਤ ਸਿੰਘ ਸਾਰੀ ਉਮਰ ਅੰਗਰੇਜ਼ੀ ਪੜ੍ਹਾਉਂਦੇ ਰਹੇ, ਉਰਦੂ ਸ਼ਾਇਰੀ ਦੇ ਪ੍ਰਸ਼ੰਸਕ ਰਹੇ ਤੇ ਪੰਜਾਬੀ ਵਿੱਚ ਕਹਾਣੀਆਂ ਲਿਖਦੇ ਰਹੇ। ਇਸ ਤਰ੍ਹਾਂ ਉਨ੍ਹਾਂ ਕੋਲ ਤਿੰਨੋਂ ਹੀ ਭਾਸ਼ਾਵਾਂ ਦੇ ਸਾਹਿਤ ਦਾ ਗਿਆਨ ਹੈ। ਪਹਿਲੀ ਵਾਰ ਪੰਜਾਬੀ ਨਾਵਲ ਉੱਤੇ ਹੱਥ ਅਜ਼ਮਾਇਆ ਤੇ 'ਫਿਰ ਸਿਫ਼ਰ ਤੋਂ' ਨਾਮਕ ਨਾਵਲ ਪੜ੍ਹਨ ਦਾ ਮੌਕਾ ਮਿਲਿਆ। ਨਾਵਲ ਪੰਜਾਬੀ ਦੇ ਪਰੰਪਰਿਕ ਨਾਵਲ ਜਿਹਾ ਨਹੀਂ, ਨਾ ਲਿਖਣ ਸ਼ੈਲੀ ਵਜੋਂ ਤੇ ਨਾ ਹੀ ਵਿਸ਼ੇ ਪੱਖੋਂ। ਐਨੇ ਸਾਲਾਂ ਤੋਂ ਦਿੱਲੀ ਵਿੱਚ ਰਹਿੰਦੇ ਤੇ ਵਿਚਰਦੇ ਹੋਏ ਨਾਵਲਕਾਰ ਨੇ ਜੋ ਵੀ ਆਪਣੇ ਆਲੇ-ਦੁਆਲੇ ਦੇਖਿਆ, ਸਭ ਨੂੰ ਗ੍ਰਹਿਣ ਕਰਦੇ ਹੋਏ ਮਹਿਸੂਸ ਕੀਤਾ ਕਿ ਸਾਡੇ ਕੋਲ ਕਿੰਨੇ ਮਸਲੇ ਹਨ, ਜਿਨ੍ਹਾਂ ਬਾਰੇ ਅਸੀਂ ਅਵੇਸਲੇ ਰਹਿੰਦੇ ਹਾਂ। ਫਿਰ ਭਾਵੇਂ ਉਹ ਪ੍ਰਦੂਸ਼ਣ ਦਾ ਮਸਲਾ ਹੋਵੇ ਜਾਂ ਜੁਰਮਾਂ ਦੇ ਵਾਧੇ ਦਾ ਹੋਵੇ। ਸੱਚ ਇਹ ਹੈ ਕਿ ਅਸੀਂ ਆਪਣੀ ਇਸ ਦੁਨੀਆ ਨੂੰ ਕਿਸੇ ਵੀ ਪੱਖੋਂ ਸੰਵਾਰ ਨਹੀਂ ਸਕੇ। ਇਸ ਨੂੰ ਰਹਿਣਯੋਗ ਬਣਾਉਣ ਵਿੱਚ ਅਸੀਂ ਅਸਲੋਂ ਹੀ ਨਾਕਾਮਯਾਬ ਰਹੇ ਹਾਂ, ਸਗੋਂ ਇਹ ਕਹਿਣਾ ਗਲਤ ਨਹੀਂ ਹੋਏਗਾ ਕਿ ਸਮਾਜ ਨੇ ਵਿਗਿਆਨ ਤੇ ਤਕਨੀਕ ਪੱਖੋਂ ਭਾਵੇਂ ਬਹੁਤ ਤਰੱਕੀ ਕਰ ਲਈ, ਪਰ ਦਿਨੋਂ-ਦਿਨ ਇਹ ਦੁਨੀਆ ਨਿਘਾਰ ਵਾਲੇ ਪਾਸੇ ਜਾ ਰਹੀ ਹੈ, ਕਿਉਂਕਿ ਇਸ ਵਿੱਚ ਰਹਿਣ ਵਾਲੇ ਬੰਦਿਆਂ ਦੀ ਮਾਨਸਿਕਤਾ ਦਾ ਪੱਧਰ ਬਹੁਤ ਹੀ ਨਿਮਨਤਾ ਵੱਲ ਜਾ ਰਿਹਾ ਹੈ। ਇਸੇ ਬਦਹਵਾਸੀ, ਬੇਰੁਜ਼ਗਾਰੀ ਤੇ ਬੇਚੈਨੀ ਸਦਕਾ ਹਰ ਪਾਸੇ ਜੁਰਮਾਂ ਵਿੱਚ ਵਾਧਾ ਹੋ ਰਿਹਾ ਹੈ। ਕਿਧਰੇ ਵੀ ਕਿਸੇ ਵੀ ਉਮਰ ਦੀ ਕੁੜੀ ਤੇ ਔਰਤ ਸੁਰੱਖਿਅਤ ਨਹੀਂ ਰਹੀ, ਭਾਵੇਂ ਉਹ ਵੱਡੀ ਉਮਰ ਦੀ ਹੋਵੇ ਜਾਂ ਕੋਈ ਅੱਲ੍ਹੜ ਤੇ ਬੱਚੀ ਹੋਵੇ। ਬਲਾਤਕਾਰ ਤੋਂ ਵਧ ਕੇ ਹੁਣ ਗੈਂਗਰੇਪ ਤੇ ਫਿਰ ਮਾਰ ਮੁਕਾਉਣਾ ਦਿੱਲੀ ਜਿਹੇ ਰਾਜਧਾਨੀ ਸ਼ਹਿਰ ਦੀ ਪਛਾਣ ਬਣ ਚੁੱਕੇ ਹਨ।

ਨਾਵਲਕਾਰ ਅਜਿਹੇ ਮੁੱਦਿਆਂ ਨੂੰ ਚੁੱਕਣ ਦੇ ਨਾਲ ਇਕ ਵੱਡਾ ਮਸਲਾ ਇਹ ਚੁੱਕਦਾ ਹੈ ਕਿ ਕੋਈ ਵੀ ਗੁਨਾਹਗਾਰ ਵਾਰ-ਵਾਰ ਗੁਨਾਹ ਜਾਂ ਅਪਰਾਧ ਕਿਉਂ ਕਰਦਾ ਹੈ? ਇਕ ਵਾਰ ਜਾਂ 2-4 ਵਾਰ ਫੜੇ ਜਾਣ 'ਤੇ ਸਜ਼ਾ ਭੁਗਤਣ ਮਗਰੋਂ ਵੀ ਉਹ ਸੁਧਰਦਾ ਨਹੀਂ। ਜੇਲ੍ਹ ਤੋਂ ਬਾਹਰ ਆ ਕੇ ਉਹ ਫਿਰ ਤੋਂ ਉਹੀ ਅਪਰਾਧ ਕਿਉਂ ਕਰਨ ਲੱਗਦਾ ਹੈ? ਨਾਵਲਕਾਰ ਵੱਲੋਂ ਇਹ ਸੋਚ ਇਕ ਪੜ੍ਹੀ-ਲਿਖੀ ਜਵਾਨ ਕੁੜੀ 'ਸਹਿਜ' ਰਾਹੀਂ ਨਾਵਲ ਵਿੱਚ ਸਾਹਮਣੇ ਆਉਂਦੀ ਹੈ। ਸਹਿਜ ਰੱਜੇ-ਪੁੱਜੇ ਪਰਵਾਰ ਦੀ ਇਕਲੌਤੀ ਕੁੜੀ, ਜਿਸ ਦੇ ਮਾਂ-ਬਾਪ ਪ੍ਰੋਫੈਸਰ/ਸੀਨੀਅਰ ਅਧਿਆਪਕ ਤੇ ਪੰਜਾਬ ਵਿੱਚ ਬਥੇਰੀ ਜ਼ਮੀਨ, ਜਿਸ ਨੂੰ ਉਸ ਦੇ ਬਜ਼ੁਰਗ ਦਾਦਾ ਜੀ ਸੰਭਾਲਦੇ ਹਨ। ਸਾਈਕਲੌਜੀ ਵਿੱਚ ਐੱਮ.ਏ. ਕਰਨ ਤੋਂ ਬਾਅਦ ਉਸ ਨੇ ਔਕਸਫੋਰਡ ਵਿੱਚ 'ਔਰਿਜਨ ਆਫ ਕਰਾਈਮ ਐਂਡ ਸੋਸ਼ਲ ਇਲਮੀਨੇਟ ਇਟ' ਵਿਸ਼ੇ ਉਤੇ ਐੱਮ.ਫਿਲ. ਕੀਤਾ। ਦੋ ਸਾਲ ਬਾਅਦ ਵਾਪਸ ਆਉਣ 'ਤੇ ਉਸ ਨੇ ਜੀਵਨ ਵਿੱਚ ਵਿਆਹ ਕਰਾਉਣ ਤੋਂ ਪਹਿਲਾਂ ਇਕ ਤਜਰਬਾ ਕਰਨਾ ਚਾਹਿਆ ਕਿ ਉਹ ਕਿਸੇ ਅਪਰਾਧੀ ਨੂੰ ਸਮਝਾ-ਬੁਝਾ ਕੇ ਸਮਾਜ ਵਿੱਚ ਮੁੜ ਵਾਪਸ ਲੈ ਆਵੇ ਤਾਂ ਕਿ ਉਹ ਮੁੜ ਕੇ ਅਪਰਾਧ ਦੀ ਦੁਨੀਆ ਨੂੰ ਨਾ ਅਪਨਾਏ।



ਉਸ ਨੇ ਆਪਣੇ ਇਸ 'ਖ਼ਤਰਨਾਕ' ਤਜਰਬੇ ਨੂੰ ਵਿਹਾਰ ਵਿੱਚ ਲਿਆਉਣ ਲਈ ਸਮਾਜ-ਸਾਧਾਰਕ ਸੁਨੀਤਾ ਹੀਰਾਮਨੀ ਦੀ ਮਦਦ ਲਈ ਤੇ ਉਸ ਦੇ ਐੱਨ.ਜੀ.ਓ. ਨੂੰ ਅਪਨਾ ਲਿਆ। ਇੱਥੇ ਹੀ ਕਈ ਮੀਟਿੰਗਾਂ ਤੋਂ ਬਾਅਦ ਮੁਸ਼ਕਲ ਨਾਲ ਇਹ ਮੌਕਾ ਉਸ ਨੂੰ ਮਿਲਿਆ। ਜਿਸ ਵਿੱਚ ਸੁਨੀਤਾ ਦੇ ਨਾਲ ਇਕ ਵੱਡੇ ਪੁਲਸ ਅਫਸਰ ਹਰੀਕ੍ਰਿਸ਼ਨ ਸਭਰਵਾਲ ਨੇ ਮਦਦ ਕੀਤੀ। ਸਭਰਵਾਲ ਨੇ ਉਸ ਨੂੰ ਜਤਿੰਦਰ ਬਾਰੇ ਦੱਸਿਆ, ਜੋ ਰੱਜੇ-ਪੁੱਜੇ, ਵਕੀਲ ਪਰਵਾਰ ਦਾ ਪੁੱਤਰ। ਸੋਹਣਾ-ਸੁਨੱਖਾ ਤੇ ਆਪ ਵੀ ਵਕੀਲ, ਪਰ ਬਚਪਨ ਤੋਂ ਹੀ ਚੋਰੀ ਕਰਨ ਦੀ ਆਦਤ ਕਾਰਨ ਕਈ ਵਾਰ ਜੇਲ੍ਹ ਜਾ ਚੁੱਕਾ ਹੈ। ਤਿਹਾੜ ਜੇਲ੍ਹ ਤੋਂ ਨਿਕਲੇ ਜਤਿੰਦਰ ਨੂੰ ਸਹਿਜ ਬੜੀ ਸਹਿਜਤਾ ਨਾਲ ਮਿਲੀ। ਦੋ-ਚਾਰ ਮੁਲਾਕਾਤਾਂ ਬਾਅਦ ਉਸ ਨੂੰ ਆਪਣੇ ਦਾਦਾ ਨਾਲ ਮਿਲਵਾਉਣ ਪਿੰਡ ਲੈ ਗਈ। ਜਤਿੰਦਰ ਨੇ ਦਾਦੇ ਤੇ ਪੋਤਰੀ ਦੋਵਾਂ ਦਾ ਦਿਲ ਜਿੱਤ ਲਿਆ ਤੇ ਵਿਆਹ ਵਿੱਚ ਬੱਝ ਗਏ। ਜਤਿੰਦਰ ਨੇ ਦੱਸਿਆ ਕਿ ਚੋਰੀ ਉਸ ਲਈ 'ਥ੍ਰਿਲ' ਹੈ, ਹੋਰ ਕੁਝ ਨਹੀਂ। ਜਿਵੇਂ ਕਈ ਲੋਕਾਂ ਨੂੰ 'ਰਿਸਕ' ਲੈਣਾ ਚੰਗਾ ਲੱਗਦਾ ਹੈ।

ਦੂਜੇ ਪਾਸੇ ਇਕ ਤਮੀਜ਼ਦਾਰ ਆਦਮੀ ਮਿ. ਭੰਡਾਰੀ ਨੇ ਸਹਿਜ ਨੂੰ ਘਰ ਬੁਲਾ ਕੇ ਉਸ ਨਾਲ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ। ਇਹੋ ਜਿਹੀਆਂ ਹਰਕਤਾਂ ਤਾਂ ਯੂਨੀਵਰਸਿਟੀ ਪੜ੍ਹਨ ਵਾਲੇ ਨੌਜਵਾਨ ਵੀ ਅਕਸਰ ਕਰਦੇ ਹਨ, ਜਿਨ੍ਹਾਂ ਵਿੱਚ ਉਹ ਜਗਦੀਸ਼ ਵੱਲ ਵੀ ਆਕਰਸ਼ਿਤ ਹੋ ਗਈ ਸੀ। ਉਸ ਦੀ ਹਰ ਥਾਂ ਉਤੇ ਸਹਿਜ ਨੂੰ ਇੱਕਲਵਾਂਝੇ ਵੱਲ ਲੈ ਜਾ ਕੇ ਛੂਹਣ ਦੀ ਆਦਤ ਨੇ ਉਸ ਨੂੰ ਉਸ ਤੋਂ ਪਰ੍ਹੇ ਕਰ ਦਿੱਤਾ।

ਨਾਵਲ ਵਿੱਚ ਪਹਿਲੀ ਵਾਰ ਇਸਤਰੀ ਪਾਤਰਾਂ ਨੂੰ ਸਿਰਫ਼ ਸੁੰਦਰਤਾ ਜਾਂ ਵਿਚਾਰੇਪਨ ਦੇ ਖਾਂਚੇ ਵਿੱਚ ਹੀ ਪੇਸ਼ ਨਹੀਂ ਕੀਤਾ, ਸਗੋਂ ਇਹ ਵੀ ਦੱਸਿਆ ਹੈ ਕਿ ਸੁਨੀਤਾ ਹੀਰਾਮਨੀ ਤੇ ਸਹਿਜ ਵਰਗੀਆਂ ਇਸਤਰੀਆਂ ਕੋਲ ਦਿਮਾ.ਗ ਵੀ ਹੁੰਦਾ ਹੈ ਤੇ ਉਹ ਆਪਣੇ ਆਲੇ-ਦੁਆਲੇ ਦੇ ਮਾਹੌਲ ਤੇ ਅਜਿਹੇ ਜੋਕਾਂ ਜਿਹੇ ਨੌਜਵਾਨ ਮਰਦਾਂ ਨੂੰ ਜਲਦੀ ਹੀ ਪਛਾਣ ਵੀ ਲੈਂਦੀਆਂ ਹਨ, ਜੋ ਕੇਵਲ ਉਨ੍ਹਾਂ ਦਾ ਫਾਇਦਾ ਚੁੱਕਣਾ ਚਾਹੁੰਦੇ ਹਨ। ਸੁਨੀਤਾ ਨੇ ਆਜ਼ਾਦੀ ਨਾਲ ਰਹਿਣ ਕਾਰਨ ਵਿਆਹ ਨਹੀਂ ਕੀਤਾ, ਪਰ ਉਸ ਨੇ ਸਮਾਜ ਤੇ ਸਟੇਟ ਵਿੱਚ ਆਪਣਾ ਅਜਿਹਾ ਰੁਤਬਾ ਬਣਾਇਆ ਕਿ ਦਿੱਲੀ ਜਿਹੇ ਮਹਾਂਨਗਰ ਵਿੱਚ ਹੋਣ ਵਾਲੇ ਵੱਡੇ ਮਸਲਿਆਂ ਦੀਆਂ ਮੀਟਿੰਗਾਂ ਵਿੱਚ ਉਸ ਨੂੰ ਵੀ ਜ਼ਰੂਰ ਬੁਲਾਇਆ ਜਾਂਦਾ, ਜਿੱਥੇ ਮੰਤਰੀ, ਨੌਕਰਸ਼ਾਹੀ ਤੇ ਪੁਲਸ ਮਹਿਕਮੇ ਦੇ ਵੱਡੇ ਅਫਸਰ ਸ਼ਾਮਲ ਹੋ ਕੇ ਗੰਭੀਰ ਵਿਸ਼ਿਆਂ ਉਤੇ ਚਰਚਾ ਕਰਦੇ। ਜਿਵੇਂ ਪ੍ਰਦੂਸ਼ਣ ਦਾ ਮਸਲਾ, ਪਰਾਲੀ ਸਾੜਨ ਦਾ ਮਸਲਾ, ਪੁਰਾਣੀਆਂ ਗੱਡੀਆਂ ਨੂੰ ਕੰਡਮ ਕਰਨ ਬਾਰੇ ਵਿਚਾਰ ਤੇ ਹੋਰ ਕਈ ਸਮਾਜਿਕ ਸਮੱਸਿਆਵਾਂ ਬਾਬਤ ਵਿਚਾਰ-ਚਰਚਾ ਹੋਣਾ।

ਜਦਕਿ ਸਹਿਜ ਨੂੰ ਵਿਆਹ ਆਪਣੇ ਲਈ, ਮਾਪਿਆਂ ਦੀ ਖੁਸ਼ੀ ਲਈ ਤੇ ਐਨੀ ਵੱਡੀ ਜ਼ਮੀਨ ਨੂੰ ਸੰਭਾਲਣ ਦੇ ਵਾਰਿਸ ਵਜੋਂ ਜ਼ਰੂਰੀ ਲੱਗਦਾ। ਇਸੇ ਕਰਕੇ ਜਦੋਂ ਉਸ ਨੂੰ ਸਹੀ ਬੰਦਾ ਮਿਲ ਗਿਆ, ਉਸ ਨੇ ਵਿਆਹ ਕਰ ਲਿਆ। ਜਤਿੰਦਰ ਦੇ ਰੂਪ ਵਿੱਚ ਲੇਖਕ ਨੇ ਇਕ ਅਜਿਹੇ ਨੌਜਵਾਨ ਦੀ ਮਾਨਸਿਕਤਾ ਨੂੰ ਦੱਸਣ ਦਾ ਯਤਨ ਕੀਤਾ ਹੈ ਕਿ ਚੋਰੀ ਕਰਨ ਦਾ ਕੰਮ ਵੀ ਉਹ ਮਾੜੀ ਨੀਅਤ ਨਾਲ ਨਹੀਂ ਕਰਦਾ। ਬਸ, ਇਸ ਰਾਹੀਂ ਉਹ ਇਕ 'ਥ੍ਰਿਲ' ਮਹਿਸੂਸ ਕਰ, ਇਹ ਸੋਚਦਾ ਹੈ ਕਿ ਉਹ ਕੁਝ ਵੱਖਰਾ ਕਰ ਰਿਹਾ ਹੈ। ਵੈਸੇ ਚੰਗਾ ਹੁੰਦਾ, ਜੇ ਜਤਿੰਦਰ ਵੱਲੋਂ ਇਸ ਬਾਰੇ ਵਧੇਰੇ ਚਾਨਣਾ ਪੁਆਇਆ ਜਾਂਦਾ ਤੇ ਥੋੜ੍ਹਾ ਵਿਸਤਾਰ ਨਾਲ ਇਸ ਬਾਰੇ ਗੱਲ ਕੀਤੀ ਜਾਂਦੀ। ਹਾਲਾਂਕਿ ਸਹਿਜ ਵੱਲੋਂ ਇਸ ਅਪਰਾਧਕ ਪ੍ਰਵਿਰਤੀ ਵੱਲ ਖਿਚਾਵ ਬਾਰੇ ਧਾਰਮਿਕ ਬੰਦਿਆਂ ਜਿਵੇਂ ਪਾਦਰੀ ਤੇ ਗ੍ਰੰਥੀ ਸਾਹਿਬ ਨਾਲ ਵੀ ਕੀਤੀ ਤਾਂ ਉਨ੍ਹਾਂ ਮੰਨਿਆ ਬੰਦਾ ਸ਼ੁਰੂ ਤੋਂ ਹੀ ਅਜਿਹੀ ਪ੍ਰਵਿਰਤੀ ਰੱਖਦਾ ਆਇਆ ਹੈ। ਇਹ ਸੰਸਾਰ ਇਸੇ ਤਰ੍ਹਾਂ ਚੰਗੇ-ਮਾੜੇ ਲੋਕਾਂ ਨਾਲ ਚਲਦਾ ਆਇਆ ਹੈ।

ਨਾਵਲ ਦਾ ਵਿਸ਼ਾ ਅਸਲੋਂ ਨਵਾਂ ਹੈ, ਜਿਸ ਨੂੰ ਇਕ ਨੌਜਵਾਨ ਕੁੜੀ ਵੱਲੋਂ ਚਿਤਵਣਾ ਤੇ ਅਮਲ ਵਿੱਚ ਹੁੰਦੇ ਵਿਖਾਇਆ ਗਿਆ, ਇਹ ਵੀ ਇਸ ਨਾਵਲ ਦੀ ਨਵੀਨਤਾ ਕਹੀ ਜਾ ਸਕਦੀ ਹੈ। ਦੋ ਹਰਫ਼ੀ ਸ਼ਬਦਾਂ ਵਿੱਚ ਕਿਸੇ ਦੀ ਜੀਵਨ ਕਹਾਣੀ ਬਿਆਨ ਕਰਨ ਦਾ ਢੰਗ ਵੀ ਨਿਰਾਲਾ ਲੱਗਾ। ਇੰਜ ਲੱਗਦਾ ਹੈ, ਜਿਵੇਂ ਲੇਖਕ ਗੰਭੀਰ ਮਸਲਿਆਂ ਉਤੇ ਪਾਠਕਾਂ ਨਾਲ ਗੱਲਾਂ ਕਰ ਰਿਹਾ ਹੋਵੇ। ਪਾਠਕ ਵੀ ਉਹ, ਜਿਨ੍ਹਾਂ ਨੂੰ ਹਰ ਗੱਲ ਵਿਸਤਾਰ ਨਾਲ ਸਮਝਾਉਣ ਦੀ ਲੋੜ ਨਹੀਂ। ਉਹ ਛੋਟੇ-ਛੋਟੇ ਵੇਰਵਿਆਂ ਤੋਂ ਹੀ ਗੱਲ ਨੂੰ ਸਮਝ ਲੈਣ ਦੀ ਕੁਵੱਤ ਰੱਖਦੇ ਹਨ। ਇਸ ਤਰ੍ਹਾਂ ਲੇਖਕ ਤੇ ਪਾਠਕ ਵਿਚਲਾ ਰਿਸ਼ਤਾ ਇਕੋ ਪੱਧਰ ਦਾ ਦਿਸਦਾ ਹੈ। ਨਾਵਲ ਵਿੱਚ ਕੁਝ ਖਾਮੀਆਂ ਜ਼ਰੂਰ ਹਨ, ਜਿਵੇਂ ਹਿੰਦਸਿਆਂ ਦੀਆਂ ਗਲਤੀਆਂ ਬਹੁਤ ਹਨ। ਕੁਝ ਘਟਨਾਵਾਂ ਦਾ ਦੁਹਰਾਓ ਵੀ ਆਇਆ ਹੈ, ਖਾਸ ਕਰਕੇ 2011 ਦੇ 'ਦਾਮਿਨੀ ਬਲਾਤਕਾਰ ਕੇਸ' ਦਾ, ਪਰ ਫਿਰ ਵੀ ਲੇਖਕ ਨੇ ਘੱਟੋ-ਘੱਟ ਸਾਡੇ ਸਾਹਮਣੇ ਮੂੰਹ ਫਾੜੇ ਖੜੀਆਂ ਸਮੱਸਿਆਵਾਂ ਬਾਰੇ ਧਿਆਨ ਖਿੱਚਣ ਦੀ ਕੋਸ਼ਿਸ਼ ਤਾਂ ਕੀਤੀ, ਜਿਸ ਬਾਰੇ ਆਮ ਤੌਰ 'ਤੇ ਪੰਜਾਬੀ ਨਾਵਲਾਂ ਵਿੱਚ ਗੱਲ ਛੋਹੀ ਵੀ ਨਹੀਂ ਜਾਂਦੀ। ਘੱਟੋ-ਘੱਟ ਪੜ੍ਹੀਆਂ-ਲਿਖੀਆਂ ਕੁੜੀਆਂ ਨੂੰ ਆਪਣਾ ਦਿਮਾ.ਗ ਵਰਤਣਯੋਗ ਤਾਂ ਸਮਝਿਆ। ਬਾਕੀ ਜੀਵਨ ਨਿਰੰਤਰਤਾ ਦਾ ਪ੍ਰਤੀਕ ਹੈ, ਇਕ ਪੀੜ੍ਹੀ ਜਾਂਦੀ ਹੈ ਤੇ ਦੂਜੇ ਦੀ ਆਮਦ ਹੋ ਜਾਂਦੀ ਹੈ, ਸਹਿਜ ਦੇ ਦਾਦੇ ਤੇ ਮਾਂ ਦੇ ਕੈਂਸਰ ਵਜੋਂ ਜਾਣ ਵਾਲੇ ਸਹਿਜ ਦੇ ਪੁੱਤਰ ਪੁੱਖਰਾਜ ਦਾ ਜਨਮ ਇਸੇ ਚਲਦੇ ਪ੍ਰਵਾਹ ਦਾ ਹੀ ਸਬੂਤ ਹੈ। ਹਰ ਜੀਵਨ ਇਕ ਸਿਫ਼ਰ ਤੋਂ ਸ਼ੁਰੂ ਹੁੰਦਾ ਹੈ ਤੇ ਅੱਗੇ ਵਧਦਾ ਹੈ, ਇਸੇ ਕਾਰਨ ਇਸ ਨਾਵਲੀ ਰਚਨਾ ਦਾ ਸਿਰਲੇਖ 'ਫਿਰ ਸਿਫ਼ਰ ਤੋਂ' ਢੁਕਵਾਂ ਲੱਗਦਾ ਹੈ, ਜਿਸ ਵਿੱਚ ਬੰਦਾ ਆਪਣੇ ਜੀਵਨ ਦੇ ਕਈ ਪੜਾਅ ਪਾਰ ਕਰ, ਉਸ ਨੂੰ ਸਾਰਥਕ ਵੀ ਬਣਾ ਸਕਦਾ ਹੈ ਤੇ ਨਿਰਾਰਥਕ ਵੀ। ਇਹ ਸਭ ਉਸ ਦੇ ਆਪਣੇ ਹੱਥ ਵਿੱਚ ਹੈ!

**ਮੋਬਾ. 98681-82835**

## 'ਨਵਾਂ ਜ਼ਮਾਨਾ' ਟੇਬਲ 'ਤੋਂ

### ਜੀਵਨ ਫੁੱਲ ਜਾਂ ਕੰਡੇ

**ਅਜਮੇਰ ਸਿੰਘ ਢਿੱਲੋਂ**
**ਮੁੱਲ- 300, ਸਫ਼ੇ -176**
**ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ**

ਅਜਮੇਰ ਸਿੰਘ ਢਿੱਲੋਂ ਵੱਲੋਂ ਲਿਖੀ ਗਿਆਨ ਸਾਹਿਤ ਦੀ ਇਹ ਮੁੱਲਵਾਨ ਪੁਸਤਕ ਹੈ। ਪੁਸਤਕ ਵਿੱਚ ਲੇਖਕ ਨੇ ਵਿਗਿਆਨ ਤੇ ਗੁਰਬਾਣੀ ਦੇ ਅਧਿਐਨ



ਵਿੱਚੋਂ ਮੁੱਲਵਾਨ ਸਿੱਟੇ ਪੇਸ਼ ਕੀਤੇ ਹਨ। ਪੁਸਤਕ ਪਾਠਕਾਂ ਨੂੰ ਵਿਗਿਆਨਕ ਨਜ਼ਰੀਆ ਪੇਸ਼ ਕਰਦੀ ਹੈ। ਲੇਖਕ ਨੇ ਵਿਸ਼ਾਲ ਅਧਿਐਨ ਤੇ ਇਤਿਹਾਸਕ ਸੂਝ ਨਾਲ ਬਹੁ ਪੱਖੀ ਗਿਆਨ ਨੂੰ ਅਧਾਰ ਬਣਾ ਕੇ ਆਪਣੀਆਂ ਗਿਆਨ ਭਰਪੂਰ ਧਾਰਨਾਵਾਂ ਪ੍ਰਗਟ ਕੀਤੀਆਂ ਹਨ। ਪੁਸਤਕ ਨੂੰ ਚਾਰ ਵੱਖ ਵੱਖ ਅਧਿਆਵਾਂ ਵਿੱਚ ਵੰਡਿਆ ਗਿਆ ਹੈ। ਪਹਿਲਾ ਲੇਖ 'ਕੀਤਾ ਪਸਾਊ ਏਕੋ ਕਵਾਊ' ਵਿੱਚ ਵਿਗਿਆਨ ਦੇ ਕਈ ਪੱਖਾਂ ਨੂੰ ਅਧਾਰ ਬਣਾ ਕੇ ਬ੍ਰਹਿਮੰਡ ਦੇ ਰਹੱਸਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਧਰਮ ਤੇ ਵਿਗਿਆਨ ਨੂੰ ਤਰਕ ਨਾਲ ਡਿਸਕਸ ਕੀਤਾ ਹੈ। 'ਜੀਵਨ ਵਿਸ਼ਲੇਸ਼ਣ' ਵਿੱਚ ਮਨੁੱਖੀ ਜੀਵਨ ਦੇ ਕਈ ਪਸਾਰਾ ਨੂੰ ਸਮਝਣ ਦਾ ਯਤਨ ਕੀਤਾ ਹੈ। 'ਜੀਵਨ ਦੇ ਆਵੱਸ਼ਕ ਅੰਗ' ਅਤੇ 'ਮਨੁੱਖੀ ਮਾਨਸਿਕਤਾ' ਦੋਵੇਂ ਲੇਖਾਂ ਵਿੱਚ ਮਨੁੱਖ ਦੇ ਕੋਮਲ ਮਨ ਦੀ ਗੱਲ ਕੀਤੀ ਗਈ ਹੈ। ਲੇਖਕ ਨੇ ਆਪਣੀ ਗੱਲ ਤਰਕ ਨਾਲ ਕੀਤੀ ਹੈ। ਪੁਸਤਕ ਵਿੱਚ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ, ਉਕਤੀਆਂ, ਲਤੀਫ਼ੇ ਤੇ ਸ਼ਿਅਰ ਪੁਸਤਕ ਨੂੰ ਪ੍ਰਭਾਵਸ਼ਾਲੀ ਬਣਾਉਂਦੇ ਹਨ। ਧਰਮ ਤੇ ਡੇਰਿਆਂ ਵੱਲੋਂ ਭਰਮ ਭੁਲੇਖੇ ਦਾ ਜੋ ਬਿਰਤਾਂਤ ਸਿਰਜਿਆ ਜਾ ਰਿਹਾ ਉਸ ਬਿਰਤਾਂਤ ਨੂੰ ਇਹ ਪੁਸਤਕ ਸਵਾਲ ਕਰਦੀ ਹੈ।

### ਤੇਰੇ ਪਿੰਡ ਵਾਲੀ ਜੂਹ

(ਗੀਤ ਸੰਗ੍ਰਹਿ)
**ਦਵਿੰਦਰ ਦੀਪਕ**
**ਮੁੱਲ-220, ਸਫ਼ੇ -131**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਪ੍ਰਗੀਤਕ ਕਾਵਿ 'ਚ ਪੰਜਾਬੀ ਗੀਤਕਾਰੀ ਦਾ ਆਪਣਾ ਸਥਾਨ ਹੈ। ਗੀਤ ਸੁਣਨ ਵਾਲੀ ਵਿਧਾ ਵਜੋਂ ਪ੍ਰਸਿੱਧ ਹੋਈ ਹੈ। ਹੱਥਲੀ ਪੁਸਤਕ ਵਿੱਚ ਦੀਪਕ ਨੇ ਪੰਜਾਬੀ ਸਭਿਆਚਾਰ ਅਤੇ ਮਨੁੱਖ ਦੇ ਸੂਖਮ ਅਹਿਸਾਸਾ ਨੂੰ ਪ੍ਰਗਟ ਕੀਤਾ ਹੈ। ਦੀਪਕ ਦਾ ਇਹ ਪਹਿਲਾ ਗੀਤ ਸੰਗ੍ਰਹਿ ਹੈ। ਉਹ ਆਪਣੇ ਗੀਤਾਂ ਵਿੱਚ ਖੁਸ਼ਹਾਲ ਮਨੁੱਖ ਦੀ ਕਾਮਨਾ ਕਰਦਾ ਹੈ। ਮਨੁੱਖੀ ਭਾਵਨਾਵਾਂ, ਵੇਦਨਾ, ਅਹਿਸਾਸ, ਰਹਿਣ ਸਹਿਣ, ਮਾਨਵੀ ਕਦਰਾਂ ਕੀਮਤਾਂ ਨੂੰ ਪੇਸ਼ ਕਰਨ ਵਾਲੇ ਗੀਤ ਲਿਖਣ ਨੂੰ ਲੇਖਕ ਪਹਿਲ ਦਿੰਦਾ ਹੈ। ਪੰਜਾਬੀ ਸਭਿਆਚਾਰ ਦੇ ਵੱਖ-ਵੱਖ ਪਸਾਰਾਂ ਨੂੰ ਰਵਾਨਗੀ ਵਾਲੇ ਸ਼ਬਦਾਂ ਵਿੱਚ ਪਰੋ ਕੇ ਗੀਤਕਾਰ ਕਮਾਲ ਦੇ ਗੀਤ ਕਹਿੰਦਾ ਹੈ। ਹਥਿਆਰ ਅਤੇ ਨਸ਼ਿਆਂ ਨੂੰ ਉਭਾਰਨ ਵਾਲੇ ਗੀਤਾਂ ਤੋਂ ਦੀਪਕ ਪਰਹੇਜ਼ ਕਰਦਾ ਹੈ। ਰੂਹਾਨੀਅਤ, ਸਦੀਵੀਂ ਤੱਥਾਂ ਨੂੰ ਉਭਾਰਨ ਵਾਲੀ ਗੀਤਕਾਰੀ ਵਿੱਚ ਲੈਅ ਤੇ ਰਵਾਨਗੀ ਹੈ। ਗੀਤ ਪੜ੍ਹਨ ਦੇ ਸ਼ੌਕੀਨ ਇਹ ਕਿਤਾਬ ਪੜ੍ਹ ਸਕਦੇ ਹਨ।



### ਜੋਗੀੜਾ ਗਾਉਂਦਾ ਗਲੀ ਗਲੀ

(ਰੂਹਾਨੀ ਕਾਵਿ ਸੰਗ੍ਰਹਿ)
**ਜਨਕ ਸ਼ਰਮੀਲਾ**
**ਮੁੱਲ : 200 ਰੁਪਏ, ਸਫ਼ੇ : 143**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਜਨਕ ਸ਼ਰਮੀਲਾ ਪੰਜਾਬੀ ਦਾ ਚਰਚਿਤ ਗੀਤਕਾਰ ਹੋਇਆ ਹੈ। ਉਸ ਨੇ ਅਨੇਕਾਂ ਮਿਆਰੀ ਗੀਤ ਸਰੋਤੇ ਸੁਣ ਚੁੱਕੇ ਹਨ। ਏਸ ਪੁਸਤਕ ਵਿੱਚ ਉਸ ਨੇ ਸਾਫ਼ ਸੁਥਰੀ ਗੀਤਕਾਰੀ ਜਿਹੜੀ ਰੂਹਾਨੀਅਤ ਦੇ ਨੇੜੇ ਰਹਿ ਕੇ ਸਿਰਜੀ ਜਾਂਦੀ ਹੈ, ਉਸ ਨੂੰ ਪੇਸ਼ ਕੀਤਾ ਹੈ। ਪੁਸਤਕ ਵਿੱਚ ਬਹੁਤ ਸਾਰੇ ਗੀਤਾਂ ਵਿੱਚ ਮਨੁੱਖ ਨੂੰ ਸਮਝਣ ਲਈ ਉਹਦੇ ਅੰਦਰ ਝਾਤ ਮਾਰਨ ਦੀ ਕੋਸ਼ਿਸ ਕੀਤੀ ਗਈ ਹੈ। ਉਹ ਮਨੁੱਖ ਤੇ ਰੂਹਾਨੀਅਤ ਨਾਲ ਸੰਵਾਦ ਤੋਰਦਾ ਹੈ। ਉਹ ਕਹਿੰਦਾ ਹੈ-ਬੁੱਝ ਮੇਰੀ ਬੁਝਾਰਤ ਕੋਲ ਹਾਂ ਮੈਂ, ਰੰਗਿਆ ਜੀ ਅਸੀਂ ਰੰਗਿਆ ਜੀ, ਅਸੀਂ ਮਨ ਮਸਤੀ ਵਿੱਚ ਰੰਗਿਆ ਜੀ। ਸੂਫੀ ਸ਼ਾਇਰਾਂ ਦੇ ਚਿਹਨ ਉਹ ਆਪਣੇ ਗੀਤਾਂ ਵਿੱਚ ਵਰਤਣ ਦੀ ਵੀ ਕੋਸ਼ਿਸ਼ ਕਰਦਾ ਹੈ। ਬਦਲ ਰਹੇ ਗਾਇਕੀ ਦੇ ਦੌਰ ਵਿੱਚ ਗੀਤਕਾਰਾਂ ਨੇ ਆਪਣੀਆਂ ਲਿਖਤਾਂ ਪੁਸਤਕ ਰੂਪ ਵਿੱਚ ਸਾਂਭਣ ਦਾ ਯਤਨ ਸ਼ੁਰੂ ਕਰ ਦਿੱਤਾ ਹੈ।



# ਪੁਸਤਕ ਰੀਵਿਊ

## ਮੇਰਾ ਦੋਸਤ ਕਾਰਲ ਮਾਰਕਸ

**ਡਾ. ਸ਼ਿਆਮ ਸੁੰਦਰ ਦੀਪਤੀ**
**ਸਫ਼ੇ-112, ਮੁੱਲ-150 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**



ਡਾਕਟਰ ਸ਼ਿਆਮ ਸੁੰਦਰ ਦੀਪਤੀ ਕਾਰਲ ਮਾਰਕਸ ਦੀ ਸੋਚ ਨੂੰ ਪ੍ਰਣਾਇਆ ਲੇਖਕ ਹੈ। ਉਹ ਅਬੋਹਰ ਦਾ ਜੰਮਪਲ ਹੈ, ਪਟਿਆਲੇ ਤੋਂ ਐੱਮ.ਬੀ.ਬੀ.ਐੱਸ. ਦੀ ਡਿਗਰੀ ਪ੍ਰਾਪਤ ਕੀਤੀ। ਕਮਿਊਨਿਸਟ ਧਿਰ ਦੇ ਚਿੰਤਕਾਂ ਪ੍ਰੇਮ ਖੋਸਲਾ, ਡਾ. ਪਿਆਰੇ ਲਾਲ ਗਰਗ, ਡਾ. ਅਮਰ ਸਿੰਘ ਆਜ਼ਾਦ ਅਤੇ ਦੇਵਿੰਦਰ ਬਿਮਰੇ ਹੁਰਾਂ ਦੇ ਸੰਪਰਕ ਵਿਚ ਰਿਹਾ। ਉਸ ਨੇ ਕਵਿਤਾ, ਮਿੰਨੀ ਕਹਾਣੀ, ਨਾਟਕ ਅਤੇ ਵਾਰਤਕ ਦੇ ਖੇਤਰ ਵਿਚ ਸਾਹਿਤ ਸਿਰਜਿਆ।

ਹੱਥਲੀ ਪੁਸਤਕ ਕਾਰਲ ਮਾਰਕਸ ਬਾਰੇ ਉਸ ਦੇ ਚਿੰਤਨ ਦੀ ਨਿਬੰਧ ਪੁਸਤਕ ਹੈ। ਉਹ ਵਿਗਿਆਨਕ ਆਧਾਰ 'ਤੇ ਤਰਕ ਨਾਲ ਹਰ ਗੱਲ ਦੀ ਕਾਰਨ ਕੀ, ਕਿਉਂ ਤੇ ਕਿਵੇਂ ਦੇ ਆਧਾਰ 'ਤੇ ਗੱਲ ਕਰਦਾ ਹੈ। ਉਹ ਸਰਬੱਤ ਦੇ ਭਲੇ ਦੀ ਸੋਚ ਵਾਲਾ ਮਨੁੱਖਵਾਦੀ ਸਾਹਿਤਕਾਰ ਹੈ। ਤ੍ਰੈਮਾਸਿਕ ਪੇਪਰ 'ਮਿੰਨੀ' ਦਾ ਸੰਪਾਦਕ ਹੈ। ਪੁਸਤਕ ਵਿਚ ਸ਼ਾਮਲ ਤੇਰਾਂ ਲੇਖ ਮਾਰਕਸ ਦੀ ਵਿਗਿਆਨਕ ਧਾਰਨਾ ਅਤੇ ਫ਼ਲਸਫ਼ੇ ਬਾਰੇ ਸਮੇਂ-ਸਮੇਂ ਲਿਖੇ ਗਏ ਹਨ। ਲੋਕਾਂ ਵਿਚ ਵਿਪੱਖੀ ਵਿਚਾਰਾਂ ਵਾਲੇ ਲੋਕਾਂ ਵੱਲੋਂ ਫੈਲਾਏ ਗਲਤ ਸਿਧਾਂਤਕ ਕਥਨਾਂ ਦੀ ਠੀਕ ਵਿਆਖਿਆ ਕੀਤੀ ਹੈ। ਲੇਖਾਂ ਵਿਚ ਮਾਰਕਸ ਦੀ ਮਨੋਵਿਗਿਆਨਕ ਸਮਝ, ਆਤਮਵਾਚ ਨਾਲ ਤੁਰਦਿਆਂ, ਮੁਲਾਕਾਤ, ਵਿਗਿਆਨ ਤੇ ਨਾਬਰਾਬਰੀ, ਨਾਨਕ ਵੀ ਮੇਰਾ ਮਾਰਕਸ ਵੀ ਮੇਰਾ, ਮਾਰਕਸ ਤੇ ਅਜੋਕਾ ਸਮਾਂ, ਧਰਮਾਂ ਦੀ ਦਸਤਕ, ਕ੍ਰਾਂਤੀਕਾਰੀ ਅਦਰਸ਼, ਨਾਟਕ, ਮੇਰਾ ਦੋਸਤ, ਕਿੱਤੇ ਦੀ ਚੋਣ ਬਾਰੇ ਅਤੇ ਮਾਰਕਸ ਦੇ ਭਵਿੱਖ ਸ਼ਾਮਲ ਹਨ।

ਡਾ. ਦੀਪਤੀ ਬਾਬਾ ਨਾਨਕ ਤੋਂ ਦਸਵੇਂ ਗੁਰੂ ਤੱਕ ਦੀ ਸਮਾਜਿਕ ਚੇਤਨਾ ਭਰੀ, ਗਰੀਬਪੱਖੀ ਤੇ ਸਰਬੱਤ ਦੇ ਭਲੇ ਵਾਲੀ ਵਿਚਾਰਧਾਰਾ ਨੂੰ ਮਾਰਕਸੀ ਚਿੰਤਨ ਨਾਲ ਮੇਲਦਾ ਹੈ, ਜੋੜਦਾ ਹੈ। ਦੋਵਾਂ ਨੂੰ ਵਿਸ਼ਵ ਭਲੇ ਵਾਲੀਆਂ ਮੰਨਦਾ ਹੈ। ਉਹ ਕਿੱਤੇ ਦੀ ਚੋਣਵੀਂ ਲੋਕ ਪੱਖੀ ਕਰਨ ਵਾਲੀ ਵਿਚਾਰਧਾਰਾ ਦੀ ਗੱਲ ਕਰਦਾ ਹੈ। ਉਸ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਮਾਰਕਸੀ ਫਲਸਫ਼ਾ ਦੁਨੀਆ 'ਤੇ ਆਏਗਾ, ਆਪਣੀ ਗੱਲ ਉਸ ਨੇ ਬੜੇ ਰੌਚਿਕ ਸ਼ਬਦਾਂ ਵਿਚ, ਮੁਲਾਕਾਤ, ਰੂ-ਬ-ਰ, ਨਾਟਕ, ਕਵਿਤਾ, ਤੁਲਨਾ ਅਤੇ ਸਵੈ ਸੰਬੋਧਨੀ ਰੂਪਾਂ ਵਿਚ ਕਹੀ ਹੈ। ਗੀਤ, ਕਵਿਤਾ ਵੀ ਹਨ। ਹਾਂ ਦੁਹਰਾਓ ਅਤੇ ਅਸ਼ੁੱਧੀਆਂ ਤੋਂ ਜ਼ਰੂਰ ਬਚਣ ਦੀ ਲੋੜ ਹੈ।

**— ਤੇਜਾ ਸਿੰਘ ਤਿਲਕ**

## ਜ਼ਿੰਦਗੀ ਖ਼ੂਬਸੂਰਤ ਹੈ

(ਬਾਲ ਨਾਵਲ)
**ਅਮਰਜੀਤ ਕੌਰ ਮੋਰਿੰਡਾ**
**ਸਫ਼ੇ-54, ਕੀਮਤ-295 ਰੁਪਏ**
**ਲੋਕਗੀਤ ਪ੍ਰਕਾਸ਼ਨ,ਚੰਡੀਗੜ੍ਹ**

'ਜ਼ਿੰਦਗੀ ਖ਼ੂਬਸੂਰਤ ਹੈ' 39 ਭਾਗਾਂ ਵਿੱਚ ਵੰਡਿਆ ਹੋਇਆ ਇਹ ਬਾਲ ਨਾਵਲ ਬੱਚਿਆਂ ਦੇ ਨਾਲ਼-ਨਾਲ਼ ਵੱਡਿਆਂ ਨੂੰ ਵੀ ਟ੍ਰੈਫਿਕ ਨਿਯਮਾਂ ਬਾਰੇ ਬੜੇ ਰੌਚਿਕ ਢੰਗ ਨਾਲ਼ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਪੁਸਤਕ ਨੂੰ 'ਜ਼ਿੰਦਗੀ ਨੂੰ ਪਿਆਰ ਕਰਨ ਵਾਲਿਆਂ ਨੂੰ' ਸਮਰਪਿਤ ਕਰਦਿਆਂ ਲੇਖਿਕਾ ਨੇ ਨਾਵਲ ਦੇ ਵਿਸ਼ੇ ਨੂੰ ਬਹੁਤ ਹੀ ਸੂਖ਼ਮਤਾ ਨਾਲ਼ ਪਰਵਾਰਕ ਪਾਤਰਾਂ ਦੇ ਆਪਸੀ ਸੰਵਾਦ ਅਤੇ ਆਲ਼ੇ-ਦੁਆਲ਼ੇ ਵਾਪਰਦੀਆਂ ਘਟਨਾਵਾਂ ਰਾਹੀਂ ਪ੍ਰਭਾਵਸ਼ਾਲੀ ਬਣਾਇਆ ਹੈ। ਆਮ ਤੌਰ 'ਤੇ ਥੋੜ੍ਹੀ ਜਿਹੀ ਲਾਪਰਵਾਹੀ ਕਈ ਵਾਰ ਵੱਡੇ-ਵੱਡੇ ਹਾਦਸਿਆਂ ਦਾ ਕਾਰਨ ਬਣ ਜਾਂਦੀ ਹੈ।



ਇਸ ਨਾਵਲ 'ਚ ਸੜਕ 'ਤੇ ਪੈਦਲ ਚੱਲਣ ਸਮੇਂ ਜਾਂ ਵਾਹਨ ਚਲਾਉਂਦੇ ਹੋਏ ਸਾਨੂੰ ਕਿਹੜੀਆਂ-ਕਿਹੜੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ, ਕਿਵੇਂ ਸੜਕ ਪਾਰ ਕਰਨੀ ਚਾਹੀਦੀ ਹੈ, ਜ਼ੈਬਰਾ ਕਰਾਸਿੰਗ, ਟ੍ਰੈਫਿਕ ਲਾਈਟ, ਟ੍ਰੈਫਿਕ ਚਿੰਨ੍ਹ ਆਦਿ ਬਾਰੇ ਜਾਣਕਾਰੀ ਬੜੇ ਵਧੀਆ ਢੰਗ ਨਾਲ਼ ਦਿੱਤੀ ਗਈ ਹੈ।ਗੱਲਾਂ-ਬਾਤਾਂ ਵਿੱਚ ਹੀ ਯਾਤਰਾ ਦੌਰਾਨ ਠੱਗਾਂ ਤੋਂ ਸਾਵਧਾਨੀ ਵਰਤਣ ਲਈ ਜਾਗਰੂਕ ਕੀਤਾ ਗਿਆ ਹੈ। ਲੇਖਿਕਾ ਰੋਪੜ ਜ਼ਿਲ੍ਹੇ ਦੀ ਹੋਣ ਕਾਰਨ ਇੱਥੋਂ ਦੇ ਕਈ ਪਿੰਡਾਂ ਤੇ ਕਈ ਥਾਵਾਂ ਦੇ ਨਾਂਅ ਸਹਿਜੇ ਹੀ ਨਾਵਲ 'ਚ ਪੜ੍ਹਨ ਨੂੰ ਮਿਲ ਰਹੇ ਹਨ। ਨਾਵਲ ਦੀ ਕਹਾਣੀ ਅਖ਼ਬਾਰਾਂ ਦੀਆਂ ਖ਼ਬਰਾਂ, ਪਾਤਰਾਂ ਦੀ ਆਪਸੀ ਗੱਲਬਾਤ ਰਾਹੀਂ ਪਾਠਕਾਂ ਨੂੰ ਨਿੱਤ ਵਾਪਰ ਰਹੀਆਂ ਘਟਨਾਵਾਂ ਦੇ ਕਾਰਨਾਂ ਦੀ ਜਾਣਕਾਰੀ ਸਾਂਝੀ ਕਰਦਿਆਂ, ਸੁਚੇਤ ਰਹਿਣ ਲਈ ਆਪਣੇ ਨਾਲ਼-ਨਾਲ਼ ਤੋਰਦੀ ਹੈ। ਨਾਵਲ 'ਚ 'ਹੇਮਕੁੰਟ ਸਾਹਿਬ' ਅਤੇ 'ਮਨੀਕਰਨ ਸਾਹਿਬ' ਯਾਤਰਾਵਾਂ ਦੌਰਾਨ ਆਈਆਂ ਥਾਵਾਂ ਦਾ ਵੀ ਜ਼ਿਕਰ ਆਇਆ ਹੈ।

'ਖ਼ੂਬਸੂਰਤ ਜ਼ਿੰਦਗੀ ਵਾਲ਼ੀ' ਇਸ ਪੁਸਤਕ ਦੇ ਮੁੱਖਬੰਦ ਦੀ ਸਿਰਜਣਾ ਯਤਿੰਦਰ ਕੌਰ ਮਾਹਲ ਵੱਲੋਂ ਕੀਤੀ ਗਈ। ਦੋ ਸ਼ਬਦ ਲਿਖਦਿਆਂ ਲੇਖਿਕਾ ਲਿਖਦੀ ਹੈ... ਜ਼ਿੰਦਗੀ ਵਿੱਚ ਜੇ ਅਸੀਂ ਕੁਝ ਨਿਯਮ ਅਪਣਾ ਲਈਏ, ਤਾਂ ਸਾਡੀ ਜ਼ਿੰਦਗੀ ਖ਼ੂਬਸੂਰਤ ਬਣ ਸਕਦੀ ਹੈ...ਸਾਡੇ ਅਧਿਕਾਰਾਂ ਦੇ ਨਾਲ਼ ਸਾਡੇ ਕੁਝ ਫ਼ਰਜ਼ ਵੀ ਹਨ।

ਇਸ ਪੁਸਤਕ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕੁਝ ਤਸਵੀਰਾਂ ਦੀ ਵਰਤੋਂ ਵੀ ਕੀਤੀ ਗਈ ਹੈ, ਪਰ ਸਫ਼ਾ ਨੰਬਰ 19, ਭਾਗ...13 'ਚ ਤਸਵੀਰ ਲਿਖਤ ਦੇ ਉੱਪਰ ਹੀ ਚਿਪਕਾ ਦਿੱਤੀ ਗਈ ਹੈ, ਜਿਸ ਕਾਰਨ ਕੁਝ ਸ਼ਬਦ ਤਸਵੀਰ ਹੇਠਾਂ ਰਹਿ ਗਏ ਹਨ। ਪੁਸਤਕ 'ਚ ਵਰਤੀਆਂ ਗਈਆਂ ਤਸਵੀਰਾਂ ਦਾ ਆਕਾਰ ਬਹੁਤ ਹੀ ਛੋਟਾ ਹੈ, ਜਿਸ ਕਾਰਨ ਤਸਵੀਰਾਂ ਬਹੁਤਾ ਪ੍ਰਭਾਵ ਨਹੀਂ ਸਿਰਜ ਸਕੀਆਂ।ਇਸ ਲਈ ਪ੍ਰਕਾਸ਼ਨ ਦੌਰਾਨ ਅਣਗਹਿਲੀ ਨਜ਼ਰ ਆਉਂਦੀ ਹੈ।



ਪੁਸਤਕ ਬੱਚਿਆਂ ਲਈ ਜਾਣਕਾਰੀ ਭਰਪੂਰ ਹੈ। ਇਸ ਪੁਸਤਕ ਲਈ ਅਮਰਜੀਤ ਕੌਰ ਮੋਰਿੰਡਾ ਨੂੰ ਬਹੁਤ-ਬਹੁਤ ਮੁਬਾਰਕ।

**- ਮਨਦੀਪ ਰਿੰਪੀ, ਰੋਪੜ**

# 'ਰੌਲ਼ਿਆਂ ਵੇਲੇ', 'ਡਲਿਵਰੀ ਮੈਨ' ਤੇ 'ਗੋਇਲ' ਨੂੰ 2025 ਦਾ ਢਾਹਾਂ ਸਾਹਿਤ ਪੁਰਸਕਾਰਾਂ ਦੇ ਐਲਾਨ





**ਸਰੀ** : ਬੀਤੇ ਦਿਨੀਂ ਸਰੀ ਸਥਿਤ ਨਿਊਟਨ ਲਾਇਬਰੇਰੀ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਪੰਜਾਬੀ ਦੇ ਸਭ ਤੋਂ ਵੱਡੇ ਢਾਹਾਂ ਸਾਹਿਤ ਪੁਰਸਕਾਰਾਂ ਲਈ ਸਾਲ 2025 ਵਾਸਤੇ ਤਿੰਨ ਪੁਸਤਕਾਂ 'ਰੌਲਿਆਂ ਵੇਲੇ' (ਨਾਵਲਕਾਰ ਬਲਬੀਰ ਪਰਵਾਨਾ), ਡਲਿਵਰੀ ਮੈਨ (ਕਹਾਣੀਕਾਰ ਭਗਵੰਤ ਰਸੂਲਪੁਰੀ) ਤੇ ਗੋਇਲ (ਨਾਵਲਕਾਰ ਮੁਦੱਸਰ ਬਸ਼ੀਰ) ਗਲਪ ਦੀਆਂ ਤਿੰਨ ਕਿਤਾਬਾਂ ਅਤੇ ਉਨ੍ਹਾਂ ਦੇ ਲੇਖਕਾਂ ਦਾ ਐਲਾਨ ਕੀਤਾ ਗਿਆ।

ਅੱਜ ਐਲਾਨੇ ਗਏ ਤਿੰਨ ਫਾਈਨਲਿਸਟਾਂ ਵਿੱਚ ਪ੍ਰਸਿੱਧ ਨਾਵਲਕਾਰ ਬਲਬੀਰ ਪਰਵਾਨਾ ਦੇ ਗੁਰਮੁਖੀ ਵਿੱਚ ਲਿਖੇ ਨਾਵਲ 'ਰੌਲਿਆਂ ਵੇਲੇ', ਪ੍ਰਸਿੱਧ ਕਹਾਣੀਕਾਰ ਭਗਵੰਤ ਰਸੂਲਪੁਰੀ ਦੇ ਗੁਰਮੁੱਖੀ ਵਿੱਚ ਲਿਖੇ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਅਤੇ ਪ੍ਰਸਿੱਧ ਨਾਵਲਕਾਰ ਮੁਦੱਸਰ ਬਸ਼ੀਰ ਦੇ ਸ਼ਾਹਮੁੱਖੀ ਵਿੱਚ ਲਿਖੇ ਨਾਵਲ 'ਗੋਇਲ' ਨੂੰ ਸਾਲ 2025 ਦੇ ਵਕਾਰੀ ਪੁਰਸਕਾਰ ਲਈ ਚੁਣਿਆ ਗਿਆ। ਪਹਿਲਾਂ ਇਨਾਮ ਪ੍ਰਾਪਤ ਕਰਨ ਵਾਲੀ ਗਲਪ ਪੁਸਤਕ ਨੂੰ 25000 ਹਜ਼ਾਰ ਡਾਲਰ, 10-10 ਹਜ਼ਾਰ ਡਾਲਰ ਦੇ ਦੋ ਦੂਜੇ ਇਨਾਮ ਸਮੇਤ 6000 ਹਜ਼ਾਰ ਡਾਲਰ ਪੁਸਤਕਾਂ ਨੂੰ ਲਿਪੀਅੰਤਰ ਕਰਨ ਦੇ ਇਨਾਮ ਸਮੇਤ ਕੁਲ 51,000 ਡਾਲਰ ਰਾਸ਼ੀ ਵਾਲੇ ਪੁਰਸਕਾਰ ਦਾ ਮੁੱਖ ਸਮਾਗਮ 13 ਨਵੰਬਰ, 2025 ਨੂੰ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਸਰੀ ਵਿਖੇ ਕੀਤਾ ਜਾਵੇਗਾ। ਜਿੱਥੇ ਤਿੰਨੇ ਜੇਤੂ ਗਲਪਕਾਰਾਂ ਨੂੰ ਪੁਰਸਕਾਰ ਦਿੱਤਾ ਜਾਵੇਗਾ। ਇਸ ਮੌਕੇ ਕਿਤਾਬਾਂ ਦੀ ਚੋਣ ਕਰਨ ਵਾਲੀਆਂ ਤਿੰਨ ਜਿਊਰੀਆਂ ਦੇ ਨਵਾਂ ਦਾ ਐਲਾਨ ਵੀ ਕੀਤਾ ਗਿਆ। ਸ਼ੈਟਰਨ ਜਿਊਰੀ ਵਿੱਚ ਡਾ. ਜਗਬੀਰ ਸਿੰਘ (ਚੇਅਰ), ਡਾ. ਰਘਬੀਰ ਸਿੰਘ (ਮੈਂਬਰ), ਪ੍ਰੋ. ਜਮੀਲ ਅਹਿਮਦ ਪਾਲ (ਮੈਂਬਰ), ਗੁਰਮੁੱਖੀ ਜਿਊਰੀ ਵਿੱਚ ਡਾ. ਲਖਵਿੰਦਰ ਸਿੰਘ ਜੌਹਲ (ਚੇਅਰ), ਡਾ. ਰਮਿੰਦਰ ਕੌਰ (ਮੈਂਬਰ), ਪਰਗਟ ਸਤੌਜ (ਮੈਂਬਰ) ਸਨ ਅਤੇ ਸ਼ਾਹਮੁੱਖੀ ਜਿਊਰੀ ਵਿੱਚ ਸਫ਼ੀਰ ਰਮਾਹ (ਚੇਅਰ), ਨਵੀਦ ਆਲਮ (ਮੈਂਬਰ), ਪ੍ਰੋ. ਯਸਮੀਨ ਹਮੀਦ (ਮੈਂਬਰ) ਹਨ। ਚੇਤੇ ਰਹੇ ਬਲਬੀਰ ਪਰਵਾਨਾ ਦਾ ਲਿਖਿਆ ਨਾਵਲ 'ਰੌਲਿਆਂ ਵੇਲੇ', 1947 ਵਿੱਚ ਹੋਈ ਦੇਸ਼-ਵੰਡ ਨਾਲ ਸਬੰਧਿਤ ਹੈ। ਇਹ ਦੁਖਾਂਤ ਪਹਿਲਾਂ ਵੀ ਪੰਜਾਬੀ ਸਾਹਿਤ ਦਾ ਵਿਸ਼ਾ ਬਣਦਾ ਰਿਹਾ ਹੈ ਪਰ ਲੇਖਕ ਨੇ ਆਪਣੇ ਲੰਮੇ ਸਾਹਿਤਕ ਅਨੁਭਵ ਰਾਹੀਂ ਦੇਸ਼-ਵੰਡ ਨੂੰ ਨਵੀਂ ਦਿ੍ਸ਼ਟੀ ਤੋਂ ਵੇਖਣ ਦਾ ਉਪਰਾਲਾ ਕੀਤਾ ਹੈ। ਨਾਵਲ ਦਾ ਕੇਂਦਰੀ ਪਾਤਰ ਗੁਰਪ੍ਰੀਤ ਆਪਣੇ ਯੂਟਿਊਬ ਚੈਨਲ ਲਈ ਕੰਮ ਕਰਦਿਆਂ ਵੰਡ ਦੀ ਤ੍ਰਾਸਦੀ ਨੂੰ ਸਮਝਣ ਵਾਸਤੇ ਉਹ ਉਨ੍ਹਾਂ ਵਡੇਰਿਆਂ ਦੀ ਵਾਰਤਾ ਰਿਕਾਰਡ ਕਰਦਾ ਹੈ, ਜਿਨ੍ਹਾਂ ਨੇ ਸੰਤਾਲੀ ਦਾ ਦੁਖਾਂਤ ਖੁਦ ਹੰਢਾਇਆ ਜਾਂ ਆਪਣੀ ਅੱਖੀਂ ਵੇਖਿਆ ਸੀ। ਲੇਖਕ, ਇਸ ਨਾਵਲ ਵਿੱਚ ਤ੍ਰਾਸਦੀ ਤੋਂ ਬਾਅਦ ਆਏ ਸਮਾਜਿਕ, ਰਾਜਨੀਤਕ ਅਤੇ ਆਰਥਿਕ ਬਦਲਾਵਾਂ ਦੀ ਵੀ ਸਾਰਥਿਕ ਤੌਰ 'ਤੇ ਪੜਚੋਲ ਕਰਦਾ ਹੈ। ਬਿਰਤਾਂਤ ਉਸਾਰੀ ਵਿੱਚ ਨਵੀਨ ਜੁਗਤਾਂ ਦੀ ਵਰਤੋਂ ਸਦਕਾ ਆਪਣੀ ਕਲਾਤਮਿਕਤਾ ਕਾਰਨ ਦੇਸ਼-ਵੰਡ ਦੀ ਤ੍ਰਾਸਦੀ ਬਾਰੇ ਬਹੁਤ ਸੰਘਣੀ ਬੁਣਤੀ ਵਾਲਾ ਇਹ ਨਾਵਲ ਇਕ ਸਾਂਭਣਯੋਗ ਦਸਤਾਵੇਜ਼ ਹੈ।

ਚੁਣੀ ਗਈ ਭਗਵੰਤ ਰਸੂਲਪੁਰੀ ਦੀ ਦੂਜੀ ਕਿਤਾਬ 'ਡਲਿਵਰੀ ਮੈਨ', ਕਈ ਵੱਖੋ-ਵੱਖਰੇ ਬਿਰਤਾਂਤਾਂ ਨੂੰ ਪੇਸ਼ ਕਰਦਾ ਹੈ ਜੋ ਸਮਕਾਲੀ ਜੀਵਨ ਅਤੇ ਮਨੁੱਖੀ ਰਿਸ਼ਤਿਆਂ ਦੇ ਵਿਭਿੰਨ ਪਹਿਲੂਆਂ ਵਿੱਚ ਡੂੰਘਾਈ ਨਾਲ ਵਰਨਣ ਕਰਦੀ ਹੈ। ਕਲਾਤਮਕ ਵਿਕਾਸ, ਸਮਾਜਿਕ ਵਰਗ, ਇਮੀਗ੍ਰੇਸ਼ਨ, ਧਰਮ, ਲਿੰਗ, ਤਕਨਾਲੋਜੀ ਅਤੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਇਕੱਲਤਾ ਅਤੇ ਵਿਸਥਾਪਨ, ਅਤੇ ਮਨੁੱਖ ਦੀ ਪਰਿਵਰਤਨਸ਼ੀਲ ਸ਼ਕਤੀ ਦੇ ਵਿਸ਼ਿਆਂ ਦੀ ਲੇਖਕ ਦੁਆਰਾ ਸੂਖਮਤਾ ਨਾਲ ਪੇਸ਼ਕਾਰੀ ਕੀਤੀ ਗਈ ਹੈ। ਸਿਰਲੇਖ ਵਾਲੀ ਕਹਾਣੀ ਡਾ. ਗੀਤਾ ਦੇ ਆਲੇ-ਦੁਆਲੇ ਘੁੰਮਦੀ ਹੈ ਜੋ ਕਿ ਗ੍ਰੀਨ ਸਿਟੀ ਦੇ ਇੱਕ ਫਲੈਟ ਵਿੱਚ ਇਕੱਲੀ ਰਹਿੰਦੀ ਹੈ। ਰਸੂਲਪੁਰੀ ਦੁਆਰਾ ਪਾਤਰਾਂ ਦੇ ਅੰਦਰੂਨੀ ਮੋਨੋਲੌਗ ਅਤੇ ਉਥਲ-ਪੁਥਲ ਦੇ ਵਿਸਤ੍ਰਿਤ ਵਰਨਣ ਪਾਠਕ ਲਈ ਭਾਵਨਾਤਮਕ ਪ੍ਰਭਾਵ ਅਤੇ ਸੁਹਜਵਾਦੀ ਸ਼ਮੂਲੀਅਤ ਵਿੱਚ ਯੋਗਦਾਨ ਪਾਉਂਦੇ ਹਨ।

ਫਾਇਨਲਿਸਟ 'ਚ ਚੁਣਿਆ ਗਿਆ ਮੁਦੱਸਰ ਬਸ਼ੀਰ ਦਾ ਸ਼ਾਹਮੁੱਖੀ 'ਚ ਲਿਖਿਆ ਨਾਵਲ 'ਗੋਇਲ' ਇੱਕ ਮਹੱਤਵਾਕਾਂਖੀ ਅਤੇ ਸੱਭਿਆਚਾਰਕ ਤੌਰ 'ਤੇ ਮਹੱਤਵਪੂਰਨ ਨਾਵਲ ਹੈ ਜੋ ਦੋ ਕੇਂਦਰੀ ਪਾਤਰਾਂ ਦੇ ਆਪਸ ਵਿੱਚ ਜੁੜੇ ਜੀਵਨ ਰਾਹੀਂ ਯਾਦਦਾਸ਼ਤ, ਇਤਿਹਾਸ ਅਤੇ ਪਛਾਣ ਦੀ ਪੜਚੋਲ ਕਰਦਾ ਹੈ। 'ਗੋਇਲ' ਦਾ ਸਿਰਲੇਖ, ਅਸਥਿਰਤਾ ਨੂੰ ਉਜਾਗਰ ਕਰਦਾ ਹੈ ਅਤੇ ਨਾਵਲ ਦੇ ਕੇਂਦਰੀ ਸਰੋਕਾਰ ਨੂੰ ਸਮੇਟਦਾ ਹੈ।

ਪ੍ਰੈਸ ਕਾਨਫਰੰਸ ਦੌਰਾਨ ਪ੍ਰਬੰਧਕਾ ਨੇ ਦੱਸਿਆ ਕਿ ਜਿਊਰੀ ਨੂੰ ਇਸ ਸਾਲ ਵਕਾਰੀ ਪੁਰਸਕਾਰ ਲਈ ਭਾਰਤ, ਕੈਨੇਡਾ, ਪਾਕਿਸਤਾਨ, ਆਸਟ੍ਰੇਲੀਆ, ਅਮਰੀਕਾ ਅਤੇ ਯੂਨਾਈਟਿਡ ਕਿੰਗਡਮ ਤੋਂ 55 ਕਹਾਣੀ ਤੇ ਨਾਵਲ ਦੀਆਂ ਕਿਤਾਬਾਂ ਪ੍ਰਾਪਤ ਹੋਈਆਂ ਸਨ। ਗੁਰਮੁਖੀ ਜਿਊਰੀ ਤੇ ਸ਼ਾਹਮੁੱਖੀ ਜਿਊਰੀ ਅਤੇ ਸ਼ੈਟਰਲ ਜਿਊਰੀ ਦੇ ਫੈਸਲਿਆਂ ਦੇ ਅਧਾਰਤ ਛੇ ਕਿਤਾਬਾਂ ਦੀ ਇਕ ਛੋਟੀ ਸੂਚੀ ਜਾਰੀ ਕੀਤੀ ਗਈ। ਇਸ ਛੋਟੀ ਸੂਚੀ ਵਿੱਚ ਅਕਮਲ ਸ਼ਹਿਯਾਦ ਘੁੰਮਣ ਦਾ ਕਹਾਣੀ ਸੰਗ੍ਰਹਿ 'ਪਿੰਜਰੇ ਵਿੱਚ ਆਲ੍ਹਣਾ', ਬਲਬੀਰ ਪਰਵਾਨਾ ਦਾ ਨਾਵਲ 'ਰੌਲਿਆਂ ਵੇਲੇ', ਸੁਖਵਿੰਦਰ ਸਿੰਘ ਬਾਲੀਆਂ ਦਾ ਨਾਵਲ 'ਮੰਡੀ ਰਹੀਮ ਖਾਂ', ਮੁਦੱਸਰ ਬਸ਼ੀਰ ਦਾ ਨਾਵਲ 'ਗੋਇਲ' ਭਗਵੰਤ ਰਸੂਲਪੁਰੀ ਦਾ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਅਤੇ ਦਰਸ਼ਨ ਜੋਗਾ ਦਾ ਕਹਾਣੀ ਸੰਗ੍ਰਹਿ 'ਫ਼ਨੀਅਰ' ਕਿਤਾਬਾਂ ਦੀ ਚੋਣ ਕੀਤੀ ਗਈ। ਸ਼ੈਟਰਲ ਜਿਊਰੀ ਨੇ ਇਨ੍ਹਾਂ ਛੇ ਕਿਤਾਬਾਂ ਵਿੱਚੋਂ ਤਿੰਨ ਕਿਤਾਬ ਰੌਲਿਆਂ ਵੇਲੇ, ਡਲਿਵਰੀ ਮੈਨ ਤੇ ਗੋਇਲ ਨੂੰ ਫਾਈਨਲਿਸਟ ਕਰਨ ਦਾ ਐਲਾਨ ਕੀਤਾ।

ਪ੍ਰੈਸ ਕਾਨਫਰੰਸ ਦੌਰਾਨ ਢਾਹਾਂ ਸਾਹਿਤ ਫਾਊਡੇਸ਼ਨ ਦੇ ਬਾਨੀ ਬਰਜ ਢਾਹਾਂ ਨੇ ਕਿਹਾ ਕਿ ਸਾਡਾ ਮਿਸ਼ਨ ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰ 'ਤੇ ਲੈ ਕੇ ਜਾਣਾ ਤੇ ਸਾਹਿਤ ਨੂੰ ਉੱਚਾ ਚੁੱਕਣਾ ਹੈ। ਪੰਜਾਬੀ ਗਲਪ ਵਿੱਚ ਸ਼ਕਤੀਸ਼ਾਲੀ ਨਵੀਆਂ ਕਹਾਣੀਆਂ ਨੂੰ ਪਛਾਣ ਕੇ ਸਾਡਾ ਉਦੇਸ਼ ਪਾਠਕਾਂ ਨੂੰ ਪ੍ਰੇਰਿਤ ਕਰਨਾ, ਲੇਖਕਾਂ ਦਾ ਸਮਰਥਨ ਕਰਨਾ ਅਤੇ ਸਰਹੱਦਾਂ ਪਾਰ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ। ਢਾਹਾਂ ਇਨਾਮ ਸਲਾਹਕਾਰ ਕਮੇਟੀ ਦੇ ਚੇਅਰਮੈਨ ਬਲਬੀਰ ਮਾਧੋਪੁਰੀ ਨੇ ਕਿਹਾ ਕਿ ਜਿਊਰੀ ਵਲੋਂ ਪੁਰਸਕਾਰਾਂ ਲਈ ਪ੍ਰਾਪਤ ਪੁਸਤਕਾਂ 'ਚੋਂ ਤਿੰਨ ਫਾਈਨਲਿਸਟ ਕਿਤਾਬਾਂ ਦੀ ਚੋਣ ਬਹੁਤ ਹੀ ਯੋਗ ਅਤੇ ਨਿਰਪੱਖ ਢੰਗ ਨਾਲ ਕੀਤੀ ਗਈ ਹੈ। ਸਮਾਗਮ ਦੇ ਮੁੱਖ ਮਹਿਮਾਨ ਕੈਨੇਡੀਅਨ ਸੈਨੇਟਰ ਬਲਤੇਜ ਸਿੰਘ ਢਿੱਲੋਂ ਸਨ।

# ਪੰਜਾਬੀ ਕਹਾਣੀ 'ਤੇ ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਇਤਿਹਾਸਕ ਸੈਮੀਨਾਰ



**ਨਵਾਂਸ਼ਹਿਰ**: ਸਾਹਿਤ ਸਿਰਜਣਾ ਅਤੇ ਚਿੰਤਨ ਨੂੰ ਸਮਰਪਿਤ ਵਿਸ਼ਵ ਪ੍ਰਸਿੱਧ ਪ੍ਰਗਤੀਸ਼ੀਲ ਲੇਖਕ ਸੰਘ ਦੀ ਜ਼ਿਲ੍ਹਾ ਇਕਾਈ ਸ਼ਹੀਦ ਭਗਤ ਸਿੰਘ ਨਗਰ ਅਤੇ ਪੰਜਾਬੀ ਸਾਹਿਤ ਅਕਾਡਮੀ ਵੱਲੋਂ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ਆਰ ਕੇ ਆਰੀਆ ਕਾਲਜ ਨਵਾਂਸ਼ਹਿਰ ਵਿਚ 'ਪੰਜਾਬੀ ਕਹਾਣੀਧਾਰਾ' ਵਿਸ਼ੇ ਉਤੇ ਵਿਸ਼ੇਸ਼ ਸੈਮੀਨਾਰ ਦਾ ਸਫ਼ਲ ਆਯੋਜਨ ਕੀਤਾ ਗਿਆ। ਆਰੰਭ ਵਿਚ ਸੰਘ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਗੁਰਜੰਟ ਸਿੰਘ ਨੇ ਆਏ ਮਹਿਮਾਨਾਂ ਦਾ ਹਾਰਦਿਕ ਅਭਿਨੰਦਨ ਕਰਦਿਆਂ ਕਿਹਾ ਕਿ ਸਾਡੀ ਜ਼ਿਲ੍ਹਾ ਇਕਾਈ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਇਹ ਫੈਸਲਾ ਕੀਤਾ ਗਿਆ ਸੀ ਕਿ ਪੰਜਾਬੀ ਕਹਾਣੀ ਸਿਰਜਣਾ ਅਤੇ ਚਿੰਤਨ ਉਤੇ ਵੱਡਾ ਸੈਮੀਨਾਰ ਆਯੋਜਿਤ ਕੀਤਾ ਜਾਵੇ ਤਾਂ ਜੋ ਪੰਜਾਬੀ ਦੇ ਸਥਾਪਤ ਅਤੇ ਨਵੇਂ ਕਹਾਣੀਕਾਰਾਂ ਨੂੰ ਸਾਹਿਤਕ ਸਮਾਗਮਾਂ ਵਿੱਚ ਬਣਦਾ ਮਾਣ ਮਿਲ ਸਕੇ ਅਤੇ ਇਸ ਖਿੱਤੇ ਦੀ ਨਵੀਂ ਪੀੜ੍ਹੀ ਨਾਲ ਉਨ੍ਹਾਂ ਦਾ ਵਾਰਤਾਲਾਪ ਸ਼ੁਰੂ ਕੀਤਾ ਜਾਵੇ। ਇਸ ਸੈਮੀਨਾਰ ਦੀ ਵਿਸ਼ੇਸ਼ ਪ੍ਰਾਪਤੀ ਇਹ ਰਹੀ ਕਿ ਇੱਕੋ ਮੰਚ ਉੱਤੇ ਪੰਜਾਬੀ ਦੇ ਨਾਮਵਰ ਸੱਤ ਕਹਾਣੀਕਾਰਾਂ ਨੇ ਆਪਣੇ ਸਿਰਜਨਾਤਮਕ ਅਨੁਭਵ ਸਾਂਝੇ ਕਰਦਿਆਂ ਹਾਜ਼ਰੀਨ ਸਾਹਮਣੇ ਸਿਰਜਣਾ ਦੇ ਮਹੱਤਵਪੂਰਨ ਪਲਾਂ ਅਤੇ ਨੁਕਤਿਆਂ ਦੇ ਰਹੱਸ ਸਾਂਝੇ ਕੀਤੇ। ਇਨ੍ਹਾਂ ਕਹਾਣੀਕਾਰਾਂ ਵਿਚ ਬਲਬੀਰ ਪਰਵਾਨਾ, ਜਤਿੰਦਰ ਹਾਂਸ, ਬਲਵਿੰਦਰ ਗਰੇਵਾਲ, ਜਸਵੀਰ ਸਿੰਘ ਰਾਣਾ, ਭਗਵੰਤ ਰਸੂਲਪੁਰੀ, ਤ੍ਰਿਪਤਾ ਕੇ ਸਿੰਘ ਅਤੇ ਡਾ. ਸਰਘੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਕਹਾਣੀਕਾਰਾਂ ਦੇ ਸਿਰਜਨਾਤਮਕ ਅਨੁਭਵ ਬਾਰੇ ਵਾਰਤਾਲਾਪ ਸ਼ੁਰੂ ਕਰਦਿਆਂ ਬਲਬੀਰ ਪਰਵਾਨਾ ਨੇ ਦੱਸਿਆ ਕਿ ਉਨ੍ਹਾਂ ਦੀ ਸਿਰਜਣਾ ਦਾ ਆਧਾਰ ਆਲੇ-ਦੁਆਲੇ ਸਮਾਜ ਵਿਚ ਵਾਪਰਦੇ ਰਾਜਨੀਤਕ, ਆਰਥਿਕ ਅਤੇ ਸੱਭਿਆਚਾਰਕ ਵਰਤਾਰੇ ਬਣਦੇ ਹਨ ਅਤੇ ਇਨ੍ਹਾਂ ਦੇ ਪ੍ਰਤੀਫਲ ਵਜੋਂ ਸਹਿਜਤਾ ਵਿਚ ਹੀ ਕਹਾਣੀ ਦੀ ਸਿਰਜਣਾ ਹੋ ਜਾਂਦੀ ਹੈ।ਇਸ ਤਰ੍ਹਾਂ ਪਰਵਾਨਾ ਦੀ ਕਹਾਣੀ ਦਾ ਮੁੱਖ ਆਧਾਰ ਸਥਾਪਤ ਪ੍ਰਤੀਮਾਨਾਂ ਤੋਂ ਸਮਕਾਲੀ ਪਰਿਵਰਤਨ ਅਧੀਨ ਪੈਦਾ ਹੋਈ ਪਰਾਹਨ ਦੀ ਪ੍ਰਕਿਰਿਆ ਬਣ ਜਾਂਦੀ ਹੈ।

ਸ੍ਰੀ ਜਤਿੰਦਰ ਸਿੰਘ ਹਾਂਸ ਨੇ ਆਪਣੇ ਸਿਰਜਨ ਪਲਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਕਹਾਣੀ ਦੇ ਵਿਸ਼ੇ ਦਾ ਆਧਾਰ ਆਲੇ-ਦੁਆਲੇ ਵਿਚ ਵਾਪਰਦੀਆਂ ਘਟਨਾਵਾਂ ਦੇ ਪ੍ਰਤੀਕਰਮ ਵਜੋਂ ਪੈਦਾ ਹੁੰਦੇ ਸੂਖ਼ਮ ਅਹਿਸਾਸ ਬਣਦੇ ਹਨ। ਉਨ੍ਹਾਂ ਲਈ ਕਹਾਣੀ ਸੂਖਮ ਤੇ ਸੱਚੀ ਕਥਾ ਹੈ। ਦਰਅਸਲ ਹਾਂਸ ਅੰਤਰਮੁਖੀ ਪ੍ਰਵਿਰਤੀ ਵਾਲਾ ਕਹਾਣੀਕਾਰ ਹੈ, ਇਸ ਕਰਕੇ ਹੀ ਮਨੋਬਚਨੀ ਜੁਗਤ ਉਸ ਦੀ ਪ੍ਰਮੁੱਖ ਰੂਪਕ ਜੁਗਤ ਹੈ।

ਤ੍ਰਿਪਤਾ ਕੇ ਸਿੰਘ ਨੇ ਆਪਣੀ ਕਹਾਣੀ ਰਚਨਾ ਦੀ ਜੁਗਤ ਖੋਲ੍ਹਦਿਆਂ ਦੱਸਿਆ ਕਿ ਕੋਈ ਘਟਨਾ ਜਾਂ ਵਰਤਾਰਾ ਕਾਫ਼ੀ ਲੰਮਾ ਸਮਾਂ ਉਸ ਦੇ ਅਚੇਤਨ ਵਿਚ ਉੱਸਲਵੱਟੇ ਲੈਂਦਾ ਪਕਦਾ ਰਹਿੰਦਾ ਹੈ, ਉਹ ਇੱਕਦਮ ਕਹਾਣੀ ਦੀ ਸਿਰਜਣਾ ਨਹੀਂ ਕਰਦੀ।ਉਹ ਕਹਾਣੀ ਲਿਖਣ ਤੋਂ ਬਾਅਦ ਖੁਦ ਵਾਧੂ ਗੱਲਾਂ ਦੀ ਕਾਂਟ-ਛਾਂਟ ਕਰਕੇ ਕਹਾਣੀ ਆਕਾਰ ਵਿਚ ਛੋਟੀ, ਪਰ ਬੁਣਤੀ ਵਿਚ ਪੀਡੀ ਬਣਾਉਣ ਨੂੰ ਤਰਜੀਹ ਦਿੰਦੀ ਹੈ।

ਸ੍ਰੀ ਭਗਵੰਤ ਰਸੂਲਪੁਰੀ ਨੇ ਆਪਣੀ ਕਹਾਣੀ ਦੇ ਇਤਿਹਾਸ ਅਤੇ ਸਿਰਜਣਾ ਦੇ ਸਿਫ਼ਤੀ ਪਲਾਂ ਦੇ ਮਰ੍ਹਮਾਂ ਦੀ ਸਵੈ ਪੁਨਰ-ਸਿਰਜਨਾ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਪਹਿਲੀ ਕਹਾਣੀ ਬਾਰ੍ਹਵੀਂ ਜਮਾਤ ਵਿਚ ਪੜ੍ਹਦਿਆਂ 'ਸੰਤੀ' ਲਿਖੀ ਸੀ ਅਤੇ ਹੁਣ ਤੱਕ ਦੀ ਆਖਰੀ ਕਹਾਣੀ 'ਨੇਲ ਪਾਲਿਸ਼' ਹੈ ਅਤੇ ਹੁਣ ਤੱਕ ਪਚਵੰਜਾ ਕਹਾਣੀਆਂ ਲਿਖ ਚੁੱਕੇ ਹਨ।ਉਨ੍ਹਾ ਨੂੰ ਦਲਿਤ ਭਾਈਚਾਰੇ ਦੀਆਂ ਵੇਦਨਾਵਾਂ ਦਾ ਨਿੱਜੀ ਅਨੁਭਵ ਹੈ।ਇਸ ਕਰਕੇ ਹੀ ਉਹ ਦਲਿਤ ਚੇਤਨਾ ਵਾਲੀ ਕਹਾਣੀ ਲਿਖਣ ਵਾਲਾ ਨਿਵੇਕਲਾ ਅਤੇ ਸਥਾਪਤ ਕਹਾਣੀਕਾਰ ਹੈ, ਕਿਉਂਕਿ ਨਿੱਜੀ ਅਨੁਭਵ ਤੋਂ ਬਿਨਾਂ ਪ੍ਰਭਾਵਸ਼ਾਲੀ ਪਾਤਰਾਂ ਦੀ ਸਿਰਜਣਾ ਕੀਤੀ ਨਹੀਂ ਸੀ ਜਾ ਸਕਦੀ।ਇੱਕ ਪਾਤਰ ਜਾਂ ਵਰਤਾਰਾ ਇੱਕ ਕਹਾਣੀ ਦੀ ਸਿਰਜਣਾ ਨਾਲ ਖ਼ਤਮ ਨਹੀਂ ਹੁੰਦਾ, ਬਲਕਿ ਇਹ ਮੁਸੱਲਸਲ ਅਗਲੀਆਂ ਕਹਾਣੀਆਂ ਵਿਚ ਵਿਸਥਾਰ ਲੈਂਦਾ ਰਹਿੰਦਾ ਹੈ।ਨਵੇਂ ਬਣ ਰਹੇ ਸਮਾਜਿਕ ਵਰਤਾਰਿਆਂ ਦੇ ਆਰਥਿਕ ਸੰਕਟ ਤੋਂ ਪੀੜਤ ਨਵੇਂ ਮਸਲਿਆਂ ਨੂੰ ਵੀ ਦਿੱਭ-ਦ੍ਰਿਸ਼ਟੀ ਨਾਲ ਆਪਣੇ ਪਾਠਕਾਂ ਨੂੰ ਦੀਦਾਰ ਕਰਵਾਏ ਹਨ, ਜਿਸ ਦੀ 'ਡਲਿਵਰੀ ਮੈਨ' ਪ੍ਰਖ਼ਤਾ ਉਦਾਹਰਨ ਹੈ।

ਜਸਵੀਰ ਰਾਣਾ ਨੇ ਆਪਣੀ ਕਹਾਣੀ ਸੰਰਚਨਾ ਦੇ ਦੋ ਪ੍ਰਮੁੱਖ ਨੁਕਤੇ ; ਪਾਤਰ ਦਾ ਸੰਕਟ/ਦਰਦ ਅਤੇ ਸੰਕਟ ਦੀ ਸੰਵੇਦਨਾ ਨਿਸ਼ਚਿਤ ਕੀਤੇ। ਉਨ੍ਹਾਂ ਦੱਸਿਆ ਕਿ ਬਚਪਨ ਦੇ ਅਚੇਤਨ ਮਨ ਵਿੱਚ ਸੁਲਗਦੇ ਰਹੇ ਅਹਿਸਾਸ ਅਤੇ ਜਵਾਨੀ ਵੇਲੇ ਦੇ ਆਪਣੇ ਕੇਸਰ ਮਾਮੇ ਅਤੇ ਬੱਗੇ ਬਦਮਾਸ਼ ਦੇ ਸਮਾਜਿਕ ਨਾਬਰੀ ਵਾਲੇ ਸੰਕਟਾਂ ਦੀ ਵੇਦਨਾ ਦੀ ਸੰਵੇਦਨਾ ਹੀ ਉਸ ਦੀ ਕਹਾਣੀ ਸਿਰਜਣਾ ਦਾ ਪ੍ਰਮੁੱਖ ਆਧਾਰ ਬਣਦੀ ਰਹੀ ਹੈ। ਜਿਵੇਂ 'ਚੂੜੇ ਵਾਲੀ ਬਾਂਹ' ਦਾ ਪਾਤਰ ਦੀ ਅਉਧ ਚੂੜੇ ਵਾਲੀ ਦੀ ਉਡੀਕ ਵਿਚ ਹੀ ਵਿਹਾਜ ਜਾਂਦੀ ਹੈ। ਡਾਕਟਰ ਸਰਘੀ ਨੇ ਆਪਣੀ ਸਿਰਜਣ ਪ੍ਰਕਿਰਿਆ ਦੇ ਅਚੇਤਨ ਮਨ ਵਿਚ ਕਾਰਜਸ਼ੀਲ ਅਨੁਭਵ ਦਾ ਸਿਹਰਾ ਆਪਣੀ ਦਾਦੀ ਦੁਆਰਾ ਬਚਪਨ ਵਿਚ ਸੁਣਾਈਆਂ ਲੋਕ ਕਹਾਣੀਆਂ ਨੂੰ ਦਿੰਦਿਆਂ ਦੱਸਿਆ ਕਿ ਉਸ ਦੀ ਕਹਾਣੀ ਸਿਰਜਣਾ ਦਾ ਪ੍ਰਮੁੱਖ ਆਧਾਰ ਉਸ ਦੀ ਹੱਡਬੀਤੀ ਹੈ। ਸੋ ਅਚੇਤ ਮਨ ਵਿਚ ਜਾ ਕੇ ਉਸ ਦਾ ਮੰਥਨ ਜੱਗਬੀਤੀ ਨਾਲ ਜੋੜ ਕੇ ਕਰਦੀ ਹੋਈ ਸਿਰਜਣ ਪ੍ਰਕਿਰਿਆ ਵਿਚ ਕਾਰਜਸ਼ੀਲ ਹੋ ਜਾਂਦੀ ਹੈ, ਜਿਸ ਦੇ ਚਲਦਿਆਂ ਕਹਾਣੀ ਦੀ ਸਿਰਜਣਾ ਹੋ ਜਾਂਦੀ ਹੈ। ਡਾਕਟਰ ਸਰਘੀ ਨਾਰੀ ਦੇ ਸਮਾਜ-ਮਨੋਵਿਗਿਆਨ ਨੂੰ ਆਪਣੀ ਕਹਾਣੀ ਦੇ ਵਿਸ਼ੇ ਵਜੋਂ ਚੁਣਦੀ ਹੈ।ਉਸ ਦੀ ਨਿੱਜੀ ਵੇਦਨਾ ਖਾਸ ਤੌਰ 'ਤੇ ਬਾਪ ਦਾ ਸਾਇਆ ਸਿਰੋਂ ਉੱਠ ਜਾਣਾ, ਸਮੂਹਿਕ ਸੰਵੇਦਨਾ ਵਿਚ ਪਰਿਵਰਤਿਤ ਹੋ ਜਾਂਦਾ ਹੈ। ਨਵੀਂ ਔਰਤ ਦੇ ਨਵੇਂ ਜੰਜਾਲਾਂ ਦਾ ਬਿੰਬ ਉਹ ਦਿੱਭ-ਦ੍ਰਿਸ਼ਟੀ ਨਾਲ ਚਿਤਰਨ ਵਿੱਚ ਮਾਹਰ ਹੈ, ਜਿਸ ਦੀ ਪੁਖ਼ਤਾ ਉਦਾਹਰਨ 'ਹਾਲੀਡੇ ਵਾਈਫ਼' ਹੈ।ਉਸ ਨੂੰ ਕਹਾਣੀ ਸਿਰਜਨਾ ਲਈ ਕਈ ਵਾਰੀ ਕਿਸੇ ਇੱਕ ਪਾਤਰ/ਘਟਨਾ ਤੋਂ ਹੀ ਪ੍ਰੇਰਨਾ ਮਿਲ ਜਾਂਦੀ ਹੈ ਅਤੇ ਕਈ ਵਾਰੀ ਪੂਰੀ ਕਹਾਣੀ ਦਾ ਵਸਤੂ ਹੀ ਮਿਲ ਜਾਂਦਾ ਹੈ।

ਬਲਵਿੰਦਰ ਗਰੇਵਾਲ ਨੇ ਕਹਾਣੀ ਨੂੰ ਸਮੁੱਚੀ ਕਲਾ ਦੇ ਸੰਦਰਭ ਵਿਚ ਪ੍ਰਭਾਸ਼ਤ ਕਰਦਿਆਂ ਕਿਹਾ, ਸੁੱਤਾ ਪਲ ਜਗਾਉਣਾ ਹੀ ਸਿਰਜਨਾ ਦਾ ਆਧਾਰ ਹੈ। ਇਸ ਰਹੱਸ ਨੂੰ ਸਮਝਾਉਣ ਲਈ ਉਸ ਨੇ ਜਗਨ ਨਾਥ ਦੀ ਮੂਰਤੀ ਦੇ ਸ਼ਿਲਪ ਦੇ ਪ੍ਰਤੀਕ ਵਿਧਾਨ ਨੂੰ ਡੀਕੋਡ ਕਰਦਿਆਂ ਕਿਹਾ ਕਿ ਜਗਨ ਨਾਥ ਦੀਆਂ ਅੱਖਾਂ ਇਸ ਕਰਕੇ ਅੱਡੀਆਂ ਹੋਈਆਂ ਹਨ ਕਿ ਜਦੋਂ ਉਨ੍ਹਾਂ ਨੇ ਪ੍ਰਕਿਰਤੀ ਦੀ ਸਿਰਜਣਾ ਕਰ ਲੈਣ ਤੋਂ ਬਾਅਦ ਉਸ ਨੂੰ ਨੀਝ ਨਾਲ ਨਿਹਾਰਿਆ ਤਾਂ ਉਹ ਅਚੰਭਿਤ ਹੋ ਗਏ ਕਿ ਹੈਂ! ਮੈਂ ਇੰਨੀ ਖੂਬਸੂਰਤ ਸਿਰਜਨਾ ਕਿਵੇਂ ਕਰ ਲਈ? ਇਹ ਪ੍ਰਮਾਣ ਦੇ ਕੇ ਉਨ੍ਹਾਂ ਨੇ ਸਮਝਾਉਣਾ ਚਾਹਿਆ ਕਿ ਲੇਖਕ ਦੀ ਉਹੀ ਰਚਨਾ ਉੱਚਪਾਏ ਦੀ ਅਤੇ ਕਲਾਤਮਿਕ ਹੁੰਦੀ ਹੈ, ਜੋ ਉਸ ਸਿਰਜਨਾ ਉਪਰੰਤ ਖੁਦ ਉਸ ਨੂੰ ਅਚੰਭਿਤ ਕਰ ਦੇਵੇ।

ਸੈਮੀਨਾਰ ਦੇ ਮੁੱਖ ਵਕਤਾ ਡਾਕਟਰ ਗੁਰਮੀਤ ਕੱਲਰਮਾਜਰੀ ਨੇ ਅਜੋਕੀ ਪੰਜਾਬੀ ਕਹਾਣੀ ਸਾਹਮਣੇ ਦਰਪੇਸ਼ ਚੁਣੌਤੀਆਂ ਉਤੇ ਮਹੱਤਵਪੂਰਨ ਨੁਕਤੇ ਉਠਾਉਂਦਿਆਂ ਕਿਹਾ ਕਿ ਬੇਸ਼ੱਕ ਪੰਜਾਬੀ ਕਹਾਣੀ ਕਾਫੀ ਵਿਕਸਤ ਮੰਨੀ ਜਾ ਰਹੀ ਹੈ, ਪਰ ਪੰਜਾਬੀ ਕਹਾਣੀਕਾਰਾਂ ਨੇ ਹਾਲੇ ਤੱਕ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਮੱਸਿਆਵਾਂ ਨੂੰ ਵਿਸ਼ਾ ਨਹੀਂ ਬਣਾਇਆ।ਇਸੇ ਤਰ੍ਹਾਂ ਉਨ੍ਹਾਂ ਨੇ ਪੰਜਾਬੀ ਕਹਾਣੀਕਾਰਾਂ ਨੂੰ ਜਾਤੀ ਵਰਗਾਂ 'ਚ ਵੰਡ ਕੇ ਵਿਚਾਰਨ ਨੂੰ ਵੀ ਤਰਕਸੰਗਤ ਨਹੀਂ ਮੰਨਿਆ। ਉਨ੍ਹਾਂ ਦੀ ਧਾਰਨਾ ਸੀ ਕਿ ਜਦੋਂ ਪਿੰਡ ਇੱਕੋ ਹੀ ਅਰਥ ਵਿਵਸਥਾ ਦੀ ਕੜੀ ਵਿੱਚ ਪਰੋਇਆ ਹੋਇਆ ਹੈ, ਫਿਰ ਦਲਿਤ ਨੂੰ ਕਿਸਾਨ ਤੋਂ ਕਿਵੇਂ ਵੱਖ ਕਰਕੇ ਦੇਖਿਆ ਜਾ ਸਕਦਾ ਹੈ। ਦੋਹਾਂ ਦੀ ਹੋਣੀ ਇੱਕ ਹੀ ਹੈ।

ਡਾਕਟਰ ਸਰਬਜੀਤ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਇਸ ਸਫ਼ਲ ਸੈਮੀਨਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਪੰਜਾਬੀ ਕਹਾਣੀ ਦੇ ਸ਼ਿਲਪਗਤ ਪੈਟਰਨ ਉਤੇ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ ਅਤੇ ਹਾਜ਼ਰ ਕਹਾਣੀਕਾਰਾਂ ਦੇ ਪੰਜਾਬੀ ਕਹਾਣੀ ਸਾਹਿਤ ਦੇ ਇਤਿਹਾਸ ਵਿਚ ਪਾਏ ਜਾ ਰਹੇ ਨਿੱਗਰ ਯੋਗਦਾਨ ਵੱਲ ਵੀ ਧਿਆਨ ਕੇਂਦਰਿਤ ਕੀਤਾ।ਗੁਲਜ਼ਾਰ ਪੰਧੇਰ ਜਨਰਲ ਸਕੱਤਰ, ਅਕਾਡਮੀ ਨੇ ਵੀ ਆਪਣੇ ਸੰਜੀਦਾ ਵਿਚਾਰ ਪ੍ਰਗਟ ਕੀਤੇ ਅਤੇ ਅਕਾਡਮੀ ਵੱਲੋਂ ਕੀਤੇ ਗਏ ਅਤੇ ਕੀਤੇ ਜਾ ਰਹੇ ਸਾਹਿਤਕ ਸਮਾਗਮਾਂ ਦੀ ਤਫ਼ਸੀਲ ਰੱਖੀ।ਸ੍ਰੀ ਸੁਸ਼ੀਲ ਕੁਮਾਰ ਪੁਰੀ ਸਕੱਤਰ ਆਰ ਕੇ ਆਰੀਆ ਕਾਲਜ, ਮੁੱਖ ਮਹਿਮਾਨ ਨੇ ਸਾਹਿਤ ਦੀ ਸਮਾਜ ਦੀ ਸੰਤੁਲਿਤ ਉਸਾਰੀ ਵਿਚ ਭੂਮਿਕਾ ਦੇ ਮਹੱਤਵ ਨੂੰ ਉਭਾਰਿਆ।

ਪ੍ਰਧਾਨਗੀ ਭਾਸ਼ਣ ਵਿਚ ਡਾਕਟਰ ਸੁਖਦੇਵ ਸਿੰਘ ਸਿਰਸਾ ਜਨਰਲ ਸਕੱਤਰ ਪ੍ਰਗਤੀਸ਼ੀਲ ਲੇਖਕ ਸੰਘ (ਭਾਰਤ) ਨੇ ਆਪਣੇ ਪ੍ਰਵਚਨ ਵਾਰਿਸ ਸ਼ਾਹ ਦੇ ਸ਼ੇਅਰ, ਇਹ ਦਰਦ ਦਿਲਾਂ ਦੇ ਨਾਥਾ, ਨਹੀਂ ਜੀਹਬਾ ਨਾਲ ਬਿਆਨ ਹੁੰਦੇ ਨਾਲ ਸਿਰਜਕ ਅਤੇ ਆਲੋਚਕ ਦੇ ਸਹਾਇਕ ਸੰਬੰਧਾਂ 'ਤੇ ਚਰਚਾ ਕਰਦਿਆਂ ਸਿਰਜਣਾ ਦੇ ਮਰ੍ਹਮਾਂ ਨੂੰ ਆਪਣੀ ਮਹੀਨ ਚਿੰਤਨ ਕਲਾ ਨਾਲ ਨਿਰਧਾਰਤ ਕੀਤਾ। ਪ੍ਰੋਫੈਸਰ ਸਿਰਸਾ ਨੇ ਆਪਣੇ ਪ੍ਰਵਚਨ ਨੂੰ ਵਿਸਥਾਰ ਦੇਣ ਸਾਹਿਤ ਦੇ ਪ੍ਰਬੁੱਧ ਚਿੰਤਕਾਂ; ਮੀਆਂ ਮੁਹੰਮਦ ਬਖ਼ਸ਼, ਮੁਕਤੀਬੋਧ, ਪ੍ਰੋਫੈਸਰ ਕਿਸ਼ਨ ਸਿੰਘ ਆਦਿ ਦੇ ਹਵਾਲਿਆਂ ਨਾਲ ਆਪਣੀ ਧਾਰਨਾ ਨੂੰ ਬਾਦਲੀਲ ਸਥਾਪਤ ਕੀਤਾ। ਪ੍ਰੋਫੈਸਰ ਸੁਰਜੀਤ ਸਿੰਘ ਜੱਜ, ਪ੍ਰਧਾਨ ਪੰਜਾਬ ਪ੍ਰਗਤੀਸ਼ੀਲ ਸੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਮੰਚ ਸੰਚਾਲਨ ਦੀ ਭੂਮਿਕਾ ਡਾਕਟਰ ਬਲਵੀਰ ਕੌਰ ਰੀਹਲ ਨੇ ਨਿਭਾਈ।

—**ਡਾ. ਗੁਰਜੰਟ ਸਿੰਘ**

# ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਕਿਤਾਬਾਂ 'ਤੇ ਪਾਬੰਦੀ ਲਾਉਣ ਦੀ ਜ਼ੋਰਦਾਰ ਨਿਖੇਧੀ

**ਲੁਧਿਆਣਾ**: ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਜੰਮੂ-ਕਸ਼ਮੀਰ ਪ੍ਰਸ਼ਾਸਨ ਵੱਲੋਂ ਕਸ਼ਮੀਰੀ ਲੋਕਾਂ ਨਾਲ ਕੀਤੇ ਗਏ ਧੱਕੇ ਅਤੇ ਵਿਤਕਰਿਆਂ ਦੀ ਚਰਚਾ ਕਰਦੀਆਂ 25 ਕਿਤਾਬਾਂ ਉੱਪਰ ਪਾਬੰਦੀ ਲਾ ਕੇ ਉਨ੍ਹਾਂ ਨੂੰ ਜ਼ਬਤ ਕਰਨ ਦੇ ਆਦੇਸ਼ ਦੇਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਝੂਠੇ ਬਿਰਤਾਂਤ ਅਤੇ ਵੱਖਵਾਦ ਨੂੰ ਪ੍ਰਚਾਰਨ ਵਾਲਾ 'ਗੁੰਮਰਾਹਕੁਨ' ਸਾਹਿਤ ਕਰਾਰ ਦੇ ਕੇ ਪਾਬੰਦੀ ਲਾਉਣਾ ਸਰਕਾਰ ਦੀ ਫਾਸ਼ੀਵਾਦੀ ਮਾਨਸਿਕਤਾ ਦਾ ਮੂੰਹ ਬੋਲਦਾ ਸਬੂਤ ਹੈ ਜੋ ਮਜ਼ਲੂਮ ਕਸ਼ਮੀਰੀ ਲੋਕਾਂ ਦੇ ਸਵੈਨਿਰਣੇ ਦੇ ਜਮਹੂਰੀ ਹੱਕ ਨੂੰ ਫ਼ੌਜੀ ਤਾਕਤ ਦੇ ਜ਼ੋਰ ਕੁਚਲਣ ਦੀ ਨੀਤੀ ਦਾ ਅਨਿੱਖੜ ਅੰਗ ਹੈ। ਇਹ ਕਸ਼ਮੀਰੀਆਂ ਨਾਲ ਹੋਏ ਧੱਕੇ ਤੇ ਵਿਤਕਰੇ ਦੇ ਦਸਤਾਵੇਜ਼ੀ ਸਬੂਤਾਂ ਨੂੰ ਮਿਟਾਉਣ ਅਤੇ ਕਸ਼ਮੀਰੀ ਕੌਮ ਦੀਆਂ ਅਗਲੀਆਂ ਪੀੜ੍ਹੀਆਂ ਤੋਂ ਉਨ੍ਹਾਂ ਦਾ ਇਤਿਹਾਸ ਖੋਹਣ ਦਾ ਘਿਨਾਉਣਾ ਯਤਨ ਹੈ, ਜਿਸ ਰਾਹੀਂ ਸਰਕਾਰ ਆਪਣੇ ਮਨਪਸੰਦ ਝੂਠੇ ਬਿਰਤਾਂਤ ਨੂੰ ਸਦੀਵੀ ਸੱਚ ਬਣਾ ਕੇ ਸਥਾਪਤ ਕਰਨਾ ਚਾਹੁੰਦੀ ਹੈ।ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕਿਹਾ ਕਿ ਦੁਨੀਆ ਦਾ ਇਤਿਹਾਸ ਗਵਾਹ ਹੈ ਕਿ ਕਿਸੇ ਵੀ ਭਾਈਚਾਰੇ ਦੀ ਸਵੈਨਿਰਣੇ ਦੀ ਰੀਝ ਨੂੰ ਫ਼ੌਜੀ ਧੌਂਸ ਤੇ ਜਬਰ-ਜ਼ੁਲਮ ਦੇ ਜ਼ੋਰ ਵਕਤੀ ਤੌਰ 'ਤੇ ਤਾਂ ਦਬਾਇਆ ਜਾ ਸਕਦਾ ਹੈ ਪਰ ਖ਼ਤਮ ਨਹੀਂ ਕੀਤਾ ਜਾ ਸਕਦਾ। ਖ਼ੁਦ ਕਸ਼ਮੀਰੀ ਲੋਕਾਂ ਦਾ ਸਾਢੇ ਸੱਤ ਦਹਾਕਿਆਂ ਦਾ ਸੰਘਰਸ਼ ਇਸ ਇਤਿਹਾਸਕ ਸਚਾਈ ਉੱਪਰ ਮੋਹਰ ਲਾਉਂਦਾ ਹੈ। ਸਮੂਹ ਲੇਖਕ ਅਤੇ ਬੁੱਧੀਜੀਵੀ ਮੁੱਲਾਂ ਨੂੰ ਪ੍ਰਣਾਈਆਂ ਤਾਕਤਾਂ ਇਸ ਫਾਸ਼ੀਵਾਦੀ ਫਰਮਾਨ ਦਾ ਡਟ ਕੇ ਵਿਰੋਧ ਕਰਦੇ ਹਨ।ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ ਇਹ ਕਿਤਾਬਾਂ ਬੁੱਕਰ ਇਨਾਮ ਜੇਤੂ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ, ਤਾਰਿਕ ਅਲੀ, ਏ.ਜੇ. ਨੂਰਾਨੀ, ਅਨੁਰਾਧਾ ਭਸੀਨ, ਸੁਮਾਂਤਰਾ ਬੋਸ, ਕ੍ਰਿਸਟੋਫਰ ਸਨੇਡਨ, ਰਾਧਿਕਾ ਗੁਪਤਾ, ਸੀਮਾ ਕਾਜ਼ੀ, ਡਾ. ਅਬਦੁਲ ਜੱਬਰ ਗੋਕਖਾਨੀ ਵਰਗੇ ਉੱਘੇ ਲੇਖਕਾਂ, ਵਿਦਵਾਨਾਂ, ਸੰਪਾਦਕਾਂ ਅਤੇ ਇਤਿਹਾਸਕਾਰਾਂ ਦੀਆਂ ਲਿਖੀਆਂ ਹੋਈਆਂ ਹਨ।ਆਕਸਫੋਰਡ ਯੂਨੀਵਰਸਿਟੀ ਪ੍ਰੈੱਸ, ਰੂਟਲੈਜ, ਵਾਈਕਿੰਗ ਪੈਂਗੁਇਨ, ਹਾਰਪਰ ਕੌਲਿਨਜ਼, ਕੈਂਬਰਿਜ਼ ਯੂਨੀਵਰਸਿਟੀ ਪ੍ਰੈੱਸ, ਪੈਨ ਮੈਕਮਿਲਨ ਇੰਡੀਆ ਵਰਗੇ ਅੰਤਰਰਾਸ਼ਟਰੀ ਪੱਧਰ ਦੇ ਮਿਆਰੀ ਪ੍ਰਕਾਸ਼ਨ ਸਮੂਹਾਂ ਵੱਲੋਂ ਪ੍ਰਕਾਸ਼ਿਤ ਕੀਤੀਆਂ ਇਹ ਡੂੰਘੀ ਖੋਜ ਅਤੇ ਇਤਿਹਾਸਕ ਤੱਥਾਂ 'ਤੇ ਆਧਾਰਤ ਕਿਤਾਬਾਂ ਹਨ।ਨਿੰਦਾ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਅਨੂਪ ਸਿੰਘ, ਸੁਰਿੰਦਰ ਕੈਲੇ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਨਮੇਜਾ ਸਿੰਘ ਜੌਹਲ, ਜਸਵੀਰ ਝੱਜ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਪ੍ਰੋ. ਸਰਘੀ, ਪ੍ਰੇਮ ਸਾਹਿਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਕਰਮਜੀਤ ਸਿੰਘ ਗਰੇਵਾਲ ਅਤੇ ਵਰਗਿਸ ਸਲਾਮਤ ਸਮੇਤ ਸਮੂਹ ਮੈਂਬਰ ਸ਼ਾਮਲ ਹਨ।

# 'ਹਵੇਲੀਆਲਾ' ਲੋਕ ਅਰਪਣ



**ਬਠਿੰਡਾ** : ਜ਼ਬਰ ਜ਼ੁਲਮ ਦੇ ਖਿਲਾਫ ਇੱਕ ਵੱਡੇ ਲੋਕ ਅੰਦੋਲਨ 'ਤੇ ਆਧਾਰਤ ਜਸਪਾਲ ਮਾਨਖੇੜਾ ਦਾ ਨਾਵਲ "ਹਵੇਲੀਆਲਾ" ਸੰਘਰਸ਼ੀ ਲੋਕਾਂ ਦੇ ਵੱਡੇ ਇਕੱਠ ਵਿੱਚ ਲੋਕ ਅਰਪਣ ਕੀਤਾ ਗਿਆ। ਕਿਰਨਜੀਤ ਕੌਰ ਯਾਦਗਾਰ ਕਮੇਟੀ ਵੱਲੋਂ ਮਹਿਲਕਲਾਂ ਦੀ ਸੰਗਰਾਮੀ ਧਰਤੀ ਉੱਤੇ ਕਿਰਨਜੀਤ ਦੀ ਅਠਾਈਵੀਂ ਬਰਸੀ ਮੌਕੇ ਇਹ ਨਾਵਲ ਉੱਘੀ ਚਿੰਤਕ ਕਵਿਤਾ ਕ੍ਰਿਸ਼ਨਲ, ਜਮਹੂਰੀ ਹੱਕਾਂ ਦੀ ਕਾਰਕੁੰਨ ਐਡਵੋਕੇਟ ਅਮਨਦੀਪ ਕੌਰ, ਕਿਸਾਨ ਆਗੂ ਮਨਜੀਤ ਸਿੰਘ ਧਨੇਰ, ਕਿਰਨਜੀਤ ਕੌਰ ਸਾਦਗਾਰ ਕਮੇਟੀ ਦੇ ਆਗੂ ਨਰਾਇਣ ਦੱਤ ਅਤੇ ਭਵਿੱਖ ਦੀਆਂ ਆਗੂ ਬੱਚੀਆਂ ਨੇ ਇਹ ਨਾਵਲ ਰਿਲੀਜ਼ ਕੀਤਾ।

ਇਸ ਮੌਕੇ ਸੰਘਰਸ਼ਸ਼ੀਲ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਨਾਵਨ ਦੇ ਲੇਖਕ ਜਸਪਾਲ ਮਾਨਖੇੜਾ ਨੇ ਕਿਹਾ, "ਪਾ ਗਲਵੱਕੜੀ ਕਲਮ ਕਲਾ ਸੰਗਰਾਮਾਂ ਦੀ, ਇਸ ਦੇ ਸੀਨੇ ਧਮਕ ਹੈ ਲੋਕ ਸੰਗਰਾਮਾਂ ਦੀ।" ਨਾਵਲ ਦੇ ਬਿਰਤਾਂਤ ਵਿੱਚ ਵੀਹਵੀਂ ਸਦੀ ਦੇ ਅੰਤ ਤੋਂ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਤੱਕ ਲੱਗਭੱਗ ਬਾਈ ਸਾਲ ਲੜੇ ਸੰਘਰਸ਼ ਦੀ ਗਲਪੀ ਗਾਥਾ ਹੈ। ਮਨਜੀਤ ਸਿੰਘ ਧਨੇਰ, ਇਨਕਲਾਬੀ ਕੇਂਦਰ ਦੇ ਆਗੂ ਕੰਵਲਜੀਤ ਖੰਨਾ, ਰਜਿੰਦਰ ਭਦੌੜ, ਨਾਂਟਕਕਾਰ ਸੁਖਵਿੰਦਰ ਚੀਦਾ ਨੇ ਵੀ ਨਾਵਲ ਨੂੰ ਜੀ ਆਇਆਂ ਨੂੰ ਕਿਹਾ।

**- ਬਖਤੌਰ ਢਿੱਲੋਂ**

# ਹੀਰੋਸ਼ੀਮਾ ਤੇ ਨਾਗਾਸਾਕੀ ਦੀ 80ਵੀਂ ਵਰ੍ਹੇਗੰਢ ਦੇ ਮੌਕੇ ਅਮਨ ਕਾਨਫਰੰਸ



**ਲੁਧਿਆਣਾ**-ਇੱਥੇ ਲੁਧਿਆਣਾ ਵਿਖੇ 80 ਸਾਲ ਪਹਿਲਾਂ ਜਾਪਾਨ ਦੇ ਨਗਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਪਰ ਅਮਰੀਕਾ ਵੱਲੋਂ ਪਰਮਾਣੂ ਬੰਬ ਡੇਗਣ ਦੇ ਨਾਲ ਜੋ ਮਨੁੱਖੀ ਤੇ ਜਾਨੀ ਭਿਆਨਕ ਨੁਕਸਾਨ ਹੋਇਆ ਸੀ, ਉਸ ਨੂੰ ਯਾਦ ਕਰਦਿਆਂ ਅਤੇ ਆਉਣ ਵਾਲੇ ਸਮੇਂ 'ਚ ਫੌਰੀ ਤੌਰ 'ਤੇ ਪਰਮਾਣੂ ਹਥਿਆਰਾਂ ਦੇ ਖ਼ਾਤਮੇ ਦੀ ਮੰਗ ਨੂੰ ਲੈ ਕੇ ਇੱਕ ਅਮਨ ਕਾਨਫ਼ਰੰਸ, ਪੰਜਾਬੀ ਭਵਨ ਲੁਧਿਆਣਾ ਵਿਖੇ ਕੀਤੀ ਗਈ। ਇਸ ਦਾ ਆਯੋਜਨ "ਇੰਡੀਅਨ ਡਾਕਟਰਜ਼ ਫ਼ਾਰ ਪੀਸ ਐਂਡ ਡਿਵੈਲਪਮੈਂਟ" (ਆਈ.ਡੀ.ਪੀ.ਡੀ.) ਅਤੇ ਪੰਜਾਬੀ ਸਾਹਿਤ ਅਕਾਡਮੀ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਕਾਨਫਰੰਸ ਦੇ ਆਰੰਭ ਵਿੱਚ ਇੱਕ ਸ਼ਾਂਤੀ ਪ੍ਰਦਰਸ਼ਨ ਕਰਕੇ ਇਜ਼ਰਾਇਲ ਵੱਲੋਂ ਗਾਜ਼ਾ ਵਿੱਚ ਫ਼ਲਸਤੀਨੀਆਂ ਦੀ ਨਸਲਕੁਸ਼ੀ ਨੂੰ ਬੰਦ ਕਰਨ ਦੀ ਮੰਗ ਕੀਤੀ। ਇਸ ਮੌਕੇ ਕੁੰਜੀਵਤ ਭਾਸ਼ਣ ਦਿੰਦਿਆਂ ਪ੍ਰੋਫੈਸਰ ਹਰੀਸ਼ ਪੁਰੀ ਨੇ ਕਿਹਾ ਕਿ ਅਜੋਕੇ ਸਮੇਂ ਭੂ-ਰਾਜਨੀਤਿਕ ਹਾਲਾਤ ਬਹੁਤ ਖ਼ਰਾਬ ਹਨ, ਇੰਨੇ ਦੂਸਰੇ ਮਹਾਂਯੁੱਧ ਤੋਂ ਬਾਅਦ ਕਦੇ ਵੀ ਨਹੀਂ ਹੋਏ। ਦੁਨੀਆ ਦੀਆਂ ਵੱਖ-ਵੱਖ ਥਾਵਾਂ 'ਤੇ ਚੱਲ ਰਹੇ ਲੰਮੇ ਸਮੇਂ ਤੋਂ ਯੁੱਧ ਨਾ ਕੇਵਲ ਮਨੁੱਖਾਂ ਲਈ, ਬਲਕਿ ਸੰਪੂਰਨ ਜੀਵ ਪ੍ਰਣਾਲੀ ਅਤੇ ਮੁਢਲੇ ਵਿਕਸਿਤ ਹੋਏ ਢਾਂਚੇ ਦੀ ਤਬਾਹੀ ਦਾ ਕਾਰਨ ਬਣ ਰਹੇ ਹਨ। ਕਾਨਫਰੰਸ ਵਿੱਚ ਸਰਬ-ਸੰਮਤੀ ਨਾਲ ਮਤੇ ਪਾਸ ਕੀਤੇ ਗਏ, ਜਿਨ੍ਹਾਂ ਵਿੱਚ ਫੌਰੀ ਤੌਰ 'ਤੇ ਯੁੱਧਬੰਦੀ ਕਰਨ ਦੀ ਅਪੀਲ ਕੀਤੀ ਗਈ ਅਤੇ ਪ੍ਰਮਾਣੂ ਹਥਿਆਰਾਂ ਦੇ ਪੂਰਨ ਖਾਤਮੇ ਦੀ ਮੰਗ ਕੀਤੀ ਗਈ। ਨਾਲ ਹੀ ਗਾਜ਼ਾ ਵਿੱਚ ਇਜ਼ਰਾਇਲ ਵੱਲੋਂ ਕੀਤੀ ਜਾ ਰਹੀ ਨਸਲਕੁਸ਼ੀ ਫੌਰਨ ਬੰਦ ਕਰਨ 'ਤੇ ਇੱਕ ਮਤਾ ਪਾਸ ਕੀਤਾ ਗਿਆ। ਇੱਕ ਹੋਰ ਮਤੇ ਦੇ ਦੁਆਰਾ ਭਾਰਤ ਪਾਕਿਸਤਾਨ ਵਿੱਚ ਸੱਭਿਆਚਾਰਕ ਤੇ ਵਪਾਰਕ ਸੰਬੰਧਾਂ ਨੂੰ ਖੋਲ੍ਹਣ ਦੀ ਗੱਲ ਕਹੀ ਗਈ। ਕਾਨਫ਼ਰੰਸ ਦਾ ਉਦਘਾਟਨ ਨਾਮਧਾਰੀ ਦਰਬਾਰ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤਾ। ਡਾ. ਪਰਮ ਸੈਣੀ ਮਨੋਵਿਗਿਆਨ ਵੱਲੋਂ ਯੁੱਧ ਦੇ ਮਾਨਸਿਕ ਪ੍ਰਭਾਵਾਂ ਬਾਰੇ ਪੇਸ਼ਕਾਰੀ ਦਿੱਤੀ ਗਈ। ਯੁੱਧ ਦੇ ਵਾਤਾਵਰਨ 'ਤੇ ਪ੍ਰਭਾਵਾਂ ਬਾਰੇ ਸਾਂਝੇ ਤੌਰ 'ਤੇ ਡਾ. ਤੇਜਿੰਦਰ ਤੂਰ, ਡਾ. ਗੁਰਵੀਰ ਸਿੰਘ, ਡਾ. ਅੰਕੁਸ਼ ਕੁਮਾਰ, ਡਾ. ਸੀਰਤ ਸਿੰਘ ਤੇ ਡਾ. ਰਜਤ ਗਰੋਵਰ ਵੱਲੋਂ ਪੇਸ਼ਕਾਰੀ ਦਿੱਤੀ ਗਈ। ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਹੋਏ ਪ੍ਰਮਾਣੂ ਹਮਲਿਆਂ ਬਾਬਤ ਦੋ ਲਘੂ ਫਿਲਮਾਂ ਵੀ ਦਿਖਾਈਆਂ ਗਈਆਂ। ਸ. ਅਮਰਜੀਤ ਸਿੰਘ ਟਿੱਕਾ ਉਚੇਚੇ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਉਹਨਾਂ ਸਾਰੇ ਯਤਨ ਦੀ ਸ਼ਲਾਘਾ ਕੀਤੀ। ਸ਼ੁਰੂ ਵਿੱਚ ਕਨਵੀਨਰ ਡਾ. ਬਲਬੀਰ ਸ਼ਾਹ ਨੇ ਮੁੱਦੇ ਦੀ ਜਾਣ-ਪਹਿਚਾਣ ਕਰਾਉਂਦਿਆਂ ਪਰਮਾਣੂ ਹਥਿਆਰਾਂ ਦੇ ਖ਼ਤਰਨਾਕ ਪ੍ਰਭਾਵਾਂ ਦਾ ਜ਼ਿਕਰ ਕੀਤਾ। ਡਾਕਟਰ ਸਰਬਜੀਤ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਸਭ ਦਾ ਸਵਾਗਤ ਕਰਦਿਆਂ ਕਿਹਾ ਕਿ ਘਿਣਾਉਣੀ ਜੰਗ ਦੇ ਖ਼ਿਲਾਫ ਇੱਕ ਲੋਕ-ਪੱਖੀ ਜੰਗ ਲੜਨ ਦੀ ਲੋੜ ਹੈ। ਸਭ ਤੋਂ ਪਹਿਲਾਂ ਸਤਨਾਮ ਚਾਨਾ ਨੇ ਅਤੀਤ ਦੀ ਪਰਮਾਣੂ ਤਰਾਸਦੀ ਦੀ ਗੱਲ ਇੱਕ ਅਜਿਹੀ ਯਾਦ ਸਾਂਝੀ ਕਰਦਿਆਂ ਇੱਕ ਅਜਿਹੇ ਵਿਅਕਤੀ ਦੀ ਜਾਣ-ਪਛਾਣ ਕਰਵਾਈ। ਖੁੱਲ੍ਹੀ ਚਰਚਾ ਵਿੱਚ ਭਾਗ ਲੈਣ ਵਾਲਿਆਂ ਵਿੱਚ ਡਾ. ਨਰਿੰਜਨ ਸਿੰਘ ਬਾਵਾ ਨੇ ਜੰਗ ਨੂੰ ਰੋਕਣ ਲਈ ਵਾਤਾਵਰਨ ਦੀ ਸ਼ੁੱਧਤਾ ਬਾਰੇ ਵੀ ਚੇਤਨ ਕੀਤਾ। ਪ੍ਰਸ਼ਨ ਪੁੱਛਣ ਵਾਲਿਆਂ ਵਿੱਚ ਗੁਰਬੰਤ ਸਿੰਘ, ਨਵਤੇਜ ਗੜ੍ਹਦੀਵਾਲਾ ਅਤੇ ਮਲਕੀਅਤ ਸਿੰਘ ਔਲਖ ਸ਼ਾਮਲ ਸਨ। ਖੁੱਲ੍ਹੀ ਚਰਚਾ ਦਾ ਸੰਚਾਲਨ ਡਾ. ਭਾਰਤੀ ਉੱਪਲ ਨੇ ਕੀਤਾ ਤੇ ਅਨੇਕਾਂ ਸਰੋਤਿਆਂ ਨੇ ਇਸ ਵਿੱਚ ਆਪਣੇ ਵਿਚਾਰ ਦਿੱਤੇ। ਡਾ. ਸੁਖਦੇਵ ਸਿੰਘ ਸਿਰਸਾ ਨੇ ਗੋਸ਼ਟੀ ਦਾ ਨਿਚੋੜ ਪੇਸ਼ ਕਰਦਿਆਂ ਕਿਹਾ ਕਿ ਸਾਡੀ ਗਦਰੀ ਬਾਬਿਆਂ, ਸ਼ਹੀਦਾਂ ਅਤੇ ਗੁਰੂਆਂ-ਪੀਰਾਂ ਦੀ ਅਮੀਰ ਪਰੰਪਰਾ ਹੈ, ਜਿਸ 'ਤੇ ਇੱਕ ਵੱਡੀ ਅਮਨ ਲਹਿਰ ਉਸਾਰੀ ਜਾ ਸਕਦੀ ਹੈ। ਡਾ. ਅਰੁਣ ਮਿੱਤਰਾ ਨੇ ਸਾਰੇ ਆਏ ਲੋਕਾਂ ਦਾ ਧੰਨਵਾਦ ਕੀਤਾ। ਸਮਾਗਮ ਦਾ ਸੰਚਾਲਨ ਡਾ. ਗੁਲਜ਼ਾਰ ਸਿੰਘ ਪੰਧੇਰ ਜਨਰਲ ਸਕੱਤਰ ਪੰਜਾਬੀ ਸਾਹਿਤ ਅਕਾਡਮੀ ਅਤੇ ਆਈ.ਡੀ.ਪੀ.ਡੀ. ਵੱਲੋਂ ਨੇਤਰ ਰੋਗਾਂ ਦੇ ਮਾਹਿਰ ਡਾ. ਪ੍ਰਗਿਆ ਸ਼ਰਮਾ ਨੇ ਕੀਤਾ।

# ਪਾਠਕਾਂ ਦੇ ਝਰੋਖੇ 'ਚੋਂ

## ਹੱਕ ਜਿਨ੍ਹਾਂ ਦੇ ਆਪਣੇ ਆਪੇ ਲੈਣਗੇ ਖੋਹ

ਨਵਾਂ ਜ਼ਮਾਨਾ ਅਖ਼ਬਾਰ ਵਿੱਚ ਸੁਰਜੀਤ ਸੁਮਨ ਦੇ ਲੇਖ 'ਹੱਕ ਜਿਨ੍ਹਾਂ ਦੇ ਆਪਣੇ, ਆਪ ਲੈਣਗੇ ਖੋਹ' ਪੜ੍ਹ ਕੇ ਇੰਝ ਲੱਗਿਆ ਜਿਵੇਂ ਕਿਸੇ ਨੇ ਸਾਡੀ ਪੰਜਾਬੀ ਸਟੈਨੋਗ੍ਰਾਫੀ ਦੇ ਬੇਰੁਜ਼ਗਾਰ ਤੇ ਰੁਲ਼ ਰਹੇ ਸਿੱਖਿਆਰਥੀਆਂ ਦੀ ਬਾਂਹ ਫੜੀ ਹੋਵੇ।ਕਿਸੇ ਵੇਲ਼ੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਸਦਰ-ਮੁਕਾਮਾਂ ਉੱਤੇ ਪੰਜਾਬੀ ਸਟੈਨੋਗ੍ਰਾਫੀ ਸਿਖਲਾਈ ਸੈਂਟਰ ਹੁੰਦੇ ਸਨ। ਭਾਸ਼ਾ ਵਿਭਾਗ, ਪੰਜਾਬ ਦੀ ਘੋਰ ਅਣਗਹਿਲੀ ਅਤੇ ਅਣਦੇਖੀ ਨੇ ਇਨ੍ਹਾਂ ਵਿਦਿਆਰਥੀਆਂ ਦੇ ਜਜ਼ਬੇ ਅਤੇ ਭਵਿੱਖ ਨੂੰ ਤਬਾਹ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।ਇੰਸਟਰਕਟਰਾਂ ਦੇ ਰਿਟਾਇਰ ਹੋ ਜਾਣ ਕਰਕੇ ਅੱਜ ਇਹ ਸਾਰੇ ਸੈਂਟਰ ਬੰਦ ਹੋ ਚੁੱਕੇ ਹਨ। ਭਾਸ਼ਾ ਵਿਭਾਗ ਵੱਲੋਂ ਇਹ ਜਾਣਦਿਆਂ ਹੋਇਆਂ ਵੀ ਕਿ ਉਨ੍ਹਾਂ ਦੇ ਇੰਸਟਰਕਟਰ ਰਿਟਾਇਰ ਹੋ ਰਹੇ ਹਨ, ਅੱਗੋਂ ਭਰਤੀ ਕਰਨ ਬਾਰੇ ਕੋਈ ਚਾਰਾਜ਼ੋਈ ਨਹੀਂ ਕੀਤੀ।ਸਰਕਾਰ ਵੀ ਇਸ ਪਾਸਿਉਂ ਲੰਮੀਆਂ ਤਾਣ ਕੇ ਸੁੱਤੀ ਰਹੀ। ਹੁਣ ਜੇਕਰ ਇਹ ਭਰਤੀ ਕੀਤੀ ਵੀ ਜਾ ਰਹੀ ਹੈ ਤਾਂ ਹੈਰਾਨੀ ਉਦੋਂ ਹੋਈ ਜਦੋਂ ਐਸਐਸ ਬੋਰਡ ਵੱਲੋਂ ਸਟੈਨੋਗ੍ਰਾਫੀ ਦਾ ਟੈੱਸਟ ਲਏ ਬਿਨਾਂ ਹੀ ਕੌਂਸਲਿੰਗ ਕਰਵਾ ਲਈ ਗਈ।

ਇਸ ਤਰ੍ਹਾਂ ਪੰਜਾਬ ਦੇ ਬੇਰੁਜ਼ਗਾਰ ਸਿੱਖਿਆਰਥੀਆਂ ਦੀ ਸਕਿੱਲ ਅਤੇ ਭਵਿੱਖ ਨੂੰ ਬਰਬਾਦ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਨਿਯਮਾਂ ਦੀ ਪਾਲਣਾ ਕਰਦੇ ਹੋਏ ਸਾਡੇ ਭਵਿੱਖ ਬਾਰੇ ਸਹੀ ਤੇ ਯੋਗ ਫੈਸਲਾ ਲੈਣ।

**- ਅਮਰਜੀਤ ਸਿੰਘ, ਨਵਜੋਤ ਸਿੰਘ, ਪ੍ਰਭਜੋਤ ਸਿੰਘ, ਬਲਬੀਰ ਸਿੰਘ, ਸਿਮਰਨਜੀਤ ਕੌਰ, ਵੀਨਾ ਰਾਣੀ ਸਾਲਾਂਬੱਧੀ ਪੰਜਾਬੀ ਸਟੈਨੋਗ੍ਰਾਫੀ ਕਰ ਰਹੇ ਸਿੱਖਿਆਰਥੀ**

## ਪਾਠਕਾਂ ਲਈ

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

**- ਸੰਪਾਦਕ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਡਾ. ਵਿਲੀਅਮ ਕੇਰੀ-ਪਹਿਲੀ ਪੰਜਾਬੀ ਗਰਾਮਰ ਦਾ ਖ਼ਾਲਿਕ : ਸੱਯਦ ਸਿਬਤਲ ਹਸਨ ਜ਼ੈਗਮ

ਮੋਹਨ ਕੁਮਾਰ ਮੰਗਲਮ : ਅਨਿਲ ਰਾਜੀਮਵਾਲੇ


'ਦਫ਼ਤਰਨਾਮਾ' : ਜੋਗੇ ਭੰਗਲ (ਫੋਕਸ) ਡਾ. ਸੰਦੀਪ ਰਾਣਾ

ਕੁਲਵਿੰਦਰ ਵਿਰਕ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਆਲੋਚਨਾ : ਗ਼ਜ਼ਲ ਵਿਸ਼ੇਸ਼ ਅੰਕ



ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦਾ ਰੈਫ਼ਰੀਡ ਜਰਨਲ 'ਆਲੋਚਨਾ'-267 (ਜੁਲਾਈ-ਸਤੰਬਰ, 2025) 'ਗ਼ਜ਼ਲ ਵਿਸ਼ੇਸ਼ ਅੰਕ' ਛਪ ਗਿਆ ਹੈ। ਇਸ ਅੰਕ ਦੇ ਮਹਿਮਾਨ ਸੰਪਾਦਕ ਨੌਜਵਾਨ ਸ਼ਾਇਰ ਵਾਹਿਦ ਹਨ। ਮੁੱਢਲੇ ਸ਼ਬਦ 'ਚ ਸਰਪ੍ਰਸਤ ਡਾ. ਸਰਬਜੀਤ ਸਿੰਘ ਕਹਿੰਦਾ ਹੈ, 'ਇਸ ਅੰਕ ਵਿੱਚ ਗ਼ਜ਼ਲ ਦੀ ਇਤਿਹਾਸਕਤਾ, ਗ਼ਜ਼ਲ ਦਾ ਕਾਵਿ ਸ਼ਾਸਤਰ, ਸਮਕਾਰੀ ਪੰਜਾਬੀ ਗ਼ਜ਼ਲ ਦੇ ਸਰੋਕਾਰ ਅਤੇ ਚੁਣੌਤੀਆਂ, ਪਰਵਾਸੀ, ਪਾਕਿਸਤਾਨੀ ਤੇ ਪੰਜਾਬੀ ਨਾਰੀ ਗ਼ਜ਼ਲ ਦਾ ਸੰਵਾਦ ਰਚਾਉਣ ਦਾ ਯਤਨ ਕੀਤਾ।' ਸੰਪਾਦਕੀ 'ਚ ਡਾ. ਗੁਲਜ਼ਾਰ ਸਿੰਘ ਪੰਧੇਰ ਅਨੁਸਾਰ, 'ਅੱਜ ਪੰਜਾਬੀ ਗ਼ਜ਼ਲ ਇੱਕੋ ਸਮੇਂ ਸਮਾਜਕ ਅਵਚੇਤਨ ਦੇ ਗੂੜ੍ਹ ਰਹੱਸਾਂ ਅਤੇ ਸਮਾਜ ਦੇ ਵਡੇਰੇ ਰਾਜਸੀ, ਆਰਥਿਕ, ਸਮਾਜਿਕ, ਨੈਤਿਕ ਅਤੇ ਅਸਤਿਤਵਕ ਮਸਲਿਆਂ ਨੂੰ ਆਪਣੇ ਕਲੇਵਰ ਵਿੱਚ ਲੈਂਦੀ ਹੈ।' ਮਹਿਮਾਨ ਸੰਪਾਦਕ ਅਨੁਸਾਰ, "ਇਹ ਅੰਕ ਪੰਜਾਬੀ ਗ਼ਜ਼ਲ ਦੇ ਕਾਵਿ ਸਾਸ਼ਤਰੀ ਮਾਡਲ ਦੀ ਉਸਾਰੀ ਅਤੇ ਪੰਜਾਬੀ ਗ਼ਜ਼ਲ ਚਿੰਤਨ ਵਿਚ ਇਕ ਸਾਰਥਕ ਸੰਵਾਦ ਦੇ ਸ਼ੁਰੂ ਹੋਣ ਦੀ ਉਮੀਦ ਨਾਲ ਤਿਆਰ ਕੀਤਾ ਹੈ।' ਹੱਥਲੇ ਅੰਕ ਵਿੱਚ 'ਗ਼ਜ਼ਲ: ਇਤਿਹਾਸ ਤੋਂ ਸਮਕਾਲ ਤੱਕ'(ਜਗਵਿੰਦਰ ਜੋਧਾ), ਪਾਕਿਸਤਾਨੀ ਪੰਜਾਬੀ ਗ਼ਜ਼ਲ : ਪ੍ਰਤੀਰੋਧੀ ਅਵਚੇਤਨ (ਡਾ. ਬਲਕਾਰ ਸਿੰਘ), 'ਪਰਵਾਸੀ ਪੰਜਾਬੀ ਗ਼ਜ਼ਲ : ਜਗਤ ਤੇ ਜੁਗਤ' (ਡਾ. ਇਕਬਾਲ ਸੋਮੀਆਂ), 'ਜਦੀਦ ਪੰਜਾਬੀ ਗ਼ਜ਼ਲ : ਅਸਤਿੱਤਵੀ ਚੇਤਨਾ' (ਡਾ. ਹਰਪਾਲ ਸਿੰਘ ਭੱਟੀ), ਸਮਕਾਲੀ ਪੰਜਾਬੀ ਗ਼ਜ਼ਲ: ਕਾਵਿ-ਸ਼ਾਸਤਰੀ ਵਿਵੇਕ' (ਸ਼ਮਸ਼ੇਰ ਮੋਹੀ), ਇੱਕੀਵੀਂ ਸਦੀ ਦੀ ਪੰਜਾਬੀ ਗ਼ਜ਼ਲ ਦਾ ਥੀਮ ਵਿਗਿਆਨਕ ਮਾਡਲ: ਅਧਿਐਨ, ਸਮੱਸਿਆਵਾਂ ਤੇ ਸਮਾਧਾਨ' (ਜਗਮੀਤ ਸਿੰਘ (ਹਰਫ਼), 'ਪੰਜਾਬੀ ਨਾਰੀ ਗ਼ਜ਼ਲ: ਸਥਿਤੀ ਅਤੇ ਸਰੋਕਾਰ' (ਸੰਦੀਪ ਸਿੰਘ ਡਾ.), ਸਮਕਾਲੀ ਪੰਜਾਬੀ ਨਾਰੀ ਗ਼ਜ਼ਲ : ਅਸਤਿਤਵੀ ਚੇਤਨਾ'( ਡਾ. ਮਨਦੀਪ ਕੌਰ), ਸਮਕਾਲੀ ਪੰਜਾਬੀ ਗ਼ਜ਼ਲ ਦੀ ਕਾਵਿ-ਭਾਸ਼ਾ (ਡਾ. ਦੀਪਕ ਕੁਮਾਰ), ਮੁਸ਼ਾਇਰਾ, ਮੁਜਰਾ ਅਤੇ ਕਵੀ ਦਰਬਾਰ (ਕੁਲਦੀਪ ਸਿੰਘ ਦੀਪ ਡਾ.), ਸ਼ਿਵ ਕੁਮਾਰ ਬਟਾਲਵੀ ਅਤੇ ਤਾਹਿਰਾ ਸਰਾ ਦੀਆਂ ਗ਼ਜ਼ਲਾਂ ਵਿਚ ਪਰਵਾਸ' (ਡਾ. ਜਗਪ੍ਰੀਤ ਕੌਰ) ਆਦਿ ਮਹੱਤਵਪੂਰਨ ਖੋਜ ਨਿਬੰਧ ਗ਼ਜ਼ਲ ਦੇ ਪਾਠਕਾਂ ਨੂੰ ਪੜ੍ਹਨ ਲਈ ਮਿਲਦੇ ਹਨ। ਅੰਕ 'ਤੇ ਭਰਵੀਂ ਨਜ਼ਰ ਮਾਰਦਿਆਂ ਇਹ ਧਾਰਨਾ ਪੱਕੀ ਹੁੰਦੀ ਹੈ ਕਿ ਪੰਜਾਬੀ ਗ਼ਜ਼ਲ ਵਿਧਾ ਦਾ ਨਿਰੰਤਰ ਵਿਕਾਸ ਹੋ ਰਿਹਾ ਹੈ। ਹਰ ਚਿੰਤਕ ਨੇ ਚੰਗੀ ਗ਼ਜ਼ਲ ਕਹਿਣ ਵਾਲੇ ਗ਼ਜ਼ਲਗੋ ਦਾ ਨੋਟਿਸ ਲਿਆ ਹੈ। ਸਾਂਭਣਯੋਗ ਅੰਕ ਲਈ ਅਕਾਡਮੀ, ਸੰਪਾਦਕੀ ਟੀਮ ਵਧਾਈ ਦੀ ਪਾਤਰ ਹੈ।

'ਆਲੋਚਨਾ' ਦੇ ਸਫ਼ੇ : 152, ਮੁੱਲ :200 ਰੁਪਏ ਹਨ। ਪਤਾ-ਸੰਪਾਦਕ ਆਲੋਚਨਾ, ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ, e.mail-punjabibhawanludhiana@gmail.com, ਸੰਪਰਕ : 94645-68905, ਸਰਪ੍ਰਸਤ : ਡਾ. ਸਰਬਜੀਤ ਸਿੰਘ, ਮੁੱਖ ਸੰਪਾਦਕ : ਡਾ. ਗੁਲਜ਼ਾਰ ਸਿੰਘ ਪੰਧੇਰ, ਮਹਿਮਾਨ ਸੰਪਾਦਕ : ਵਾਹਿਦ (ਸਤਿਨਾਮ ਸਿੰਘ)


## ਸਮਾਂਤਰ ਨਜ਼ਰੀਆ : ਜੁਲਾਈ-ਸਤੰਬਰ, 2025

'ਸਮਾਂਤਰ ਨਜ਼ਰੀਆ' ਦਾ ਨਵਾਂ ਅੰਕ ਛਪ ਗਿਆ ਹੈ। ਸੰਪਾਦਕੀ ਵਿੱਚ ਦੁਨੀਆਂ ਦੀਆਂ ਬੇਅੰਤ ਚੁਣੌਤੀਆਂ ਦੇ ਹਵਾਲੇ ਨਾਲ ਇਨ੍ਹਾਂ ਨੂੰ ਸਾਹਿਤ ਵਿੱਚ ਪੇਸ਼ ਕਰਨ ਦਾ ਸੰਪਾਦਕ ਨੇ ਹੋਕਾ ਦਿੱਤਾ ਹੈ। ਹੱਥਲੇ ਅੰਕ ਵਿੱਚ ਜਗਤਾਰ ਜਜ਼ੀਰਾ ਦੀ ਕਹਾਣੀ 'ਡਰਿਆ ਹੋਇਆ ਬੰਦਾ' ਛਪੀ ਹੈ। ਨਾਲ ਹੀ ਜਸਵੀਰ ਸਿੰਘ ਰਾਣਾ ਦੀ ਪ੍ਰਸਿੱਧ ਕਹਾਣੀ 'ਚੂੜੇ ਵਾਲੀ ਬਾਂਹ' ਤੇ ਉਸ ਦੀ ਸਿਰਜਣ ਪ੍ਰਕਿਰਿਆ ਛਾਪੀ ਗਈ ਹੈ। ਦਰਸ਼ਨ ਚੀਮਾ ਦੀਆਂ ਕਵਿਤਾਵਾਂ, ਤਰਸੇਮ ਦਾ ਤਾਂਬੇ ਰੰਗੇ ਲੋਕ ਤਹਿਤ ' ਮੂਰਤੀ ਮਰਦਾਨੀ', ਭਗਵਾਨ ਢਿੱਲੋਂ ਦੀ 'ਨਾਗਪੁਰੀ ਸੰਤਰਾ', ਪ੍ਰਸ਼ੋਤਮ ਪੱਤੋ ਦੀ 'ਦਹਿਸ਼ਤ' ਕਵਿਤਾਵਾਂ ਛਪੀਆਂ ਹਨ। ਡਾ. ਜੋਗਿੰਦਰ ਸਿੰਘ ਨਿਰਾਲਾ ਦਾ ਸਵੈ ਜੀਵਨੀ ਅੰਸ਼ 'ਬੰਬਈ ਦਾ ਗੇੜਾ' ਜਰਨੈਲ ਸਿੰਘ ਅੱਚਰਵਾਲ ਦਾ 'ਸੰਗਰਾਮੀ ਪਿੰਡ' ਤਹਿਤ ਪਿੰਡ ਅੱਚਰਵਾਲ ਦਾ ਇਤਿਹਾਸ ਪ੍ਰਕਾਸ਼ਤ ਹੋਇਆ ਹੈ। ਡਾ. ਸੋਮਪਾਲ ਹੀਰਾ ਦੀ ਮੁਲਾਕਾਤ ਜੋ ਭੋਲਾ ਸਿੰਘ ਸੰਘੇੜਾ ਨੇ ਕੀਤੀ ਹੈ ਛਪੀ ਹੈ। ਹੋਰ ਲਿਖਤਾਂ ਵਿੱਚ ਭੀਸ਼ਮ ਸਾਹਨੀ ਇੱਕ ਬਹੁਪੱਖੀ ਸ਼ਖ਼ਸੀਅਤ (ਅਨੁ. ਐੱਮ ਐੱਸ ਭਾਟੀਆ), ਪੰਜਾਬ ਦੇ ਪਿੰਡਾਂ ਦੀ ਆਜੋਕੀ ਦਸ਼ਾ ਨੂੰ ਬਿਆਨਦਾ ਨਾਵਲ ਗੁਲਾਬੀ ਸੁੰਡੀ (ਨਿਰੰਜਣ ਬੋਹਾ), ਕਵਿਤਾ ਦੀ ਤ੍ਰਿਵੈਣੀ ਹਰਜਿੰਦਰ ਕੰਗ (ਕਰਮ ਸਿੰਘ ਮਾਨ) ਆਦਿ ਲਿਖਤਾਂ ਹੱਥਲੇ ਪਰਚੇ ਵਿੱਚ ਪ੍ਰਕਾਸ਼ਤ ਹੋਈਆਂ ਹਨ।



'ਸਮਾਂਤਰ ਨਜ਼ਰੀਆ' ਦੇ ਸਫ਼ੇ : 96 ਤੇ ਮੁੱਲ : 100 ਰੁਪਏ ਹੈ। ਪਤਾ-148-ਐਫ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ, e.mail-gulzarpandher@gmail.com ਸੰਪਾਦਕ: ਡਾ. ਗੁਲਜ਼ਾਰ ਸਿੰਘ ਪੰਧੇਰ (70099-66188), ਸਹਿ ਸੰਪਾਦਕ : ਭੋਲਾ ਸਿੰਘ ਸੰਘੇੜਾ।

## ਨਿੱਕੀਆਂ ਕਰੂੰਬਲਾਂ : ਜੁਲਾਈ-ਸਤੰਬਰ, 2025



ਨਿੱਕੀਆਂ ਕਰੂੰਬਲਾਂ ਦਾ ਨਵਾਂ ਅੰਕ ਬਾਲ ਸਾਹਿਤ ਦੀ ਨਿੱਗਰ ਸਮੱਗਰੀ ਲੈ ਕੇ ਹਾਜ਼ਰ ਹੋਇਆ ਹੈ। ਸੰਪਾਦਕੀ ਵਿੱਚ ਮਾਂ ਬੋਲੀ ਦੇ ਵਾਰਿਸਾ 'ਤੇ ਸਵਾਲ ਕੀਤੇ ਗਏ ਨੇ ਜੋ ਪੰਜਾਬੀ ਨੂੰ ਸਰਕਾਰੇ ਦਰਬਾਰੇ ਨੁੱਕਰੇ ਲਗਾ ਰਹੇ ਹਨ। ਇਸ ਅੰਕ ਵਿੱਚ ਈਰਖਾ (ਮਾਸਟਰ ਸੰਜੀਵ ਧਰਮਾਣੀ), ਜੰਗ ਦੀ ਜਿੱਤ ਅਤੇ ਹਾਰ ( ਵਿਜੈ ਕੁਮਾਰ), ਰਾਜ ਕੁਮਾਰ ਸਾਧੂ (ਬਿਹਾਦਰ ਸਿੰਘ ਗੋਸਲ), ਸੱਚੇ ਦੋਸਤ ਦੀ ਪਛਾਣ (ਹਰਿੰਦਰ ਸਿੰਘ ਗੋਗਨਾ), ਹੱਥਾਂ ਅਤੇ ਗੱਡੀਆਂ ਦੇ ਇਸ਼ਾਰੇ (ਰਘਬੀਰ ਸਿੰਘ ਮਾਨ), ਮੋਤੀ ਜਿਹਾ ਪਿਆਰਾ (ਰਘੁਵੀਰ ਸਿੰਘ ਕਲੋਆ), ਆਜ਼ਾਦੀ (ਬਲਜਿੰਦਰ ਮਾਨ), ਡੱਡੂਆਂ ਦਾ ਸਰਦਾਰ ਹਾਥੀ (ਸਰਬਜੀਤ ਸਿੰਘ), ਜੰਗਲ ਦੀ ਸਭਾ (ਗੁਰਪ੍ਰੀਤ ਸਿੰਘ ਜਖਵਾਲੀ), ਅਧਿਆਪਕ ਦੇ ਸਾਹਮਣੇ ਝੂਠ ਬੋਲਣਾ (ਸੁਖਰਾਜ ਬਾਜਵਾ), ਸਾਡਾ ਖੇਤ (ਗੁਰਜਿੰਦਰ ਸਿੰਘ), ਤਾਜ਼ੀ ਡਬਲ ਰੋਟੀ (ਅਮਨਦੀਪ ਸਿੰਘ) ਆਦਿ 12 ਬਾਲ ਕਹਾਣੀਆਂ ਛਪੀਆਂ ਹਨ। ਇਹ ਕਹਾਣੀਆਂ ਜਿੱਥੇ ਬੱਚਿਆਂ ਨੂੰ ਸੇਧ ਦੇਣ ਵਾਲੀਆਂ ਹਨ ਉੱਥੇ ਚੰਗਾ ਮਨੁੱਖ ਬਣਨ ਲਈ ਪ੍ਰੇਰਨਾ ਵੀ ਦਿੰਦੀਆਂ ਹਨ। ਕੁਝ ਕਵਿਤਾਵਾਂ ਵੀ ਛਪੀਆਂ ਹਨ। ਦਰਸ਼ਨ ਸਿੰਘ ਆਸ਼ਟ ਬਾਲ ਨਾਵਲ 'ਫੁੱਲ ਖਿੜ ਪਏ' ਲੈ ਹਾਜ਼ਰ ਹੋਇਆ ਹੈ। ਮਨਦੀਪ ਸਿੰਘ ਚਿੱਟੀ, ਵਿਜੈ ਗਰਗ ਤੇ ਜੋਗਾ ਸਿੰਘ ਭਠੁੱਲਾ ਦੇ ਲੇਖ ਅਤੇ ਪਾਲੀ ਖ਼ਾਦਿਮ ਨਾਲ ਮੁਲਾਕਾਤ ਵੀ ਛਪੀ ਹੈ। ਸੰਪਾਦਕੀ ਟੀਮ ਬੜੀ ਮਿਹਨਤ ਕਰਕੇ ਨਿੱਜੀ ਸਰੋਤਾਂ ਨਾਲ ਬਾਲਾਂ ਲਈ ਲਗਾਤਾਰ ਰਸਾਲਾ ਪ੍ਰਕਾਸ਼ਤ ਕਰ ਰਹੀ ਹੈ। ਨਿੱਕੀਆਂ ਕਰੂੰਬਲਾਂ ਦੇ ਸਫ਼ੇ : 50, ਮੁੱਲ : 60 ਰੁਪਏ, ਪਤਾ-ਨਿੱਕੀਆਂ ਕਰੂੰਬਲਾਂ, ਗੜ੍ਹਸ਼ੰਕਰ ਰੋਡ, ਮਾਹਿਲਪੁਰ, ਹੁਸ਼ਿਆਰਪੁਰ, ਮੁੱਖ ਸੰਪਾਦਕ: ਬਲਜਿੰਦਰ ਮਾਨ (98150-18947), e.mail-karumblan1995@gmail.com

## ਲੋਹਮਣੀ : ਜੁਲਾਈ-ਸਤੰਬਰ, 2025



ਲੋਹਮਣੀ ਦਾ ਨਵਾਂ ਅੰਕ-70 ਛਪ ਗਿਆ ਹੈ। ਬਲਦੇਵ ਸਿੰਘ (ਮਾਸਾਹਾਰੀ-ਸ਼ਾਕਾਹਾਰੀ), ਕੇ. ਐਲ. ਗਰਗ (ਸਵੱਛ ਭਾਰਤ), ਪ੍ਰਭਜੋਤ ਸੋਹੀ (ਮੌਂਜਾਂ ਈ ਮੌਂਜਾਂ) ਕਹਾਣੀਆਂ ਛਪੀਆਂ ਹਨ। ਡਾ. ਸੁਰਜੀਤ ਬਰਾੜ ਦਾ 'ਆਪਣੇ ਸਾਥੀਆਂ ਦੀਆਂ ਨਜ਼ਰਾਂ ਵਿੱਚ ਸ਼ਹੀਦ ਭਗਤ ਸਿੰਘ' ਮਹੱਤਵਪੂਰਨ ਤੇ ਨਿੱਠ ਕੇ ਲਿਖਿਆ ਲੰਮਾ ਲੇਖ ਪੜ੍ਹਨ ਨੂੰ ਮਿਲਦਾ ਹੈ। ਰਣਜੀਤ ਸਿੰਘ ਘੁੰਮਣ (ਪਰਵਾਸ-ਆਰਥਿਕ ਅਤੇ ਸਮਾਜਿਕ ਕਾਰਨ) ਵੀ ਚੰਗਾ ਹੈ। ਕਵਿਤਾ ਭਾਗ ਵਿੱਚ ਜਗਦੀਸ਼ ਰਾਣਾ, ਗੁਰਦੀਪ ਸਿੰਘ ਸੈਣੀ, ਬਲਦੇਵ ਸਿੰਘ, ਬਲਦੇਵ ਸਿੰਘ ਸੜਕਨਾਮਾ, ਅਮਰਜੀਤ ਕੌਂਕੇ, ਸੁਖਦੇਵ ਔਲਖ, ਦੀਪ ਜਗਤਪੁਰੀ, ਜੋਗਾ ਸਿੰਘ, ਰੌਬਿਨ ਸਰਵਣ ਪ੍ਰਕਾਸ਼, ਜੰਗੀਰ ਸਿੰਘ ਖੋਖਰ, ਸਰਬਜੀਤ ਸਿੰਘ ਚਹਿਲ, ਤਰਸਪਾਲ ਕੌਰ, ਕਲਤਾਰ ਠੁੱਲੀਵਾਲ, ਹਰਵਿੰਦਰ ਧਾਲੀਵਾਲ, ਗੁਰਦੀਪ ਲੋਪੋਂ, ਚਰਨਜੀਤ ਸਮਾਲਸਰ, ਜਗਜੀਤ ਕੌਰ ਢਿੱਲਵਾਂ, ਨਰਿੰਦਰ ਰੋਹੀ, ਜਸਵੰਤ ਧਾਪ, ਬਲਵੀਰ ਸਿੰਘ ਪਰਦੇਸੀ, ਕਿ ਓਕਟੋ ਆਊਲ, ਕੁਲਵੰਤ ਧਾਲੀਵਾਲ, ਕਰਨਲ ਬਾਪੂ ਸਿੰਘ ਦੁੱਗ, ਸਤਿੰਦਰਜੀਤ ਕੌਰ, ਸੁਖਚੈਨ ਸਿੰਘ ਹੀਰਾ, ਏਦੀਆਰਦੋ ਗਾਲੀਆਨੋ, ਰਾਮ ਸਿੰਘ ਹਠੂਰ, ਸਤਿੰਦਰ ਸਿੰਘ ਓਠੀ, ਪੰਕਜ ਗੋਬਿੰਦ ਮੇਧੀ, ਨੂਰ ਕਮਲ, ਜਸਵੰਤ ਗਿੱਲ ਸਮਾਲਸਰ ਦੀਆਂ ਕਵਿਤਾਵਾਂ ਛਪੀਆਂ ਹਨ।

ਛਿਣ ਦੇ ਸਫੇ : 70, ਮੁੱਲ : 40 ਰੁਪਏ ਹੈ, ਸੰਪਾਦਕੀ ਪਤਾ ਹੈ-ਪਿੰਡ ਤੇ ਡਾਕ ਘੋਲੀਆ, ਮੋਗਾ, ਸੰਪਾਦਕ : ਡਾ. ਸੁਰਜੀਤ ਬਰਾੜ (98553-71313)

*ਪੰਜਾਬੀ ਦੇ ਨੌਜਵਾਨ ਗ਼ਜ਼ਲਗੋ ਨਿਵੇਕਲੇ ਬਿੰਬ, ਪ੍ਰਤੀਕਾਂ ਤੇ ਕਾਵਿ ਮੁਹਾਵਰੇ ਨਾਲ ਜਾਨਦਾਰ ਗ਼ਜ਼ਲ ਕਹਿ ਕੇ ਆਪਣੀ ਥਾਂ ਬਣਾ ਰਹੇ ਹਨ। ਇਨ੍ਹਾਂ 'ਚ ਰਣਜੀਤ ਸਰਾਂਵਾਲੀ ਦਾ ਨਾਂਅ ਤੇਜ਼ੀ ਨਾਲ ਉੱਭਰ ਕੇ ਸਾਹਮਣੇ ਆਇਆ ਹੈ। 'ਪਾਣੀ 'ਤੇ ਮੀਨਾਕਾਰੀ' ਗ਼ਜ਼ਲਾਂ ਦੀ ਕਿਤਾਬ ਨਾਲ ਉਸ ਨੇ ਆਪਣੀ ਪਛਾਣ ਬਣਾਈ ਤੇ ਦੂਜੇ ਗਜ਼ਲ ਸੰਗ੍ਰਹਿ 'ਸ਼ੀਸ਼ੇ ਦੀ ਅੱਖ' ਨਾਲ ਉਸ ਨੇ ਆਪਣੀ ਪਛਾਣ ਗੂੜ੍ਹੀ ਕੀਤੀ।*



# ਰਣਜੀਤ ਸਰਾਂਵਾਲੀ ਦੀਆਂ .ਗ਼ਜ਼ਲਾਂ

(1)

ਦਿਸੇ 'ਨ੍ਹੇਰਾ ਤਾਂ ਅਪਣੇ ਆਪ ਨੂੰ ਹੀ ਬਾਲ਼ ਲੈਣਾ
ਅਸੀਂ ਇਸ ਨਜ਼ਰੀਏ ਨੂੰ ਨਜ਼ਰ ਵਿੱਚ ਸੰਭਾਲ਼ ਲੈਣਾ

ਬਿਗਾਨੇ ਤੋਂ ਮਿਲੇ ਕੁਝ ਵੀ ਤਾਂ ਅੱਖਾਂ ਮੀਚ ਪੀ ਲਓ
ਕਿਸੇ ਆਪਣੇ ਦਾ ਅੰਮ੍ਰਿਤ ਵੀ ਜ਼ਰਾ ਹੰਘਾਲ਼ ਲੈਣਾ

ਪੁਰਾਣੇ ਜ਼ਖ਼ਮ ਤਾਂ ਰਹਿਣੇ ਹੀ ਰਹਿਣੇ ਨਾਲ ਧੁਰ ਤੱਕ
ਪੁਰਾਣੇ ਹਾਦਸੇ ਵੀ ਰੱਖ ਆਪਣੇ ਨਾਲ ਲੈਣਾ

ਸਿਆਸਤ ਕੋਲ਼ ਵਾਧੂ ਰੰਗ ਨੇ, ਇਹ ਜਾਣਦੀ ਹੈ
ਹਰੀ ਧਰਤੀ ਨੂੰ ਕੁਰਸੀ ਵਾਸਤੇ ਕਰ ਲਾਲ ਲੈਣਾ

ਅਸੀਂ ਏਸੇ ਤਰ੍ਹਾਂ ਰੁੱਖਾਂ ਦਾ ਕਰਦੇ ਕਤਲ ਰਏ ਜੇ
ਇਹਨਾਂ ਹਾੜ੍ਹਾਂ ਨੇ ਸਾਥੋਂ ਖੋਹ ਅਸਾਡਾ ਸਿਆਲ਼ ਲੈਣਾ

(2)

ਕੁੱਲ ਮਿਲਾ ਕੇ ਏਹੋ ਦੁਨੀਆਦਾਰੀ ਹੈ
ਅੱਕਾਂ ਨਾਲ ਗੁਲਾਬਾਂ ਵਾਲੀ ਕਿਆਰੀ ਹੈ

ਇਕ ਮਸਲਾ ਹੈ ਇਹ ਮੈਂ ਅਕਲੋਂ ਅੰਨ੍ਹਾ ਹਾਂ
ਦੂਜਾ ਮੈਨੂੰ ਵੇਖਣ ਦੀ ਬੀਮਾਰੀ ਹੈ

ਹਰ ਇਕ ਪੜ੍ਹੇ-ਲਿਖੇ ਨੂੰ ਅੱਜਕੱਲ੍ਹ ਜਕੜ ਰਹੀ
ਨਵੀਂ ਬਿਮਾਰੀ ਦਾ ਨਾਂਅ ਬੇਰੁਜ਼ਗਾਰੀ ਹੈ

ਸਾਰਾ ਕੁਝ ਮੈਂ ਜ਼ਹਿਨ 'ਚ ਕਿੱਦਾਂ ਸਾਂਭ ਲਵਾਂ
ਆਖ਼ਰ ਮੇਰੇ ਘਰ ਵੀ ਇਕ ਅਲਮਾਰੀ ਹੈ

ਪਿੱਛਾ ਦੂਰ ਰਿਹਾ ਤਾਂ ਇਸ ਵਿਚ ਝੋਰਾ ਕੀ
ਏਥੇ ਸਭ ਦੀ ਅੱਗੇ ਵੱਲ ਤਿਆਰੀ ਹੈ

ਹਰ ਇਕ ਬੰਦਾ ਅਪਣੇ ਤੌਰ 'ਤੇ ਖੁੱਲ੍ਹਾ ਹੈ
ਹਰ ਬੰਦੇ ਦੀ ਅਪਣੀ ਚਾਰਦੀਵਾਰੀ ਹੈ

(3)

ਕਰੁੱਤੀਆਂ ਬਾਰਿਸ਼ਾਂ ਦਾ ਹੌਸਲਾ ਜੇ ਪਸਤ ਕਰਨਾ ਸੀ
ਕਿਸੇ ਛੱਤ ਹੇਠ ਫਿਰ ਠਹਿਰਨ ਦਾ ਬੰਦੋਬਸਤ ਕਰਨਾ ਸੀ

ਅਸੀਂ ਵਿਹੜੇ 'ਚ ਫੁੱਲਾਂ ਜੋਗੀ ਕੱਚੀ ਥਾਂ ਵੀ ਰੱਖੀ ਹੈ
ਅਸੀਂ ਪੱਥਰ ਦੇ ਯੁੱਗ ਵਿਚ ਘਰ ਨੂੰ ਵੀ ਗ਼ੁਲਦਸਤ ਕਰਨਾ ਸੀ

ਅਮੀਰੋ ਅੱਖਰੋ-ਸ਼ਬਦੋ ਤੁਹਾਡਾ ਸ਼ੁਕਰੀਆ ਮਿਲ ਗਏ
ਤੁਹਾਡੀ ਘਾਟ ਨੇ ਹੀ ਸ਼ਾਇਰ ਨੂੰ ਤੰਗਦਸਤ ਕਰਨਾ ਸੀ

ਕਿਸੇ ਦੇ ਹਾਸਿਆਂ ਨੇ ਓਸ ਨੂੰ ਹੰਝੂ ਬਖ਼ਸ਼ਣੇ ਸੀ
ਕਿਸੇ ਦੀ ਬੇਖ਼ੁਦੀ ਨੇ ਓਸ ਨੂੰ ਖ਼ੁਦਪ੍ਰਸਤ ਕਰਨਾ ਸੀ

ਸ਼ੁਕਰ ਹੈ ਬਚ ਗਿਆਂ ਸੰਵੇਦਨਾ ਦੇ ਦਰ 'ਤੇ ਆ ਕੇ ਮੈਂ
ਨਹੀਂ ਬਾਜ਼ਾਰ ਦੇ ਸਮਿਆਂ ਨੇ ਮੈਨੂੰ ਵਸਤ ਕਰਨਾ ਸੀ

(4)

ਮੈਂ ਦੇ ਮਾਰੇ ਹਉਂ ਦੇ ਭੰਨੇ
ਰਹਿਣ ਨ ਮੇਰੇ ਲਾਗੇ ਬੰਨੇ


ਅੱਜ ਦੀ ਸੋਹਣੀ ਤਰਨਾ ਸਿੱਖੇ
ਰਹਿਣੈ ਭਾਵੇਂ ਉਰਲੇ ਬੰਨੇ

ਆਪਾਂ ਤੋਂ ਈ ਵਿਕ ਨਾ ਹੋਇਆ
ਭਾਅ ਮਿਲਦੇ ਸੀ ਵੰਨ ਸੁਵੰਨੇ

ਬੰਦਿਆਈ ਤੋਂ ਵਿਰਵੇ ਸੱਖਣੇ
ਬੰਦੇ ਉਂਝ ਮੰਨੇ ਪ੍ਰਮੰਨੇ

ਮੈਂ ਆਂ ਸਿੱਧਾ ਸਾਦਾ ਬੰਦਾ
ਰਾਹ ਵਲ਼ਦਾਰ ਨੇ ਤੇਰੇ ਵੰਨੇ

ਕੋਈ ਤਾਂ ਮੈਨੂੰ ਇਕ ਥਾਂ ਜੋੜੇ
ਕੋਈ ਮੇਰੀ ਸੌ-ਚਿੱਤੀ ਭੰਨੇ



(5)

ਨੈਣਾਂ ਨੇ ਤੱਕਿਆ ਬੇਸ਼ੱਕ ਵਰ੍ਹਿਆਂ ਦੇ ਬਾਅਦ ਹੈ
ਚਿਹਰਾ ਤਾਂ ਤੇਰਾ ਜ਼ਹਿਨ ਵਿੱਚ ਪੱਕਾ ਆਬਾਦ ਹੈ

ਦਿਲ ਦੇ ਧੜਕਦੇ ਰਹਿਣ ਦੀ ਆਵਾਜ਼ ਹੈ ਕਮਾਲ
ਸਾਹਾਂ ਦੇ ਆਉਣ ਜਾਣ ਦਾ ਸੋਹਣਾ ਸੁਆਦ ਹੈ

ਏਨੀ ਤਖ਼ਤ ਦੇ ਦਾਅਵਿਆਂ ਦੀ ਉਮਰ ਹੈ ਹਜ਼ੂਰ
ਜਿੰਨੀ ਬਜ਼ਾਰੂ ਫੂਡ ਦੀ ਅੱਜ ਕੱਲ੍ਹ ਮਿਆਦ ਹੈ

ਉਮਰੋਂ ਵਡੇਰਾ ਹੋ ਗਿਆ ਵਿਛੜਨ ਦਾ ਤੇਰਾ ਦੁੱਖ
ਪਲ਼ ਭਰ ਤੋਂ ਛੋਟਾ ਮੇਲ ਸੀ ਹਾਲੇ ਵੀ ਯਾਦ ਹੈ

ਪੱਥਰ ਕਹਿਣ ਕਿ ਨੀਰ ਹੈ ਸਾਡੇ 'ਚੋਂ ਨਿਕਲਿਆ
'ਨ੍ਹੇਰਾ ਕਹੇ ਇਹ ਚਾਨਣੀ ਮੇਰੀ ਈਜਾਦ ਹੈ

ਹਾਸੇ ਤੇਰੇ ਬਾਰੇ ਜੇ ਲਿਖਣਾ ਹੋਵੇ ਲਿਖ ਦਿਆਂ
ਦਾਰੂ-ਦਵਾ ਰੋਗੀ ਲਈ, ਸ਼ਾਇਰੀ ਲਈ ਦਾਦ ਹੈ

(6)

ਮਸਲੇ ਨਿਹਾਰਦਾ ਹਾਂ ਮਸਲੇ ਵੀਚਾਰਦਾ ਹਾਂ
ਮੈਂ ਫੇਰ ਕਿਧਰੇ ਜਾ ਕੇ ਗ਼ਜ਼ਲਾਂ ਉਸਾਰਦਾ ਹਾਂ

ਦੁਨੀਆ ਦੀ ਭੀੜ ਵਿੱਚੋਂ ਬੰਦੇ ਜਿਹਾ ਕਿਤੇ ਕੁਝ
ਵੇਖਣ ਲਈ ਮੈਂ ਅੱਖ ਦੇ ਜਾਲ਼ੇ ਉਤਾਰਦਾ ਹਾਂ

ਦੋ ਪੰਛੀਆਂ 'ਚ ਯੁੱਧ ਹੈ ਇਸ ਯੁੱਧ ਦੇ ਖ਼ਾਤਮੇ ਲਈ
ਮੇਰੀ ਪਹੁੰਚ ਹੈ ਮੈਂ ਇਕ ਪੱਥਰ ਉਲਾਰਦਾ ਹਾਂ

ਭੁੱਲਿਆ ਨਹੀਂ ਆਂ ਤੈਨੂੰ ਅੱਜ ਕੱਲ੍ਹ ਜ਼ਰਾ ਬਿਜ਼ੀ ਹਾਂ
ਪਿਆਰੇ ਪਿਛੋਕੜਾ ਮੈਂ ਅੱਗਾ ਸੁਆਰਦਾ ਹਾਂ

ਸ਼ੀਸ਼ੇ ਨੇ ਦੱਸਿਆ ਹੈ ਚਿਹਰੇ ਦੇ ਦਾਗ਼ ਬਾਰੇ
ਅੰਦਰਲਾ ਸੁਹਣਾਪਣ ਮੈਂ ਸ਼ੀਸ਼ੇ ਤੋਂ ਵਾਰਦਾ ਹਾਂ

ਬੰਦੇ ਨੇ 'ਕੱਲੇਪਣ ਦਾ ਹੱਲ ਵੀ ਤਾਂ ਕੱਢਣਾ ਹੁੰਦੈ
ਅੱਜ ਕੱਲ੍ਹ ਮੈਂ ਤਾਰਿਆਂ ਨੂੰ ਛੱਤ 'ਤੇ ਉਤਾਰਦਾ ਹਾਂ

ਇਕ ਨਜ਼ਰੀਏ ਦਾ ਚਸ਼ਮਾ ਪੱਕਾ ਈ ਪਹਿਨ ਰੱਖਿਐ
ਬਾਕੀ ਲਿਬਾਸ ਤਾਂ ਮੈਂ ਨਿੱਤ ਹੀ ਉਤਾਰਦਾ ਹਾਂ

ਮੋਬਾ. 98143-78105

# ਕਿਤਾਬਾਂ ਤੋਂ ਭੈਅ-ਭੀਤ ਭਗਵਾਂ ਹਕੂਮਤ

ਬੂਟਾ ਸਿੰਘ ਮਹਿਮੂਦਪੁਰ

ਪਿਛਲੇ ਦਿਨੀਂ ਜੰਮੂ-ਕਸ਼ਮੀਰ ਦੇ ਗ੍ਰਹਿ ਵਿਭਾਗ ਵੱਲੋਂ 25 ਕਿਤਾਬਾਂ ਉੱਪਰ ਪਾਬੰਦੀ ਲਾ ਕੇ ਉਨ੍ਹਾਂ ਨੂੰ ਜ਼ਬਤ ਕਰਨ ਦੇ ਆਦੇਸ਼ ਦੇ ਦਿੱਤੇ ਗਏ। ਮੁੱਖ ਮੰਤਰੀ ਉਮਰ ਅਬਦੁੱਲਾ ਦਾ ਕਹਿਣਾ ਹੈ ਕਿ ਉਸ ਨੇ ਪਾਬੰਦੀ ਨਹੀਂ ਲਗਾਈ। ਭਲਾ ਗ੍ਰਹਿ ਵਿਭਾਗ ਮੁੱਖ ਮੰਤਰੀ ਦੀ ਪ੍ਰਵਾਹ ਕਿਉਂ ਕਰੇਗਾ, ਉਹ ਤਾਂ ਸਿੱਧਾ ਦਿੱਲੀ ਵੱਲੋਂ ਥੋਪੇ ਗਵਰਨਰ ਮਨੋਜ ਸਿਨਹਾ ਦੇ ਕੰਟਰੋਲ ਹੇਠ ਹੈ। ਇਕ ਪਾਸੇ ਸਿਨਹਾ ਵੱਲੋਂ ਸ੍ਰੀਨਗਰ ਵਿਚ ਡੱਲ ਝੀਲ ਦੇ ਕਿਨਾਰੇ 9 ਦਿਨ ਤੱਕ ਚੱਲਣ ਵਾਲੇ ਚਿਨਾਰ ਪੁਸਤਕ ਮੇਲੇ ਦਾ ਉਦਘਾਟਨ ਕਰਨ ਅਤੇ ਦੂਜੇ ਪਾਸੇ 25 ਕਿਤਾਬਾਂ ਉੱਪਰ ਪਾਬੰਦੀ ਲਾਉਣ ਦੇ ਸਿਰਫ਼ ਇਹੀ ਮਾਇਨੇ ਬਣਦੇ ਹਨ ਕਿ ਕਸ਼ਮੀਰ ਬਾਰੇ ਇਤਿਹਾਸ ਵੀ ਉਹੀ ਪੜ੍ਹਨ ਦੀ ਇਜਾਜ਼ਤ ਦਿੱਤੀ ਜਾਵੇਗੀ, ਜੋ ਸੰਘੀਆਂ ਨੂੰ ਪਸੰਦ ਹੈ। ਇਸ ਆਦੇਸ਼ ਤੋਂ ਬਾਅਦ ਪੁਲਸ ਵੱਲੋਂ ਪੂਰੇ ਜੰਮੂ-ਕਸ਼ਮੀਰ ਵਿਚ ਕਿਤਾਬਾਂ ਦੀਆਂ ਦੁਕਾਨਾਂ ਉੱਪਰ ਛਾਪੇ ਮਾਰ ਕੇ ਕਿਤਾਬਾਂ ਜ਼ਬਤ ਕਰਨੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਅਤੇ ਪੁਸਤਕ ਮੇਲੇ 'ਚ ਵੀ ਛਾਪੇ ਮਾਰੇ ਗਏ। ਇਸ ਤੋਂ ਪਹਿਲਾਂ ਫਰਵਰੀ 2025 'ਚ ਕਿਸੇ ਕਾਨੂੰਨੀ ਨੋਟੀਫਿਕੇਸ਼ਨ ਤੋਂ ਬਿਨਾਂ ਹੀ ਕਿਤਾਬਾਂ ਦੀਆਂ ਦੁਕਾਨਾਂ 'ਤੇ ਛਾਪੇ ਮਾਰ ਕੇ ਇਸਲਾਮਿਕ ਸਾਹਿਤ ਦੀਆਂ 600 ਕਿਤਾਬਾਂ ਜ਼ਬਤ ਕਰ ਲਈਆਂ ਗਈਆਂ ਸਨ। ਗਿਆਨ ਤੇ ਬੌਧਿਕਤਾ ਨੂੰ ਕਤਲ ਕਰਨ ਦਾ ਬ੍ਰਾਹਮਣਵਾਦ ਦਾ ਬਹੁਤ ਪੁਰਾਣਾ ਇਤਿਹਾਸ ਰਿਹਾ ਹੈ। 20ਵੀਂ ਸਦੀ ਵਿਚ ਵਿਦਵਤਾ ਦੇ ਕੇਂਦਰਾਂ ਅਤੇ ਬੌਧਿਕਤਾ ਨੂੰ ਦਬਾਉਣ ਦੇ ਫਾਸ਼ੀਵਾਦੀ-ਨਾਜ਼ੀਵਾਦੀ ਤਜਰਬੇ ਵੀ ਸੰਘੀਆਂ ਦਾ ਅਜੋਕਾ ਪ੍ਰੇਰਣਾ-ਸਰੋਤ ਹਨ। ਯੂਨੀਵਰਸਿਟੀਆਂ ਅਤੇ ਅਕਾਦਮਿਕ ਸਪੇਸ ਨੂੰ ਸੈਂਸਰ ਕਰਨਾ ਪੂਰੇ ਭਾਰਤ ਵਿਚ ਚੱਲ ਰਿਹਾ ਭਗਵਾ ਪ੍ਰੋਜੈਕਟ ਹੈ। ਲਿਹਾਜ਼ਾ, 2019 ਤੋਂ ਲੈ ਕੇ ਕਸ਼ਮੀਰੀ ਲੋਕਾਂ ਦੀ ਜ਼ੁਬਾਨਬੰਦੀ ਲਈ ਬੇਹੱਦ ਕਰੜੀ ਸੈਂਸਰਸ਼ਿੱਪ ਅਤੇ ਨਿਗਰਾਨੀ ਦੇ ਸਿਖ਼ਰਾਂ ਛੂਹਣ ਦੇ ਮੱਦੇਨਜ਼ਰ ਕਿਤਾਬਾਂ ਉੱਪਰ ਇਹ ਹਮਲਾ ਬਿਲਕੁਲ ਹੈਰਾਨੀਜਨਕ ਨਹੀਂ ਹੈ।

ਪਾਬੰਦੀਸ਼ੁਦਾ ਕਰਾਰ ਦਿੱਤੀਆਂ ਗਈਆਂ ਕਿਤਾਬਾਂ ਵਿਚ ਮਸ਼ਹੂਰ ਲੇਖਿਕਾ ਅਰੁੰਧਤੀ ਰਾਏ ਦੀ Azadi ਅਤੇ Kashmir: The Case of Freedom, ਰਾਜਨੀਤਿਕ ਵਿਦਵਾਨ ਸੁਮੰਤਰਾ ਬੋਸ ਦੀਆਂ ਕਿਤਾਬਾਂ Contested Land ਅਤੇ Kashmir At the Crossroads, ਕਾਨੂੰਨੀ ਵਿਦਵਾਨ ਅਤੇ ਸੰਵਿਧਾਨਕ ਮਾਹਿਰ ਏ.ਜੀ. ਨੂਰਾਨੀ ਦੀ ਲਿਖੀ The Kashmir Dispute (1947-2012), ਡਾ. ਅਫਾਕ ਅਜ਼ੀਜ਼ ਦੀ ਤਾਰੀਖ਼-ਏ-ਸਿਆਸਤ ਕਸ਼ਮੀਰ, ਵਿਕਟੋਰੀਆ ਸਕੋਫੀਲਡ ਦੀ ਲਿਖੀ ਕਿਤਾਬ Kashmir in Conflict - India, Pakistan and the unending War, ਅਨੁਰਾਧਾ ਭਾਸੀਨ ਦੀ The Untold Story of Kashmir after Article 370 ਅਤੇ ਕ੍ਰਿਸਟੋਫਰ ਸਨੇਡਨ ਦੀ Independent Kashmir ਸਮੇਤ ਵਡਮੁੱਲੀਆਂ ਕਿਤਾਬਾਂ ਸ਼ਾਮਲ ਹਨ। ਇਨ੍ਹਾਂ ਵਿੱਚੋਂ ਕਈ ਕਿਤਾਬਾਂ ਦਹਾਕੇ ਪਹਿਲਾਂ ਦੀਆਂ ਛਪੀਆਂ ਹੋਈਆਂ ਹਨ ਅਤੇ ਇਹ ਕੁਲ ਆਲਮ ਵਿਚ ਐਸੇ ਖੋਜ-ਕਾਰਜ ਵਜੋਂ ਮਕਬੂਲ ਹਨ, ਜਿਨ੍ਹਾਂ ਉੱਪਰ ਕਸ਼ਮੀਰ ਦੇ ਇਤਿਹਾਸ ਅਤੇ ਕਸ਼ਮੀਰੀ ਲੋਕਾਂ ਦੇ ਸੰਘਰਸ਼ ਨੂੰ ਸਮਝਣ ਲਈ ਭਰੋਸਾ ਕੀਤਾ ਜਾਂਦਾ ਹੈ।

ਬਰਤਾਨਵੀ ਲੇਖਿਕਾ ਵਿਕਟੋਰੀਆ ਸਕੋਫੀਲਡ ਇਤਿਹਾਸਕਾਰ ਅਤੇ ਸੁਤੰਤਰ ਤਬਸਰਾਕਾਰ ਹੈ, ਜਿਸ ਦੀ ਕੌਮਾਂਤਰੀ ਮਾਮਲਿਆਂ, ਖ਼ਾਸ ਕਰਕੇ ਦੱਖਣੀ ਏਸ਼ੀਆ ਬਾਰੇ ਡੂੰਘੀ ਸਮਝ ਹੈ। ਸੁਮੰਤਰਾ ਬੋਸ ਲੰਦਨ ਸਕੂਲ ਆਫ ਇਕਨਾਮਿਕਸ ਵਿਖੇ ਕੌਮਾਂਤਰੀ ਅਤੇ ਤੁਲਨਾਤਮਕ ਰਾਜਨੀਤੀ ਦੇ ਪ੍ਰੋਫੈਸਰ ਹਨ। ਅਰੁੰਧਤੀ ਰਾਏ ਦੀ ਬੇਬਾਕ ਕਲਮ, ਖ਼ਾਸ ਕਰਕੇ ਉਸ ਦੀਆਂ ਕਸ਼ਮੀਰ ਬਾਰੇ ਨਿਧੜਕ ਟਿੱਪਣੀਆਂ ਕਿਸੇ ਜਾਣ-ਪਛਾਣ ਦੀਆਂ ਮੁਹਤਾਜ ਨਹੀਂ। ਹਫ਼ਸਾ ਕੰਜਵਲ ਦੀ ਕਿਤਾਬ Colonizing Kashmir, ਜਿਸ ਨੂੰ ਇਸ ਸਾਲ ਬਰਨਾਰਡ ਕੋਹਨ ਬੁੱਕ ਇਨਾਮ ਵੀ ਮਿਲਿਆ ਅਤੇ ਜੋ ਭਾਰਤ ਵਿਚ A Fate Written on Matchboxes ਦੇ ਨਾਂਅ ਨਾਲ ਛਪੀ ਸੀ, ਭਾਰਤੀ ਰਾਜ ਵੱਲੋਂ ਨਹਿਰੂ ਦੀ ਅਗਵਾਈ ਹੇਠ ਪੇਚੀਦਾ ਤਰੀਕਿਆਂ ਨਾਲ ਕਸ਼ਮੀਰ ਉੱਪਰ ਆਪਣਾ ਕੰਟਰੋਲ ਸਥਾਪਤ ਕਰਨ ਬਾਰੇ ਚਾਨਣਾ ਪਾਉਂਦੀ ਹੈ। ਉੱਘੀ ਪੱਤਰਕਾਰ ਅਤੇ ਕਸ਼ਮੀਰ ਟਾਈਮਜ਼ ਦੀ ਸੰਪਾਦਕ ਅਨੁਰਾਧਾ ਭਸੀਨ ਆਪਣੀ ਪੱਤਰਕਾਰੀ, ਖ਼ਾਸ ਕਰਕੇ ਧਾਰਾ 370 ਨੂੰ ਖ਼ਤਮ ਕਰਨ ਅਤੇ ਇਸ ਤੋਂ ਪਿੱਛੋਂ ਦੇ ਜੰਮੂ-ਕਸ਼ਮੀਰ ਦੇ ਦਰਦ ਨੂੰ ਬੇਬਾਕੀ ਨਾਲ ਕਲਮਬੱਧ ਕਰਨ ਕਰਕੇ ਨਿਸ਼ਾਨੇ 'ਤੇ ਹੈ। ਪਿਓਤਰ ਬਲਸਿਰੋਵਿਕਜ਼ ਅਤੇ ਐਗਨੀਏਸਜ਼ਕਾ ਕੁਸਜ਼ੇਵਸਕਾ ਦੀ ਲਿਖੀ ਕਿਤਾਬ Human Rights Violations in Kashmir ਇਸ ਵਿਸ਼ੇ ਉੱਪਰ ਬਹੁਤ ਭਰਵਾਂ ਅਧਿਐਨ ਹੈ। ਭਾਰਤੀ ਫ਼ੌਜ ਦੇ ਰਿਟਾਇਰਡ ਅਫਸਰ ਮਰੂਫ ਰਜ਼ਾ ਦੀ ਸੰਪਾਦਤ ਕੀਤੀ ਕਿਤਾਬ 'ਕਾਨਫਰੰਟਿੰਗ ਟੈਰਰਿਜ਼ਮ' ਵੀ ਪਾਬੰਦੀ ਦੀ ਮਾਰ ਹੇਠ ਆ ਗਈ ਹੈ।

ਭਾਰਤੀ ਹਾਕਮਾਂ ਲਈ ਸਭ ਤੋਂ ਵੱਡੀ ਪ੍ਰੇਸ਼ਾਨੀ ਉਹ ਅਧਿਐਨ ਅਤੇ ਟਿੱਪਣੀਆਂ ਹਨ, ਜੋ ਕਸ਼ਮੀਰੀ ਲੋਕਾਂ ਨਾਲ ਧੱਕੇ ਤੇ ਵਿਤਕਰੇ ਦੇ ਇਤਿਹਾਸਕ ਤੱਥਾਂ ਨੂੰ ਅਤੇ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੇ ਵਿਆਪਕ ਘਾਣ ਦੇ ਸਵਾਲ ਨੂੰ ਦੁਨੀਆ ਅੱਗੇ ਉਠਾਉਂਦੀਆਂ ਹਨ। ਉੱਘੇ ਲੇਖਕਾਂ, ਵਿਦਵਾਨਾਂ, ਸੰਪਾਦਕਾਂ ਅਤੇ ਇਤਿਹਾਸਕਾਰਾਂ ਦੀ ਕਲਮ ਤੋਂ ਲਿਖੀਆਂ ਅਤੇ ਆਕਸਫੋਰਡ ਯੂਨੀਵਰਸਿਟੀ ਪ੍ਰੈੱਸ, ਰੂਟਲੈਜ, ਵਾਈਕਿੰਗ ਪੈਂਗੂਇਨ, ਹਾਰਪਰ ਕੌਲਿਨਜ਼, ਕੈਂਬਰਿਜ਼ ਯੂਨੀਵਰਸਿਟੀ ਪ੍ਰੈੱਸ, ਪੈਨ ਮੈਕਮਿਲਨ ਇੰਡੀਆ ਵਰਗੇ ਅੰਤਰਰਾਸ਼ਟਰੀ ਪੱਧਰ ਦੇ ਮਿਆਰੀ ਪ੍ਰਕਾਸ਼ਨ ਸਮੂਹਾਂ ਵੱਲੋਂ ਛਾਪੀਆਂ ਇਹ ਕਿਤਾਬਾਂ ਡੂੰਘੀ ਖੋਜ ਅਤੇ ਇਤਿਹਾਸਕ ਤੱਥਾਂ 'ਤੇ ਆਧਾਰਤ ਹਨ। ਮਿਆਰੀ ਕਿਤਾਬਾਂ ਨੂੰ ਝੂਠੇ ਬਿਰਤਾਂਤ ਅਤੇ ਵੱਖਵਾਦ ਨੂੰ ਪ੍ਰਚਾਰਨ ਵਾਲਾ 'ਗੁੰਮਰਾਹਕੁਨ' ਸਾਹਿਤ ਕਰਾਰ ਦੇ ਕੇ ਪਾਬੰਦੀ ਲਾਉਣਾ ਭਗਵਾਂ ਹਕੂਮਤ ਦੀ ਅੰਦਰੋਂ ਬੁਰੀ ਤਰ੍ਹਾਂ ਡਰੀ ਤੇ ਬੁਖਲਾਈ ਹੋਈ ਮਾਨਸਿਕਤਾ ਦਾ ਮੂੰਹ ਬੋਲਦਾ ਸਬੂਤ ਹੈ।

ਕਿਤਾਬਾਂ ਉੱਪਰ ਪਾਬੰਦੀ ਮਜ਼ਲੂਮ ਕਸ਼ਮੀਰੀ ਲੋਕਾਂ ਦੇ ਸਵੈਨਿਰਣੇ ਦੇ ਜਮਹੂਰੀ ਹੱਕ ਨੂੰ ਫ਼ੌਜੀ ਤਾਕਤ ਦੇ ਜ਼ੋਰ ਕੁਚਲਣ ਦੀ ਨੀਤੀ ਦਾ ਅਨਿੱਖੜ ਅੰਗ ਹੈ। ਇਸ ਨੂੰ ਜਚਣਹਾਰ ਬਣਾਉਣ ਲਈ ਗ੍ਰਹਿ ਵਿਭਾਗ ਨੇ ਬਹਾਨਾ ਇਹ ਘੜਿਆ ਕਿ ਜਾਂਚਾਂ ਅਤੇ ਭਰੋਸੇਯੋਗ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਹਾਸਲ ਸਬੂਤ ਸਾਫ਼-ਸਾਫ਼ ਦਰਸਾਉਂਦੇ ਹਨ ਕਿ ਹਿੰਸਾ ਅਤੇ ਦਹਿਸ਼ਤਵਾਦ ਵਿਚ ਨੌਜਵਾਨਾਂ ਦੀ ਸ਼ਮੂਲੀਅਤ ਦੇ ਪਿੱਛੇ ਮਹੱਤਵਪੂਰਨ ਕਾਰਕ ਝੂਠੇ ਬਿਰਤਾਂਤਾਂ ਅਤੇ ਵੱਖਵਾਦੀ ਸਾਹਿਤ ਦਾ ਗਿਣਿਆ-ਮਿੱਥਿਆ ਪ੍ਰਸਾਰ ਰਿਹਾ ਹੈ। ਇਹ ਵੀ ਕਿਹਾ ਗਿਆ ਹੈ ਕਿ ਨੌਜਵਾਨਾਂ ਨੂੰ ਗੁੰਮਰਾਹ ਕਰਨ, ਦਹਿਸ਼ਤਵਾਦ ਨੂੰ ਵਡਿਆਉਣ ਅਤੇ ਭਾਰਤੀ ਰਾਜ ਵਿਰੁੱਧ ਹਿੰਸਾ ਭੜਕਾਉਣ ਵਿਚ ਇਨ੍ਹਾਂ ਨਿਸ਼ਾਨਦੇਹੀ ਕੀਤੀਆਂ ਕਿਤਾਬਾਂ ਨੇ ਅਹਿਮ ਭੂਮਿਕਾ ਨਿਭਾਈ ਹੈ।

ਅਗਸਤ 2019 'ਚ ਵਿਸ਼ੇਸ਼ ਦਰਜਾ (ਧਾਰਾ 370) ਖ਼ਤਮ ਕੀਤੇ ਜਾਣ ਤੋਂ ਬਾਅਦ ਜੰਮੂ-ਕਸ਼ਮੀਰ ਪੂਰੀ ਤਰ੍ਹਾਂ ਭਾਰਤ ਦੀ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਹੈ। 2016 'ਚ ਸੁਤੰਤਰ ਪ੍ਰਕਾਸ਼ਨ ਕਸ਼ਮੀਰ ਰੀਡਰ ਨੂੰ ਬੰਦ ਕਰਵਾ ਦਿੱਤਾ ਗਿਆ। 2019 'ਚ ਮਹੀਨਿਆਂ ਤੱਕ ਫ਼ੋਨ ਅਤੇ ਇੰਟਰਨੈੱਟ ਸੇਵਾਵਾਂ ਬੰਦ ਰੱਖ ਕੇ ਕਸ਼ਮੀਰੀਆਂ ਦਾ ਸੰਚਾਰ ਦਾ ਹੱਕ ਵੀ ਖੋਹ ਲਿਆ ਗਿਆ। ਅਖ਼ਬਾਰ ਅਤੇ ਪੱਤਰਕਾਰ ਪੁੱਛਗਿੱਛ ਦੇ ਬਹਾਨੇ ਥਾਣਿਆਂ ਵਿਚ ਖੱਜਲਖੁਆਰੀ, ਧਮਕੀਆਂ, ਝੂਠੇ ਕੇਸਾਂ, ਗ੍ਰਿਫ਼ਤਾਰੀਆਂ ਦੀ ਦਹਿਸ਼ਤ ਹੇਠ ਕੰਮ ਰਹੇ ਹਨ। ਕਿਤਾਬਾਂ ਉੱਪਰ ਪਾਬੰਦੀ ਇਸੇ ਦਿਸ਼ਾ 'ਚ ਅਗਲਾ ਕਦਮ ਹੈ, ਜੋ ਚਿੰਤਾਜਨਕ ਪੈਟਰਨ ਨੂੰ ਉਜਾਗਰ ਕਰਦੀ ਹੈ। ਅਗਸਤ ਮਹੀਨੇ, ਜੰਮੂ-ਕਸ਼ਮੀਰ ਦੀ ਵਿਸ਼ੇਸ਼ ਹਸਤੀ ਮਿਟਾਏ ਜਾਣ ਅਤੇ ਇਸ ਨੂੰ ਫ਼ੌਜੀ ਤਾਕਤ ਦੇ ਜ਼ੋਰ 'ਅਖੰਡ ਭਾਰਤ' ਦਾ ਹਿੱਸਾ ਬਣਾਏ ਜਾਣ ਦੀ ਛੇਵੀਂ ਬਰਸੀ ਮੌਕੇ ਕਿਤਾਬਾਂ ਉੱਪਰ ਪਾਬੰਦੀ ਦਾ ਕਸ਼ਮੀਰੀਆਂ ਨਾਲ ਹੋਏ ਧੱਕੇ ਤੇ ਵਿਤਕਰੇ ਦੇ ਦਸਤਾਵੇਜ਼ੀ ਸਬੂਤਾਂ ਨੂੰ ਮਿਟਾਉਣ ਅਤੇ ਕਸ਼ਮੀਰੀ ਕੌਮ ਦੀਆਂ ਅਗਲੀਆਂ ਪੀੜ੍ਹੀਆਂ ਤੋਂ ਉਨ੍ਹਾਂ ਦਾ ਇਤਿਹਾਸ ਖੋਹਣ ਦਾ ਘਿਣਾਉਣਾ ਯਤਨ ਹੈ ਜਿਸ ਰਾਹੀਂ ਭਗਵਾਂ ਸਰਕਾਰ ਆਪਣੇ ਮਨਪਸੰਦ ਝੂਠੇ ਬਿਰਤਾਂਤ ਨੂੰ ਸਦੀਵੀ ਸੱਚ ਬਣਾ ਕੇ ਸਥਾਪਤ ਕਰਨਾ ਚਾਹੁੰਦੀ ਹੈ। ਇਹ ਇਸ ਸਰਜ਼ਮੀਨ ਦੇ ਲੋਕਾਂ ਲਈ ਖ਼ਾਸ ਸੰਦੇਸ਼ ਵੀ ਹੈ ਕਿ ਉਨ੍ਹਾਂ ਨੂੰ ਇਤਿਹਾਸ ਵੀ ਹੁਣ ਭਾਰਤੀ ਰਾਜ ਦੀ ਮਰਜ਼ੀ ਅਨੁਸਾਰ ਪੜ੍ਹਨਾ ਪਵੇਗਾ।

ਕੀ ਭਗਵਾਂ ਹਕੂਮਤ ਨੇ ਕੋਈ ਅਧਿਐਨ ਕਰਵਾਇਆ ਹੈ, ਜਿਸ ਤੋਂ ਪਤਾ ਲੱਗਿਆ ਕਿ ਫਲਾਣੀ ਕਿਤਾਬ ਪੜ੍ਹਨ ਤੋਂ ਬਾਅਦ ਭੜਕ ਕੇ ਫਲਾਣੇ-ਫਲਾਣੇ ਕਸ਼ਮੀਰੀ ਨੌਜਵਾਨ ਹਿੰਸਾ ਦੇ ਰਾਹ ਪਏ? ਭਰੋਸੇਯੋਗ ਖ਼ੁਫ਼ੀਆ ਜਾਣਕਾਰੀ ਨੂੰ ਆਧਾਰ ਬਣਾ ਕੇ ਤਾਂ ਰਾਜ ਮਸ਼ੀਨਰੀ ਕਿਸੇ ਵੀ ਖੋਜ ਕਾਰਜ ਉੱਪਰ 'ਹਿੰਸਾ ਭੜਕਾਉਣ' ਦਾ ਦੋਸ਼ ਲਾ ਸਕਦੀ ਹੈ। ਗਵਰਨਰ ਪ੍ਰਸ਼ਾਸਨ ਨੇ ਇਸ ਦਾ ਕੋਈ ਠੋਸ ਸਬੂਤ ਅਤੇ ਤੱਥ ਪੇਸ਼ ਨਹੀਂ ਕੀਤਾ ਕਿ ਇਹ ਕਿਤਾਬਾਂ ਹਿੰਸਾ ਨੂੰ ਕਿਵੇਂ ਭੜਕਾਉਂਦੀਆਂ ਹਨ। ਇਸ ਬੇਹੂਦਾ ਇਲਜ਼ਾਮ ਨੂੰ ਦੁਨੀਆ ਦਾ ਕਿਹੜਾ ਨਿਆਂਸ਼ਾਸਤਰ ਮੰਨ ਲਵੇਗਾ ਕਿ ਸਰਕਾਰ ਕੋਲ ਸਬੂਤ ਸਿਰਫ਼ ਭਰੋਸੇਯੋਗ ਖ਼ੁਫ਼ੀਆ ਜਾਣਕਾਰੀ ਹੈ, ਇਸ ਤੋਂ ਬਿਨਾਂ ਹੋਰ ਕੋਈ ਸਬੂਤ ਨਹੀਂ ਹੈ ਕਿ ਅਕਾਦਮਿਕ ਜਾਂ ਇਤਿਹਾਸਕ ਕਿਤਾਬਾਂ ਨੇ ਕਸ਼ਮੀਰੀ ਨੌਜਵਾਨਾਂ ਨੂੰ ਹਿੰਸਾ ਵੱਲ ਧੱਕਿਆ ਹੈ। ਜੇਕਰ ਅਜਿਹਾ ਸੰਬੰਧ ਹੈ ਤਾਂ ਸਰਕਾਰ ਤੱਥਾਂ ਸਹਿਤ ਜਨਤਕ ਕਰੇ। ਪਾਬੰਦੀ ਲਾਉਣ ਵਾਲਿਆਂ ਨੇ ਤਾਂ ਇਹ ਕਿਤਾਬਾਂ ਸ਼ਾਇਦ ਪੜ੍ਹੀਆਂ ਵੀ ਨਹੀਂ, ਸਿਰਫ਼ ਦਿੱਲੀ ਦਰਬਾਰ ਦਾ ਹੁਕਮ ਵਜਾਇਆ ਹੈ। ਇਸ ਦਾ ਸਬੂਤ ਹਫ਼ਸਾ ਕੰਜਵਾਲ ਦੀ ਕਿਤਾਬ Colonizing Kashmir ਨੂੰ ਪਾਬੰਦੀਸ਼ੁਦਾ ਵਿਚ ਸ਼ਾਮਲ ਕਰਨਾ ਹੈ, ਜੋ ਭਾਰਤ ਵਿਚ 1 Fate Written on Matchboxes ਦੇ ਨਾਂਅ ਨਾਲ ਛਪੀ ਸੀ।




ਕਸ਼ਮੀਰ ਦੇ ਇਤਿਹਾਸਕ ਤੱਥਾਂ ਨੂੰ ਦਬਾ ਕੇ ਖ਼ਾਸ ਤਰ੍ਹਾਂ ਦੇ ਹਕੂਮਤੀ ਬਿਰਤਾਂਤ ਤੋਂ ਸਿਵਾਏ ਬਾਕੀ ਕਿਤਾਬਾਂ ਦੀ ਖੋਜ ਭਰਪੂਰ ਇਤਿਹਾਸਕਾਰੀ ਉੱਪਰ ਝੂਠਾ ਬਿਰਤਾਂਤ ਦਾ ਠੱਪਾ ਲਾਉਣਾ, ਹੁਕਮਰਾਨ ਧਿਰ ਦਾ ਆਪਣਾ ਰਾਜਨੀਤਕ ਏਜੰਡਾ ਥੋਪਣ ਦਾ ਯਤਨ ਹੈ, ਜਦਕਿ ਹਕੀਕਤ ਇਹ ਹੈ ਕਿ ਕਸ਼ਮੀਰ ਘਾਟੀ ਵਿਚ ਹਿੰਸਾ ਦਾ ਪ੍ਰਮੁੱਖ ਸਰੋਤ ਭਾਰਤੀ ਹਾਕਮ ਜਮਾਤ ਦੀਆਂ ਨੀਤੀਆਂ ਹਨ। ਕਸ਼ਮੀਰੀਆਂ 'ਚ ਸ਼ਿਕਾਇਤਾਂ, ਪੀੜਤ ਹੋਣ ਅਤੇ ਦਹਿਸ਼ਤਵਾਦੀ ਨਾਇਕਵਾਦ ਦੀ ਸੰਸਕ੍ਰਿਤੀ ਇਨ੍ਹਾਂ ਕਿਤਾਬਾਂ ਨੇ ਪੈਦਾ ਨਹੀਂ ਕੀਤੀ, ਇਹ ਭਾਰਤੀ ਹਾਕਮ ਜਮਾਤ ਵੱਲੋਂ ਸਾਢੇ ਸੱਤ ਦਹਾਕਿਆਂ 'ਚ ਕਸ਼ਮੀਰੀ ਲੋਕਾਂ ਦੀਆਂ ਜਮਹੂਰੀ ਰੀਝਾਂ ਨੂੰ ਬਲ ਅਤੇ ਛਲ ਨਾਲ ਕੁਚਲਣ ਦੀ ਨੀਤੀ ਦਾ ਨਤੀਜਾ ਹੈ। ਕਸ਼ਮੀਰੀ ਨੌਜਵਾਨ ਕਿਸੇ ਲੇਖਕ ਦੀਆਂ ਕਿਤਾਬਾਂ ਪੜ੍ਹ ਕੇ ਗੁੰਮਰਾਹ ਨਹੀਂ ਹੋਏ, ਉਨ੍ਹਾਂ ਦੀ ਪ੍ਰੇਰਣਾ ਕਸ਼ਮੀਰ ਦੀ ਧਰਤੀ ਦਾ ਸਵੈ-ਨਿਰਣੇ ਲਈ ਸੰਘਰਸ਼ ਹੈ। ਉਹ ਜਾਣਦੇ ਹਨ ਕਿ ਭਾਰਤ ਦੇ 'ਲੋਕਤੰਤਰੀ' ਰਾਜ ਪ੍ਰਬੰਧ ਨੇ ਉਨ੍ਹਾਂ ਦੀਆਂ ਪਿਛਲੀਆਂ ਪੀੜ੍ਹੀਆਂ ਨਾਲ ਕੀ ਸਲੂਕ ਕੀਤਾ ਹੈ। ਹਕੂਮਤ ਦੀ ਟੇਕ ਸਿਰਫ਼ ਸੱਤਾਵਾਦੀ ਕੰਟਰੋਲ ਉੱਪਰ ਹੈ ਅਤੇ ਇਹ ਸਾਰੇ ਕਦਮ ਕਸ਼ਮੀਰੀ ਲੋਕਾਂ ਦੀ ਡੂੰਘੀ ਮਾਨਸਿਕ ਅਲਹਿਦਗੀ ਤੋਂ ਹਕੂਮਤ ਦੇ ਬੁਖਲਾਏ ਹੋਣ ਦੀ ਨਿਸ਼ਾਨੀ ਹੈ।

ਕਿਤਾਬਾਂ ਨੂੰ ਦਬਾਉਣ ਅਤੇ ਪਾਬੰਦੀ ਦਾ ਸਮਾਂ ਵੀ ਬਹੁਤ ਕੁਝ ਕਹਿ ਰਿਹਾ ਹੈ। ਇਹ ਧਾਰਾ 370 ਨੂੰ ਹਟਾਏ ਜਾਣ ਦੀ ਛੇਵੀਂ ਵਰ੍ਹੇਗੰਢ ਹੈ—ਇਤਹਾ ਜਾਬਰ ਕਾਰਾ, ਜਿਸ ਦੀ ਜੈ-ਜੈਕਾਰ ਭਗਵਾਂ ਹਕੂਮਤ ਸ਼ਾਂਤੀ ਅਤੇ ਵਿਕਾਸ ਦੇ ਆਗਾਜ਼ ਦੇ ਤੌਰ 'ਤੇ ਕਰਦੀ ਹੈ। ਜੇਕਰ ਹਕੂਮਤੀ ਦਾਅਵੇ ਅਨੁਸਾਰ ਕਸ਼ਮੀਰ ਘਾਟੀ ਸੱਚਮੁੱਚ ਸਥਿਰ ਤੇ ਸ਼ਾਂਤ ਹੈ, ਤਾਂ ਏਨੀ ਸਖ਼ਤ ਸੈਂਸਰਸ਼ਿਪ ਦੀ ਲੋੜ ਕਿਉਂ ਪੈ ਰਹੀ ਹੈ? ਸਚਾਈ ਇਹ ਹੈ ਕਿ ਫ਼ੌਜੀ ਦਾਬੇ ਹੇਠ ਕੁਚਲੇ ਕਸ਼ਮੀਰੀ ਲੋਕ ਖ਼ਾਮੋਸ਼ ਹਨ, ਪਰ ਉਹ ਝੁਕੇ ਨਹੀਂ ਹਨ। ਹਕੂਮਤ ਇਸ ਹਕੀਕਤ ਤੋਂ ਭਲੀਭਾਂਤ ਵਾਕਫ਼ ਹੈ। ਕਸ਼ਮੀਰੀ ਨੌਜਵਾਨਾਂ ਵੱਲੋਂ 'ਹਿੰਸਾ' ਦਾ ਰਾਹ ਅਖ਼ਤਿਆਰ ਕਰਨ ਦਾ ਡਰ ਹਕੂਮਤ ਵੱਲੋਂ ਇਸ ਹਕੀਕਤ ਨੂੰ ਕਬੂਲਣਾ ਵੀ ਹੈ ਕਿ ਮੋਦੀ ਸਰਕਾਰ ਦੇ 'ਨਯਾ ਕਸ਼ਮੀਰ' ਰਾਹੀਂ ਕਸ਼ਮੀਰੀਆਂ ਦੇ ਦਿਲ-ਦਿਮਾਗ ਜਿੱਤਣ ਦੇ ਦਾਅਵੇ ਕਿੰਨੇ ਝੂਠੇ ਹਨ। ਭਾਰਤ ਦੇ ਨੌਜਵਾਨਾਂ ਵਿਚ ਔਸਤ ਬੇਰੁਜ਼ਗਾਰੀ 10.2 ਫੀਸਦੀ ਹੈ, ਜਦਕਿ ਜੰਮੂ-ਕਸ਼ਮੀਰ ਵਿਚ 17.4 ਫੀਸਦੀ। ਨੌਜਵਾਨਾਂ 'ਚ ਵਿਆਪਕ ਬੇਚੈਨੀ ਲਈ ਨੂੰ ਕਿਤਾਬਾਂ ਨੂੰ ਦੋਸ਼ੀ ਕਰਾਰ ਦੇ ਕੇ ਅਸਲ ਮਸਲੇ ਤੋਂ ਧਿਆਨ ਹਟਾਇਆ ਜਾ ਰਿਹਾ ਹੈ।

ਫਾਸ਼ੀਵਾਦੀ ਖੋਪੜੀਆਂ ਨੂੰ ਨਾਬਰ ਕਸ਼ਮੀਰੀਆਂ ਨੂੰ ਫ਼ੌਜੀ ਤਾਕਤ ਦੇ ਜ਼ੋਰ ਸੱਤਾਵਾਦੀ ਕੰਟਰੋਲ ਹੇਠ ਲਿਆਉਣ ਤੋਂ ਸਿਵਾਏ ਹੋਰ ਕੁਝ ਸੁੱਝ ਹੀ ਨਹੀਂ ਸਕਦਾ। ਪਿਛਲੇ ਛੇ ਸਾਲਾਂ ਵਿਚ ਪੱਤਰਕਾਰੀ ਦੀ ਆਜ਼ਾਦੀ ਨੂੰ ਬੁਰੀ ਤਰ੍ਹਾਂ ਕੁਚਲਿਆ ਗਿਆ ਹੈ, ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰਕੇ ਉਨ੍ਹਾਂ ਉਪਰ ਸਵੈ-ਸੈਂਸਰਸ਼ਿਪ ਥੋਪ ਦਿੱਤੀ ਗਈ ਹੈ, ਸ੍ਰੀਨਗਰ ਪ੍ਰੈੱਸ ਕਲੱਬ ਅਗਵਾ ਕਰ ਲਿਆ ਗਿਆ ਅਤੇ ਹੁਣ ਕਿਤਾਬਾਂ ਵੀ ਜ਼ਬਤ ਕੀਤੀਆਂ ਜਾ ਰਹੀਆਂ ਹਨ। ਹਿੰਸਾ ਤਾਂ ਬਹਾਨਾ ਹੈ, ਤਾਨਾਸ਼ਾਹ ਫ਼ਰਮਾਨ ਦਾ ਅਸਲ ਨਿਸ਼ਾਨਾ ਕਸ਼ਮੀਰੀਆਂ ਨੂੰ ਇਹ ਅਹਿਸਾਸ ਕਰਾਉਣਾ ਹੈ ਕਿ ਰਾਜ ਇਹ ਤੈਅ ਕਰੇਗਾ ਕਿ ਉਹ ਕੀ ਪੜ੍ਹਨਗੇ, ਕੀ ਸੋਚਣਗੇ ਅਤੇ ਕੀ ਲਿਖਣਗੇ।

ਤੁਰੰਤ ਸੈਂਸਰਸ਼ਿਪ ਤੋਂ ਇਲਾਵਾ ਇਸ ਪਾਬੰਦੀ ਦਾ ਦੂਰਗਾਮੀ ਨਿਸ਼ਾਨਾ ਵੀ ਹੈ। ਨੌਜਵਾਨ ਖੋਜਕਰਤਾ ਡਰ ਕਾਰਨ ਵਿਵਾਦਪੂਰਨ ਵਿਸ਼ਿਆਂ 'ਤੇ ਕੰਮ ਕਰਨ ਤੋਂ ਝਿਜਕਣਗੇ। ਪ੍ਰਕਾਸ਼ਕ, ਸਰਕਾਰੀ ਕਾਰਵਾਈ ਦੇ ਡਰੋਂ ਕਸ਼ਮੀਰ ਬਾਰੇ ਕਿਤਾਬਾਂ ਛਾਪਣ ਤੋਂ ਕਤਰਾਉਣਗੇ। ਜਦੋਂ ਆਲੋਚਨਾਤਮਕ ਕਿਤਾਬਾਂ ਦਬਾ ਦਿੱਤੀਆਂ ਜਾਂਦੀਆਂ ਹਨ, ਤਾਂ ਲੋਕਾਂ ਤੋਂ ਮਸਲਿਆਂ ਬਾਰੇ ਵੰਨ-ਸੁਵੰਨੇ ਨਜ਼ਰੀਏ ਖੋਹ ਲਏ ਜਾਂਦੇ ਹਨ ਅਤੇ ਪਿੱਛੇ ਸਿਰਫ਼ ਸਰਕਾਰੀ ਪ੍ਰਚਾਰ ਰਹਿ ਜਾਂਦਾ ਹੈ। ਇਹ ਸਥਿਤੀ ਵੱਡੇ ਬੌਧਿਕ ਖੱਪੇ ਨੂੰ ਜਨਮ ਦਿੰਦੀ ਹੈ।

ਕਸ਼ਮੀਰੀ ਲੋਕਾਂ ਦੀ ਸਵੈਨਿਰਣੇ ਦੇ ਹੱਕ ਦੀ ਜਮਹੂਰੀ ਰੀਝ ਨੂੰ ਦਬਾਉਣ ਲਈ ਘਾਟੀ ਵਿਚ ਹਕੂਮਤੀ ਤਾਕਤਾਂ ਦੀਆਂ ਮਨਮਾਨੀਆਂ, ਛਾਪੇਮਾਰੀਆਂ ਅਤੇ ਗ੍ਰਿਫ਼ਤਾਰੀਆਂ ਆਮ ਹਨ। ਤਾਜ਼ਾ ਪਾਬੰਦੀ ਨਾਲ ਉਨ੍ਹਾਂ ਨੂੰ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰਨ ਦਾ ਇਕ ਹੋਰ ਬਹਾਨਾ ਮਿਲ ਗਿਆ ਹੈ। ਹੁਣ ਅਧਿਕਾਰੀ ਕਿਤਾਬਾਂ ਦੀਆਂ ਦੁਕਾਨਾਂ 'ਤੇ ਛਾਪੇ ਮਾਰਿਆ ਕਰਨਗੇ, ਨਿੱਜੀ ਲਾਇਬ੍ਰੇਰੀਆਂ ਦੀ ਫਰੋਲਾ-ਫਰਾਲੀ ਕਰਨਗੇ ਅਤੇ ਰਾਜਧ੍ਰੋਹੀ ਸਮੱਗਰੀ ਰੱਖਣ ਦੇ ਜੁਰਮ ਤਹਿਤ ਹੋਰ ਜ਼ਿਆਦਾ ਮੁਕੱਦਮੇ ਬਣਾਉਣਗੇ ਅਤੇ ਕਸ਼ਮੀਰੀ ਲੋਕਾਂ ਨੂੰ ਬਲੈਕਮੇਲ ਕਰਨ ਦਾ ਸਿਲਸਿਲਾ ਹੋਰ ਵਧੇਗਾ। ਪਾਬੰਦੀ ਸਿਰਫ਼ ਪਾਬੰਦੀਸ਼ੁਦਾ ਕਿਤਾਬਾਂ ਤੱਕ ਸੀਮਿਤ ਨਹੀਂ ਰਹੇਗੀ-ਕੋਈ ਵੀ ਕਿਤਾਬ ਜੋ ਹਕੂਮਤੀ ਬਿਰਤਾਂਤ ਨੂੰ ਚੁਣੌਤੀ ਦਿੰਦੀ ਹੈ, ਸ਼ੱਕੀ ਮੰਨੀ ਜਾ ਸਕਦੀ ਹੈ। ਅਸਲ ਮਕਸਦ ਸਿਰਫ਼ ਸਾਹਿਤ ਨੂੰ ਦਬਾਉਣਾ ਨਹੀਂ, ਸਗੋਂ ਨਵੇਂ ਤੋਂ ਨਵੇਂ ਬਹਾਨੇ ਘੜ ਕੇ ਖ਼ੌਫ਼ ਅਤੇ ਸਹਿਮ ਦਾ ਮਾਹੌਲ ਬਣਾਈ ਰੱਖਣਾ ਹੈ। ਸੱਤਾ ਬਹੁਤ ਵੱਡੇ ਭਰਮ 'ਚ ਹੈ। ਲੇਖਕ ਦੇ ਸ਼ਬਦ ਤਾਂ ਜੇਲ੍ਹ ਦੀਆਂ ਫ਼ੌਲਾਦੀ ਕੰਧਾਂ ਚੀਰ ਕੇ ਵੀ ਬਾਹਰ ਆ ਜਾਂਦੇ ਹਨ।

ਧੜਵੈਲ ਫ਼ੌਜੀ ਤਾਕਤ ਵਾਲਾ ਰਾਜ ਜੇਕਰ ਕਿਤਾਬਾਂ ਤੋਂ, ਵਿਚਾਰਾਂ ਤੋਂ ਭੈਅਭੀਤ ਹੈ ਤਾਂ ਲੋੜ ਇਸ ਗੱਲ ਦੀ ਹੈ ਕਿ ਵਿਚਾਰ ਪ੍ਰਗਟਾਵੇ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਸੱਤਾ ਕੋਲ ਸਿਰਫ਼ ਫ਼ੌਜ ਅਤੇ ਜਬਰ ਹੈ, ਲੋਕਾਂ ਅਤੇ ਲੋਕਾਂ ਦੇ ਲੇਖਕਾਂ ਕੋਲ ਦਲੀਲ ਅਤੇ ਸਚਾਈ ਦੀ ਤਾਕਤ ਹੈ। ਇਸ ਲਈ ਲੇਖਕਾਂ ਤੇ ਹੋਰ ਕਲਮਕਾਰਾਂ ਨੂੰ ਸਵੈ-ਸੈਂਸਰਸ਼ਿਪ ਦੀ ਬਜਾਏ ਸੱਤਾ ਦੇ ਜਬਰ ਅੱਗੇ ਡਟਣ ਦਾ ਰਾਹ ਅਖ਼ਤਿਆਰ ਕਰਨਾ ਹੋਵੇਗਾ। ਜਿਵੇਂ ਕਿ ਇੱਕ ਪਾਬੰਦੀਸ਼ੁਦਾ ਕਿਤਾਬ ਦੇ ਲੇਖਕ ਨੇ ਕਿਹਾ, ਅਜਿਹੀ ਸੈਂਸਰਸ਼ਿਪ ਦਾ ਜਵਾਬ ਘੱਟ ਲਿਖਣਾ ਨਹੀਂ, ਸਗੋਂ ਵਧੇਰੇ ਲਿਖਣਾ ਹੋਣਾ ਚਾਹੀਦਾ ਹੈ। ਪਾਬੰਦੀ ਨੇ ਇਨ੍ਹਾਂ ਕਿਤਾਬਾਂ ਦਾ ਮਹੱਤਵ ਸਗੋਂ ਵਧਾ ਦਿੱਤਾ ਹੈ!

ਦੁਨੀਆ ਦਾ ਇਤਿਹਾਸ ਗਵਾਹ ਹੈ ਕਿ ਕਿਸੇ ਵੀ ਭਾਈਚਾਰੇ ਦੀ ਸਵੈਨਿਰਣੇ ਦੀ ਰੀਝ ਨੂੰ ਫ਼ੌਜੀ ਧੌਂਸ ਤੇ ਜਬਰ-ਜ਼ੁਲਮ ਦੇ ਜ਼ੋਰ ਵਕਤੀ ਤੌਰ 'ਤੇ ਤਾਂ ਦਬਾਇਆ ਜਾ ਸਕਦਾ ਹੈ, ਪਰ ਬੀਜ-ਨਾਸ਼ ਨਹੀਂ ਕੀਤਾ ਜਾ ਸਕਦਾ। ਖ਼ੁਦ ਕਸ਼ਮੀਰੀ ਲੋਕਾਂ ਦਾ ਸਾਢੇ ਸੱਤ ਦਹਾਕਿਆਂ ਦਾ ਸੰਘਰਸ਼ ਇਸ ਇਤਿਹਾਸਕ ਸਚਾਈ ਦਾ ਗਵਾਹ ਹੈ।

ਸਮੂਹ ਇਨਸਾਫ਼ਪਸੰਦ ਅਤੇ ਜਮਹੂਰੀ ਮੁੱਲਾਂ ਨੂੰ ਪ੍ਰਣਾਈਆਂ ਤਾਕਤਾਂ ਨੂੰ ਇਸ ਫਾਸ਼ੀਵਾਦੀ ਫਰਮਾਨ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ ਅਤੇ ਮੰਗ ਕਰਨੀ ਚਾਹੀਦੀ ਹੈ ਕਿ ਜੰਮੂ-ਕਸ਼ਮੀਰ ਦਾ ਗਵਰਨਰੀ ਪ੍ਰਸ਼ਾਸਨ ਇਹ ਪਾਬੰਦੀ ਵਾਪਸ ਲਏ, ਵਿਚਾਰ ਪ੍ਰਗਟਾਵੇ ਦੇ ਹੱਕ ਉੱਪਰ ਹਮਲੇ ਬੰਦ ਕੀਤੇ ਜਾਣ ਅਤੇ ਕਸ਼ਮੀਰੀ ਲੋਕਾਂ ਦਾ ਸਵੈਨਿਰਣੇ ਦਾ ਹੱਕ ਤਸਲੀਮ ਕਰਦੇ ਹੋਏ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਬਹਾਲ ਕੀਤਾ ਜਾਵੇ।

ਸਫ਼ਾ 1 ਦੀ ਬਾਕੀ

## ਗਜਾਨਨ ਮਾਧਵ ਮੁਕਤੀਬੋਧ...

ਅਪੀਲ ਕਰਦਾ ਹੈ ਕਿ ਉਹ ਮੈਥੋਂ ਬਹੁਤ ਵੱਖਰਾ ਹੈ। ਉਹ ਐਬਸਟ੍ਰੈਕਟ ਨਹੀਂ, ਸਗੋਂ ਠੋਸ ਹੈ। ਵਹਿੰਦੀਆਂ ਹਵਾਵਾਂ ਵਰਗਾ ਸਰੋਦੀ। ਅਨੁਭੂਤੀ ਦੇ ਯਥਾਰਥ ਵੱਲੋਂ ਕਤਰਾਉਂਦਾ ਹੋਇਆ ਨਹੀਂ, ਸਗੋਂ ਆਪਣੇ ਤਰਕ ਤੇ ਭਾਵਨਾ ਦੀ ਕੁਦਾਲ ਨਾਲ ਅਨੁਭਵ ਦੀ ਕਰੜੀ ਧਰਤੀ ਨੂੰ ਲਗਾਤਾਰ ਪੁੱਟਦਾ ਹੋਇਆ ਥੱਕ ਕੇ ਬੈਠ ਜਾਣ ਵਾਲਾ, ਪਰ ਆਪਣੀ ਜ਼ਿੰਮੇਦਾਰੀ ਨੂੰ ਭੁੱਲ ਨਾ ਸਕਣ ਵਾਲਾ। ਥੱਕਣ 'ਤੇ ਚਾਹ ਦਾ ਇਕ ਪਿਆਲਾ ਪੀ ਕੇ ਜਾਂ ਬੀੜੀ ਦੇ ਕੁਝ ਕਸ਼ ਜਾਣ ਵਾਲਾ। ਇਕੱਲ ਭਾਲਣ ਵਾਲਾ ਨਹੀਂ, ਖਿੱਚ ਕੇ ਮੁੜ ਕੰਮ ਵਿਚ ਰੁੱਝ ਸਗੋਂ ਆਪਣੇ ਸਾਥੀਆਂ, ਗਰੀਬਾਂ, ਭੁੱਖਿਆਂ, ਮੁਸਕਰਾਉਂਦੇ ਚਿਹਰਿਆਂ ਦੇ ਵਿਚਕਾਰ ਜ਼ੋਰ ਨਾਲ ਠਹਾਕਾ ਮਾਰ ਕੇ ਉਨ੍ਹਾਂ ਵਿਚ ਘੁਲ ਮਿਲ ਜਾਣ ਵਾਲਾ।

ਕਿਸੇ ਨੇ ਮੁਕਤੀਬੋਧ ਦੀ ਇਕ ਬੋਹੜ ਨਾਲ ਤੁਲਨਾ ਕੀਤੀ ਹੈ, ਜੋ ਉਸ ਦਾ ਇਕ ਮਨ-ਪਸੰਦ ਪ੍ਰਤੀਕ ਹੈ। ਪਰ ਮੇਰੇ ਵਿਚਾਰ ਵਿਚ ਉਹ ਬੋਹੜ ਨਹੀਂ, ਇਕ ਚੱਟਾਨ ਹੈ—ਇਕ ਉੱਚੀ ਸਿੱਧੀ ਚੱਟਾਨ। ਇਕ ਸਿਲ ਉਤੇ ਦੂਜੀ ਸਿਲ। ਝਰਨੇ ਕਿਤੇ ਵਿਰਲੇ ਹੀ। ਸਿਰਫ਼ ਡੂੰਘੇ ਖੂਹ। ਸੁੱਕੇ ਖੂਹ। ਝਾੜੀਆਂ। ਉੱਚੀਆਂ-ਨੀਵੀਆਂ ਅਨੰਤ ਪਗਡੰਡੀਆਂ। ਜਿਵੇਂ ਮਾਲਵਾ ਦੇ ਪਠਾਰ ਤੇ ਮੱਧ-ਪ੍ਰਦੇਸ਼ ਦੀ ਉੱਚੀ-ਨੀਵੀਂ ਧਰਤੀ ਤੇ ਉਸ ਧਰਤੀ ਦਾ ਜ਼ੁਲਮ ਜਬਰ ਨਾਲ ਭਰਿਆ ਰਹੱਸ-ਮਈ ਇਤਿਹਾਸ ਤੇ ਉਸ ਵਿਚ ਲਹੂ-ਲੁਹਾਨ ਮਨੁੱਖ!

ਮੁਕਤੀਬੋਧ ਆਪਣੀ ਕਵਿਤਾ ਲਈ ਹਮੇਸ਼ਾ ਹੋਇਆ ਕੈਨਵਸ ਲਾਉਂਦਾ ਹੈ, ਜੋ ਪੱਧਰਾ ਨਹੀਂ, ਸੰਘਰਸ਼ ਵਿਚ ਕਿਸੇ ਸਾਜ਼ਿਸ਼ ਵਰਗਾ ਜਾਲ ਫੈਲਦਾ ਇਕ ਵਿਸ਼ਾਲ ਪਸਰਿਆ ਹੁੰਦਾ। ਤੇ ਇਤਿਹਾਸ ਦੇ ਸਿਮਟਦਾ ਰਹਿੰਦਾ ਹੈ। ਉਸ ਤੇ ਫਰ ਵੀ ਜਾਲ ਵਿਚ ਅਸੀਂ, ਨਾ ਜਾਣਦੇ ਹੋਏ ਵੀ, ਹਰ ਹਾਲਤ ਵਿਚ ਫਸੇ ਹੋਏ ਹਾਂ, ਨਿਕਲਣ ਦਾ ਰਾਹ ਲੱਭ ਰਹੇ ਹਾਂ। ਪਰ ਕਿਤੇ ਕੋਈ ਰਾਹ ਨਹੀਂ ਹੈ। ਤੇ ਪੱਕਾ ਯਕੀਨ ਹੈ ਕਿ ਰਾਹ ਹੈ, ਰਾਹ ਹੈ......

ਮੁਕਤੀਬੋਧ ਦੀ ਕਵਿਤਾ ਵਿਚ ਲੈਅ ਤੇ ਸੁਰ-ਤਾਲ ਦੀਆਂ ਬਾਰੀਕੀਆਂ ਨਾ ਲੱਭੋ। ਉਸ ਵਿਚ ਤਾਂ ਵਿਚਾਰ ਗੁਣਗੁਣਾਉਂਦੇ ਹਨ। ਉਸ ਵਿਚ ਜੋ ਚਿੱਤਰ ਹਨ, ਉਹ ਕਿਸੇ ਬੇਹੱਦ ਸੁਚੇਤ ਆਦਮੀ ਦੇ ਵੇਖੇ ਹੋਏ ਚਿੱਤਰ ਹਨ। ਉਸ ਵਿਚ ਪਿਆਰ ਦੀ ਗਲਵੱਕੜੀ ਨਹੀਂ, ਵਿਰਲਾਪ ਨਹੀਂ, ਪੈਮਾਨਿਆਂ ਦੇ ਇਸ਼ਾਰੇ ਨਹੀਂ, ਭਿੱਜੀਆਂ ਰਾਤਾਂ, ਅਕੜੇਵੇਂ-ਭੰਨਦੀਆਂ ਸਰਘੀਆਂ ਨਹੀਂ। ਉਸ ਵਿਚ ਦੇਸ-ਵਿਦੇਸ਼ ਦੇ ਬਿੰਬਾਂ ਦੀ ਉਲਝਣ ਨਹੀਂ, ਅਪਸਾਰ ਨਹੀਂ। ਉਸ ਦਾ ਰੋਮਾਨ ਦਰਦਨਾਕ ਹੈ, ਤੇ ਅੱਜ ਦਾ ਹੈ। ਬਿਲਕੁਲ ਅੱਜ ਦਾ, ਤੇ ਬਹੁਤ ਪੁਰਾਣਾ ਵੀ, ਮੁਕਤੀਬੋਧ ਦੀ ਕਵਿਤਾ ਵਿਚਿਤਰ ਸੰਕੇਤਾਂ ਨਾਲ ਭਰੀ ਹੋਈ ਹੈ-ਕਦੇ ਦੂਰੋਂ ਹੀ ਰੌਲਾ ਪਾਉਂਦੀ, ਕਦੇ ਕੰਨ ਵਿਚ ਚੁੱਪ-ਚਾਪ ਕੋਈ ਰਾਜ਼ ਦੀ ਗੱਲ ਕਹਿੰਦੀ ਅੱਗੇ ਵਧਦੀ ਹੈ। ਸਾਡੀਆਂ ਗੱਲਾਂ ਸਾਨੂੰ ਹੀ ਸੁਣਾਉਂਦੀ ਹੈ ਤੇ ਅਸੀਂ ਆਪਣੇ ਆਪ ਨੂੰ ਹੈਰਾਨੀ ਨਾਲ ਵੇਖਦੇ ਹੋਏ ਪਹਿਲਾਂ ਨਾਲੋਂ ਵੀ ਵੱਧ ਪਛਾਨਣ ਲੱਗ ਪੈਂਦੇ ਹਾਂ।

ਮੁਕਤੀਬੋਧ ਆਪਣੀ ਕਵਿਤਾ ਵਿਚ ਯੁੱਗ ਦੇ ਉਸ ਚਿਹਰੇ ਨੂੰ ਲੱਭਦਾ ਹੈ, ਜੋ ਅੱਜ ਦੇ ਇਤਿਹਾਸ ਦੇ ਮਲਬੇ ਹੇਠ ਦੱਬਿਆ ਗਿਆ ਹੈ, ਪਰ ਮਰਿਆ ਨਹੀਂ। ਹੇਠਲੀਆਂ ਤਹਿਆਂ ਵਿਚ ਜਾ ਕੇ ਵੀ ਉਹ ਕਹਿੰਦਾ ਹੈ: ਕੋਸ਼ਿਸ਼ ਕਰੋ। ਕੋਸ਼ਿਸ਼ ਕਰੋ।

ਕੋਸ਼ਿਸ਼ ਕਰੋ।

ਜੀਣ ਦੀ-ਧਰਤੀ ਵਿਚ ਗੱਡੇ ਜਾਣ 'ਤੇ ਵੀ......!

ਮੁਕਤੀਬੋਧ ਦੀ ਕਵਿਤਾ ਨੂੰ ਕਿਸੇ ਰਾਜ਼ਦਾਨ ਦੀਆਂ ਗੱਲਾਂ ਵਾਂਗ ਸੰਭਲ-ਸੰਭਲ ਕੇ, ਸੋਚ-ਸੋਚ ਕੇ ਸਗੋਂ ਕਦੇ-ਕਦੇ ਦੁਹਰਾਅ ਕੇ ਵੀ ਪੜ੍ਹਨਾ ਚਾਹੀਦਾ ਹੈ।

ਕਿਸੇ-ਕਿਸੇ ਕਵਿਤਾ ਦੇ ਕਈ ਅੰਸ਼ ਜਾਸੂਸੀ ਨਾਵਲ ਵਾਂਗ ਲਗਦੇ ਹਨ, ਪਰ ਉਹ ਇਕ ਸਪਾਟੇ ਵਿਚ ਪੜ੍ਹ ਲਏ ਜਾਣ ਵਾਲੇ ਅੰਸ਼ ਨਹੀਂ ਹਨ। ਉਸ ਦੀਆਂ ਕਵਿਤਾਵਾਂ ਪੜ੍ਹਦਿਆਂ ਦੋਸਤੋਵਸਕੀ ਦੀ ਯਾਦ ਆਉਂਦੀ ਹੈ। ਦੋਸਤੋਵਸਕੀ ਇਕ 'ਹੌਰਰ' ਹੈ, ਇਕ ਅਜੀਬ ਮਾਨਸਿਕ ਪੀੜ ਤੇ ਮਨੋਵਿਗਿਆਨਕ ਤੜਪ।

ਮੁਕਤੀਬੋਧ ਵਿਚ ਬਲਦੀ ਹੋਈ ਅੱਗ ਉਤੇ ਤੁਰਨ ਵਾਲੀ ਮਾਨਸਿਕ ਹਾਲਤ ਹੈ। ਮੁਕਤੀਬੋਧ ਨੇ ਛਾਇਆਵਾਦ ਦੀਆਂ ਹੱਦਾਂ ਲੰਘ ਕੇ ਪ੍ਰਗਤੀਵਾਦ ਤੋਂ ਮਾਰਕਸੀ ਵਿਚਾਰਧਾਰਾ ਲੈ ਕੇ, ਪ੍ਰਯੋਗਵਾਦ ਦੇ ਅਧਿਕਾਂਸ਼ ਹਥਿਆਰ ਸੰਭਾਲ ਕੇ ਇਕ ਸੁਤੰਤਰ ਕਵੀ ਦੇ ਰੂਪ ਵਿਚ, ਸਾਰਿਆਂ ਵਾਦਾਂ ਤੋਂ, ਪਾਰਟੀਆਂ ਤੋਂ ਉੱਪਰ ਉੱਠ ਕੇ ਕਵੀ ਨਿਰਾਲਾ ਵਾਂਗ ਮਨੁੱਖਤਾਵਾਦੀ ਪਰੰਪਰਾ ਨੂੰ ਬਹੁਤ ਅੱਗੇ ਵਧਾਇਆ ਹੈ। ਮੁਕਤੀਬੋਧ ਦੇ ਸਾਰੇ ਪ੍ਰਯੋਗ ਵਿਸ਼ੇ ਵਸਤੂ ਨੂੰ ਲੈ ਕੇ ਹੋਏ ਹਨ। ਇਹ ਉਸ ਦੀ ਸੀਮਾ ਵੀ ਹੈ, ਤੇ ਇਕ ਵੱਡੀ ਵਿਸ਼ੇਸ਼ਤਾ ਵੀ।

ਮੁਕਤੀਬੋਧ ਦੀਆਂ ਕੁਝ ਲੰਮੀਆਂ ਕਵਿਤਾਵਾਂ ਦੀ ਆਧੁਨਿਕ ਹਿੰਦੀ ਕਵਿਤਾ ਵਿਚ ਖ਼ਾਸ ਅਹਿਮੀਅਤ ਹੈ, ਜਿਨ੍ਹਾਂ ਵਿਚ 'ਹਨੇਰੇ' ਨਾਂਅ ਦੀ ਕਵਿਤਾ ਦੀ ਬਹੁਤ ਵੱਡੀ ਥਾਂ ਹੈ। ਇਹ ਕਵਿਤਾ ਦੇਸ਼ ਦੇ ਆਧੁਨਿਕ ਲੋਕ-ਇਤਿਹਾਸ ਦੀ ਇਕ ਦਹਿਕਦੀ ਹੋਈ ਅਸਪਾਤੀ ਦਸਤਾਵੇਜ਼ ਹੈ। ਇਸ ਵਿਚ ਵਿਅਕਤੀ ਤੇ ਲੁਕਾਈ ਦਾ ਹੈਰਾਨ ਕਰ ਦੇਣ ਵਾਲਾ ਮੇਲ ਹੈ। ਦੇਸ਼ ਦੀ ਧਰਤੀ, ਹਵਾ, ਅਸਮਾਨ, ਦੇਸ਼ ਦੀ ਸੱਚੀ ਮੁਕਤੀ, ਲਾਲਸਾ, ਆਦਿ ਨੂੰ ਇਸ ਕਵਿਤਾ ਦੀ ਨਸ-ਨਸ ਵਿਚ ਫੜਕਦਿਆਂ ਵੇਖਿਆ ਜਾ ਸਕਦਾ ਹੈ ਤੇ ਭਾਵਨਾ ਦੀ ਵੱਖ-ਵੱਖ ਪੱਧਰ 'ਤੇ।

ਡਾ. ਪ੍ਰਭਾਕਰ ਮਾਰਵੇ ਦਾ ਕਹਿਣਾ ਹੈ ਕਿ ਇਹ ਕਵਿਤਾ 'ਗੁਏਰਨਕਾਂ ਇਨੇ ਵਰਸ ਹੈ ਤੇ ਇਸ ਦੇ ਬਹੁਤ ਸਾਰੇ ਅੰਸ ਪਿਕਾਸੋ ਦੇ ਸੰਸਾਰ-ਸਿੱਧ ਚਿਤਰ 'ਗੁਏਰਨਕਾ' ਵਰਗਾ ਪ੍ਰਭਾਵ ਪਾਉਂਦੇ ਹਨ। ਇਹ ਕਵਿਤਾ ਰੁਮਾਨੀ ਹੁੰਦੀ ਹੋਈ ਵੀ ਬੇਹੱਦ ਯਥਾਰਥਵਾਦੀ ਹੈ, ਤੇ ਬਿਲਕੁਲ ਆਧੁਨਿਕ। ਕਿਸੇ ਵੀ ਕਸੌਟੀ 'ਤੇ ਪਰਖਿਆਂ ਇਹ ਇਸ ਯੁੱਗ ਦੀਆਂ ਮਹਾਨ ਕਵਿਤਾਵਾਂ ਵਿਚ ਗਿਣੀ ਜਾ ਸਕਦੀ ਹੈ।

ਸਫ਼ਾ 3 ਦੀ ਬਾਕੀ


## ਹੀਣ ਬੋਧ ਤੋਂ ਸਵੈਮਾਣ ਤੇ ਸੰਘਰਸ਼ ...

ਦਿਨੈ ਹਮੇਸ਼ਾ।" (ਪੰਨਾ 97) ਦੁਆਰਾ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਮੋਗਾ ਗੋਲੀ ਕਾਂਡ ਉਪਰੰਤ ਦੋਵੇਂ ਪ੍ਰਵਾਨਿਤ ਵਿਦਿਆਰਥੀ ਜਥੇਬੰਦੀਆਂ ਏ.ਆਈ.ਐੱਸ.ਐੱਫ ਅਤੇ ਐੱਸ ਐੱਫ ਆਈ ਵੱਲੋਂ ਕੋਈ ਸਪੱਸ਼ਟ ਸਟੈਂਡ ਨਾ ਲੈਣ 'ਤੇ ਪੀ.ਐੱਸ.ਯੂ. ਵੱਲੋਂ ਕੀਤੇ ਸੰਘਰਸ਼ ਦੌਰਾਨ ਯੂਨੀਅਨ ਦੇ ਅਨੇਕ ਆਗੂਆਂ ਦੇ ਅੰਤਰ ਵਿਰੋਧ ਵੀ ਦਰਜ ਹੋਏ ਹਨ। ਨਾਵਲ ਵਿੱਚ ਵਿਦਿਆਰਥੀ ਸੰਘਰਸ਼ ਦੌਰਾਨ ਸੱਤਾ ਵੱਲੋਂ ਡੈਮਜ ਕੰਟਰੋਲ ਤਹਿਤ ਸੰਘਰਸ਼ਸ਼ੀਲ ਧਿਰਾਂ ਦੇ ਨਾਇਕਾਂ ਸ਼ਹੀਦ ਭਗਤ ਸਿੰਘ ਦੇ ਨਾਂਅ 'ਤੇ ਹੋਸਟਲ ਦਾ ਉਦਘਾਟਨ, ਸ਼ਹੀਦੇ-ਆਜ਼ਮ ਦੀ ਮਾਤਾ ਨੂੰ ਪੰਜਾਬ ਮਾਤਾ ਦਾ ਖਿਤਾਬ ਦੇਣ ਨਾਲ ਜੁੜੇ ਵਰਤਾਰੇ ਪੇਸ਼ ਕੀਤੇ ਗਏ ਹਨ। ਇਹ ਘਟਨਾਕ੍ਰਮ ਗੁਰਮੇਲ ਦੀ ਸੋਚ ਨੂੰ ਜਰਬ ਦੇ ਕੇ ਦਿਸਦੇ ਵਸਤੂ ਵਰਤਾਰਿਆਂ ਪਿਛਲੀ ਰਾਜਨੀਤੀ ਤੱਕ ਰਸਾਈ ਕਰਨ ਦੀ ਸੋਝੀ ਦੇ ਦਿੰਦੇ ਹਨ। ਲੋਕ ਨਾਇਕਾਂ ਪ੍ਰਤੀ ਅਜਿਹੀ 'ਸ਼ਰਧਾਂਜਲੀ' ਨਾਲ ਸੱਤਾ ਆਪਣੇ ਵਿਰੁੱਧ ਉੱਠਦੀ ਆਵਾਜ਼ ਨਾਲ 'ਇਕਸੁਰਤਾ' ਕਰਕੇ ਇਸਨੂੰ ਆਪਣੇ ਵਹਿਣ ਅੰਦਰ ਜਜ਼ਬ ਕਰਨ ਦਾ ਤਰੱਦਦ ਕਰਦੀ ਹੈ। ਨਾਵਲ ਵਿੱਚ ਕਮਿਊਨਿਸਟ ਚੇਤਨਾ ਅਤੇ ਪੀ ਐੱਸ ਯੂ ਦੀਆਂ ਸਰਗਰਮੀਆਂ ਤਹਿਤ ਪਿੰਡਾਂ ਵਿੱਚ ਨੌਜਵਾਨ ਸਭਾਵਾਂ ਦਾ ਗਠਨ, ਲੋਕ ਜਾਗ੍ਰਿਤੀ, ਸਮਾਜ ਸੁਧਾਰ, ਸੱਤਾ ਪ੍ਰਤੀ ਨਾਬਰ ਭਾਵਨਾ, ਸਮਾਜਿਕ, ਆਰਥਿਕ ਭੇਦ-ਭਾਵ ਪ੍ਰਤੀ ਸੁਜੱਗਤਾ, ਧਾਰਮਿਕ ਰੂੜ੍ਹੀਗਤ ਮਾਨਤਾਵਾਂ ਪ੍ਰਤੀ ਵਿਦਰੋਹ ਅਤੇ ਯੂਨੀਵਰਸਿਟੀ ਦੀ ਅਕਾਦਮਿਕ ਸੱਤਾ ਸਮੇਤ ਹਰ ਤਰ੍ਹਾਂ ਦੀ ਸਥਾਪਤੀ ਨਾਲ ਟਕਰਾਅ ਨਾਲ ਜੁੜੇ ਬਿਰਤਾਂਤਕੀ ਵੇਰਵਿਆਂ ਦਾ ਕੇਂਦਰ ਗੁਰਮੇਲ ਬਣਦਾ ਹੈ। 1964 ਵਿੱਚ ਕਮਿਊਨਿਸਟ ਪਾਰਟੀ ਦਾ ਦੋਫਾੜ, 1975 ਵਿੱਚ ਐਮਰਜੈਂਸੀ ਦੇ ਦੌਰ ਵਿੱਚ ਸੀ ਪੀ ਆਈ ਦੀ ਸਿਧਾਂਤਕ ਥਿੜਕਣ, ਵਿਦਿਆਰਥੀ ਆਗੂਆਂ ਦੇ ਅਵਸਰਵਾਦੀ ਰੁਝਾਨ ਤੇ ਬੁਰਜੂਆ ਪਾਰਟੀਆਂ ਵਿੱਚ ਪ੍ਰਵੇਸ਼ ਨਾਲ ਜੁੜੇ ਬਿਰਤਾਂਤਕੀ ਜੁੱਟ ਨਾਵਲ ਵਿੱਚ ਗਹਿਰੇ ਸਿਆਸੀ ਸੰਵਾਦ ਨੂੰ ਜਨਮ ਦਿੰਦੇ ਹਨ। ਇੱਥੇ ਗੁਰਮੇਲ ਇਨ੍ਹਾਂ ਵਰਤਾਰਿਆਂ ਦੀ ਤਹਿ ਨੂੰ ਪਛਾਣਦਾ ਹੈ, ਪਰ ਪਾਰਟੀ ਦਾ ਆਮ ਕੇਡਰ ਆਪਣੀ ਸਥਿਤੀ ਚੌਰਾਹੇ ਵਿੱਚ ਮਹਿਸੂਸ ਕਰਦਾ ਹੈ। ਨਾਵਲਕਾਰ ਬੁਰਜੁਆ ਲੋਕਤੰਤਰ ਦੀਆਂ ਤਮਾਮ ਅਲਾਮਤਾਂ ਨੂੰ ਗੁਰਮੇਲ ਦੀ ਦੋਚਿੱਤੀ ਭਰੀ ਮਨੋਸਥਿਤੀ ਵਿੱਚੋਂ ਉਭਾਰਦਾ ਹੈ ਅਤੇ ਨਾਵਲੀ ਪ੍ਰਵਚਨ ਕਮਿਊਨਿਸਟ ਚਿੰਤਨ ਪ੍ਰਤੀ ਪਾਠਕਾਂ ਨੂੰ ਸਮਝਣ ਸਮਝਾਉਣ ਦੀ ਥਾਂ ਗੰਭੀਰ ਵਿਚਾਰ ਵਿਮਰਸ਼ ਦੀ ਮੁਦਰਾ ਗ੍ਰਹਿਣ ਕਰ ਲੈਂਦਾ ਹੈ। ਨਾਵਲ ਦੇ ਉੱਪ ਬਿਰਤਾਂਤ ਵਿੱਚ ਗੁਰਮੇਲ ਦੀ ਸੁਰਤ ਦਾ ਇਕ ਪਾਸਾ ਕਾਲਜ ਜ਼ਿੰਦਗੀ ਦੌਰਾਨ ਪਰਮਜੀਤ ਨਾਲ ਪਿਆਰ ਵਿਆਹ ਦੁਆਲੇ ਫੈਲੀਆਂ ਸਥਾਪਤ ਬਣਤਰਾਂ ਨਾਲ ਸੰਘਰਸ਼ ਕਰਨ ਦਾ ਵੀ ਹੈ, ਜਿੱਥੇ ਉਹ ਨਿੱਜ ਅਤੇ ਸਮਾਜ ਦੇ ਦਵੰਦ ਵਿੱਚ ਉਲਝਦਾ ਅੰਤ ਜੇਤੂ ਹੋ ਨਿਕਲਦਾ ਹੈ।

ਨਾਵਲ ਦਾ ਅਗਲਾ ਅਧਿਆਏ ਗੁਰਮੇਲ ਦੀ ਕਲਕੱਤੇ ਸ਼ਹਿਰ ਵਿੱਚ ਬੈਂਕਿੰਗ ਸੈਕਟਰ ਦੀ ਨੌਕਰੀ ਨਾਲ ਸ਼ੁਰੂ ਹੁੰਦਾ ਹੈ, ਜਿੱਥੇ ਵਿਦਿਆਰਥੀ ਯੂਨੀਅਨ ਤੋਂ ਬਾਅਦ ਟਰੇਡ ਯੂਨੀਅਨ ਵਿੱਚ ਕੰਮ ਕਰਨ ਦਾ ਨਵਾਂ ਤਜਰਬਾ ਉਸ ਦੇ ਸੰਘਰਸ਼ ਦੀਆਂ ਨਵੀਆਂ ਸਫ਼ਾਂ ਖੋਲ੍ਹ ਦਿੰਦਾ ਹੈ। 'ਨਕਸਲਬਾੜੀ' ਦੀ ਧਰਤੀ 'ਤੇ 'ਜੁਝਣ' ਦੀ ਥਾਂ ਰਿਕਸ਼ਾ ਖਿੱਚੀ ਜਾਂਦੇ ਬੰਦੇ ਦੇਖ ਕੇ ਉਸ ਦੇ ਦਿਲ ਨੂੰ ਧੱਕਾ ਲੱਗਦਾ ਹੈ ਅਤੇ ਖੱਬੇ ਪੱਖੀ 'ਧਰਤੀ' ਦੇ ਅਨੇਕਾਂ ਅੰਤਰ ਵਿਰੋਧ ਨਾਵਲੀ ਪ੍ਰਵਚਨ ਦਾ ਪ੍ਰਤੀਕਮਈ ਹਿੱਸਾ ਬਣਦੇ ਹਨ। ਇੱਥੇ ਬੈਂਕਿੰਗ ਸੈਕਟਰ 'ਚ ਪ੍ਰੋਬੇਸ਼ਨ ਪੀਰੀਅਡ ਦੀਆਂ ਤੰਗੀਆਂ, ਤਰੱਕੀਆਂ ਦੇ ਵਿਤਕਰੇ, ਬਦਲੀਆਂ ਦੇ ਭੈਅ ਸਮੇਤ ਕਰਮਚਾਰੀਆਂ ਦੇ ਹੱਕਾਂ ਪ੍ਰਤੀ ਨਿਰੰਤਰ ਸੰਘਰਸ਼ ਦੇ ਬਲਬੂਤੇ ਗੁਰਮੇਲ ਤੇ ਸਾਥੀਆਂ ਵੱਲੋਂ ਬੈਂਕਿੰਗ ਫੈਡਰੇਸ਼ਨ ਦੇ ਸੰਘਰਸ਼ ਨਾਲ ਕਰਮਚਾਰੀ ਹਿਤੂ ਫੈਸਲੇ ਲਾਗੂ ਕਰਵਾਉਣ ਵਿੱਚ ਸਫਲ ਹੁੰਦਾ ਹੈ। ਨਾਵਲ ਵਿੱਚ ਗੁਰਮੇਲ ਦੀ ਬਦਲੀ, ਬਹਾਲੀ, ਮੁਅੱਤਲੀ, ਮੁੜ ਬਹਾਲੀ ਦੇ ਲੰਮੇ ਸੰਘਰਸ਼ ਦੌਰਾਨ ਲੇਖਕ ਨੇ ਟਰੇਡ ਯੂਨੀਅਨ ਦੇ ਲੀਡਰਾਂ ਦੇ ਸਿਧਾਂਤਕ ਤੇ ਵਿਹਾਰਕ ਖੱਪਿਆਂ ਦੀ ਰੌਚਿਕ ਪੇਸ਼ਕਾਰੀ ਕਰਦਿਆਂ ਬਿਖਮ ਸਥਿਤੀਆਂ ਵਿੱਚ ਵੀ ਜੀਣ-ਥੀਣ ਦਾ ਮਾਦਾ ਦਰਸਾਇਆ ਹੈ। 1990 ਤੋਂ ਬਾਅਦ ਰੂਸ ਦੇ ਸਮਾਜਵਾਦੀ ਬਲਾਕ ਦੇ ਪਤਨ ਉਪਰੰਤ ਕੌਮਾਂਤਰੀ ਪੱਧਰ 'ਤੇ ਕਮਿਊਨਿਸਟ ਧਿਰਾਂ ਦੀ ਉਪਰਾਮਤਾ ਤੇ ਉਦਾਸੀ ਨੂੰ ਲੇਖਕ ਕਾਮਰੇਡ ਰਚਨਾ ਨਾਲ ਗੱਲਬਾਤ ਦੇ ਪ੍ਰਸੰਗ ਵਿੱਚ ਉਭਾਰਦਾ ਹੈ ਕਿ ਬੇੜੀ ਡੁੱਬਣ ਦਾ ਮਤਲਬ ਦਰਿਆ ਪਾਰ ਕਰਨ ਤੋਂ ਹਟਣਾ ਨਹੀਂ ਹੁੰਦਾ, ਜੋ ਮਨੁੱਖ ਨੂੰ ਤਾਉਮਰ ਜਗਦੇ-ਮਘਦੇ ਰਹਿਣ ਦੀ ਦ੍ਰਿਸ਼ਟੀਗਤ ਸਮਝ ਦਿੰਦਾ ਹੈ। ਕੁੱਲ ਮਿਲਾ ਕੇ ਨਾਵਲ ਵਿਅਕਤੀਗਤ ਜ਼ਿੰਦਗੀ ਦੇ ਅਨੇਕਾਂ ਉਤਰਾਅ-ਚੜ੍ਹਾਅ ਦੀ ਪ੍ਰਵਚਨਚਾਰੀ ਦੁਆਰਾ ਮਨੁੱਖ ਨੂੰ ਗਿਆਨਵਾਨ, ਵਿਚਾਰਸ਼ੀਲ ਅਤੇ ਸੁਜੱਗ ਰਹਿ ਕੇ ਸੰਘਰਸ਼ ਰੱਤਾ ਜੀਵਨ ਜੀਉਣ ਦੀ ਪ੍ਰੇਰਨਾ ਦੇਣ ਵਾਲੀ ਰਚਨਾ ਹੈ।

ਨਾਵਲ ਦੀ ਅਹਿਮ ਵਿਸ਼ੇਸ਼ਤਾ ਇਸ ਅੰਦਰ ਦਾਰਸ਼ਨਿਕ ਛੋਹਾਂ ਵਾਲੇ ਭਾਸ਼ਾਈ ਬੋਧ ਦੁਆਰਾ ਮਾਨਵੀ ਜ਼ਿੰਦਗੀ ਦੀਆਂ ਵਿਸੰਗਤੀਆਂ ਨੂੰ ਪ੍ਰਗਟਾਉਣ ਦੀ ਹੈ। ਹਰ ਕਾਂਡ ਦੇ ਆਰੰਭ ਵਿਚਲੇ ਲੇਖਕ ਦੇ ਸੂਤਰਧਾਰੀ ਬੋਲ ਬਿਰਤਾਂਤ ਦੇ ਪ੍ਰਵੇਸ਼ ਦੁਆਰਾ ਬਣਦੇ ਹਨ। ਪਾਤਰਾਂ ਦੇ ਪ੍ਰਤੀਕਮਈ ਸੰਵਾਦ ਭਾਸ਼ਾ ਦੀ ਕੌਤਕੀ ਵਰਤੋਂ ਵਿੱਚ ਹਨ। ਇਸ ਦੀ ਇਕ ਉਦਾਹਰਨ ਤਹਿਤ ਪੰਜਾਬ ਵਿੱਚ ਹਰੀ ਕ੍ਰਾਂਤੀ ਤੋਂ ਪਿੱਛੋਂ ਆਈ 'ਆਰਥਿਕ ਖ਼ੁਸ਼ਹਾਲੀ' ਦੀਆਂ 'ਵਿੱਤੀ ਬਰਕਤਾਂ' ਦਾ ਡੇਰਿਆਂ ਦੇ ਨਿਰਮਾਣ ਵਿੱਚ ਪ੍ਰਯੋਗ ਨੂੰ ਪੇਸ਼ ਕਰਨ ਵਿੱਚ ਹੈ। ਲੋਕਾਂ ਦੀ ਇਸ ਆਸਥਾ ਨੂੰ ਡੇਰਿਆਂ ਵਿੱਚ 'ਮਿੱਟੀ ਦੀ ਸੇਵਾ' ਦੇ ਪ੍ਰਤੀਕ ਨਾਲ ਪੇਸ਼ ਕਰਕੇ ਲੇਖਕ ਸ਼ਬਦਾਂ ਦੇ ਸਧਾਰਨ ਅਰਥਾਂ ਦੇ ਸਮਾਨਅੰਤਰ ਨਵੇਂ ਅਰਥਾਂ ਦੀ ਵਿਚਾਰਕ ਪੇਸ਼ਕਾਰੀ ਕਰਦਾ ਹੈ। ਬਿਰਤਾਂਤਕ ਭਾਸ਼ਾ ਦੀ ਸਫੋਟ ਭਰੀ ਅਜਿਹੀ ਵਰਤੋਂ ਹੋਰ ਵੀ ਅਨੇਕਾਂ ਥਾਵਾਂ 'ਤੇ ਅਚੰਭਿਤ ਕਰਦੀ ਹੈ। ਨਾਵਲ ਦੀ ਵਾਕ ਬਣਤਰ ਵਿੱਚ ਅਜਿਹੀ ਜੀਵੰਤ ਭਾਸ਼ਾ ਦੀ ਵਰਤੋਂ ਪਾਤਰਾਂ ਦੇ ਮਾਨਸਿਕ ਸੰਸਾਰ ਤੱਕ ਪੁੱਜਤ ਕਰਨ ਵਾਲੀ ਹੀ ਨਹੀਂ, ਸਗੋਂ ਅਰਥਾਂ ਦੀਆਂ ਬਹੁਪਾਸਾਰੀ ਲਿਸ਼ਕਾਂ ਵਾਲੀ ਹੈ। ਬਲਵਿੰਦਰ ਗਰੇਵਾਲ ਨੇ ਪੰਜਾਬੀ ਬੰਦੇ ਦੀ ਹਿੰਮਤ, ਸਿਦਕ ਅਤੇ ਪ੍ਰਤੀਬੱਧਤਾ ਦੀ ਬੇਮਿਸਾਲ ਪੇਸ਼ਕਾਰੀ ਕਰਕੇ ਜੀਵਨੀਮੂਲਕ ਨਾਵਲ ਪਰੰਪਰਾ ਵਿੱਚ ਅਹਿਮ ਵਾਧਾ ਕੀਤਾ ਹੈ।

# ਸਾਵਧਾਨ ! ਤੁਸੀਂ ਨਿਗਰਾਨੀ ਹੇਠ ਹੋ




**ਹਰਵਿੰਦਰ ਭੰਡਾਲ**

ਜਾਰਜ ਔਰਵੈਲ ਆਪਣੇ ਡਿਸਟੋਪੀਅਨ ਨਾਵਲ '1984' ਵਿੱਚ ਸਟੇਟ ਵੱਲੋਂ ਨਾਗਰਿਕਾਂ ਦੀ ਹਰ ਪਲ ਕੀਤੀ ਜਾ ਰਹੀ ਨਿਗਰਾਨੀ ਬਾਰੇ ਕਲਪਨਾ ਕਰਦਾ ਹੈ। ਬੰਦਾ ਆਪਣੇ ਕਮਰੇ ਵਿੱਚ ਬੈਠਾ ਟੀ ਵੀ ਦੀ ਜਿਸ ਸਕਰੀਨ ਨੂੰ ਦੇਖਦਾ ਹੈ, ਉਹ ਸਕਰੀਨ ਵੀ ਬੰਦੇ ਨੂੰ ਦੇਖ ਰਹੀ ਹੁੰਦੀ ਹੈ। ਹਰ ਪਲ ਉਸ ਦੀ ਹਰ ਹਰਕਤ ਨੂੰ ਨੋਟ ਕਰਦੀ ਹੈ। ਸ਼ੱਕੀ ਜਾਪਣ ਵਾਲੀ ਕਿਸੇ ਵੀ ਹਰਕਤ ਨੂੰ ਨੋਟ ਕਰਨ ਉਪਰੰਤ ਸਟੇਟ ਦੀ ਸੁਰੱਖਿਆ ਮਸ਼ੀਨਰੀ ਉਸੇ ਪਲ ਬੰਦੇ ਨੂੰ ਦਬੋਚ ਲੈਂਦੀ ਹੈ। ਬੰਦਾ ਆਪਣੇ ਹੀ ਸੌਣ ਕਮਰੇ ਅੰਦਰ ਉਹ ਨਿੱਜੀ ਥਾਂ ਜਾਂ ਕੋਣ ਲੱਭਦਾ ਹੈ, ਜਿੱਥੇ ਉਹ ਸਕਰੀਨ ਦੀ ਨਜ਼ਰ ਤੋਂ ਦੂਰ ਹੋ ਕੇ ਦੁਬਕ ਸਕੇ। ਸੱਤਾ ਨੂੰ ਆਪਣੀ ਸਲਾਮਤੀ ਲਈ ਬੰਦੇ ਦੀ ਨਿੱਜਤਾ ਦੀ ਕੁਰਬਾਨੀ ਜ਼ਰੂਰੀ ਜਾਪਦੀ ਹੈ।

ਅਜੋਕੇ ਸਮਿਆਂ ਅੰਦਰ ਸੱਤਾ ਦੇ ਨਾਲ-ਨਾਲ ਸਰਮਾਏ ਨੂੰ ਵੀ ਬੰਦੇ ਅੰਦਰ ਝਾਕਣ ਦੀ ਜ਼ਰੂਰਤ ਪੈ ਗਈ ਹੈ। ਉਂਝ ਸੱਤਾ ਸਰਮਾਏ ਦੀ ਯਥਾ-ਸਥਿਤੀ ਲਈ ਹੀ ਬੰਦੇ ਦੀ ਨਿਗਰਾਨੀ ਰੱਖਦੀ ਹੈ, ਪਰ ਸੱਤਾ ਨੇ ਇਸ ਵਿੱਚੋਂ ਕੋਈ ਸਿੱਧਾ ਮੁਨਾਫ਼ਾ ਨਹੀਂ ਕਮਾਉਣਾ ਹੁੰਦਾ। ਉਹ ਅਜਿਹਾ ਕਰਕੇ ਸਰਮਾਏਦਾਰਾਂ ਦੇ ਮੁਨਾਫ਼ਿਆਂ ਨੂੰ ਸੁਰੱਖਿਅਤ ਰੱਖਦੀ ਹੈ, ਪਰ ਅੱਜ ਸਥਿਤੀ ਇਹ ਹੈ ਕਿ ਸਰਮਾਏ ਦੇ ਅਗਲੇਰੇ ਵਿਕਾਸ ਨੇ ਇਸ ਨਿਗਰਾਨੀ ਨੂੰ ਹੀ ਆਰਥਕ ਪ੍ਰਕਿਰਿਆ ਬਣਾ ਦਿੱਤਾ ਹੈ। ਡਿਜੀਟਲ ਸਰਮਾਏਦਾਰੀ ਨੇ ਇਸ ਸਦੀ ਅੰਦਰ ਅਚਾਨਕ ਬੰਦੇ ਨਾਲ ਸੰਬੰਧਤ ਡੇਟਾ ਜਾਂ ਅੰਕੜਿਆਂ ਨੂੰ ਉਸ ਦੇ ਭਵਿੱਖੀ ਵਿਹਾਰ ਨੂੰ ਜਾਨਣ ਜਾਂ ਏਥੋਂ ਤੱਕ ਕਿ ਘੜਨ ਲਈ ਵਰਤਣ ਦੀਆਂ ਵਿਧੀਆਂ ਜਾਣ ਲਈਆਂ ਹਨ। ਕੰਪਿਊਟਰ/ ਐਲਗੋਰਿਦਮਾਂ/ ਮਸਨੂਈ ਬੁੱਧੀ ਦੀਆਂ ਵਿਸ਼ਾਲ ਅੰਕੜਿਆਂ ਦਾ ਵਿਸ਼ਲੇਸ਼ਣ ਪਲਾਂ ਵਿੱਚ ਕਰ ਸਕਣ ਦੀਆਂ ਸਮਰਥਾਵਾਂ ਨੇ ਇਸ ਸਰਮਾਏਦਾਰੀ ਨੂੰ ਬੰਦੇ ਦੇ ਮਨ ਦਾ ਬਸਤੀਕਰਨ ਕਰ ਲੈਣ ਦੇ ਯੋਗ ਬਣਾ ਦਿੱਤਾ ਹੈ। ਜਦੋਂ ਬੰਦੇ ਦੀ ਬੰਦਿਆਈ ਖੋਹ ਲੈਣ ਦੀ ਪ੍ਰਕਿਰਿਆ ਹੀ ਮੁਨਾਫ਼ੇ ਕਮਾਉਣ ਦੀ ਪ੍ਰਕਿਰਿਆ ਵੀ ਹੋਵੇ ਤਾਂ ਸਰਮਾਏਦਾਰੀ ਦੋ ਗੁਣਾ ਤਬਾਹਕੁੰਨ ਸਿੱਧ ਹੋ ਸਕਦੀ ਹੈ। ਇਹ ਬੰਦੇ ਦੇ ਵਰਤਮਾਨ ਉੱਤੇ ਹੀ ਹਕੂਮਤ ਨਹੀਂ ਕਰਦੀ, ਉਸ ਤੋਂ ਉਸ ਦਾ ਭਵਿੱਖ ਖੋਹ ਲੈਣ ਦਾ ਖ਼ਤਰਾ ਵੀ ਖੜਾ ਕਰ ਦਿੰਦੀ ਹੈ। ਅਜੋਕੇ ਦਿਨੋ-ਦਿਨ ਸੁਪਨਾ-ਵਿਹੂਣੇ ਬਣ ਰਹੇ ਸਮਿਆਂ ਦਾ ਇਹੀ ਸੱਚ ਹੈ।

ਨਿਗਰਾਨੀ ਦੀ ਆਰਥਕ ਪ੍ਰਕਿਰਿਆ ਦਾ ਮੰਤਵ ਬੰਦੇ ਦੇ ਵਿਹਾਰ ਸੰਬੰਧੀ ਹਰ ਤਰ੍ਹਾਂ ਦੇ ਅੰਕੜੇ ਪ੍ਰਾਪਤ ਕਰਨਾ ਹੈ। ਇਹਨਾਂ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਭਵਿੱਖੀ ਵਿਹਾਰ ਸੰਬੰਧੀ ਪੇਸ਼ੀਨਗੋਈਆਂ ਨੂੰ ਹੀ ਮੁਨਾਫ਼ੇ ਪ੍ਰਾਪਤ ਕਰਨ ਲਈ ਵਰਤਿਆ ਜਾਂਦਾ ਹੈ। ਅੱਜ ਸਰਮਾਏਦਾਰੀ ਦੀਆਂ ਸਭ ਵੱਡੀਆਂ ਡਿਜੀਟਲ ਕਾਰਪੋਰੇਸ਼ਨਾਂ ਇਸੇ ਕੰਮ ਵਿੱਚ ਰੁਝੀਆਂ ਹੋਈਆਂ ਹਨ। ਗੂਗਲ ਇਸ ਪ੍ਰਕਿਰਿਆ ਨੂੰ ਈਜਾਦ ਕਰਨ ਵਾਲੀ ਕੰਪਨੀ ਹੋਣ ਦੇ ਨਾਲ-ਨਾਲ ਅੰਕੜਿਆਂ ਦਾ ਸਭ ਤੋਂ ਵੱਡਾ ਭੰਡਾਰ ਰੱਖਣ ਵਾਲੀ ਕੰਪਨੀ ਵੀ ਹੈ। ਗੂਗਲ ਸਰਚ ਇੰਜਣ ਤੋਂ ਲੈ ਕੇ ਕਰੋਮ, ਜੀ ਮੇਲ, ਮੈਪਸ, ਯੂਟਿਊਬ, ਡਰਾਈਵ, ਮੀਟ, ਫੋਟੋਜ਼, ਅਰਥ, ਪੇਅ ਆਦਿ ਸਭ ਐਪ, ਜੋ ਦੇਖਣ ਨੂੰ ਸਾਨੂੰ ਮੁਫ਼ਤ ਸੇਵਾਵਾਂ ਦਿੰਦੇ ਜਾਪਦੇ ਹਨ, ਦਰਅਸਲ ਗੂਗਲ ਕੰਪਨੀ ਨੂੰ ਅੰਕੜਿਆਂ ਦੀ ਸਪਲਾਈ ਕਰਨ ਵਾਲੇ ਏਜੰਟ ਹਨ। ਗੂਗਲ ਕੰਪਨੀ ਸਾਡੀ ਈ ਮੇਲ ਫਰੋਲਦੀ ਰਹਿੰਦੀ ਹੈ, ਸਾਡੀਆਂ ਫੋਟੋਆਂ ਦੀ ਬਿਨਾਂ ਪੁੱਛਿਆਂ ਵਰਤੋਂ ਕਰਦੀ ਹੈ, ਅਸੀਂ ਕਦੋਂ ਕਿੱਥੇ ਜਾਂਦੇ ਹਾਂ ਤੇ ਕਿਵੇਂ ਜਾਂਦੇ ਹਾਂ, ਕਿੱਥੇ ਰੁਕਦੇ ਹਾਂ ਤੇ ਰੁਕ ਕੇ ਕੀ ਕਰਦੇ ਹਾਂ, ਸਭ ਅੰਕੜੇ ਪ੍ਰਾਪਤ ਕਰਦੀ ਹੈ। ਏਥੋਂ ਤੱਕ ਕਿ ਜਦੋਂ ਅਸੀਂ ਜਿਸਮਾਨੀ ਤੌਰ ਉੱਤੇ ਸੁੱਤੇ ਹੁੰਦੇ ਹਾਂ, ਉਦੋਂ ਵੀ ਇਸ ਦੇ ਐਪ ਜਾਗ ਰਹੇ ਹੁੰਦੇ ਹਨ ਅਤੇ ਸਾਡੇ ਅੰਕੜੇ ਕਾਰਪੋਰੇਸ਼ਨ ਦੇ ਦਿਓ-ਕੱਦ ਸਰਵਰ ਨੂੰ ਭੇਜ ਰਹੇ ਹੁੰਦੇ ਹਨ।

ਵਸਤ ਦੀ ਸਿੱਧੀ ਵੇਚ ਤੋਂ ਮੁਨਾਫ਼ੇ ਦੀ ਬਜਾਏ ਅੰਕੜਿਆਂ ਦੀ ਸਪਲਾਈ ਕਿੰਨੀ ਵਧੇਰੇ ਲਾਹੇਵੰਦ ਹੈ, ਇਸ ਨੂੰ ਗੂਗਲ ਦੇ ਐਂਡਰਾਇਡ ਦੀ ਉਦਾਹਰਣ ਨਾਲ ਸਮਝਿਆ ਜਾ ਸਕਦਾ ਹੈ। ਗੂਗਲ ਨੇ ਕੁਝ ਹੋਰ ਕੰਪਨੀਆਂ ਨਾਲ ਭਾਈਵਾਲੀ ਕਰਕੇ ਮੋਬਾਇਲ ਫ਼ੋਨ ਵਿੱਚ ਚੱਲਣ ਵਾਲੇ ਇਸ ਸਿਸਟਮ ਦੀ ਕਾਢ ਕੱਢੀ ਸੀ। ਬਹੁਤ ਸਾਰੇ ਲੋਕ ਇਸ ਕਾਢ ਨੂੰ ਗੂਗਲ ਕੰਪਨੀ ਦੇ 'ਐਪਲ' ਕੰਪਨੀ ਨਾਲ ਮੁਕਾਬਲੇ ਵਿੱਚ ਆਉਣ ਦੇ ਸਾਧਨ ਵਜੋਂ ਦੇਖ ਰਹੇ ਸਨ, ਪ੍ਰੰਤੂ ਗੂਗਲ ਨੇ ਇਸ ਨੂੰ ਵੇਚਣ ਜਾਂ ਸਿਰਫ਼ ਆਪਣੇ ਫ਼ੋਨ ਵਿੱਚ ਵਰਤਣ ਦੀ ਥਾਂ 'ਖੁੱਲ੍ਹਾ ਸਰੋਤ' ਬਣਾ ਦਿੱਤਾ। ਭਾਵ ਉਸ ਨੇ ਇਹ ਸਾਰੀਆਂ ਮੋਬਾਇਲ ਬਣਾਉਣ ਵਾਲੀਆਂ ਕੰਪਨੀਆਂ ਨੂੰ ਮੁਫ਼ਤ ਦੇਣਾ ਸ਼ੁਰੂ ਕਰ ਦਿੱਤਾ। ਸਵਾਲ ਇਹੀ ਹੈ ਕਿ ਏਨੀ ਵੱਡੀ ਤਕਨੀਕੀ ਕਾਢ ਨੂੰ ਗੂਗਲ ਨੇ ਮੁਨਾਫ਼ਾ ਕਮਾਉਣ ਲਈ ਕਿਉਂ ਨਾ ਵਰਤਿਆ ?

2009 ਵਿੱਚ ਗੂਗਲ ਦੇ ਮੁੱਖ ਵਿੱਤੀ ਅਧਿਕਾਰੀ ਨੇ ਵਿੱਤੀ ਵਿਸ਼ਲੇਸ਼ਕਾਂ ਨੂੰ ਆਪ ਦੱਸਿਆ, 'ਅਸੀਂ ਆਪ ਇਸ ਨੂੰ ਮੁਫ਼ਤ ਸਰੋਤ ਰੱਖ ਕੇ ਫ਼ੋਨਾਂ ਦੀਆਂ ਕੀਮਤਾਂ ਘੱਟ ਰੱਖਣੀਆਂ ਚਾਹੁੰਦੇ ਸਾਂ। ਤੁਸੀਂ ਸੋਚੋ ਕਿ ਘੱਟ ਕੀਮਤਾਂ ਕਾਰਨ ਕਿੰਨੇ ਲੋਕਾਂ ਨੇ ਕਿੰਨੀਆਂ ਸਰਚ ਪੈਦਾ ਕੀਤੀਆਂ ਹੋਣਗੀਆਂ।' ਦਰਅਸਲ ਗੂਗਲ ਐਂਡਰਾਇਡ ਨੂੰ ਆਪਣੀ ਗੂਗਲ ਸਰਚ ਅਤੇ ਹੋਰ ਸੇਵਾਵਾਂ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਜੋੜਨ ਲਈ ਵਰਤ ਰਿਹਾ ਹੈ। ਐਂਡਰਾਇਡ ਵਰਤਣ ਵਾਲੀ ਹਰੇਕ ਮੋਬਾਇਲ ਕੰਪਨੀ ਆਪਣੇ ਫ਼ੋਨ ਵਿੱਚ ਗੂਗਲ ਦੇ ਐਪਸ ਫ਼ੋਨ ਬਣਾਉਣ ਸਮੇਂ ਹੀ ਇੰਸਟਾਲ ਕਰਦੀ ਹੈ। ਇਸ ਨਾਲ ਉਹ ਫ਼ੋਨ ਖਰੀਦਣ ਵਾਲਾ ਹਰ ਗਾਹਕ ਸਿੱਧਾ ਗੂਗਲ ਨਾਲ ਜੁੜ ਜਾਂਦਾ ਹੈ। ਅੱਜ ਆਈ ਫ਼ੋਨ ਤੋਂ ਇਲਾਵਾ ਹੋਰ ਕੋਈ ਵੀ ਐਂਡਰਾਇਡ ਫ਼ੋਨ ਖਰੀਦਣ ਵਾਲਾ ਸਭ ਤੋਂ ਪਹਿਲਾਂ ਆਪਣਾ ਗੂਗਲ ਅਕਾਊਂਟ ਹੀ ਉਸ ਫ਼ੋਨ ਨਾਲ ਜੋੜਦਾ ਹੈ, ਜਿਸ ਨਾਲ ਉਸ ਖਰੀਦਦਾਰ ਦੇ ਅੰਕੜੇ ਗੂਗਲ ਕੋਲ ਪਹੁੰਚਣੇ ਨਿਸ਼ਚਿਤ ਹੋ ਜਾਂਦੇ ਹਨ। ਇਸ ਤਰ੍ਹਾਂ ਐਂਡਰਾਇਡ ਤੋਂ ਮੁਨਾਫ਼ਾ ਕਮਾਉਣ ਦੀ ਬਜਾਏ ਉਸ ਨੂੰ ਅੰਕੜਿਆਂ ਦੀ ਸਪਲਾਈ ਯਕੀਨੀ ਬਣਾਉਣ ਲਈ ਵਰਤਣਾ ਗੂਗਲ ਦੀ ਵਪਾਰਕ ਦੂਰ-ਦ੍ਰਿਸ਼ਟੀ ਨੂੰ ਦਿਖਾਉਂਦਾ ਹੈ। ਅੰਕੜਿਆਂ ਦੀ ਮੁਨਾਫ਼ਾ ਕਮਾਉਣ ਦੀ ਸਮਰੱਥਾ ਬਾਰੇ ਗੂਗਲ ਤੋਂ ਵੱਧ ਹੋਰ ਕੋਈ ਕੰਪਨੀ ਨਹੀਂ ਜਾਣਦੀ।

ਇਸੇ ਲਈ ਗੂਗਲ ਆਪਣੀ ਸਮਰੱਥਾ ਨੂੰ ਹਰੇਕ ਜਾਇਜ਼-ਨਜਾਇਜ਼ ਤਰੀਕੇ ਨਾਲ ਅੰਕੜੇ ਇਕੱਠੇ ਕਰਨ ਲਈ ਵਰਤਦੀ ਹੈ। ਇਹਨਾਂ ਵਿੱਚੋਂ ਇੱਕ ਹੈ ਕਿਸੇ ਵੈੱਬਸਾਈਟ ਉੱਤੇ ਆਪਣੇ ਕੁਕੀਜ਼ ਛੱਡ ਦੇਣਾ। ਜਦੋਂ ਵੀ ਕੋਈ ਵਰਤੋਂਕਾਰ ਉਸ ਵੈੱਬਸਾਈਟ ਨੂੰ ਖੋਹਲਦਾ ਹੈ ਤਾਂ ਇਹ ਕੁਕੀਜ਼ ਉਸ ਦੇ ਲੈਪਟਾਪ ਜਾਂ ਫ਼ੋਨ ਵਿੱਚ ਦਾਖਲ ਹੋ ਕੇ ਸਾਰੇ ਅੰਕੜੇ ਚੋਰੀ ਕਰ ਲੈਂਦੇ ਹਨ। ਵਰਤੋਂਕਾਰ ਨੂੰ ਕੋਈ ਅਹਿਸਾਸ ਨਹੀਂ ਹੁੰਦਾ ਕਿ ਕਦੋਂ ਉਹਦੀ ਅੰਕੜਿਆਂ ਵਾਲੀ ਜੇਬ ਕੱਟੀ ਗਈ ਹੈ। ਗੂਗਲ ਕਿਸ ਕਿਸ ਪੱਧਰ ਉੱਤੇ ਜਾ ਕੇ ਇਹ ਸਭ ਕਰਦਾ ਹੈ ? ਇਸ ਬਾਰੇ ਕੁਝ ਅਧਿਐਨ ਹੋਏ ਹਨ। 'ਦ ਵੈੱਬ ਪ੍ਰਾਈਵੇਸੀ ਸੈਂਸਸ' ਮੁੱਖ ਰੂਪ ਵਿੱਚ ਕੁਕੀਜ਼ ਨੂੰ ਹੀ ਮਾਪਦਾ ਹੈ। ਇਸ ਨੇ 2011, 2012 ਅਤੇ 2015 ਵਿੱਚ ਸਿਖਰਲੀਆਂ 100, 1000 ਅਤੇ 25000 ਵੈੱਬਸਾਈਟਾਂ ਦਾ ਵਿਸ਼ਲੇਸ਼ਣ ਕੀਤਾ। ਇਹ ਉਹ ਵਰ੍ਹੇ ਸਨ, ਜਦੋਂ ਹੌਲੀ-ਹੌਲੀ ਇਹਨਾਂ ਡਿਜੀਟਲ ਕਾਰਪੋਰੇਸ਼ਨਾਂ ਦੀਆਂ ਕਰਤੂਤਾਂ ਸਾਹਮਣੇ ਆਉਣ ਲੱਗੀਆਂ ਸਨ।

2012 ਅਤੇ 2015 ਦੇ ਤੁਲਨਾਤਮਕ ਅਧਿਐਨ ਵਿੱਚ ਦੇਖਿਆ ਗਿਆ ਕਿ 100 ਤੋਂ ਵੱਧ ਕੁਕੀਜ਼ ਵਾਲੀਆਂ ਵੈੱਬਸਾਈਟਾਂ ਦੀ ਗਿਣਤੀ ਦੁੱਗਣੀ ਤੋਂ ਵਧ ਗਈ ਸੀ, ਜਦ ਕਿ 150 ਜਾਂ ਵੱਧ ਕੁਕੀਜ਼ ਵਾਲੀਆਂ ਵੈੱਬਸਾਈਟਾਂ ਦੀ ਗਿਣਤੀ ਤਿੰਨ ਗੁਣਾ ਤੋਂ ਵੀ ਵਧ ਗਈ ਸੀ। 2015 ਵਿੱਚ ਗਣਨਾ ਟੀਮ ਨੇ ਦੇਖਿਆ ਕਿ ਜੋ ਕਈ ਵੀ ਉੱਪਰਲੀਆਂ 100 ਸਭ ਤੋਂ ਮਕਬੂਲ ਵੈੱਬਸਾਈਟਾਂ ਖੋਹਲੇਗਾ, ਉਹ ਆਪਣੇ ਕੰਪਿਊਟਰ ਵਿੱਚ 6000 ਤੋਂ ਵੱਧ ਕੁਕੀਜ਼ ਇਕੱਠੇ ਕਰ ਲਵੇਗਾ। ਇਹਨਾਂ ਵਿੱਚੋਂ 83 ਫੀਸਦੀ ਉਹਨਾਂ ਵੈੱਬਸਾਈਟਾਂ ਦੇ ਨਹੀਂ, ਸਗੋਂ ਕਿਸੇ ਤੀਜੀ ਪਾਰਟੀ ਦੇ ਹੋਣਗੇ। ਗਣਨਾ ਨੇ ਸਿਖਰਲੀਆਂ 100 ਵਿੱਚੋਂ 92 ਵਿੱਚ ਅਤੇ ਸਿਖਰਲੀਆਂ 1000 ਵਿੱਚੋਂ 923 ਵੈੱਬਸਾਈਟਾਂ ਵਿੱਚੋਂ ਗੂਗਲ ਦੇ 'ਟਰੈਕਿੰਗ ਬੁਨਿਆਦੀ ਢਾਂਚੇ' ਨੂੰ ਲੱਭਿਆ। ਉਹ ਇਸ ਨਤੀਜੇ ਉੱਤੇ ਪਹੁੰਚੇ ਕਿ ਮਕਬੂਲ ਵੈੱਬਸਾਈਟਾਂ ਤੋਂ ਵਰਤੋਂਕਾਰਾਂ ਨੂੰ ਟਰੈਕ ਕਰਨ ਵਿੱਚ ਗੂਗਲ ਦਾ ਕੋਈ ਮੁਕਾਬਲਾ ਨਹੀਂ।

(ਯਾਦ ਰਹੇ ਭਾਰਤ ਵਿੱਚ ਅਜਿਹੇ ਹੀ ਸਾਫ਼ਟਵੇਅਰ ਪੈਗਾਸਸ ਦੀ ਵਰਤੋਂ ਕਰ ਕੇ ਏਜੰਸੀਆਂ ਨੇ ਬਹੁਤ ਸਾਰੇ ਖੱਬੇ-ਪੱਖੀ ਬੁੱਧੀਜੀਵੀਆਂ ਦੇ ਫੋਨਾਂ ਅਤੇ ਕੰਪਿਊਟਰਾਂ ਵਿੱਚ ਵੱਖ-ਵੱਖ ਤਰ੍ਹਾਂ ਦਾ ਮੈਟੀਰੀਅਲ ਅਪਲੋਡ ਕੀਤਾ ਸੀ ਤੇ ਫਿਰ ਉਸ ਦੇ ਅਧਾਰ ਉੱਤੇ ਉਹਨਾਂ ਉੱਤੇ ਦੇਸ਼ਧਰੋਹ ਦਾ ਇਲਜ਼ਾਮ ਲਾ ਕੇ ਜੇਲ੍ਹਾਂ ਵਿੱਚ ਸੁੱਟ ਦਿੱਤਾ ਸੀ।)

2015 ਵਿੱਚ ਪੈਨਸਿਲਵੇਨੀਆ ਯੂਨੀਵਰਸਿਟੀ ਦੀ ਟਿਮੋਥੀ ਲਿਬਰਟ ਨੇ ਸਿਖਰਲੀਆਂ 10 ਲੱਖ ਵੈੱਬਸਾਈਟਾਂ ਦੇ ਅਜਿਹੇ ਹੀ ਇੱਕ ਹੋਰ ਵਿਸ਼ਲੇਸ਼ਣ ਵਿੱਚ ਲੱਭਿਆ ਕਿ 90 ਫੀਸਦੀ ਲੀਕ ਹੁੰਦੇ ਅੰਕੜੇ ਵਪਾਰਕ ਕੰਮਾਂ ਲਈ ਵਰਤੇ ਜਾਂਦੇ ਹਨ। ਇਹਨਾਂ ਵੈੱਬਸਾਈਟਾਂ ਤੋਂ ਲੀਕ ਹੁੰਦੇ ਅੰਕੜਿਆਂ ਦਾ 78 ਫੀਸਦੀ ਇੱਕ ਹੀ ਤੀਸਰੀ ਪਾਰਟੀ ਨੂੰ ਜਾਂਦਾ ਸੀ ਤੇ ਉਹ ਸੀ ਗੂਗਲ। ਇਸ ਤੋਂ ਬਾਅਦ ਇੱਕ ਵੱਡਾ ਹਿੱਸਾ ਫੇਸਬੁਕ ਹੜੱਪਦੀ ਸੀ। ਪ੍ਰਿੰਸਟਨ ਯੂਨੀਵਰਸਿਟੀ ਦੇ ਦੋ ਖੋਜ-ਕਰਤਾਵਾਂ ਨੇ 2016 ਵਿੱਚ 81000 ਤੀਸਰੀਆਂ ਪਾਰਟੀਆਂ ਦੀ ਪਛਾਣ ਕੀਤੀ, ਪਰ ਉਹਨਾਂ ਵਿੱਚੋਂ 123 ਹੀ ਅਜਿਹੀਆਂ ਸਨ, ਜੋ ਇੱਕ ਤੋਂ ਵਧੇਰੇ ਵੈੱਬਸਾਈਟਾਂ ਉੱਤੇ ਮੌਜੂਦ ਸਨ। ਇਹਨਾਂ ਵਿੱਚੋਂ ਸਿਖਰਲੀਆਂ 5 ਅਤੇ 20 ਵਿੱਚੋਂ 12 ਗੂਗਲ ਦੀ ਮਾਲਕੀ ਵਾਲੀਆਂ ਸਨ। ਉਹਨਾਂ ਨਤੀਜਾ ਕੱਢਿਆ ਕਿ 10 ਫੀਸਦੀ ਵੈੱਬਸਾਈਟਾਂ ਉੱਤੇ ਸਿਰਫ਼ ਗੂਗਲ, ਫ਼ੇਸਬੁਕ ਅਤੇ ਟਵਿਟਰ ਹੀ ਤੀਸਰੀ ਪਾਰਟੀ ਵਜੋਂ ਮੌਜੂਦ ਸਨ। ਚੀਨੀ ਖੋਜਕਰਤਾਵਾਂ ਨੇ 2017 ਵਿੱਚ ਤੀਜੀ ਪਾਰਟੀ ਐਪ ਮਾਰਕਿਟ ਦੇ 10000 ਐਪਸ ਦੀ ਪੜਤਾਲ ਕੀਤੀ ਤੇ ਉਹਨਾਂ ਲੁਕੀਆਂ ਪ੍ਰਕਿਰਿਆਵਾਂ ਨੂੰ ਲੱਭਿਆ, ਜਿਹਨਾਂ ਵਿੱਚ ਇੱਕ ਐਪ ਆਪਣੇ ਆਪ ਹੀ ਤੁਹਾਡੇ ਫ਼ੋਨ ਵਿੱਚ ਹੋਰ ਕਈ ਐਪਾਂ ਨੂੰ ਚਾਲੂ ਕਰ ਦਿੰਦਾ ਸੀ।

2017 ਵਿੱਚ ਫਰਾਂਸ ਦੀ 'ਐਗਜ਼ੋਡਸ ਪ੍ਰਾਈਵੇਸੀ' ਅਤੇ 'ਯੇਲ ਪ੍ਰਾਈਵੇਸੀ ਲੈਬ' ਨੇ ਆਪਣੇ ਖੋਜ-ਪਰਚੇ ਵਿੱਚ ਟਰੈਕਿੰਗ ਸਾਫਟਵੇਅਰਾਂ ਦੇ ਹਰ ਪਾਸੇ ਫੈਲੇ ਜਾਲ ਬਾਰੇ ਦੱਸਿਆ। 'ਐਗਜ਼ੋਡਸ' ਨੇ ਗੂਗਲ ਦੇ ਐਂਡਰਾਇਡ ਪਲੇਟਫਾਰਮ ਉੱਤੇ 300 ਐਪਾਂ ਵਿੱਚ 44 ਟਰੈਕਰਾਂ ਦੀ ਨਿਸ਼ਾਨਦੇਹੀ ਕੀਤੀ। ਇਹਨਾਂ ਵਿੱਚੋਂ ਕੁਝ ਐਪਲ ਦੇ ਸਿਸਟਮ ਲਈ ਵੀ ਬਣਾਏ ਗਏ ਸਨ। ਇਹ ਸਾਰੇ ਐਪ ਕਰੋੜਾਂ, ਅਰਬਾਂ ਵਾਰ ਡਾਊਨਲੋਡ ਕੀਤੇ ਗਏ ਹਨ। ਇਸ ਖੋਜ ਪਰਚੇ ਵਿੱਚ ਨਤੀਜਾ ਕੱਢਿਆ ਗਿਆ ਕਿ ਸ਼ਾਇਦ ਹੀ ਕੋਈ ਐਪ ਮਾਸੂਮ ਹੈ। ਜੇ ਉਹ ਅਜੇ ਤੁਹਾਨੂੰ ਟਰੈਕ ਨਹੀਂ ਕਰ ਰਿਹਾ ਤਾਂ ਅਗਲੇ ਹਫ਼ਤੇ ਜਾਂ ਮਹੀਨੇ ਕਰਨਾ ਸ਼ੁਰੂ ਕਰ ਦੇਵੇਗਾ। 'ਇਹਨਾਂ ਟਰੈਕਰਾਂ ਦੇ ਅਧਾਰ ਉੱਤੇ ਪੂਰੇ ਦਾ ਪੂਰਾ ਉਦਯੋਗ ਖੜ੍ਹਾ ਹੈ। ਜਿਹਨਾਂ ਐਪਾਂ ਨੂੰ ਅਜੇ ਸਾਫ਼ ਮੰਨਿਆਂ ਜਾ ਰਿਹਾ ਹੈ, ਹੋ ਸਕਦਾ ਹੈ ਕਿ ਅਜੇ ਉਹਨਾਂ ਦੇ ਟਰੈਕਰਾਂ ਦੀ ਪਛਾਣ ਨਾ ਹੋਈ ਹੋਵੇ। ਇਹਨਾਂ ਦੇ ਵੀ ਅਗਲੇ ਵਰਜ਼ਨਾਂ ਵਿੱਚ ਟਰੈਕਰ ਕੋਡ ਪਾਏ ਜਾ ਸਕਦੇ ਹਨ।' ਉਹਨਾ ਅੱਗੇ ਇਹ ਵੀ ਦੱਸਿਆ ਕਿ ਸਭ ਤੋਂ ਮਾਸੂਮ ਜਾਪਣ ਵਾਲੇ ਐਪ ਜਿਵੇਂ ਮੌਸਮ ਨਾਲ ਸੰਬੰਧਤ, ਫਲੈਸ਼ਲਾਈਟਾਂ, ਰਾਈਡ ਸ਼ੇਅਰਿੰਗ ਅਤੇ ਡੇਟਿੰਗ ਐਪਸ ਵੀ ਸਭ ਦਰਜਨਾਂ ਟਰੈਕਿੰਗ ਪ੍ਰੋਗਰਾਮਾਂ ਨਾਲ ਭ੍ਰਿਸ਼ਟੇ ਹੋਏ ਹਨ, ਜੋ ਬਹੁਤ ਅਜੀਬ-ਅਜੀਬ ਤਰੀਕਿਆਂ ਨਾਲ ਵਾਧੂ ਵਿਹਾਰਕ ਅੰਕੜੇ ਇਕੱਠੇ ਕਰਦੇ ਹਨ।



ਗੂਗਲ ਅਰਥ, ਮੈਪਸ ਤੇ ਸਟਰੀਟ ਵਿਊ ਇਸ ਗੱਲ ਦੀਆਂ ਉਦਾਹਰਣਾਂ ਹਨ ਕਿ ਕਿਵੇਂ ਇਹ ਨਿਗਰਾਨ ਸਰਮਾਏਦਾਰੀ ਕੰਪਨੀਆਂ ਲੋਕਾਂ ਦੀ ਪਬਲਿਕ ਸਪੇਸ ਮੱਲਦੀਆਂ ਹਨ। ਘਰ, ਗਲੀਆਂ, ਆਂਢ-ਗੁਆਂਢ, ਪਿੰਡ, ਸ਼ਹਿਰ, ਹੁਣ ਇਹ ਸਭ ਉਹ ਥਾਵਾਂ ਨਹੀਂ ਰਹੀਆਂ, ਜਿੱਥੇ ਲੋਕ ਮਿਲਦੇ-ਗਿਲਦੇ ਹਨ। ਗੂਗਲ ਸਟਰੀਟ ਵਿਊ ਲਈ ਹਰੇਕ ਥਾਂ ਕੈਮਰੇ ਦੀ ਅੱਖ ਰਾਹੀਂ ਦੇਖਣ ਵਾਲੀ ਥਾਂ ਬਣ ਗਈ ਹੈ। ਇਹ ਐਪਸ ਵੀ ਦੇਖਣ ਨੂੰ ਲੋਕਾਂ ਨੂੰ ਸਹੂਲਤਾਂ/ਸੇਵਾਵਾਂ ਪ੍ਰਦਾਨ ਕਰਨ ਵਾਲੇ ਹਨ, ਪਰ ਦਰਅਸਲ ਇਹ ਹਰੇਕ ਭੂਗੋਲਿਕ ਥਾਂ ਨੂੰ ਗੂਗਲ ਦੇ ਡਿਜੀਟਲੀ ਕਬਜ਼ੇ ਵਿੱਚ ਦੇ ਰਹੇ ਹਨ। ਧਰਤੀ ਦੇ ਹਰੇਕ ਕੋਨੇ ਦੀਆਂ 3 ਡੀ ਤਸਵੀਰਾਂ ਲੈਣ ਲਈ ਸੈਟੇਲਾਈਟਾਂ, ਹਵਾ ਵਿਚਲੇ ਕੈਮਰਿਆਂ ਅਤੇ ਘੁੰਮਣ-ਫਿਰਨ ਵਾਲੀਆਂ ਕੈਮਰੇ ਲੱਗੀਆਂ ਗੱਡੀਆਂ ਆਦਿ ਸਭ ਦੀ ਵਰਤੋਂ ਗੂਗਲ ਨੇ ਕੀਤੀ।

ਪਰ ਹੌਲੀ-ਹੌਲੀ ਗੂਗਲ ਦੇ ਇਸ ਪ੍ਰੋਜੈਕਟ ਦੀ ਵਿਰੋਧਤਾ ਹੋਣ ਲੱਗੀ। ਜਨਵਰੀ 2009 ਵਿੱਚ ਸਟਰੀਟ ਵਿਊ ਦੀ ਵਿਰੋਧਤਾ ਜਰਮਨੀ ਅਤੇ ਜਪਾਨ ਵਿੱਚ ਸ਼ੁਰੂ ਹੋਈ। ਗੂਗਲ ਮੈਪਸ ਨਾਲ ਸੰਬੰਧਤ ਵਸਤੂਆਂ ਦੇ ਮੀਤ ਪ੍ਰਧਾਨ ਜੌਹਨ ਹੈਂਕੀ ਨੇ ਇਸ ਵਿਰੋਧ ਨੂੰ ਰੱਦ ਕਰ ਦਿੱਤਾ। ਜੌਹਨ ਹੈਂਕੀ ਨੇ ਅਮਰੀਕਾ ਦੀ ਸੀ ਆਈ ਏ ਦੇ ਫੰਡਾਂ ਨਾਲ ਸੈਟੇਲਾਈਟ ਮੈਪਿੰਗ ਕੰਪਨੀ 'ਕੀ ਹੋਲ' ਬਣਾਈ ਸੀ, ਜੋ ਬਾਅਦ ਵਿੱਚ ਗੂਗਲ ਵੱਲੋਂ ਖਰੀਦ ਲੈਣ ਪਿੱਛੋਂ ਗੂਗਲ ਅਰਥ ਦੇ ਵਿੱਚ ਵਟ ਗਈ ਸੀ। ਇਸ ਪਿੱਛੋਂ ਮੁੰਬਈ ਉੱਤੇ ਅੱਤਵਾਦੀ ਹਮਲੇ ਪਿੱਛੋਂ ਵੀ ਗੂਗਲ ਅਰਥ ਵਿਰੋਧੀਆਂ ਦੇ ਨਿਸ਼ਾਨੇ ਉੱਤੇ ਆਈ। ਦਹਿਸ਼ਤਗਰਦਾਂ ਨੇ ਮੁੰਬਈ ਬਾਰੇ ਸਾਰੀ ਜਾਣਕਾਰੀ ਗੂਗਲ ਅਰਥ ਤੋਂ ਹੀ ਇਕੱਠੀ ਕੀਤੀ ਸੀ। ਅਪ੍ਰੈਲ 2009 ਵਿੱਚ ਇੰਗਲੈਂਡ ਦੇ ਇੱਕ ਛੋਟੇ ਜਿਹੇ ਪਿੰਡ ਬਰਾਊਟਨ ਦੇ ਲੋਕਾਂ ਨੇ ਆਪਣੇ ਪਿੰਡ ਘੁੰਮ ਰਹੀ ਗੂਗਲ ਦੀ ਇੱਕ ਸਟਰੀਟ ਵਿਊ ਕਾਰ ਨੂੰ ਬਲਾਕ ਕਰ ਦਿੱਤਾ। ਉਹਨਾਂ ਇਸ ਨੂੰ ਆਪਣੀ ਨਿੱਜਤਾ ਉੱਤੇ ਹਮਲਾ ਕਰਾਰ ਦਿੱਤਾ।

2010 ਵਿੱਚ ਜਰਮਨ ਫੈਡਰਲ ਕਮਿਸ਼ਨ ਫਾਰ ਡੇਟਾ ਪ੍ਰੋਟੈਕਸ਼ਨ ਨੇ ਐਲਾਨ ਕੀਤਾ ਕਿ ਗੂਗਲ ਦਾ ਸਟਰੀਟ ਵਿਊ ਓਪਰੇਸ਼ਨ ਅਸਲ ਵਿੱਚ ਵੱਡੇ ਪੱਧਰ ਉੱਤੇ ਅੰਕੜਿਆਂ ਦਾ ਡਾਕਾ ਸੀ। ਸਟਰੀਟ ਵਿਊ ਕਾਰਾਂ ਲੁਕਵੇਂ ਰੂਪ ਵਿੱਚ ਲੋਕਾਂ ਦੇ ਨਿੱਜੀ ਵਾਈ ਫਾਈ ਤੋਂ ਅੰਕੜੇ ਚੋਰੀ ਕਰ ਰਹੀਆਂ ਸਨ। ਗੂਗਲ ਨੇ ਇਸ ਇਲਜ਼ਾਮ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਕੇਵਲ ਪਬਲਿਕ ਵਾਈ ਫਾਈ ਨੈੱਟਵਰਕਾਂ ਦੇ ਨਾਂਅ ਅਤੇ ਰਾਊਟਰਾਂ ਦੇ ਪਤੇ ਹੀ ਜਾਣ ਰਹੇ ਸਨ, ਨਾ ਕਿ ਨੈੱਟਵਰਕਾਂ ਉੱਤੇ ਭੇਜੀ ਗਈ ਕਿਸੇ ਤਰ੍ਹਾਂ ਦੀ ਨਿੱਜੀ ਜਾਣਕਾਰੀ, ਪਰ ਕੁਝ ਦਿਨਾਂ ਵਿੱਚ ਹੀ ਜਰਮਨ ਸੁਰੱਖਿਆ ਮਾਹਿਰਾਂ ਨੇ ਅਜ਼ਾਦਾਨਾ ਵਿਸ਼ਲੇਸ਼ਣ ਕਰ ਕੇ ਸਿੱਧ ਕਰ ਦਿੱਤਾ ਕਿ ਸਟਰੀਟ ਵਿਊ ਦੌਰਾਨ ਘਰਾਂ ਵਿੱਚੋਂ ਨਿੱਜੀ ਜਾਣਕਾਰੀ ਇਕੱਤਰ ਕੀਤੀ ਗਈ ਹੈ। ਅਖੀਰ ਗੂਗਲ ਨੂੰ ਆਪਣੀ ਗਲਤੀ ਮੰਨਣੀ ਪਈ। ਉਸ ਨੇ ਮੰਨਿਆਂ ਕਿ 'ਕਈ ਥਾਵਾਂ ਤੋਂ ਤਾਂ ਪੂਰੀਆਂ ਈ ਮੇਲਾਂ, ਪਤੇ ਅਤੇ ਪਾਸਵਰਡ ਤੱਕ ਦੀ ਜਾਣਕਾਰੀ ਇਕੱਠੀ ਕੀਤੀ ਗਈ ਸੀ।' ਕੈਨੇਡਾ, ਫਰਾਂਸ ਅਤੇ ਨੀਦਰਲੈਂਡ ਦੇ ਤਕਨੀਕੀ ਮਾਹਰਾਂ ਨੇ ਪਤਾ ਲਾ ਲਿਆ ਕਿ ਇਕੱਠੇ ਕੀਤੇ ਅੰਕੜਿਆ ਵਿੱਚ ਨਾਂਅ, ਟੈਲੀਫ਼ੋਨ ਨੰਬਰ, ਕਰੈਡਿਟ ਸੂਚਨਾਵਾਂ, ਪਾਸਵਰਡ, ਮੈਸੇਜਜ਼, ਚੈਟ ਵੇਰਵਿਆਂ ਦੇ ਨਾਲ-ਨਾਲ ਸਿਹਤ ਸੰਬੰਧੀ ਜਾਣਕਾਰੀ, ਲੋਕੇਸ਼ਨ ਡੇਟਾ, ਤਸਵੀਰਾਂ, ਬਰਾਊਜ਼ਿੰਗ ਵਿਹਾਰ, ਵੀਡੀਓ, ਆਡੀਓ ਫਾਈਲਾਂ, ਆਨਲਾਈਨ ਡੇਟਿੰਗ ਅਤੇ ਦੇਖੀ ਗਈ ਪੋਰਨੋਗ੍ਰਾਫੀ ਤੱਕ ਦੇ ਅੰਕੜੇ ਸ਼ਾਮਲ ਸਨ। ਉਹਨਾਂ ਸਿੱਟਾ ਕੱਢਿਆ ਕਿ ਇੱਕ ਵਿਅਕਤੀ ਬਾਰੇ ਏਨੀ ਸਾਰੀ ਜਾਣਕਾਰੀ ਮਿਲਣ ਨਾਲ ਇੱਕ ਸਧਾਰਨ ਵਿਅਕਤੀ ਵੀ ਉਸ ਦੀ ਪਛਾਣ ਕੱਢ ਸਕਦਾ ਹੈ।

ਗੂਗਲ ਦਾ ਇਹ ਜਾਸੂਸੀ ਸਕੈਂਡਲ ਦੁਨੀਆਂ ਭਰ ਵਿੱਚ ਸੁਰਖੀਆਂ ਬਣਿਆ। ਗੂਗਲ ਨੂੰ ਕੈਨੇਡਾ, ਫਰਾਂਸ, ਸਵਿਟਜ਼ਰਲੈਂਡ ਅਤੇ ਨੀਦਰਲੈਂਡ ਵਿੱਚ ਮੁਕੱਦਮੇਬਾਜ਼ੀ ਦਾ ਸਾਹਮਣਾ ਕਰਨਾ ਪਿਆ। 2012 ਵਿੱਚ ਕੁੱਲ 12 ਮੁਲਕਾਂ ਅੰਦਰ ਗੂਗਲ ਵਿਰੁੱਧ ਜਾਂਚ-ਪੜਤਾਲਾਂ ਚੱਲ ਰਹੀਆਂ ਸਨ। ਘੱਟੋ-ਘੱਟ 9 ਦੇਸ਼ਾਂ ਵਿੱਚ ਗੂਗਲ ਨੂੰ ਕਾਨੂੰਨ ਦੀ ਉਲੰਘਣਾ ਦਾ ਦੋਸ਼ੀ ਪਾਇਆ ਗਿਆ, ਪਰ ਇਸ ਸਾਰੇ ਰੌਲ਼ੇ-ਗੌਲ਼ੇ ਦੌਰਾਨ ਵੀ ਗੂਗਲ ਦਾ ਸਟਰੀਟ ਵਿਊ ਜਾਰੀ ਰਿਹਾ। 2008 ਤੋਂ 2010 ਦੇ ਦਰਮਿਆਨ ਪੂਰੀ ਦੁਨੀਆ ਵਿੱਚ ਗੈਰ-ਕਾਨੂੰਨੀ ਤੌਰ 'ਤੇ ਨਿੱਜੀ ਜਾਣਕਾਰੀ ਦੇ 600 ਬਿਲੀਅਨ ਬਾਈਟ ਇਕੱਠੇ ਕੀਤੇ ਗਏ। ਉਂਝ ਕਾਰਪੋਰੇਸ਼ਨ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਨਿੱਜੀ ਜਾਣਕਾਰੀ ਇਕੱਠੀ ਕਰਨੀ ਛੱਡ ਦਿੱਤੀ ਹੈ। ਪਰ ਕੀ ਇਸ ਉੱਤੇ ਅੱਜ ਵੀ ਯਕੀਨ ਕੀਤਾ ਜਾ ਸਕਦਾ ਹੈ ? ਅੱਜ ਕੋਈ ਵੀ ਜ਼ਰਾ ਕੁ ਸੁਚੇਤ ਵਿਅਕਤੀ ਆਪਣੇ ਸੋਸ਼ਲ ਮੀਡੀਆ ਅਕਾਊਂਟਾਂ ਨੂੰ ਜ਼ਰਾ ਕੁ ਨੀਝ ਨਾਲ ਦੇਖ ਕੇ ਹੀ ਸਮਝ ਸਕਦਾ ਹੈ ਕਿ ਉਸ ਦੀ ਨਿੱਜੀ ਜਾਣਕਾਰੀ ਦੇ ਅਧਾਰ ਉੱਤੇ ਕਿਵੇਂ ਉਸ ਨੂੰ ਟਾਰਗਟਡ ਇਸ਼ਤਿਹਾਰਬਾਜ਼ੀ ਲਈ ਵਰਤਿਆ ਜਾ ਰਿਹਾ ਹੈ। ਇਸੇ ਸਟਰੀਟ ਵਿਊ ਦੌਰਾਨ ਇਕੱਠੇ ਕੀਤੇ ਅੰਕੜਿਆਂ ਨੂੰ ਵਰਤ ਕੇ ਹੀ ਗੂਗਲ ਨੇ ਸਵੈ-ਚਾਲਤ ਕਾਰ ਵਿਕਸਤ ਕੀਤੀ ਹੈ।

ਅੱਗੇ ਵਧਦਿਆਂ 2011 ਵਿੱਚ ਕਾਰਪੋਰੇਸ਼ਨ ਨੇ ਐਲਾਨ ਕੀਤਾ ਕਿ ਉਸ ਨੇ ਇੱਕ ਹੋਰ ਮੋਰਚੇ ਉੱਤੇ ਫਤਿਹ ਪ੍ਰਾਪਤ ਕਰ ਲਈ ਹੈ। ਹੁਣ ਉਹ ਗਲੀਆਂ ਵਿੱਚ ਹੀ ਨਹੀਂ, ਵਿਅਕਤੀਆਂ ਨੂੰ ਇਮਾਰਤਾਂ ਦੇ ਅੰਦਰ ਵੀ ਲੱਭ ਸਕਦਾ ਹੈ। ਤੁਸੀਂ ਕਿਸੇ ਹਵਾਈ ਅੱਡੇ ਅੰਦਰ ਹੋਵੋ, ਕਿਸੇ ਸ਼ਾਪਿੰਗ ਮਾਲ ਜਾਂ ਰਿਟੇਲ ਸਟੋਰ ਅੰਦਰ, ਗੂਗਲ ਤੁਹਾਨੂੰ ਦੇਖ, ਸੁਣ ਸਕਦਾ ਹੈ। ਇਸ ਦਾ ਮਤਲਬ ਇਹੀ ਹੈ ਕਿ ਗੂਗਲ ਦੇ ਲੁਕੇ-ਛਿਪੇ ਸੈਂਸਰ ਤੇ ਕੈਮਰੇ ਹੋਰ ਅੰਦਰ ਜਾ ਪੁੱਜੇ ਹਨ।

ਸਤੰਬਰ 2014 ਦੇ ਇੱਕ ਬਲਾਗ ਵਿੱਚ ਗੂਗਲ ਮੈਪਸ ਨੇ ਆਪਣੀਆਂ ਨਵੀਆਂ ਸਮਰਥਾਵਾਂ ਦਾ ਜ਼ਿਕਰ ਕਰਦਿਆਂ ਲਿਖਿਆ ਕਿ ਇਹ ਤੁਹਾਡਾ 'ਨਵਾਂ ਕੋ-ਪਾਇਲਟ ਹੈ, ਜੋ ਹਰੇਕ ਮੋੜ ਉੱਤੇ ਮੁੜਨ ਦੀ ਦਿਸ਼ਾ ਬਾਰੇ ਫੈਸਲਾ ਲੈਂਦਾ ਹੈ, ਇਹ ਨਵੇਂ ਰੈਸਟੋਰੈਂਟ ਖੋਜਦਾ ਹੈ ਅਤੇ ਇਹ ਫੈਸਲਾ ਵੀ ਕਰਦਾ ਹੈ ਕਿ ਤੁਸੀਂ ਕਿਹੜੇ ਪਹਾੜ ਚੜ੍ਹਨੇ ਹਨ।' ਇਹ ਪੋਸਟ ਇਹਨਾਂ ਸਾਰੀਆਂ ਨਵੀਆਂ ਸਮਰਥਾਵਾਂ ਲਈ ਸਟਰੀਟ ਵਿਊ ਪ੍ਰੋਗਰਾਮ ਨੂੰ ਹੀ ਸਿਹਰਾ ਦਿੰਦੀ ਹੈ। ਇਹ ਇੱਕ ਹੋਰ ਐਲਾਨ ਕਰਦੀ ਹੈ। ਇਸ ਨੇ ਇੱਕ ਨਵਾਂ ਬੈਕ ਪੈਕ (ਪਿੱਠ ਪਿੱਛੇ ਲਮਕਾਉਣ ਵਾਲਾ ਬੈਗ) ਈਜਾਦ ਕੀਤਾ ਹੈ, ਜਿਸ ਨੂੰ ਇਹ 'Cartographer' (ਨਕਸ਼ਾ ਨਵੀਸ) ਦਾ ਨਾਂਅ ਦਿੰਦੀ ਹੈ। ਇਸ ਬੈਗ ਵਿੱਚ ਉਹ ਉਪਕਰਣ ਫਿਟ ਕੀਤੇ ਗਏ ਸਨ, ਜੋ ਇਮਾਰਤਾਂ ਦੇ ਅੰਦਰੋਂ ਅੰਕੜੇ ਇਕੱਤਰ ਕਰਨ ਦਾ ਕੰਮ ਕਰਦੇ ਸਨ। ਇਹਨਾਂ ਰਾਹੀਂ ਆਮ ਗਾਹਕਾਂ ਨੂੰ ਹੀ ਇਮਾਰਤਾਂ ਅੰਦਰੋਂ ਡੇਟਾ ਇਕੱਤਰ ਕਰਨ ਦੇ ਕੰਮ ਲਈ ਵਰਤ ਲਿਆ ਜਾਣਾ ਸੀ।

ਇਸੇ ਤਰ੍ਹਾਂ ਦਾ ਇੱਕ ਹੋਰ ਵਿਵਾਦਪੂਰਨ ਯੰਤਰ 'ਗੂਗਲ ਗਲਾਸ' ਵੀ ਕੰਪਨੀ ਨੇ ਬਣਾਇਆ। ਇਹ ਇੱਕ ਤਰ੍ਹਾਂ ਨਾਲ ਅੱਖਾਂ ਉੱਤੇ ਪਹਿਨਣ ਵਾਲੇ ਚਸ਼ਮੇ ਵਰਗਾ ਸੀ। ਇਸ ਚਸ਼ਮੇ ਅੰਦਰ ਹੀ ਕੰਪਿਊਟਰ, ਸੰਚਾਰ, ਫੋਟੋਗਰਾਫੀ, ਜੀ ਪੀ ਐੱਸ ਟਰੈਕਿੰਗ, ਆਡੀਓ-ਵੀਡੀਓ ਰਿਕਾਰਡਿੰਗ, ਅੰਕੜਾ ਵਿਸ਼ਲੇਸ਼ਣ ਆਦਿ ਸਾਰੀਆਂ ਸਮਰਥਾਵਾਂ ਸਨ। ਗਾਹਕ ਇਸ ਨੂੰ ਪਹਿਨਦੇ ਸਨ ਅਤੇ ਇਹ ਆਪਣੇ ਆਪ ਪਲ-ਪਲ ਦਾ ਡੇਟਾ ਇਕੱਠਾ ਕਰਕੇ ਗੂਗਲ ਦੇ ਸਰਵਰ ਨੂੰ ਭੇਜੀ ਜਾਂਦਾ ਸੀ, ਜਿੱਥੇ ਇਸ ਡੇਟਾ ਨੂੰ ਦੂਸਰੀਆਂ ਸਪਲਾਈ ਲਾਈਨਾਂ ਤੋਂ ਆਉਣ ਵਾਲੇ ਡੇਟਾ ਨਾਲ ਮਿਲਾ ਕੇ ਵਿਹਾਰਕ ਵਾਧੂ ਡੇਟਾ ਪੈਦਾ ਕੀਤਾ ਜਾਂਦਾ ਸੀ, ਭਾਵ ਬੰਦੇ ਦੇ ਭਵਿੱਖੀ ਵਿਹਾਰ ਬਾਰੇ ਪੇਸ਼ੀਨਗੋਈਆਂ ਕੀਤੀਆਂ ਜਾਂਦੀਆਂ ਸਨ। ਇਸ ਚਸ਼ਮੇ ਨੂੰ 2012 ਵਿੱਚ ਲਾਂਚ ਕੀਤਾ ਗਿਆ, ਪਰ ਇਸ ਦੇ ਲਾਂਚ ਦੇ ਨਾਲ ਹੀ ਵਿਵਾਦ ਪੈਦਾ ਹੋ ਗਿਆ, ਕਿਉਂਕਿ ਇਹ ਬਿਨਾਂ ਇਜਾਜ਼ਤ ਲਿਆਂ ਹਰ ਕਿਸਮ ਦੇ ਅੰਕੜਿਆਂ ਨੂੰ ਰਿਕਾਰਡ ਕਰਦਾ ਸੀ। ਨਿੱਜਤਾ ਦੇ ਹਮਾਇਤੀਆਂ ਨੇ ਇਸ ਪਲ-ਪਲ ਦੀ ਲੁਕੀ ਹੋਈ ਅੰਕੜਾ ਚੋਰੀ ਦਾ ਵਿਰੋਧ ਕੀਤਾ। ਉਹਨਾਂ ਇਹਨਾਂ ਯੰਤਰਾਂ ਵਿੱਚ ਚਿਹਰਾ ਪਛਾਨਣ ਵਾਲੇ ਸਾਫ਼ਟਵੇਅਰ ਵੀ ਲੱਗੇ ਹੋਣ ਦੀ ਚੇਤਾਵਨੀ ਦਿੱਤੀ ਅਤੇ ਖਤਰਾ ਜ਼ਾਹਰ ਕੀਤਾ ਕਿ ਇਹਨਾਂ ਤਕਨੀਕਾਂ ਨੇ ਬੰਦੇ ਦੇ ਜਨਤਕ ਤੌਰ ਉੱਤੇ ਕੀਤੇ ਜਾਣ ਵਾਲੇ ਵਿਹਾਰ ਨੂੰ ਬੁਨਿਆਦੀ ਤੌਰ ਉੱਤੇ ਬਦਲ ਦੇਣਾ ਹੈ। ਬਹੁਤ ਸਾਰੇ ਵਪਾਰਕ ਅਦਾਰਿਆਂ ਨੇ ਆਪਣੀ ਹਦੂਦ ਅੰਦਰ ਇਸ ਦੀ ਵਰਤੋਂ ਉੱਤੇ ਪਾਬੰਦੀ ਲਾ ਦਿੱਤੀ। ਅਪ੍ਰੈਲ 1914 ਵਿੱਚ ਪਿਊ ਰਿਸਰਚ ਨੇ ਆਪਣੇ ਸਰਵੇ ਦੇ ਨਤੀਜਿਆਂ ਦਾ ਐਲਾਨ ਕਰਦਿਆਂ ਦੱਸਿਆ ਕਿ 53 ਫੀਸਦੀ ਅਮਰੀਕਨ ਇਹਨਾਂ ਬਾਰੇ ਸੋਚਦੇ ਹਨ ਕਿ ਇਹ 'ਭੈੜੀ ਦਿਸ਼ਾ ਵਾਲੀ ਤਬਦੀਲੀ' ਹੈ। ਇਹਨਾਂ ਵਿੱਚ 59 ਫੀਸਦੀ ਔਰਤਾਂ ਸਨ। ਅਖੀਰ ਗੂਗਲ ਨੂੰ ਆਪਣਾ ਇਹ ਪ੍ਰੋਜੈਕਟ ਵੀ ਇਸ ਰੂਪ ਵਿੱਚ ਬੰਦ ਕਰਨਾ ਪਿਆ।

ਪਰ ਗੂਗਲ ਦਾ ਅੰਕੜੇ ਇਕੱਠੇ ਕਰਨ ਦਾ ਜੇਹਾਦ ਕਦੇ ਨਹੀਂ ਰੁਕ ਸਕਦਾ। ਸਤੰਬਰ 2016 ਵਿੱਚ ਤਕਨੀਕ ਸੰਬੰਧੀ ਨਿਊਜ਼ਲੈਟਰ 'ਦ ਰਜਿਸਟਰ' ਨੇ ਇੰਕਸ਼ਾਫ਼ ਕੀਤਾ ਕਿ ਸਭ ਤੋਂ ਨਵੇਂ ਐਂਡਰਾਇਡ ਫੋਨਾਂ ਵਿੱਚ ਪਹਿਲਾਂ ਤੋਂ ਇੰਸਟਾਲ ਗੂਗਲ ਪਲੇਅ ਐਪ ਲਗਾਤਾਰ ਵਰਤੋਂਕਾਰ ਦੀ ਲੋਕੇਸ਼ਨ ਦੇਖਦਾ ਰਹਿੰਦਾ ਹੈ ਅਤੇ ਅੰਕੜੇ ਗੂਗਲ ਦੇ ਆਪਣੇ ਸਰਵਰਾਂ ਦੇ ਨਾਲ ਕਿਸੇ ਤੀਸਰੀ ਪਾਰਟੀ ਨੂੰ ਵੀ ਭੇਜਦਾ ਹੈ। ਸੁਰੱਖਿਆ ਸੰਬੰਧੀ ਇੱਕ ਖੋਜਕਰਤਾ ਉਦੋਂ ਹੈਰਾਨ ਰਹਿ ਗਿਆ, ਜਦੋਂ ਐਂਡਰਾਇਡ ਐਪ ਨੇ ਉਸ ਨੂੰ ਮੈਕਡਾਨਲਡ ਦੀ ਐਪ ਡਾਊਨਲੋਡ ਕਰਨ ਲਈ ਉਕਸਾਇਆ। ਉਦੋਂ ਉਸ ਨੇ ਕਿਸੇ ਮੈਕਡਾਨਲਡ ਰੈਸਟੋਰੈਂਟ ਨੂੰ ਪਾਰ ਹੀ ਕੀਤਾ ਸੀ। ਉਸ ਨੇ ਬਾਅਦ ਵਿੱਚ ਦੇਖਿਆ ਕਿ ਗੂਗਲ ਪਲੇਅ ਨੇ ਹਜ਼ਾਰਾਂ ਵਾਰ ਉਸ ਦੀ ਲੋਕੇਸ਼ਨ ਮੋਨੀਟਰ ਕੀਤੀ ਸੀ। ਇਸ ਲਿਖਤ ਦੇ ਲੇਖਕ ਨੂੰ ਕੁਝ ਦਿਨ ਪਹਿਲਾਂ ਹੀ ਇਸ ਦਾ ਨਿੱਜੀ ਅਨੁਭਵ ਹੋਇਆ। ਉਹ ਸਿੱਖਿਆ ਵਿਭਾਗ ਦੇ ਇੱਕ ਪ੍ਰੋਗਰਾਮ ਦੀ ਅਸੈੱਸਮੈਂਟ ਕਰਨ ਲਈ ਆਪਣੇ ਵਿਦਿਆਰਥੀਆਂ ਸਮੇਤ ਇੱਕ ਸੀਨੀਅਰ ਸੈਕੰਡਰੀ ਸਕੂਲ ਗਿਆ। ਸਕੂਲ ਦੀ ਪ੍ਰਿੰਸੀਪਲ ਅਤੇ ਹੋਰ ਸਟਾਫ਼ ਨਾਲ ਮੁਲਾਕਾਤ ਅਤੇ ਸਵਾਲ-ਜਵਾਬ ਹੋਏ। ਉਸੇ ਦਿਨ ਸ਼ਾਮ ਨੂੰ ਉਸ ਦੇ ਫੇਸਬੁਕ ਅਕਾਊਂਟ ਵਿੱਚ ਆਏ ਫਰੈਂਡਸ਼ਿਪ ਸੁਝਾਵਾਂ ਵਿੱਚ ਸਕੂਲ ਦੀ ਪ੍ਰਿੰਸੀਪਲ ਦਾ ਨਿੱਜੀ ਅਕਾਊਂਟ ਅਤੇ ਸਕੂਲ ਦੇ ਨਾਂਅ ਵਾਲਾ ਅਕਾਊਂਟ ਦੋਵੇਂ ਸ਼ਾਮਲ ਸਨ। ਫ਼ੇਸਬੁਕ ਨੇ ਲੇਖਕ ਦੀ ਉਸ ਦਿਨ ਦੀ ਸਕੂਲ ਯਾਤਰਾ ਦੀ ਪੂਰੀ ਜਾਸੂਸੀ ਕੀਤੀ ਸੀ।

ਇਸੇ ਤਰ੍ਹਾਂ ਗੂਗਲ ਮੈਪਸ ਤੁਹਾਨੂੰ ਇਹ ਮੌਕਾ ਹੀ ਨਹੀਂ ਦਿੰਦਾ ਕਿ ਤੁਸੀਂ ਇਸ ਨੂੰ ਬੰਦ ਕਰ ਦੇਵੋ। ਜੇ ਤੁਸੀਂ ਇਸ ਨੂੰ ਬੰਦ ਕਰਦੇ ਹੋ ਤਾਂ ਐਂਡਰਾਇਡ ਸਿਸਟਮ ਤੁਹਾਨੂੰ ਚੇਤਾਵਨੀ ਦੇਵੇਗਾ, 'ਤੁਹਾਡੇ ਯੰਤਰ ਦੇ ਬੁਨਿਆਦੀ ਫੀਚਰ ਹੁਣ ਉਸ ਤਰ੍ਹਾਂ ਕੰਮ ਨਹੀਂ ਕਰਨਗੇ, ਜਿਵੇਂ ਉਹਨਾਂ ਤੋਂ ਆਸ ਕੀਤੀ ਗਈ ਸੀ।' ਇਸ ਤਰ੍ਹਾਂ ਵਰਤੋਂਕਾਰ ਨੂੰ ਫਿਰ ਤੋਂ ਇਸ ਨੂੰ ਚਲਾਉਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ।

ਫੇਸਬੁਕ ਨੇ ਅਪ੍ਰੈਲ 2010 ਵਿੱਚ ਦੋਸਤਾਂ ਦਰਮਿਆਨ ਸੰਚਾਰ ਲਈ 'ਲਾਈਕ' ਬਟਨ ਲਾਇਆ। ਫੇਸਬੁਕ ਦੇ ਜ਼ੁਕਰਬਰਗ ਨੇ ਇਸੇ ਨੂੰ ਸ਼ੁਰੂ ਵਿੱਚ ਵਿਹਾਰਕ ਵਾਧੂ ਅੰਕੜੇ ਇਕੱਤਰ ਕਰਨ ਲਈ ਵਰਤਿਆ। ਫੇਸਬੁਕ ਦਾ ਵਰਤੋਂਕਾਰ ਜਦੋਂ ਵੀ ਕੁਝ 'ਲਾਈਕ' ਕਰਦਾ ਹੈ ਤਾਂ ਉਹ ਸਿਰਫ ਆਪਣੀ ਪਸੰਦ ਨਹੀਂ ਦੱਸ ਰਿਹਾ ਹੁੰਦਾ, ਸਗੋਂ ਅੰਕੜੇ ਵੀ ਪੈਦਾ ਕਰ ਰਿਹਾ ਹੁੰਦਾ ਹੈ। ਇੱਕ ਡੱਚ ਖੋਜਕਾਰ ਆਰਨਲਡ ਰੂਜ਼ਨਡਾਲ ਨੇ ਇੱਕ ਅਧਿਐਨ ਵਿੱਚ ਦਿਖਾਇਆ ਕਿ ਇਹ 'ਲਾਈਕ' ਬਟਨ ਲਗਾਤਾਰ ਵਾਧੂ ਵਿਹਾਰਕ ਅੰਕੜੇ ਇਕੱਠੇ ਕਰਨ ਅਤੇ ਅੱਗੇ ਭੇਜਣ ਦਾ ਸਾਧਨ ਹੈ। ਫੇਸਬੁਕ ਵਰਤੋਂਕਾਰਾਂ ਦੇ ਫੋਨਾਂ ਅਤੇ ਕੰਪਿਊਟਰਾਂ ਅੰਦਰ ਕੁਕੀਜ਼ ਭੇਜਣ ਦਾ ਮਾਹਰ ਹੈ, ਚਾਹੇ ਕਿਸੇ ਨੇ 'ਲਾਈਕ' ਬਟਨ ਵੀ ਨਾ ਦਬਾਇਆ ਹੋਵੇ। ਰੂਜ਼ਨਡਾਲ ਨੇ ਦੇਖਿਆ ਕਿ ਇਹ ਬਟਨ ਫੇਸਬੁਕ ਨਾ ਵਰਤਣ ਵਾਲਿਆਂ ਦੇ ਅੰਕੜੇ ਇਕੱਠੇ ਕਰਨ ਦੇ ਵੀ ਸਮਰੱਥ ਸੀ। ਉਸ ਨੇ ਸਿੱਟਾ ਕੱਢਿਆ ਕਿ ਫੇਸਬੁਕ ਹਰੇਕ ਵੈੱਬ ਵਰਤੋਂਕਾਰ ਨਾਲ ਜੁੜਨ ਅਤੇ ਨਤੀਜਤਨ ਉਸ ਦੀ ਨਿਗਰਾਨੀ ਕਰਨ ਦੇ ਸਮਰੱਥ ਸੀ।

ਫੇਸਬੁਕ ਨੇ ਉਸ ਦੀ ਇਸ ਖੋਜ ਨੂੰ ਇਸ ਅਧਾਰ ਉੱਤੇ ਨਕਾਰ ਦਿੱਤਾ ਕਿ ਇਹ ਕਿਸੇ 'ਬੱਗ' (ਕੰਪਿਊਟਰ ਪ੍ਰੋਗਰਾਮ ਦਾ ਕੋਈ ਨੁਕਸ) ਕਾਰਨ ਵਾਪਰਿਆ ਹੈ। 25 ਸਤੰਬਰ 2011 ਨੂੰ ਇੱਕ ਆਸਟਰੇਲੀਅਨ ਹੈਕਰ ਨਿਕ ਕਿਊਬਰੀਲੋਵਿਕ ਨੇ ਦਿਖਾਇਆ ਕਿ ਫੇਸਬੁਕ ਵਰਤੋਂਕਾਰ ਦੇ ਲਾਗ ਆਊਟ ਕਰਨ ਤੋਂ ਬਾਅਦ ਵੀ ਉਸ ਦਾ ਪਿੱਛਾ ਕਰਦਾ ਰਹਿੰਦਾ ਹੈ। 2014 ਤੱਕ ਪਹੁੰਚਦਿਆਂ ਤਾਂ ਕਾਰਪੋਰੇਸ਼ਨ ਨੇ ਖੁੱਲ੍ਹਾ ਐਲਾਨ ਹੀ ਕਰ ਦਿੱਤਾ ਕਿ ਉਹ 'ਲਾਈਕ' ਅਤੇ ਹੋਰ ਸਾਧਨਾਂ ਨਾਲ ਵਰਤੋਂਕਾਰਾਂ ਦੇ ਵਿਸਥਾਰ ਭਰੇ ਨਿੱਜੀ ਪ੍ਰੋਫਾਈਲ ਤਿਆਰ ਕਰੇਗੀ, ਤਾਂ ਜੋ ਉਹਨਾਂ ਨੂੰ ਉਹਨਾਂ ਦੀਆਂ ਰੁਚੀਆਂ ਅਨੁਸਾਰ ਇਸ਼ਤਿਹਾਰ ਦਿਖਾਏ ਜਾ ਸਕਣ। ਉਸ ਨੇ ਮੰਨ ਲਿਆ ਕਿ ਜਿਸ ਨੂੰ ਉਹ ਪਹਿਲਾਂ ਕੰਪਿਊਟਰ ਸਿਸਟਮ ਦਾ ਨੁਕਸ ਕਹਿ ਰਹੀ ਸੀ , ਦਰਅਸਲ ਉਹ 'ਬੱਗ' ਨਹੀਂ 'ਫੀਚਰ' ਸੀ।

ਰਹਿੰਦੀਆਂ ਤਿੰਨ ਸਭ ਤੋਂ ਵੱਡੀਆਂ ਇੰਟਰਨੈੱਟ ਕੰਪਨੀਆਂ ਮਾਈਕਰੋਸਾਫਟ, ਐਪਲ ਅਤੇ ਐਮੇਜ਼ਨ ਵਿੱਚੋਂ ਸਭ ਤੋਂ ਪਹਿਲਾਂ ਮਾਈਕਰੋਸਾਫਟ ਤਕਨੀਕ ਦੇ ਖੇਤਰ ਵਿੱਚ ਆਪਣੀ ਖੁਸੀ ਸਰਦਾਰੀ ਮੁੜ ਹਾਸਲ ਕਰਨ ਲਈ ਨਿਗਰਾਨ ਸਰਮਾਏਦਾਰੀ ਦੇ ਦਾਅਪੇਚਾਂ ਵੱਲ ਝੁਕੀ। ਇਸ ਤੋਂ ਪਹਿਲਾਂ ਮਾਈਕਰੋਸਾਫਟ ਨੇ ਗੂਗਲ ਦੀ ਸਰਚ ਦਾ ਮੁਕਾਬਲਾ ਕਰਨ ਦੇ ਕਈ ਮੌਕੇ ਐਵੇਂ ਹੀ ਗਵਾ ਦਿੱਤੇ ਸਨ। ਫਰਵਰੀ 2014 ਵਿੱਚ ਕੰਪਨੀ ਦੇ ਨਵੇਂ ਬਣੇ ਸੀ ਈ ਓ ਸੱਤਿਯਾ ਨਡੇਲਾ ਨੇ ਇਸ ਤੱਥ ਨੂੰ ਪਛਾਣ ਲਿਆ ਕਿ ਮਾਈਕਰੋਸਾਫਟ ਦਾ ਸਰਚ ਇੰਜਣ 'ਬਿੰਗ' ਗੂਗਲ ਦਾ ਮੁਕਾਬਲਾ ਨਹੀਂ ਕਰ ਸਕਦਾ। ਗੂਗਲ ਦਾ ਸਕੇਲ ਕੁਝ ਜ਼ਿਆਦਾ ਹੀ ਵੱਡਾ ਸੀ, ਇਸ ਲਈ ਆਪਣਾ ਸਕੇਲ ਵਧਾਉਣ ਲਈ ਉਸ ਨੇ ਕਈ ਕਦਮ ਚੁੱਕੇ। ਇਹਨਾਂ ਵਿੱਚੋਂ ਇੱਕ ਸੀ ਡਿਜੀਟਲ ਸਹਾਇਕ-ਕੋਰਟਾਨਾ। 2015 ਵਿੱਚ ਇਸ ਦੀ ਲਾਂਚ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ ਵਰਤੋਂਕਾਰਾਂ ਨੇ ਇਸ ਨੂੰ ਇੱਕ ਬਿਲੀਅਨ ਤੋਂ ਵੱਧ ਸਵਾਲ ਪੁੱਛੇ। ਕਿਸੇ ਬਰਾਊਜ਼ਰ ਵਿੱਚ ਪੁੱਛੇ 5 ਸਵਾਲਾਂ ਵਿੱਚੋਂ 4 ਗੂਗਲ ਨੂੰ ਜਾਂਦੇ ਸਨ, ਪਰ ਵਿੰਡੋਜ਼ 19 ਦੇ ਟਾਸਕ ਬਾਰ ਵਿੱਚ ਕੋਰਟਾਨਾ ਨੂੰ ਪੁੱਛੇ 5 ਵਿੱਚੋਂ 5 ਸਵਾਲ ਬਿੰਗ ਨੂੰ ਜਾਂਦੇ ਸਨ।

ਆਪਣੀ ਨਵੀਂ ਵਿੰਡੋਜ਼ 10 ਵਿੱਚ ਵੀ ਕੰਪਨੀ ਨੇ ਅਜਿਹੇ ਨਵੇਂ ਫੀਚਰ ਸ਼ਾਮਿਲ ਕੀਤੇ, ਜਿਹਨਾਂ ਦਾ ਕੰਮ ਅੰਕੜੇ ਇਕੱਠੇ ਕਰਨਾ ਹੀ ਸੀ। ਇੱਕ ਸਾਫਟਵੇਅਰ ਇੰਜੀਨੀਅਰ ਨੇ 'ਸਲੇਟ' ਪਰਚੇ ਵਿੱਚ ਲਿਖ ਕੇ ਦੱਸਿਆ ਕਿ ਕਿਵੇਂ ਵਿੰਡੋਜ਼ 10 ਵਰਤੋਂਕਾਰ ਦੇ ਸਰਵਰ ਦੇ ਅੰਕੜੇ ਮਾਈਕਰੋਸਾਫਟ ਦੇ ਸਰਵਰ ਨਾਲ ਸਾਂਝਿਆਂ ਕਰਦੀ ਹੈ। ਉਹ ਤੁਹਾਡੀ ਇੰਟਰਨੈੱਟ ਬੈਂਡਵਿਡਥ ਨੂੰ ਆਪਣੇ ਮੰਤਵਾਂ ਲਈ ਵਰਤਦੀ ਹੈ ਅਤੇ ਤੁਸੀਂ ਵਿੰਡੋਜ਼ ਦੀ ਕਿਵੇਂ ਵਰਤੋਂ ਕੀਤੀ ਹੈ, ਸਾਰੀ ਜਾਣਕਾਰੀ ਇਕੱਠੀ ਕਰਦੀ ਰਹਿੰਦੀ ਹੈ। 2016 ਵਿੱਚ ਮਾਈਕਰੋਸਾਫ਼ਟ ਨੇ 26.2 ਬਿਲੀਅਨ ਡਾਲਰ ਵਿੱਚ ਕਿੱਤਾਕਾਰੀ ਸੋਸ਼ਲ ਨੈਟਵਰਕ 'ਲਿੰਕਡਿਨ' ਖਰੀਦ ਲਿਆ। ਕੰਪਨੀ ਦਾ ਮੰਤਵ ਇਸ ਦੇ 450 ਮਿਲੀਅਨ ਵਰਤੋਂਕਾਰਾਂ ਦੇ ਅੰਕੜਿਆਂ ਤੱਕ ਪਹੁੰਚ ਬਣਾਉਣਾ ਹੀ ਸੀ। ਇਹਨਾਂ ਸਾਰੇ ਉੱਦਮਾਂ ਦਾ ਨਤੀਜਾ ਇਹ ਨਿੱਕਲਿਆ ਕਿ ਜਨਵਰੀ 2017 ਵਿੱਚ ਕੰਪਨੀ ਦਾ ਸਰਮਾਇਆ ਸੰਨ 2000 ਤੋਂ ਬਾਅਦ ਪਹਿਲੀ ਵਾਰ ਵਧ ਕੇ 500 ਬਿਲੀਅਨ ਡਾਲਰ ਹੋ ਗਿਆ ਅਤੇ ਇਸ ਦੇ ਸ਼ੇਅਰਾਂ ਦੀ ਕੀਮਤ ਹੁਣ ਤੱਕ ਦੀ ਸਭ ਤੋਂ ਵੱਧ 65.64 ਡਾਲਰ ਹੋ ਗਈ।

ਇਸੇ ਤਰ੍ਹਾਂ ਦੀ ਉਦਾਹਰਣ ਐਮੇਜ਼ਨ ਦੀ 'ਅਲੈਕਸਾ' ਦੀ ਹੈ। ਇਹ ਯੰਤਰ ਵੀ ਲੋਕਾਂ ਦੇ ਘਰ ਪਿਆ ਚੁੱਪਚਾਪ ਘਰ ਅੰਦਰਲੀ ਹਰੇਕ ਅਵਾਜ਼ ਸੁਣਦਾ ਹੈ ਅਤੇ ਕੰਪਨੀ ਦੇ ਸਰਵਰ ਉੱਤੇ ਰਿਕਾਰਡ ਕਰਦਾ ਰਹਿੰਦਾ ਹੈ। ਚਾਹੇ ਸ਼ੁਰੂ ਵਿੱਚ ਐਮੇਜ਼ਨ ਇਹ ਗੱਲ ਸਵੀਕਾਰ ਨਹੀਂ ਸੀ ਕਰਦੀ, ਪ੍ਰੰਤੂ ਹੁਣ ਇੱਕ ਤੋਂ ਵਧੇਰੇ ਘਟਨਾਵਾਂ ਅਜਿਹੀਆਂ ਸਾਹਮਣੇ ਆਈਆਂ ਹਨ, ਜਿਹਨਾਂ ਵਿੱਚ ਮੁਲਕ ਦੀ ਪੁਲਸ ਨੇ ਇਸ ਰਾਹੀਂ ਰਿਕਾਰਡ ਕੀਤੀਆਂ ਆਵਾਜ਼ਾਂ ਨੂੰ ਅਪਰਾਧਾਂ ਦੀਆਂ ਗੁੱਥੀਆਂ ਸੁਲਝਾਉਣ ਲਈ ਵਰਤਿਆ ਹੈ। ਅਮਰੀਕਾ ਅਤੇ ਹੋਰ ਮੁਲਕਾਂ ਵਿੱਚ ਕਈ ਅਪਰਾਧਕ ਕੇਸਾਂ ਵਿੱਚ ਇਸ ਦੀ ਰਿਕਾਰਡਿੰਗ ਨੂੰ ਗਵਾਹੀ ਵਜੋਂ ਪੇਸ਼ ਕੀਤਾ ਗਿਆ ਹੈ।

ਦੁਨੀਆ ਦੇ ਕਈ ਮੁਲਕਾਂ ਵਿੱਚ ਨਾਗਰਿਕਾਂ ਦੀ ਨਿੱਜਤਾ ਦੀ ਰੱਖਿਆ ਲਈ ਕਾਨੂੰਨ ਬਣੇ ਹੋਏ ਹਨ, ਪ੍ਰੰਤੂ ਇਹਨਾਂ ਸਭਨਾਂ ਕੰਪਨੀਆਂ ਲਈ ਇਹ ਕਾਨੂੰਨ ਬੇਮਾਅਨਾ ਹਨ। ਮੁਫ਼ਤ ਸੇਵਾਵਾਂ ਦੇ ਨਾਂਅ ਉੱਤੇ ਇਹਨਾਂ ਨੂੰ ਜੋ ਵੀ ਅੰਕੜੇ ਪ੍ਰਾਪਤ ਹੁੰਦੇ ਹਨ, ਉਹ ਤੁਰੰਤ ਵਿਹਾਰਕ ਪੇਸ਼ੀਨਗੋਈਆਂ ਲਈ ਵੱਖ-ਵੱਖ ਸਪਲਾਈ ਚੇਨਾਂ ਨਾਲ ਜਾ ਜੁੜਦੇ ਹਨ। ਵਰਤੋਂਕਾਰਾਂ ਨੂੰ ਇਹਨਾਂ ਕਾਰਪੋਰੇਸ਼ਨਾਂ ਨਾਲ ਇੱਕ ਤਰ੍ਹਾਂ ਦਾ ਫਾਸਟੀਅਨ ਸੌਦਾ ਕਰਨਾ ਪੈ ਰਿਹਾ ਹੈ। ਡਾਕਟਰ ਫਾਸਟਸ ਨੇ ਟਰੋਏ ਦੀ ਹੈਲਨ ਨਾਲ ਸੌਣ ਦਾ ਸੁਪਨਾ ਪੂਰਾ ਕਰਨ ਦੇ ਬਦਲੇ ਆਪਣੀ ਆਤਮਾ ਸ਼ੈਤਾਨ ਨੂੰ ਸੌਂਪ ਦਿੱਤੀ ਸੀ। ਅੱਜ ਹਰੇਕ ਵਰਤੋਂਕਾਰ ਨੂੰ ਮੁਫ਼ਤ ਇੱਕ ਈ ਮੇਲ ਭੇਜਣ ਜਾਂ ਇੱਕ ਸੋਸ਼ਲ ਮੀਡੀਆ ਅਕਾਊਂਟ ਖੋਹਲਣ ਦੇ ਬਦਲੇ ਵਿੱਚ ਆਪਣੇ ਨਿੱਜੀ ਅੰਕੜੇ ਕਾਰਪੋਰੇਸ਼ਨਾਂ ਦੇ ਹਵਾਲੇ ਕਰਨੇ ਪੈਂਦੇ ਹਨ। ਕਾਰਪੋਰੇਸ਼ਨਾਂ ਫਿਰ ਸਾਡੇ ਵੱਲੋਂ ਹੀ ਪ੍ਰਦਾਨ ਕੀਤੇ ਗਏ ਅੰਕੜਿਆਂ ਨੂੰ ਸਾਡੇ ਹੀ ਮਨਾਂ ਨੂੰ ਆਪਣੇ ਮਨਭਾਉਂਦੇ ਰੂਪਾਂ ਵਿੱਚ ਢਾਲਣ ਲਈ ਵਰਤਦੀਆਂ ਹਨ।

ਕਾਰਪੋਰੇਸ਼ਨਾਂ ਨੂੰ ਇੱਕੋ ਤਰ੍ਹਾਂ ਦਾ ਮਨ ਪਸੰਦ ਹੈ : ਖਪਤਕਾਰੀ ਮਨ। ਇਸੇ ਲਈ ਇਹ ਕੋਈ ਅਲੋਕਾਰੀ ਗੱਲ ਨਹੀਂ ਕਿ ਅੱਜ ਹਰ ਪਾਸੇ ਹਰ ਪਲ ਸੈੱਲ ਫ਼ੋਨ ਵਿੱਚ ਨਜ਼ਰਾਂ ਗੱਡੀ ਬੈਠੇ, ਖੜ੍ਹੇ ਜਾਂ ਤੁਰੇ ਫਿਰਦੇ ਨੌਜਵਾਨ ਦਿਸਦੇ ਹਨ। ਡਿਜੀਟਲ ਅਤੇ ਵਰਚੂਅਲ ਸੰਸਾਰ ਦੇ ਇਹ ਨਾਗਰਿਕ ਬੌਧਿਕ ਤੌਰ ਉੱਤੇ ਸੁੰਨ ਹੋ ਚੁੱਕੇ ਹਨ। ਉਹਨਾਂ ਕੋਲ ਖਪਤ ਤੋਂ ਸਿਵਾ ਹੋਰ ਕੋਈ ਸੁਫਨਾ ਨਹੀਂ ਬਚਿਆ। ਜੇ ਕੁਝ ਬਚਿਆ ਹੈ ਤਾਂ ਸੋਸ਼ਲ ਮੀਡੀਆ ਉੱਤੇ ਆਪਣੇ ਫਾਲੋਅਰਾਂ ਦੀ ਗਿਣਤੀ ਵਧਦੀ ਦੇਖਣ ਦਾ ਚਾਅ। ਅੱਜ ਰੀਲਾਂ ਬਣਾਉਣਾ ਜਾਂ ਦੇਖਣਾ ਹੀ ਰਾਸ਼ਟਰੀ ਖਬਤ ਬਣ ਗਿਆ ਹੈ। ਹਰ ਕੋਈ ਆਪਣੀ ਸਨੈਪਚੈਟੀ ਸੈਲਫੀ ਵਰਗਾ ਦਿਸਣਾ ਚਾਹੁੰਦਾ ਹੈ। ਬੌਧਿਕ ਸੁੰਨਪੁਣਾ ਹੰਢਾਉਂਦੇ ਲੋਕ ਹੀ ਭਗਤ ਬਣਦੇ ਹਨ, ਕਿਉਂਕਿ ਉਹਨਾਂ ਲਈ ਤਰਕ ਕਿਸੇ ਦੂਜੇ ਗ੍ਰਹਿ ਦੀ ਚੀਜ਼ ਬਣ ਚੁੱਕਿਆ ਹੁੰਦਾ ਹੈ। ਭਗਤ ਹੋਣਾ ਹੁਣ ਫ਼ਖਰਯੋਗ ਸਮਝਿਆ ਜਾਣ ਲੱਗਾ ਹੈ। ਇਹਨਾਂ ਕਾਰਪੋਰੇਸ਼ਨਾਂ ਨੇ ਮਨੁੱਖੀ ਮਨ ਨੂੰ ਕੁਝ ਇਸੇ ਤਰ੍ਹਾਂ ਨਾਲ ਉਲਟਾਅ ਦਿੱਤਾ ਹੈ।

ਇਸ ਲਈ ਸਾਵਧਾਨ! ਕੋਈ ਸਿਰਫ਼ ਸਾਡੀ ਨਿਗਰਾਨੀ ਹੀ ਨਹੀਂ ਕਰ ਰਿਹਾ, ਸਾਨੂੰ ਆਪਣੀ ਮਰਜ਼ੀ ਮੁਤਾਬਕ ਘੜ ਵੀ ਰਿਹਾ ਹੈ।

***ਸੰਪਰਕ : 98550-36890***

## ਬਾਲ ਕੋਨਾ

### ਸਮਾਜਿਕ ਸਿੱਖਿਆ ਵਿਸ਼ੇ ਦੀ ਮਹੱਤਤਾ

ਪਿਆਰੇ ਵਿਦਿਆਰਥੀਓ,

ਆਓ ਜਾਣੀਏ ਕਿ ਸਮਾਜਿਕ ਸਿੱਖਿਆ ਵਰਗੇ ਅਹਿਮ ਵਿਸ਼ੇ ਦੀ ਕੀ ਮਹੱਤਤਾ ਹੈ।

ਸਮਾਜਿਕ ਸਿੱਖਿਆ ਵਿਦਿਆਰਥੀਆਂ ਦੇ ਸਮਾਜਿਕ ਅਤੇ ਬੌਧਿਕ ਵਿਕਾਸ ਵਿੱਚ ਕੇਂਦਰੀ ਭੂਮਿਕਾ ਅਦਾ ਕਰਦੀ ਹੈ। ਇਹ ਵਿਸ਼ਾ ਕੇਵਲ ਇਤਿਹਾਸ, ਭੂਗੋਲ, ਨਾਗਰਿਕ ਸ਼ਾਸਤਰ ਅਤੇ ਅਰਥਸ਼ਾਸਤਰ ਤੱਕ ਹੀ ਸੀਮਿਤ ਨਹੀਂ, ਸਗੋਂ ਅਜੋਕੇ ਯੁੱਗ ਵਿੱਚ ਜੀਵਨ ਜਿਉਣ ਦੀ ਕਲਾ ਬਣ ਚੁੱਕਾ ਹੈ।

ਸਮਾਜਿਕ ਸਿੱਖਿਆ ਵਿਦਿਆਰਥੀਆਂ ਨੂੰ ਲੋਕ-ਵਿਵਹਾਰ ਅਤੇ ਸਮਾਜ ਨਾਲ ਸੰਬੰਧ ਬਣਾਉਣ ਦੀ ਸਮਝ ਦਿੰਦੀ ਹੈ। ਮੁਢਲੀਆਂ ਜਮਾਤਾਂ ਵਿੱਚ ਇਹ ਵਿਸ਼ਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ, ਕਿਉਂਕਿ ਇਹ ਉਹ ਸਮਾਂ ਹੁੰਦਾ ਹੈ ਜਦੋਂ ਬੱਚਿਆਂ ਦੀ ਸੋਚਣ ਦੀ ਯੋਗਤਾ, ਸਮਝਦਾਰੀ ਅਤੇ ਵਿਵਹਾਰਕ ਜੀਵਨ ਦੀ ਸ਼ੁਰੂਆਤ ਹੁੰਦੀ ਹੈ।

ਇਸ ਵਿਸ਼ੇ ਰਾਹੀਂ ਵਿਦਿਆਰਥੀ ਆਪਣੀ ਸੰਸਕ੍ਰਿਤੀ, ਪੁਰਾਤਨ ਪਰੰਪਰਾਵਾਂ, ਤਿਆਗ ਅਤੇ ਸੇਵਾ ਭਾਵਨਾ ਵਰਗੇ ਮੂਲ ਮੁੱਲ ਸਿੱਖਦੇ ਹਨ। ਇਹ ਵਿਸ਼ਾ ਉਨ੍ਹਾਂ ਵਿੱਚ ਜਵਾਬਦੇਹੀ, ਸਹਿਯੋਗ ਅਤੇ ਬਰਾਬਰੀ ਦੀ ਭਾਵਨਾ ਪੈਦਾ ਕਰਦਾ ਹੈ।

ਜੇਕਰ ਭਵਿੱਖ ਦੀ ਗੱਲ ਕੀਤੀ ਜਾਵੇ ਤਾਂ ਸਮਾਜਿਕ ਸਿੱਖਿਆ ਵਿਦਿਆਰਥੀਆਂ ਨੂੰ ਸੁਚੱਜਾ, ਸੂਝਵਾਨ ਅਤੇ ਜ਼ਿੰਮੇਵਾਰ ਨਾਗਰਿਕ ਬਣਾਉਣ ਵਿੱਚ ਅਹਿਮ ਯੋਗਦਾਨ ਪਾਉਂਦੀ ਹੈ। ਭਾਰਤ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਸਮਝਣ ਅਤੇ ਜੀਵਨ ਨੂੰ ਕਾਨੂੰਨੀ ਨਿਯਮਾਂ ਅਨੁਸਾਰ ਜਿਉਣ ਲਈ ਇਸ ਵਿਸ਼ੇ ਦੀ ਮਹੱਤਤਾ ਅਣਗੌਲਣਯੋਗ ਹੈ।ਸਮਾਜਿਕ ਸਿੱਖਿਆ ਰਾਹੀਂ ਵਿਦਿਆਰਥੀ ਆਪਣੇ ਫਰਜ਼, ਅਧਿਕਾਰ, ਕਰਤਬ, ਵਾਤਾਵਰਣ, ਆਰਥਿਕ ਵਿਸ਼ੇ ਅਤੇ ਰਾਸ਼ਟਰ ਦੇ ਨਿਰਮਾਣਕਾਰੀ ਤੱਤਾਂ ਦੀ ਵੀ ਗਹਿਰੀ ਸਮਝ ਹਾਸਲ ਕਰਦੇ ਹਨ।ਸਮਾਜਿਕ ਸਿੱਖਿਆ ਨਾ ਸਿਰਫ਼ ਵਿਦਿਅਕ ਪੱਧਰ 'ਤੇ, ਸਗੋਂ ਰਾਸ਼ਟਰ ਨਿਰਮਾਣ ਅਤੇ ਪ੍ਰਤਿਯੋਗੀ ਪ੍ਰੀਖਿਆਵਾਂ ਲਈ ਵੀ ਇੱਕ ਅਣਮੁੱਲੀ ਤਿਆਰੀ ਹੈ। ਅੱਜ ਦਾ ਹਰ ਵਿਦਿਆਰਥੀ ਕਿਸੇ ਨਾ ਕਿਸੇ ਸਰਕਾਰੀ ਜਾਂ ਮੁਕਾਬਲੇ ਦੀ ਪ੍ਰੀਖਿਆ ਦੇਣ ਦਾ ਸੁਪਨਾ ਰੱਖਦਾ ਹੈ। ਇਨ੍ਹਾਂ ਪ੍ਰੀਖਿਆਵਾਂ ਵਿੱਚ ਸਮਾਜਿਕ ਸਿੱਖਿਆ ਵਿਸ਼ੇ ਦੀ ਅਹਿਮ ਭੂਮਿਕਾ ਸਾਫ਼-ਸਾਫ਼ ਨਜ਼ਰ ਆਉਂਦੀ ਹੈ।ਜੇਕਰ ਇੰਝ ਕਿਹਾ ਜਾਵੇ ਕਿ ਸਮਾਜਿਕ ਸਿੱਖਿਆ ਤੋਂ ਬਿਨਾਂ ਕੋਈ ਵੀ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਨੀ ਆਸਾਨ ਨਹੀਂ ਤਾਂ ਇਹ ਗਲਤ ਨਹੀਂ ਹੋਵੇਗਾ ਬੱਚਿਆਂ ਨੂੰ ਇਸ ਲਈ ਇਸ ਵਿਸ਼ੇ ਨੂੰ ਅਣਗੌਲਿਆ ਕਰਨਾ ਨਾਦਾਨੀ ਹੈ।

**- ਮਾਸਟਰ ਕਮਲ ਸਹਿਗਲ**

### ਨਾਨੂ, ਵੋਹ ਕਿੱਧਰ ਗਈ

ਅਮਰੀਕਾ ਪਰਵਾਸ ਕਰ ਜਾਣ ਦਾ ਸੁਨਹਿਰੀ ਮੌਕਾ ਮਿਲ ਗਿਆ ਸੀ। ਉਹ ਹੱਥੋਂ ਜਾਣ ਨਹੀਂ ਸਨ ਦੇਣਾ ਚਾਹੁੰਦੇ। ਇਸ ਲਈ ਉਡਾਰੀ ਮਾਰ ਹੀ ਗਏ।

ਦੋਵੇਂ ਪਤੀ-ਪਤਨੀ ਸਾਲ ਕੁ ਬਾਅਦ ਮੁੜਨ ਦਾ ਕਹਿ ਤਾਂ ਗਏ ਪਰ ਵਾਪਸ ਪੂਰੇ ਤਿੰਨ ਸਾਲਾਂ ਬਾਅਦ ਆਏ।

ਨੀਰੂ ਉਸ ਸਮੇਂ ਡੇਢ ਸਾਲ ਦੀ ਸੀ। ਬੱਚੀ ਦੇ ਦਾਦਾ-ਦਾਦੀ ਕਾਫੀ ਬਜ਼ੁਰਗ ਸਨ। ਇਸ ਲਈ ਨੀਰੂ ਨੂੰ ਉਹ ਉਸ ਦੇ ਨਾਨਕੀਂ ਛੱਡ ਗਏ।

ਫੋਨਾਂ 'ਤੇ ਗੱਲਾਂਬਾਤਾਂ ਹੁੰਦੀਆਂ, ਵੀਡੀਓ ਕਾਲਾਂ ਰਾਹੀਂ ਵੀ, ਪਰ ਨੀਰੂ ਕੀ ਜਾਣੈ ? ਉਸ ਦੇ ਮੰਮੀ-ਪਾਪਾ ਤਾਂ ਹੁਣ ਨਾਨਾ-ਨਾਨੀ ਹੀ ਸਨ।

ਨੀਰੂ ਆਪਣੇ ਨਾਨਾ ਤੋਂ ਤਾਂ ਇੱਕ ਪਲ ਲਈ ਵੀ ਦੂਰ ਨਾ ਹੁੰਦੀ। ਰਾਤ-ਦਿਨ ਦਾ ਸਾਥੀ 'ਨਾਨੂ' ਉਸ ਲਈ ਸਭ ਕੁਝ ਸੀ। ਬੇਸ਼ੱਕ ਨਾਨੀ ਵੀ ਘੱਟ ਮੋਹ ਨਹੀਂ ਸੀ ਕਰਦੀ, ਪਰ ਉਸ ਦਾ ਦਿਨ ਦਾ ਕਾਫੀ ਵਕਤ ਰਸੋਈਦੇ ਲੇਖੇ ਹੀ ਲੱਗ ਜਾਂਦਾ।

ਇੱਕੋ-ਇੱਕ ਮਾਮੇ ਦਾ ਕਾਰੋਬਾਰ ਦਿੱਲੀ ਵਿਖੇ ਸੀ। ਬੱਚਿਆਂ ਸਮੇਤ ਰਹਿੰਦੇ ਇਸ ਪਰਵਾਰ ਲਈ ਇਹ ਮਹਾਨਗਰ ਵੀ ਪਰਵਾਸ ਤੋਂ ਘੱਟ ਨਹੀਂ ਸੀ।

ਮੰਮਾ-ਪਾਪਾ ਆਏ ਹੋਏ ਸਨ, ਪਰ ਨੀਰੂ ਕਿਸੇ ਨੂੰ ਪਛਾਣੇ ਹੀ ਨਾ। ਮੰਮਾ ਨੇ ਜਦ ਨੀਰੂ ਨੂੰ ਗੋਦੀ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਤਾਂ ਕੁੜੀ ਚੀਖ-ਚੀਖ ਕੇ ਰੋਣ ਲੱਗੀ ਸੀ। ਉਹ ਆਪਣੇ ਪਿਆਰੇ ਨਾਨੂ ਦੀ ਛਾਤੀ ਨਾਲ ਜਿਵੇਂ ਲਿਪਟ ਹੀ ਗਈ।

ਮੰਮਾ-ਪਾਪਾ ਉਸ ਵੱਲ ਦੇਖ-ਦੇਖ ਕੇ ਮੁਸਕਰਾਉਂਦੇ। ਆਪਣੇ ਵੱਲ ਆਉਣ ਦੇ ਇਸ਼ਾਰੇ ਕਰਦੇ, ਪਰ ਨੀਰੂ ਬੁੱਲ੍ਹੀਆਂ ਅਟੇਰਨ ਲੱਗਦੀ। 'ਬਾਹਰੋਂ' ਲਿਆਂਦੇ ਖਿਡਾਉਣੇ ਅਤੇ ਹੋਰ ਢੇਰ ਸਾਰੀਆਂ ਚੀਜ਼ਾਂ ਵੀ ਜਿਵੇਂ ਉਸ ਨੂੰ ਪਸੰਦ ਨਹੀਂ ਸਨ ਆਈਆਂ।

ਨਾਨੀ ਕਹਿ ਦਿੰਦੀ, 'ਕੋਈ ਗੱਲ ਨਹੀਂ, ਸਭ ਠੀਕ ਹੋ ਜਾਏਗਾ।'

ਨੀਰੂ ਦੇ ਮੰਮਾ-ਪਾਪਾ ਸਿਰਫ ਤਿੰਨ ਹਫਤਿਆਂ ਲਈ 'ਇੰਡੀਆ' ਆਏ ਸਨ।

ਪੇਕੇ-ਸਹੁਰੇ ਅਥਵਾ ਇਧਰ-ਉਧਰ ਮਿਲਦੇ-ਕਰਦੇ ਉਦੋਂ ਪਤਾ ਲੱਗਾ, ਜਦੋਂ ਵਾਪਸ ਜਾਣ ਦਾ ਵਕਤ ਨੇੜੇ ਆਣ ਪੁੱਜਾ।

ਪਰ ਨੀਰੂ ਦੀ ਸਥਿਤੀ ਜਿਉਂ ਦੀ ਤਿਉਂ ਰਹੀ। ਮੰਮਾ ਦੀ ਹੋਂਦ ਉਸ ਲਈ ਮੁਸੀਬਤ ਬਣੀ ਰਹੀ।

ਨੀਰੂ ਦੀ ਮੰਮਾ, ਇੱਕ ਦਿਨ ਕਿਸੇ ਬਾਜ਼ਾਰ ਦੇ ਕੰਮ ਨੂੰ ਗਈ, ਕਾਫੀ ਦੇਰ ਨਾ ਮੁੜੀ। ਨੀਰੂ ਨੇ ਪਹਿਲਾਂ ਇਧਰ-ਉਧਰ ਦੇਖਿਆ ਅਤੇ ਫਿਰ ਸੁੱਖ ਦਾ ਸਾਹ ਲੈਂਦਿਆਂ ਪੁੱਛਿਆ, 'ਨਾਨੂ, ਵੋਹ ਕਿਧਰ ਗਈ ?'

ਨਾਨੂ ਨੇ ਤਾਂ 'ਵੋਹ' ਦੇ ਅਰਥ ਜਾਣ ਲਏ ਸਨ, ਪਰ ਮੰਮਾ ਸ਼ਾਇਦ ਨੀਰੂ ਦੇ ਜਜ਼ਬਾਤ ਸਮਝਣ ਤੋਂ ਅਸਮਰਥ ਰਹਿੰਦੀ।

ਨੀਰੂ ਦੇ ਮੰਮਾ-ਪਾਪਾ ਅਜੇ ਅਮਰੀਕਾ ਵਿੱਚ ਸੈੱਟ ਨਹੀਂ ਸਨ ਹੋਏ। ਇਸ ਲਈ ਨੀਰੂ ਨੂੰ ਅਗਲੀ ਵਾਰੀ ਨਾਲ ਲੈ ਜਾਣ ਦਾ ਇਕਰਾਰ ਕਰਕੇ ਉਹ ਇੱਕ ਵਾਰ ਫਿਰ ਵਾਪਸ ਚਲੇ ਗਏ।

**- ਬਿਕਰਮਜੀਤ ਨੂਰ**